# ਸਾਡੇ ਲੋਕ

SADE LOK

sadelok.com

12-18 ਫਰਵਰੀ 2025

ਸਾਲ 16ਵਾਂ - ਅੰਕ 7



email : info@sadelok.com

Ph. : 510-706-1300

Fax : 925-373-1300


## ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਦੁਨੀਆਂ ਭਰ 'ਚ ਸ਼ਰਧਾ ਨਾਲ ਮਨਾਇਆ ਗਿਆ



(ਵਿਸ਼ੇਸ਼ ਅੰਕ ਅੰਦਰ ਪੜ੍ਹੋ)

## ਹਿੰਦੂ ਆਗੂ ਤੁਲਸੀ ਗਬਾਰਡ ਨੇ ਰਾਸ਼ਟਰੀ ਖ਼ੁਫ਼ੀਆ ਵਿਭਾਗ ਦੇ ਡਾਇਰੈਕਟਰ ਵਜੋਂ ਚੁੱਕੀ ਸਹੁੰ



ਵਾਸ਼ਿੰਗਟਨ : ਅਮਰੀਕੀ ਸੈਨੇਟ ਨੇ ਸਾਬਕਾ ਹਵਾਈ ਰਿਪ. ਤੁਲਸੀ ਗਬਾਰਡ ਨੂੰ ਰਾਸ਼ਟਰੀ ਖੁਫੀਆ ਵਿਭਾਗ ਦੇ ਡਾਇਰੈਕਟਰ ਵਜੋਂ ਖੁਫੀਆ ਭਾਈਚਾਰੇ ਦੀ ਅਗਵਾਈ ਕਰਨ ਦੀ ਪੁਸ਼ਟੀ ਕੀਤੀ ਹੈ। ਰਾਸ਼ਟਰਪਤੀ ਟਰੰਪ ਨੇ ਬੁੱਧਵਾਰ ਦੁਪਹਿਰ ਓਵਲ ਦਫਤਰ ਵਿੱਚ ਅਟਾਰਨੀ ਜਨਰਲ ਪਾਮ ਬੋਂਡੀ ਦੁਆਰਾ ਨਿਯੰਤਰਿਤ ਕੀਤੇ ਗਏ ਸਹੁੰ ਚੁੱਕ ਸਮਾਗਮ ਵਿੱਚ ਸ਼ਿਰਕਤ ਕੀਤੀ।

ਗੈਬਾਰਡ ਨੇ "ਅਮਰੀਕੀ ਲੋਕਾਂ ਦੀ ਸੁਰੱਖਿਆ, ਸੁਰੱਖਿਆ ਅਤੇ ਆਜ਼ਾਦੀ ਨੂੰ ਯਕੀਨੀ ਬਣਾਉਣ 'ਤੇ ਧਿਆਨ ਕੇਂਦਰਿਤ

(ਦੇਖੋ ਸਫ਼ਾ 11 'ਤੇ)

## ਦੇਸ਼ ਦੀਆਂ ਸਰਹੱਦਾਂ 'ਤੇ ਹਰ ਰੋਜ਼ ਜਾਨਾਂ ਵਾਰ ਰਹੇ ਪੰਜਾਬ ਦੇ ਪੁੱਤ

### ਸ਼ਹੀਦਾਂ ਦੀਆਂ ਲਾਸ਼ਾਂ ਵਾਰਸਾਂ ਹਵਾਲੇ, ਪੰਜਾਬ 'ਚ ਸੋਗ ਦੀ ਲਹਿਰ

ਜੰਮੂ : ਅਖਨੂਰ ਸੈਕਟਰ 'ਚ ਕੰਟਰੋਲ ਰੇਖਾ 'ਤੇ ਭੱਟਲ ਇਲਾਕੇ 'ਚ ਬਾਰੂਦੀ ਸੁਰੰਗ ਧਮਾਕੇ 'ਚ ਲੰਘੇ ਦਿਨ ਕੈਪਟਨ ਸਣੇ ਸ਼ਹੀਦ ਹੋਏ ਦੋ ਜਵਾਨਾਂ ਨੂੰ ਇੱਥੇ ਜੰਮੂ ਅਧਾਰਿਤ ਵ੍ਹਾਈਟ ਨਾਈਟ ਕੋਰ ਦੇ ਜਨਰਲ ਆਫੀਸਰ ਕਮਾਂਡਿੰਗ (ਜੀਓਸੀ) ਲੈਫਟੀਨੈਂਟ ਜਨਰਲ ਨਵੀਨ ਸਚਦੇਵਾ ਦੀ ਅਗਵਾਈ ਹੇਠ ਸ਼ਰਧਾਂਜਲੀ ਭੇਟ ਕੀਤੀ ਗਈ। ਝਾਰਖੰਡ ਦੇ ਰਾਂਚੀ ਦੇ ਕੈਪਟਨ ਕਰਮਜੀਤ ਸਿੰਘ ਬਖਸ਼ੀ ਅਤੇ ਜੰਮੂ ਕਸ਼ਮੀਰ ਦੇ ਸਾਂਬਾ ਦੇ ਨਾਇਕ ਮੁਕੇਸ਼ ਮਨਹਾਸ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਮਾਗਮ ਬਾਅਦ ਦੁਪਹਿਰ 2 ਵਜੇ ਇੱਥੇ ਭਾਰਤੀ ਹਵਾਈ ਸੈਨਾ

ਦੇਖੋ ਸਫ਼ਾ 32 'ਤੇ



(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

## 39 ਸਾਲ ਬੀਤ ਜਾਣ ਦੇ ਬਾਵਜੂਦ ਪੀੜਤਾਂ ਨੂੰ ਨਹੀਂ ਮਿਲਿਆ ਇਨਸਾਫ਼

### 4 ਫਰਵਰੀ ਪੰਜਾਬ ਦੇ ਸਿੱਖਾਂ ਲਈ ਹੀ ਨਹੀਂ ਸਗੋਂ ਅਮਰੀਕਾ ਦੇ ਸਿੱਖਾਂ ਲਈ ਵੀ ਕਾਲਾ ਦਿਨ : ਕਾਂਗਰਸਮੈਨ ਜਿੰਮੀ ਪਨੇਟਾ





ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ · ਸ਼ਹੀਦ ਭਾਈ ਹਰਮਿੰਦਰ ਸਿੰਘ ਚਲੂਪੁਰ · ਸ਼ਹੀਦ ਭਾਈ ਬਲਧੀਰ ਸਿੰਘ ਰਾਮਗੜ੍ਹ · ਸ਼ਹੀਦ ਭਾਈ ਝਿਲਮਣ ਸਿੰਘ ਗੋਰਸੀਆਂ

ਜਲੰਧਰ : ਅਮਰੀਕੀ ਕਾਂਗਰਸਮੈਨ ਜਿੰਮੀ ਪਨੇਟਾ ਨੇ ਪੰਜਾਬ ਵਿੱਚ 1986 'ਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਨਕੋਦਰ ਬੇਅਦਬੀ ਕਾਂਡ ਦਾ ਵਿਰੋਧ ਕਰ ਰਹੀ ਸਿੱਖ ਸੰਗਤ 'ਤੇ

(ਦੇਖੋ ਸਫ਼ਾ 6-7 'ਤੇ)

## ਸਿੰਘ ਸਾਹਿਬ ਵਲੋਂ ਕੌਮ ਦੇ ਨਾਂ ਸੰਬੋਧਨ, ਹੁਣ ਇਹ ਅਕਾਲੀ ਦਲ ਨਹੀਂ ਭਗੌੜਾ ਦਲ ਹੈ

ਤਲਵੰਡੀ ਸਾਬੋ : ਸ਼੍ਰੋਮਣੀ ਕਮੇਟੀ ਵਲੋਂ ਅੱਜ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੱਦੀ ਅੰਤ੍ਰਿਮ ਕਮੇਟੀ ਦੀ ਇਕੱਤਰਤਾ ਦੌਰਾਨ ਸਿੰਘ ਸਾਹਿਬ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੀਆਂ ਸੇਵਾਵਾਂ ਤੋਂ ਹਟਾ ਦਿੱਤੇ ਜਾਣ ਦੇ ਫ਼ੈਸਲੇ 'ਤੇ ਪ੍ਰਤੀਕਰਮ ਦਿੰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੈਨੂੰ ਤਾਂ ਦੋ ਦਸੰਬਰ ਤੋਂ ਬਾਅਦ ਹੀ ਸੇਵਾਵਾਂ ਖ਼ਤਮ ਕਰ ਦਿੱਤੇ ਜਾਣ ਬਾਰੇ ਅਹਿਸਾਸ ਹੋਣ ਲੱਗ ਪਿਆ ਸੀ। ਇਥੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਸਿੰਘ ਸਾਹਿਬ ਨੇ ਕਿਹਾ ਕਿ ਭਾਵੇਂ ਉਹ ਅਜੇ ਪੂਰੀ ਗੱਲ ਉਦੋਂ ਹੀ ਕਰਨਗੇ ਜਦੋਂ ਅੰਤ੍ਰਿੰਗ ਕਮੇਟੀ 'ਚ ਪਾਸ ਕੀਤਾ ਗਿਆ ਮਤਾ ਉਨ੍ਹਾਂ ਕੋਲ ਪੁੱਜ ਜਾਵੇਗਾ ਪਰ ਇੰਨਾ ਜ਼ਰੂਰ ਹੈ ਕਿ ਅੱਜ ਦੇ ਫ਼ੈਸਲੇ ਦੀ ਉਨ੍ਹਾਂ ਨੂੰ ਕੋਈ ਹੈਰਾਨੀ ਨਹੀਂ ਅਤੇ ਹੁਣ ਸਗੋਂ ਉਹ ਪੰਥ ਦੀ ਗੱਲ ਹੋਰ ਬੇਬਾਕੀ ਨਾਲ ਕਰ ਸਕਣਗੇ।



**ਜਥੇਦਾਰ ਹਰਪ੍ਰੀਤ ਸਿੰਘ ਨੇ ਬਾਦਲਾਂ ਖਿਲਾਫ਼ ਖੋਲ੍ਹਿਆ ਮੋਰਚਾ**

(ਦੇਖੋ ਸਫ਼ਾ 16 'ਤੇ)


**Bhatia & Co, Inc**
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

**Bhatia Law Associates**
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

**Jaspreet Singh**
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844





**Padam Builders**
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667





**CJ Singh**
Broker License # 24012019
206-295-5993
Cjs@realtorcjs.com
HOMESMART ONE REALTY
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
HomeSmart One Realty
16329 Cascadian Way
Bothell, WA 98012
Each brokerage independently owned and operated







**BIBA INSURANCE**
1.800.221.4187
Specializing in Truck Insurance for Owner Operators and Trucking Companies
License #0F71937
ਟਰੱਕਾਂ ਦੀ ਸਸਤੀ ਅਤੇ ਵਧੀਆ ਇੰਸ਼ੋਰੈਂਸ ਕਰਾਉਣ ਲਈ ਭਰੋਸੇਮੰਦ ਅਤੇ ਜ਼ੁੰਮੇਵਾਰ ਕੰਪਨੀ
ਬੀਬਾ ਇੰਸ਼ੋਰੈਂਸ
ਨੂੰ ਅੱਜ ਹੀ ਕਾਲ ਕਰੋ







**Punjabi International Services Inc**
Harminder Singh Samana
Bonded Immigration Consultant
bond number #10177780
ਆਫਿਸ ਮੈਨੇਜਰ
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
ਪੋਲੀਟੀਕਲ ਅਸਾਈਲਮ · ਸਿਟੀਜਨਸ਼ਿਪ · ਗਰੀਨਕਾਰਡ
Family Petition Immigration
Travel document · Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਲਹਿੰਦੇ ਪੰਜਾਬ ਦੇ ਮੰਤਰੀ ਅਰੋੜਾ ਦਾ ਅਮਰੀਕਾ 'ਚ ਨਿੱਘਾ ਸਵਾਗਤ



ਸਨ ਫਰਾਂਸਿਸਕੋ : ਲਹਿੰਦੇ ਪੰਜਾਬ ਦੇ ਮਨੁੱਖੀ ਅਧਿਕਾਰਾਂ ਅਤੇ ਘੱਟ ਗਿਣਤੀ ਮਾਮਲਿਆਂ ਦੇ ਕੈਬਨਿਟ ਮੰਤਰੀ ਅਤੇ ਕਰਤਾਰਪੁਰ ਸਾਹਿਬ ਲਾਂਘੇ ਦੇ 'ਅੰਬੈਸਡਰ ਐਟ ਲਾਰਜ' ਰਮੇਸ਼ ਸਿੰਘ ਅਰੋੜਾ ਇਨ੍ਹੀਂ ਦਿਨੀ ਅਮਰੀਕਾ ਦੇ ਦੌਰੇ 'ਤੇ ਹਨ। ਇਥੇ ਸਿੱਖ ਤੇ ਹਿੰਦੂ ਭਾਈਚਾਰੇ ਨਾਲ ਜੁੜੀਆਂ ਸੰਸਥਾਵਾਂ ਵਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਜਾ ਰਿਹਾ ਹੈ। ਅਜਿਹਾ ਹੀ ਇਕ ਸਮਾਗਮ 'ਸਿੱਖਸ ਆਫ਼ ਅਮਰੀਕਾ' ਵਲੋਂ ਮੈਰੀਲੈਂਡ (ਵਾਸ਼ਿੰਗਟਨ ਡੀਸੀ) ਵਿਚ ਮੁਸਲਿਮ, ਸਿੱਖ ਅਤੇ ਇਸਾਈ ਭਾਈਚਾਰੇ ਵਲੋਂ ਸਾਂਝੇ ਰੂਪ 'ਚ ਕਰਵਾਇਆ ਗਿਆ।ਇਸ ਮੌਕੇ ਚੜਦੇ ਤੇ ਲਹਿੰਦੇ ਪੰਜਾਬ ਅਤੇ ਵਿਦੇਸ਼ਾਂ 'ਚ ਵਸਦੇ ਸਿੱਖਾਂ ਤੇ ਹੋਰ ਭਾਈਚਾਰੇ ਦੇ ਆਪਸੀ ਰਿਸ਼ਤੇ ਮਜ਼ਬੂਤ ਕਰਨ ਅਤੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਸਾਂਭ-ਸੰਭਾਲ ਲਈ ਵਿਸਥਾਰ 'ਚ ਵਿਚਾਰ-ਵਟਾਂਦਰਾ ਹੋਇਆ।ਰਮੇਸ਼ ਸਿੰਘ ਅਰੋੜਾ ਨੇ ਨਿੱਘੇ ਸਵਾਗਤ ਲਈ 'ਸਿੱਖਸ ਆਫ਼ ਅਮਰੀਕਾ' ਦੇ ਆਗੂ ਜਸਦੀਪ ਸਿੰਘ ਜੱਸੀ ਤੇ ਸਾਜਿਦ ਤਰਾਰ ਦਾ ਧੰਨਵਾਦ ਕੀਤਾ, ਉਥੇ ਕਿਹਾ ਕਿ ਸਾਰੇ ਭਾਈਚਾਰਿਆਂ ਨੂੰ ਇਕੱਠਿਆ ਵੇਖ ਕੇ ਬੇਹਦ ਖੁਸ਼ੀ ਮਿਲੀ ਹੈ ਅਤੇ ਅੱਜ ਸਾਨੂੰ ਸਿੱਖ-ਮੁਸਲਿਮ ਸਾਂਝ ਤੇ ਦੋਸਤੀ ਕਾਇਮ ਕਰਨ ਦੀ ਵੱਡੀ ਜ਼ਰੂਰਤ ਹੈ।ਉਨ੍ਹਾਂ ਅਮਰੀਕਾ ਦੇ ਸਿੱਖਾਂ ਤੇ ਪੰਜਾਬੀ ਭਾਈਚਾਰੇ ਨੂੰ ਪਾਕਿਸਤਾਨ ਅੰਦਰ ਸਥਿਤ ਗੁਰਧਾਮਾਂ ਤੇ ਵਿਰਾਸਤ ਨੂੰ ਸੰਭਾਲਣ ਲਈ ਹੋਰ ਸਹਿਯੋਗ ਦੀ ਅਪੀਲ ਵੀ ਕੀਤੀ। ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਉਹ ਅਰੋੜਾ ਪਰਿਵਾਰ ਵਲੋਂ ਵੰਡ ਤੋਂ ਬਾਅਦ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨਾਰੋਵਾਲ ਦੇ ਖੰਡਰ ਹਾਲਾਤ ਨੂੰ ਅੱਜ ਵਧੀਆ ਸਥਿਤੀ 'ਚ ਲਿਆਉਣ ਦੀ ਕੀਤੀ ਸੇਵਾ ਦੀ ਸ਼ਲਾਘਾ ਕਰਦੇ ਹਨ ਅਤੇ ਮੋਦੀ ਸਰਕਾਰ ਨੇ ਪਿਆਰ ਦਾ ਪੈਗਾਮ ਦਿੰਦਿਆਂ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜੋ ਲਾਂਘਾ ਬਣਾਇਆ, ਇਹ ਵੀ ਇਕ ਇਤਿਹਾਸਕ ਘਟਨਾ ਵਾਂਗ ਹੈ।ਸਾਜਿਦ ਤਰਾਰ ਨੇ ਵੀ ਅਰੋੜਾ ਵਲੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ।ਸਮੁੱਚੇ ਸਮਾਗਮ ਦਾ ਸੰਚਾਲਨ ਸੁਖਪਾਲ ਸਿੰਘ ਧਨੋਆ ਨੇ ਬਾਖੂਬੀ ਨਿਭਾਇਆ।ਇਸ ਮੌਕੇ ਵੱਖ-ਵੱਖ ਸੰਸਥਾਵਾਂ, ਸੰਗਠਨਾਂ ਅਤੇ ਗੁਰੂ ਘਰਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਵੱਡੀ ਗਿਣਤੀ 'ਚ ਵੱਖ-ਵੱਖ ਭਾਈਚਾਰਿਆਂ ਦੇ ਲੋਕ ਸ਼ਾਮਿਲ ਸਨ।


## ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

Get more BENEFITS at No Cost $0 Premium

**Rakhra Tax & Immigration**

3073 W Ashlan Ave <> Fresno, CA 93722

Ph. (559) 243-9200,
Fax (559) 549-6211

or visit
www.rakhrataxservice.com
or avtar06@gmail.com



## Balsani Welders & Builders

We Design, Manufacture & Ship Nationwide

All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences

ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।

ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

**S. Iqbal Singh**

844-573-3824 | 510 862 2332

433 W Scotts Ave Stockton, CA 95203

PH: (925) 487-7117

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ

# 326ਵੇਂ ਖ਼ਾਲਸਾ ਪੰਥ ਦੇ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਿਤ

## ਸਿੱਖ ਕੋਰਡੀਨੇਸ਼ਨ ਕਮੇਟੀ ਈਸਟ ਕੋਸਟ ਵੱਲੋਂ



ਖ਼ਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਦੇਸ਼-ਵਿਦੇਸ਼ ਵਿਚ ਨੈਸ਼ਨਲ ਸਿੱਖ-ਡੇਅ ਵੱਜੋਂ ਸਥਾਪਤ ਕਰਨ ਲਈ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ

# 8th ਨੈਸ਼ਨਲ ਸਿਖ ਡੇਅ ਪਰੇਡ (ਯੂ.ਐਸ.ਏ.)

## SIKH FREEDOM MARCH
## Washington, D.C.

ਸ਼ਨਿਚਰਵਾਰ 5 ਅਪ੍ਰੈਲ 2025 ਨੂੰ ਕੈਪੀਟਲ ਹਿੱਲ ਵਾਸ਼ਿੰਗਟਨ ਡੀ. ਸੀ. ਵਿਖੇ ਪਰੇਡ ਦੀ ਅਰੰਭਤਾ ਤੋਂ ਪਹਿਲਾਂ
20th Street & Constitution Ave ਉੱਪਰ - ਦੀਵਾਨ ਦੀ ਸ਼ੁਰੂਆਤ 10 ਵਜੇ ਸਵੇਰੇ, ਪਰੇਡ ਦੁਪਹਿਰ 12 ਵਜੇ ਸ਼ੁਰੂ ਹੋਵੇਗੀ।
ਉਪਰੰਤ 3 ਵਜੇ CAPITOL HILL ਦੇ ਸਾਹਮਣੇ ਸਟੇਜ ਲੱਗੇਗੀ।
ਆਪ ਜੀ ਨੂੰ ਪਰਿਵਾਰਾਂ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ।









## ਸਹਿਯੋਗੀ ਸੰਸਥਾਵਾਂ ਤੇ ਗੁਰਦੁਆਰਾ ਸਾਹਿਬਾਨ

ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ, ਰਿਚਮੰਡ ਹਿੱਲ ਨਿਊਯਾਰਕ
ਗੁਰਦੁਆਰਾ ਸਿੰਘ ਸਭਾ, ਫੇਅਰਫੈਕਸ ਵਰਜੀਨੀਆਂ
ਸਿੱਖ ਸੈਂਟਰ ਆਫ ਨਿਊਯਾਰਕ ਇੰਕ. ਫਲੱਸ਼ਿੰਗ ਅਤੇ ਕੁਈਨਜ਼ ਵਿਲੇਜ ਨਿਊਯਾਰਕ
ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ, ਨਿਊਯਾਰਕ
ਗੁਰਦੁਆਰਾ ਸੰਤ ਸਾਗਰ, ਬੈਲਰੋਜ਼ ਨਿਊਯਾਰਕ
ਗੁਰੂ ਨਾਨਕ ਦਰਬਾਰ ਆਫ ਲੌਂਗ ਆਈਲੈਂਡ, ਹਿਕਸਵਿਲ ਨਿਊਯਾਰਕ
ਗੁਰਦੁਆਰਾ ਮਿਡ ਹਡਸਨ ਸਿੱਖ ਕਲਚਰਲ ਸੋਸਾਇਟੀ, ਵਾਪਿੰਗਰਜ਼ ਫ਼ਾਲਜ਼ ਨਿਊਯਾਰਕ
ਗੁਰਦੁਆਰਾ ਸਿੱਖ ਸਾਗਰ, ਰੋਚੈਸਟਰ ਨਿਊਯਾਰਕ
ਹਡਸਨ ਵੈਲੀ ਸਿੱਖ ਸੁਸਾਇਟੀ, ਮਿਡਲਟਾਊਨ ਨਿਊਯਾਰਕ
ਸਿੱਖ ਐਸੋਸੀਏਸ਼ਨ ਆਫ ਸਟੇਟਨ ਆਈਲੈਂਡ, ਨਿਊਯਾਰਕ
ਗੁਰਦੁਆਰਾ ਮਾਤਾ ਸਾਹਿਬ ਕੌਰ, ਗਲੈਨ ਕੋਵ ਨਿਊਯਾਰਕ
ਗੁਰਦੁਆਰਾ ਬਾਬਾ ਮਾਝਾ ਸਿੰਘ ਕਰਮਜੋਤ ਸਿੱਖ ਸੈਂਟਰ, ਨਿਊਯਾਰਕ
ਸੱਚਖੰਡ ਗੁਰੂ ਨਾਨਕ ਦਰਬਾਰ, ਸਾਊਥ ਓਜ਼ੋਨ ਪਾਰਕ ਨਿਊਯਾਰਕ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਨਿਊਹਾਈਡ ਪਾਰਕ ਨਿਊਯਾਰਕ
ਗੁਰਦੁਆਰਾ ਗੁਰੂ ਨਾਨਕ ਦਰਬਾਰ ਆਫ ਲੌਂਗ ਆਈਲੈਂਡ, ਹਿਕਸਵਿਲ ਨਿਊਯਾਰਕ
ਗੁਰਦੁਆਰਾ ਰਵਿਦਾਸ ਟੈਂਪਲ, ਵੁੱਡਸਾਈਡ ਨਿਊਯਾਰਕ
ਗੁਰਦੁਆਰਾ ਸ਼ਹੀਦਾਂ, ਹਿਕਸਵਿਲ ਨਿਊਯਾਰਕ
ਗੁਰਦੁਆਰਾ ਰਾਮਗੜ੍ਹੀਆ ਸਿੱਖ ਸੋਸਾਇਟੀ, ਹੋਲਿਸ ਨਿਊਯਾਰਕ
ਗੁਰੂਦੁਆਰਾ ਗੁਰੂ ਤੇਗ ਬਹਾਦਰ ਜੀ, ਨਿਊਹਾਈਡ ਪਾਰਕ ਨਿਊਯਾਰਕ

ਗੁਰਦੁਆਰਾ ਸਿੰਘ ਸਭਾ, ਫੇਅਰਫੈਕਸ ਵਰਜੀਨੀਆਂ
ਸਿੱਖ ਸੈਂਟਰ ਆਫ ਵਰਜੀਨੀਆ, ਮਾਨਾਸਜ ਵਰਜੀਨੀਆਂ.
ਸਿੱਖ ਫਾਊਂਡੇਸ਼ਨ ਆਫ ਵਰਜੀਨੀਆਂ, ਫੇਅਰਫੈਕਸ ਸਟੇਸ਼ਨ ਵਰਜੀਨੀਆਂ
ਗੁਰਦੁਆਰਾ ਸਿੱਖ ਸੰਗਤ ਆਫ ਵਰਜੀਨੀਆਂ, ਸ਼ੈਂਟਿਲੀ ਵਰਜੀਨੀਆਂ
ਰਾਜ ਖਾਲਸਾ ਗੁਰਦੁਆਰਾ, ਸਟਰਲਿੰਗ ਵਰਜੀਨੀਆਂ
ਸਿੱਖ ਮਿਸ਼ਨ ਆਫ ਵਰਜੀਨੀਆਂ, ਵਾਰੈਨਟਨ ਵਰਜੀਨੀਆਂ
ਸਿੱਖ ਗੁਰਦੁਆਰਾ ਆਫ ਡੀ.ਸੀ., ਵਾਸ਼ਿੰਗਟਨ ਡੀ.ਸੀ.

ਸਿੱਖ ਗੁਰਦੁਆਰਾ ਆਫ ਪਾਈਨ ਹਿੱਲ, ਨਿਊਜਰਸੀ
ਗੁਰਦੁਆਰਾ ਦਸ਼ਮੇਸ਼ ਦਰਬਾਰ, ਕਾਰਟਰੇਟ ਨਿਊਜਰਸੀ
ਗੁਰਦੁਆਰਾ ਖਾਲਸਾ ਦਰਬਾਰ, ਬਰਲਿੰਗਟਨ ਨਿਊਜਰਸੀ
ਸ੍ਰੀ ਗੁਰੂ ਸਿੰਘ ਸਭਾ, ਗਲੈਨਰਾਕ ਨਿਊਜਰਸੀ
ਗਾਰਡਨ ਸਟੇਟ ਸਿੱਖ ਐਸੋਸੀਏਸ਼ਨ, ਬ੍ਰਿਜਵਾਟਰ, ਨਿਊਜਰਸੀ
ਗੁਰਦੁਆਰਾ ਗੁਰੂ ਨਾਨਕ ਮਿਸ਼ਨ, ਓਕਲੈਂਡ ਨਿਊਜਰਸੀ
ਗੁਰੂ ਨਾਨਕ ਸਿੱਖ ਸੁਸਾਇਟੀ ਆਫ ਡੇਲਾਵੇਅਰ ਵੈਲੀ, ਨਿਊਜਰਸੀ
ਗੁਰਦੁਆਰਾ ਸਿੰਘ ਸਭਾ, ਕਾਰਟਰੇਟ ਨਿਊਜਰਸੀ
ਗੁਰਦੁਆਰਾ ਨਾਨਕ ਨਾਮ ਜਹਾਜ, ਨਿਊਜਰਸੀ
ਸਾਊਥ ਜਰਸੀ ਸਿੱਖ ਸੁਸਾਇਟੀ, ਵਾਈਨਲੈਂਡ ਨਿਊਜਰਸੀ

ਸਿੱਖ ਸੈਂਟਰ ਆਫ ਡੈਲਵੇਅਰ, ਨਿਊ ਕੈਸਲ ਡੈਲਵੇਅਰ
ਗੁਰੂਦੁਆਰਾ ਆਫ ਡੈਲਵੇਅਰ, ਮਿਡਲਟਾਊਨ ਡੈਲਵੇਅਰ

ਬਾਲਟੀਮੋਰ ਸਿੱਖ ਸੁਸਾਇਟੀ, ਡਨਡਾਲਕ ਮੇਰੀਲੈਂਡ
ਗੁਰਦੁਆਰਾ ਸਿੰਘ ਸਭਾ ਆਫ ਮੈਰੀਲੈਂਡ, ਡਨਡਾਲਕ ਮੈਰੀਲੈਂਡ
ਗੁਰਦੁਆਰਾ ਵਾਸ਼ਿੰਗਟਨ ਸਿੱਖ ਸੈਂਟਰ, ਗੇਦਰਜਬਰਗ ਮੈਰੀਲੈਂਡ
ਸ੍ਰੀ ਹਰਿਮੰਦਰ ਸਾਹਿਬ ਅਕੈਡਮੀ, ਮੈਰੀਲੈਂਡ
ਗੁਰਦੁਆਰਾ ਗੁਰ ਗਿਆਨ ਸਾਗਰ, ਬਰਟਨਜਵਿਲ ਮੈਰੀਲੈਂਡ
ਗੁਰੂ ਨਾਨਕ ਫਾਊਂਡੇਸ਼ਨ ਆਫ ਅਮਰੀਕਾ, ਸਿਲਵਰ ਸਪਰਿੰਗ ਮੈਰੀਲੈਂਡ
ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ, ਰੈਂਡਲਸਟਾਊਨ ਮੈਰੀਲੈਂਡ
ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਰੌਕਵਿਲ ਮੈਰੀਲੈਂਡ

ਗੁਰਦੁਆਰਾ ਫਿਲਾਡਲਫੀਆ ਸਿੱਖ ਸੁਸਾਇਟੀ, ਅੱਪਰ-ਡਰਬੀ ਪੈਨਸਿਲਵੇਨੀਆਂ
ਗੁਰਦੁਆਰਾ ਸਿੱਖ ਸੁਸਾਇਟੀ ਹੈਰਿਸਬਰਗ, ਪੈਨਸਿਲਵੇਨੀਆਂ
ਗੁਰੂ ਨਾਨਕ ਸਿੱਖ ਸੋਸਾਇਟੀ ਆਫ ਲੀਹਾਈ-ਵੈਲੀ, ਨੈਜ਼ਰਥ ਪੈਨਸਿਲਵੇਨੀਆਂ
ਗੁਰਦੁਆਰਾ ਸਿੱਖ ਸਾਧ ਸੰਗਤ, ਈਸਟਨ ਪੈਨਸਿਲਵੇਨੀਆਂ
ਗੁਰੂ ਨਾਨਕ ਸਿੱਖ ਸੁਸਾਇਟੀ ਅੱਪਰ-ਡਰਬੀ ਪੈਨਸਿਲਵੇਨੀਆਂ

ਗੁਰੂ ਨਾਨਕ ਸਿੱਖ ਸੁਸਾਇਟੀ ਆਫ ਬਲੂ-ਮਾਊਂਟੇਨ, ਪੈਨਸਿਲਵੇਨੀਆਂ
ਸੇਪਾ ਸਿੱਖ ਗੁਰਦੁਆਰਾ, ਪੌਟਸਟਾਊਨ ਪੈਨਸਿਲਵੇਨੀਆਂ
ਗੁਰਦੁਆਰਾ ਆਫ ਲੈਂਕੈਸਟਰ ਕਾਊਂਟੀ, ਪੈਨਸਿਲਵੇਨੀਆਂ
ਟ੍ਰਾਈ ਸਟੇਟ ਸਿੱਖ ਕਲਚਰਲ ਸੁਸਾਇਟੀ, ਮੌਨਰੋਵਿਲ ਪੈਨਸਿਲਵੇਨੀਆਂ

ਗੁਰਦੁਆਰਾ ਨਾਨਕ ਦਰਬਾਰ, ਸਾਊਥਿੰਗਟਨ ਕਨੈਕਟੀਕਟ
ਗੁਰਦੁਆਰਾ ਗੁਰੂ ਤੇਗ ਬਹਾਦਰ ਫਾਊਂਡੇਸ਼ਨ, ਨੌਰਵਾਕ ਕਨੈਕਟੀਕਟ
ਗੁਰਦੁਆਰਾ ਸੱਚਖੰਡ ਦਰਬਾਰ, ਹੈਮਡਨ ਕਨੈਕਟੀਕਟ
ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਦਰਬਾਰ, ਵਿੰਡਸਰ ਕਨੈਕਟੀਕਟ
ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਕਨੈਕਟੀਕਟ

ਗੁਰਦੁਆਰਾ ਸਿੱਖ ਸੰਗਤ ਐਵਰੇਟ, ਬੌਸਟਨ ਮੈਸਾਚਿਊਸਟਸ
ਗੁਰਦੁਆਰਾ ਗੁਰੂ ਨਾਨਕ ਦਰਬਾਰ ਮੈਡਫੋਰਡ, ਬੌਸਟਨ ਮੈਸਾਚਿਊਸਟਸ
ਗੁਰਦੁਆਰਾ ਨਿਊ-ਇੰਗਲੈਂਡ ਸਿੱਖ ਸਟੱਡੀ ਸਰਕਲ, ਵੈਸਟਬੋਰੋ ਮੈਸਾਚਿਊਸਟਸ

ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਗ੍ਰੀਨਵੁੱਡ ਇੰਡਿਆਨਾਂ
ਗੁਰੂਦੁਆਰਾ ਗੁਰ ਨਾਨਕ ਦਰਬਾਰ, ਇੰਡੀਆਨਾਪੋਲਿਸ ਇੰਡਿਆਨਾਂ
ਗੁਰੂਦੁਆਰਾ ਗੁਰੂ ਨਾਨਕ ਦਰਬਾਰ, ਮਿਸ਼ਾਵਾਕਾ ਇੰਡਿਆਨਾਂ
ਦਸਮੇਸ਼ ਸਿੱਖ ਗੁਰੂਦੁਆਰਾ, ਫੋਰਟ ਵੇਨ ਇੰਡਿਆਨਾਂ
ਗੁਰੂਦੁਆਰਾ ਖਾਲਸਾ ਦਰਬਾਰ, ਫੋਰਟ ਵੇਨ ਇੰਡਿਆਨਾਂ
ਗੁਰੂਦੁਆਰਾ ਸਿੱਖ ਸੈਂਟਰ, ਫੋਰਟ ਵੇਨ ਇੰਡਿਆਨਾਂ
ਗੁਰੂਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਸ ਇੰਡਿਆਨਾਂ
ਗੁਰੂਦੁਆਰਾ ਗੁਰੂ ਨਾਨਕ ਸਿੱਖ ਸੁਸਾਇਟੀ, ਇੰਡੀਆਨਾਪੋਲਿਸ ਇੰਡਿਆਨਾਂ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਇੰਡੀਆਨਾਪੋਲਿਸ ਇੰਡਿਆਨਾਂ
ਗੁਰੂਦੁਆਰਾ ਗੋਬਿੰਦ ਮਾਰਗ, ਇੰਡਿਆਨਾਂ
ਗੁਰੂਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਦੱਖਣੀ ਮੋੜ ਇੰਡਿਆਨਾਂ

ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ

ਗੁਰੂਦੁਆਰਾ ਜੋਤ ਅੰਮ੍ਰਿਤ ਪ੍ਰਕਾਸ਼, ਮੈਕਕਾਰਡਸਵਿਲੇ ਇੰਡਿਆਨਾਂ
ਗੁਰੂ ਗ੍ਰੰਥ ਸਿੱਖ ਸੋਸਾਇਟੀ, ਮੈਕਕਾਰਡਸਵਿਲੇ ਇੰਡਿਆਨਾਂ
ਸਿੱਖ ਰਿਲੀਜੀਅਸ ਸੋਸਾਇਟੀ ਆਫ਼ ਇੰਡੀਆਨਾ, ਕਰਾਊਨ ਪੁਆਇੰਟ ਇੰਡਿਆਨਾਂ
ਗੁਰੂਦੁਆਰਾ ਸਿੱਖ ਸਤਿਸੰਗ, ਇੰਡੀਆਨਾਪੋਲਿਸ ਇੰਡਿਆਨਾਂ
ਗੁਰਦੁਆਰਾ ਗੁਰੂ ਨਾਨਕ ਸੰਗਤ ਸੇਵਾ, ਨਿਊ ਵਾਈਟਲੈਂਡ ਇੰਡਿਆਨਾਂ
ਗੁਰਦੁਆਰਾ ਸਾਹਿਬ ਪ੍ਰੇਮ ਪ੍ਰਕਾਸ਼, ਫਰੈਂਕਲਿਨ ਇੰਡਿਆਨਾਂ

ਗੁਰਦੁਆਰਾ ਗੁਰੂ ਨਾਨਕ ਫਾਊਂਡੇਸ਼ਨ, ਔਹਾਇਓ
ਗੁਰਦੁਆਰਾ ਗੁਰੂ ਨਾਨਕ ਸਿੱਖ ਸੋਸਾਇਟੀ, ਔਹਾਇਓ
ਸਿੱਖ ਰਿਲਿਜੀਅਸ ਸੈਂਟਰ, ਡੇਟਨ ਔਹਾਇਓ
ਸਿੱਖ ਸੁਸਾਇਟੀ ਆਫ ਡੇਟਨ, ਔਹਾਇਓ
ਗੁਰੂ ਨਾਨਕ ਰਿਲਿਜੀਅਸ ਸੁਸਾਇਟੀ, ਔਹਾਇਓ
ਗੁਰਦੁਆਰਾ ਗੁਰੂ ਗੋਬਿੰਦ ਸਿੰਘ ਜੀ, ਔਹਾਇਓ
ਗੁਰਦੁਆਰਾ ਸਾਹਿਬ ਆਫ ਕੋਲੰਬੀਆ ਔਹਾਇਓ
ਗੁਰੂ ਰਾਮਦਾਸ ਆਸ਼ਰਮ, ਔਹਾਇਓ

ਸਿੱਖ ਟੈਂਪਲ ਆਫ ਵਿਸਕੌਨਸਿਨ, ਓਕ-ਕਰੀਕ ਵਿਸਕੌਨਸਿਨ
ਗੁਰਦੁਆਰਾ ਸਾਹਿਬ ਆਫ ਸ਼ਿਕਾਗੋ, ਇਲਿਨੌਏਅ
ਗੁਰਦੁਆਰਾ ਸਿੱਖ ਕਮਿਊਨਿਟੀ ਸੈਂਟਰ, ਵ੍ਹੀਟਨ ਇਲਿਨੌਏਅ
ਸਿੱਖ ਰਿਲੀਜੀਅਸ ਸੋਸਾਇਟੀ ਆਫ ਸ਼ਿਕਾਗੋ, ਪੈਲਾਟਾਈਨ ਇਲਿਨੌਏਅ
ਗੁਰੂਦੁਆਰਾ ਸਿੱਖ ਟੈਂਪਲ, ਸਿਲਵਿਸ ਇਲਿਨੌਏਅ
ਨਾਨਕਸਰ ਗੁਰੂਦੁਆਰਾ ਸਾਹਿਬ, ਰੌਕਫੋਰਡ ਇਲਿਨੌਏਅ
ਗੁਰੂਦੁਆਰਾ ਸਿੱਖ ਸੋਸਾਇਟੀ ਆਫ ਕੈਨਟਕੀ, ਲੁਈਸਵਿਲ ਕੈਨਟਕੀ
ਗੁਰੂਦੁਆਰਾ ਸਿੱਖ ਟੈਂਪਲ ਆਫ ਬਲੂਗ੍ਰਾਸ, ਲੈਕਸਿੰਗਟਨ ਕੈਨਟਕੀ
ਗੁਰਦੁਆਰਾ ਸਿੰਘ ਸਭਾ ਆਫ ਮਿਸ਼ੀਗਨ, ਕੈਨਟਨ ਮਿਸ਼ੀਗਨ
ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ, ਮਿਸ਼ੀਗਨ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਕੈਨਟਨ ਮਿਸ਼ੀਗਨ
ਸਿੱਖ ਟੈਂਪਲ ਡਾਊਨ ਰਿਵਰ, ਬ੍ਰਾਊਨਸਟਾਊਨ ਟਾਊਨਸ਼ਿਪ ਮਿਸ਼ੀਗਨ
ਮਾਤਾ ਤ੍ਰਿਪਤਾ ਜੀ ਗੁਰਦੁਆਰਾ (ਹਿਡਨ ਫਾਲਸ), ਪਲੀਮਥ ਮਿਸ਼ੀਗਨ

ਸਿੱਖ ਸੁਸਾਇਟੀ ਆਫ ਮਿਸ਼ੀਗਨ, ਸਟਰਲਿੰਗ ਹਾਈਟਸ ਮਿਸ਼ੀਗਨ
ਸਿੱਖ ਗੁਰਦੁਆਰਾ ਆਫ ਰੋਚੈਸਟਰ ਹਿੱਲਜ਼, ਮਿਸ਼ੀਗਨ
ਗੁਰਦੁਆਰਾ ਖਾਲਸਾ ਸਿੱਖ ਸੈਂਟਰ, ਗ੍ਰੈਂਡ ਬਲੈਂਕ ਮਿਸ਼ੀਗਨ
ਗੁਰੂ ਨਾਨਕ ਸਿੱਖ ਸੈਂਟਰ, ਲੈਂਸਿੰਗ ਮਿਸ਼ੀਗਨ
ਸਿੱਖ ਸੋਸਾਇਟੀ ਆਫ ਵੈਸਟ ਮਿਸ਼ੀਗਨ, ਫੋਰੈਸਟ ਹਿਲਸ ਮਿਸ਼ੀਗਨ
ਗੁਰਦੁਆਰਾ ਸਿੰਘ ਸਭਾ, ਗ੍ਰੈਂਡ ਰੈਪਿਡਜ਼ ਮਿਸ਼ੀਗਨ
ਗੁਰਦੁਆਰਾ ਸਿੰਘ ਸਭਾ ਆਫ਼ ਕਾਲਮਾਜ਼ੂ, ਮਿਸ਼ੀਗਨ
ਗੁਰਦੁਆਰਾ ਸਿੱਖ ਟੈਂਪਲ, ਬੈਟਲ ਕਰੀਕ ਮਿਸ਼ੀਗਨ
ਸਿੱਖ ਰਿਲੀਜੀਅਸ ਸੋਸਾਇਟੀ ਆਫ ਸਾਊਥਵੈਸਟ ਮਿਸ਼ੀਗਨ, ਬੈਂਟਨ ਹਾਰਬਰ ਮਿਸ਼ੀਗਨ
ਗੁਰਦੁਆਰਾ ਗੁਰੂ ਨਾਨਕ ਨਿਵਾਸ, ਮੁਸਕੇਗਨ ਮਿਸ਼ੀਗਨ
ਗੁਰਦੁਆਰਾ ਮਿਡ-ਮਿਸ਼ੀਗਨ ਸਿੰਘ ਸਭਾ, ਸਾਗਿਨਾਵ ਮਿਸ਼ੀਗਨ
ਸਿੱਖ ਗੁਰਦੁਆਰਾ ਆਫ ਮਿਸ਼ੀਗਨ, ਮਿਸ਼ੀਗਨ
ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਮਿਸ਼ੀਗਨ
ਗੁਰਦੁਆਰਾ ਗੁਰੂ ਰਾਮਦਾਸ ਆਸ਼ਰਮ, ਮਿਸ਼ੀਗਨ

ਅਦਾਰਾ ਟੀਵੀ-84 ਨਿਊਯਾਰਕ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਐਸ.ਏ
ਸਿੱਖ ਯੂਥ ਆਫ ਅਮਰੀਕਾ
ਗੁਰੂ ਰਾਮਦਾਸ ਵੈਲਫੇਅਰ ਸੋਸਾਇਟੀ ਆਫ ਹਰਿਆਣਾ, ਨਿਊਯਾਰਕ
ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ
ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ
ਸਿੱਖਸ ਫਾਰ ਜਸਟਿਸ
ਪੰਥਕ ਸਿੱਖ ਸੋਸਾਇਟੀ
ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ
ਸ਼ਹੀਦ ਊਧਮ ਸਿੰਘ ਸੋਸਾਇਟੀ
ਦੋਆਬਾ ਸਿੱਖ ਐਸੋਸੀਏਸ਼ਨ
ਭਾਈ ਲਾਲੋ ਜੀ ਸੋਸਾਇਟੀ
ਧੰਨ ਧੰਨ ਬਾਬਾ ਬੁੱਢਾ ਜੀ ਸਿੱਖ ਸੋਸਾਇਟੀ
ਧੰਨ ਧੰਨ ਬਾਬਾ ਦੀਪ ਸਿੰਘ ਸਿੱਖ ਸੋਸਾਇਟੀ

## ਪਰੇਡ ਵਿੱਚ ਕਿਸੇ ਵੀ ਤਰਾਂ ਦੀ ਲੰਗਰ ਆਦਿਕ ਜਾਂ ਹੋਰ ਸੇਵਾਵਾਂ ਲਈ ਅਤੇ ਵਲੰਟੀਅਰ ਸੇਵਾ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ:

| Himmat Singh (NY) | Kewal Singh Sidhu (PA) | Harjinder Singh (NJ) | Veer Singh Mangat (CT) | Devinder Singh Deo (VA) |
|---|---|---|---|---|
| Coordinator | Treasurer | Media Spokesman | Member | Member |
| 646-358-7745 | 215-264-5037 | 609-374-7249 | 203-919-3988 | 703-626-2561 |

**New York:**
Jatinder Singh Boparai
Gurdev Singh Kang
Rajinder Singh
Makhan Singh
Harminder Singh Ahluwalia
Baljinder Singh

**Virginia:**
Balwinder S Chatha
Mehtab S Kahlon
Narinder Singh
Bakhshish Singh
Udham Singh

**Maryland:**
Bakhshish Singh
Shwinder Singh
Harbans Singh
Manvir Singh Baltimore
Sukhdev Singh Chatha

**New Jersey:**
Inderjit Singh
Barjinder Singh Brar
Gurdawar Singh
Kewal Singh
Jasbir Singh
Joga Singh

**Pennsylvania:**
Bhagat Singh
Harcharan Singh
Navtej Singh Teji
Jasvir Singh

**Indiana:**
Santokh Singh
Subash Singh
Jagdish Singh
Japhi Singh

**Massachusetts:**
Karam Singh
Jagjit Singh

**Connecticut:**
Swaranjit Singh
Kuljeet Singh

### ਅਜ਼ਾਦ ਭਾਰਤ 'ਚ ਸਿੱਖਾਂ ਨੂੰ ਕਦੇ ਵੀ ਇਨਸਾਫ਼ ਨਹੀਂ ਮਿਲਿਆ

# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਾਕਾ ਨਕੋਦਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

## 39 ਸਾਲ ਬਾਅਦ ਵੀ ਇਨਸਾਫ਼ ਨਹੀਂ ਮਿਲਿਆ, ਅਮਰੀਕਨ ਕਾਂਗਰਸ 'ਚ ਉਠੀ ਅਵਾਜ਼





ਸ੍ਰ. ਜਸਵਿੰਦਰ ਸਿੰਘ ਜੰਡੀ



ਸ੍ਰ. ਗੁਰਜੀਤ ਸਿੰਘ ਸ਼ਾਮਪੁਰ



ਸ੍ਰ. ਅਮਰਦੀਪ ਸਿੰਘ ਪੁਰੇਵਾਲ



ਡਾ. ਹਰਿੰਦਰਪਾਲ ਸਿੰਘ

ਫਰੀਮਾਂਟ/ਕੈਲੀਫੋਰਨੀਆ : ਅੱਜ ਤੋਂ 39 ਸਾਲ ਪਹਿਲਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖਿਲਾਫ਼ ਸ਼ਾਂਤੀਪੂਰਵਕ ਰੋਸ ਧਰਨੇ ਉਪਰ ਬੈਠੇ ਸਿੱਖਾਂ ਦੇ ਸਕੂਲਾਂ, ਕਾਲਜਾਂ 'ਚ ਪੜ੍ਹਦੇ ਬੱਚਿਆਂ ਦੇ ਮੂੰਹ 'ਚ ਅਤੇ ਸਿਰਾਂ ਵਿਚ ਜਾਲਮਾਂ ਨੇ ਗੋਲੀਆਂ ਮਾਰਕੇ ਸ਼ਹੀਦ ਕਰ ਦਿੱਤਾ ਅਤੇ ਜਿਨ੍ਹਾਂ ਦੀਆਂ ਪਰਿਵਾਰ ਨੂੰ ਲਾਸ਼ਾਂ ਵੀ ਨਹੀਂ ਦਿੱਤੀਆਂ ਗਈਆਂ ਤਾਂ ਕਿ ਪਰਿਵਾਰ ਆਪਣੇ-ਆਪਣੇ ਬੱਚਿਆਂ ਦਾ ਅੰਤਿਮ ਸਸਕਾਰ ਕਰ ਸਕਣ। ਇਸ ਪ੍ਰਤੀ ਅੱਜ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਵੱਡੀ ਗਿਣਤੀ 'ਚ ਸੰਗਤਾਂ ਨੇ ਹੰਝੂਆਂ ਤੇ ਜੈਕਾਰਿਆਂ ਨਾਲ ਸ਼ਰਧਾਂਜਲੀ ਦਿੱਤੀ। ਇਸ ਸਮੇਂ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਪਿੰਡ ਦੇ ਨੌਜਵਾਨ ਦੇ ਭਰਾ ਡਾ. ਹਰਿੰਦਰ ਸਿੰਘ ਨੇ 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਰਤ 'ਚ ਸਿੱਖਾਂ ਨੂੰ ਕਦੇ ਵੀ ਇਨਸਾਫ਼ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਭਾਰਤ 'ਚ ਲੋਕਤੰਤਰ ਨਾਮ ਦੀ ਕੋਈ ਚੀਜ਼ ਨਹੀਂ ਪਰ ਅਸੀਂ ਚੁੱਪ ਕਰਕੇ ਬੈਠਣ ਵਾਲਿਆਂ ਵਿਚ ਨਹੀਂ ਸਗੋਂ ਜਦੋਂ ਤੱਕ ਸਿੱਖਾਂ ਨੂੰ ਇਨਸਾਫ ਨਹੀਂ ਮਿਲਦਾ ਉਦੋਂ ਤੱਕ ਸਿੱਖਾਂ ਦੇ ਕਾਤਲਾਂ ਨੂੰ ਕਟਹਿਰੇ 'ਚ ਖੜ੍ਹਾ ਕਰਨ ਲਈ ਲੜਦੇ ਹਾਂ ਅਤੇ ਲੜਦੇ ਰਹਾਂਗੇ। ਉਨ੍ਹਾਂ ਦੱਸਿਆ ਕਿ ਦੁਨੀਆ ਦੀ ਅਵਾਜ਼ ਅਮਰੀਕਨ ਕਾਂਗਰਸ 'ਚ ਨਕੋਦਰ ਦੇ ਸ਼ਹੀਦਾਂ ਦੀ ਗੱਲ ਨਨਕਾਣਾ ਸਾਹਿਬ ਦੇ ਸ਼ਹੀਦਾਂ ਤੋਂ ਬਾਅਦ ਪਹਿਲੀ ਵਾਰ ਉਠੀ ਹੈ। ਅਸੀਂ ਆਪਣੀ ਮੰਜ਼ਿਲ ਉਪਰ ਜ਼ਰੂਰ ਪਹੁੰਚਾਂਗੇ। ਉਨ੍ਹਾਂ 16 ਫਰਵਰੀ ਦਿਨ ਐਤਵਾਰ ਨੂੰ ਸਮੂਹ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਸੈਨਹੋਜ਼ੇ ਪਹੁੰਚਣ ਦੀ ਬੇਨਤੀ ਕੀਤੀ। ਇਸ ਸਮੇਂ ਹੋਰ ਆਗੂਆਂ ਸਮੇਤ ਗੁਰੂਘਰ ਦੇ ਪ੍ਰਧਾਨ ਸ੍ਰ. ਜਸਵਿੰਦਰ ਸਿੰਘ ਜੰਡੀ, ਸ੍ਰ. ਅਮਰਦੀਪ ਸਿੰਘ ਪੂਰੇਵਾਲ, ਸ੍ਰ. ਗੁਰਜੀਤ ਸਿੰਘ ਲਾਮਪੁਰ ਅਤੇ ਹੋਰ ਆਗੂਆਂ ਨੇ ਸੰਬੋਧਨ ਕੀਤਾ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।



# ਸਾਕਾ ਨਕੋਦਰ ਦੇ ਸ਼ਹੀਦਾਂ ਦਾ 39ਵਾਂ ਸ਼ਹੀਦੀ ਦਿਹਾੜਾ ਬੇਏਰੀਆ ਦੀ ਸੰਗਤ ਵਲੋਂ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਸ਼ਰਧਾ ਨਾਲ ਮਨਾਇਆ













ਫਰੀਮੌਂਟ : ਸਾਕਾ ਨਕੋਦਰ ਦੇ ਸ਼ਹੀਦਾਂ ਭਾਈ ਰਵਿੰਦਰ ਸਿੰਘ ਜੀ, ਭਾਈ ਝਿਲਮਣ ਸਿੰਘ ਜੀ, ਭਾਈ ਬਲਧੀਰ ਸਿੰਘ ਜੀ ਅਤੇ ਭਾਈ ਹਰਮਿੰਦਰ ਸਿੰਘ ਜੀ ਦਾ 39ਵਾਂ ਸ਼ਹੀਦੀ ਦਿਹਾੜਾ ਹਰ ਸਾਲ ਦੀ ਤਰ੍ਹਾਂ ਗੁਰਦਵਾਰਾ ਸਾਹਿਬ ਫਰੀਮੌਂਟ ਵਿਖੇ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ ਜਿਸ ਵਿਚ ਬੇਏਰੀਆ ਦੀ ਸੰਗਤ ਵਲੋਂ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰ ਕੇ ਸ਼ਹੀਦ ਸਿੰਘਾਂ ਨੂੰ ਨਿਮਨ ਕੀਤਾ ਗਿਆ। ਇਸ ਮੌਕੇ ਭਾਈ ਰਵਿੰਦਰ ਸਿੰਘ ਜੀ ਦੇ ਛੋਟੇ ਵੀਰ ਡਾ. ਹਰਿੰਦਰ ਸਿੰਘ ਵਲੋਂ ਸ਼ਹੀਦ ਸਿੰਘਾਂ ਦੇ ਜੀਵਨ, ਸਾਕੇ ਬਾਰੇ ਤੇ ਅੱਜ ਅਸੀਂ ਕਿਵੇਂ ਇਨ੍ਹਾਂ ਸ਼ਹਾਦਤਾਂ ਤੋਂ ਸਿੱਖ ਕੇ ਆਪਣੇ ਜੀਵਨ ਅਮਲ ਸਫਲਾ ਕਰ ਸਕਦੇ ਹਾਂ। ਇਸ ਮੌਕੇ ਅਮਰੀਕਨ ਕਾਂਗਰਸ ਮੈਂਬਰ ਜਿੰਮੀ ਪਨੇਟਾ ਵਲੋਂ 6 ਫਰਵਰੀ 2025 ਨੂੰ ਸਾਕਾ ਨਕੋਦਰ ਦੇ ਸ਼ਹੀਦਾਂ ਨੂੰ ਯੂ ਐੱਸ ਕਾਂਗਰਸ ਦੇ ਸਦਨ ਵਿਚ ਸ਼ਰਧਾਂਜਲੀ ਦੇਣ ਤੇ ਸਾਕਾ ਨਕੋਦਰ ਦੀ ਨਾਇਨਸਾਫੀ ਤੇ ਪੁਲਿਸ ਵਲੋਂ ਬੇਗੁਨਾਹ ਨਿਹੱਥੇ ਸਿੰਘਾਂ ਦੇ ਕਤਲਾਂ ਦਾ ਮੁੱਦਾ ਅਮਰੀਕੀ ਪ੍ਰਤੀਨਿਧੀ ਸਦਨ ਵਿਚ ਗੰਭੀਰਤਾ ਨਾਲ ਚੁੱਕਣ ਲਈ ਉਨ੍ਹਾਂ ਦਾ ਸਿੱਖ ਕੌਮ ਵਲੋਂ ਧੰਨਵਾਦ ਕੀਤਾ ਗਿਆ, ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ 100 ਸਾਲਾ ਬਰਸੀ ਮੌਕੇ 2021 ਵਿਚ ਅਮਰੀਕਨ ਕਾਂਗਰਸ ਵਲੋਂ ਯੂ ਐੱਸ ਕਾਂਗਰਸ ਦੇ ਸਦਨ ਵਿਚ ਸ਼ਰਧਾਂਜਲੀ ਦਿਤੀ ਸੀ। ਸੰਗਤਾਂ ਵਲੋਂ ਕੈਲੀਫੋਰਨੀਆ ਅਸੈਂਬਲੀ ਮੈਂਬਰ ਡਾ. ਜਸਮੀਤ ਕੌਰ ਬੈਂਸ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਸਾਕਾ ਨਕੋਦਰ ਦੇ 38ਵੇਂ ਸ਼ਹੀਦੀ ਦਿਹਾੜੇ ਮੌਕੇ ਗੁਰਦਵਾਰਾ ਸਾਹਿਬ ਫਰੀਮੌਂਟ ਵਿਖੇ ਸੰਗਤਾਂ ਤੇ ਸ਼ਹੀਦ ਪਰਿਵਾਰਾਂ ਨਾਲ ਕੀਤਾ ਵਾਅਦਾ ਨਿਭਾਉਂਦਿਆਂ 13 ਜੂਨ 2024 ਨੂੰ ਕੈਲੀਫੋਰਨੀਆ ਦੀ ਸੂਬਾ ਅਸੈਂਬਲੀ ਵਿਚ 4 ਫਰਵਰੀ ਨੂੰ ਹਰ ਸਾਲ ਕੈਲੀਫੋਰਨੀਆ ਸੂਬੇ ਵਿਚ ਸਾਕਾ ਨਕੋਦਰ ਦਿਵਸ ਵਜੋਂ ਮਨਾਉਣ ਦਾ ਮਤਾ ਨੰਬਰ 93 ਸਰਬਸੰਮਤੀ ਨਾਲ ਪਾਸ ਕਰਵਾਇਆ। ਇਸ ਤੋਂ ਪਹਿਲਾਂ ਡਾ. ਬੈਂਸ ਵਲੋਂ 1984 ਸਿੱਖ ਨਸਲਕੁਸ਼ੀ ਦਾ ਮਤਾ ਵੀ ਕੈਲੀਫੋਰਨੀਆ ਦੀ ਸੂਬਾ ਅਸੈਂਬਲੀ ਵਿਚ ਪਾਸ ਕਰਵਾਇਆ ਜਾ ਚੁੱਕਾ ਹੈ। ਆਉਂਦੇ ਐਤਵਾਰ 16 ਫਰਵਰੀ 2025 ਨੂੰ ਗੁਰਦਵਾਰਾ ਸਾਹਿਬ ਸੇਨਹੋਜੇ ਵਿਖੇ ਸਾਕਾ ਨਕੋਦਰ ਦੇ ਸ਼ਹੀਦਾਂ ਦਾ 39ਵਾਂ ਸ਼ਹੀਦੀ ਦਿਹਾੜਾ ਮਨਾਇਆ ਜਾਵੇਗਾ ਅਤੇ 19 ਫਰਵਰੀ 2025 ਨੂੰ ਸੇਨਹੋਜੇ ਦੇ ਮੇਅਰ ਤੇ ਸਿਟੀ ਕੌਂਸਿਲ ਵਲੋਂ 4 ਫਰਵਰੀ 2025 ਨੂੰ ਸਾਕਾ ਨਕੋਦਰ ਦਿਵਸ ਵਜੋਂ ਮਨਾਉਣ ਸਬੰਧੀ ਘੋਸ਼ਣਾ ਪੱਤਰ ਦਿੱਤਾ ਜਾਵੇਗਾ। ਅੱਜ ਗੁਰਦਵਾਰਾ ਸਾਹਿਬ ਜੀ ਦੇ ਲੰਗਰ ਹਾਲ ਵਿਚ ਸੱਤ ਸ਼ਹੀਦ ਸਿੰਘਾਂ ਸ਼ਹੀਦ ਭਾਈ ਅਵਤਾਰ ਸਿੰਘ ਬ੍ਰਹਮਾ, ਸ਼ਹੀਦ ਭਾਈ ਜੁਗਰਾਜ ਸਿੰਘ, ਭਾਈ ਗੁਰਸਾਹਿਬ ਸਿੰਘ ਚੰਗਿਆੜਾ, ਸ਼ਹੀਦ ਭਾਈ ਬਲਬੀਰ ਸਿੰਘ ਰਾਏਪੁਰ, ਸ਼ਹੀਦ ਭਾਈ ਅਜੀਤਪਾਲ ਸਿੰਘ ਹੁਸ਼ਿਆਰਪੁਰ ਅਤੇ ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਦੀਆਂ ਤਸਵੀਰਾਂ ਸ਼ਸ਼ੋਭਿਤ ਕੀਤੀਆਂ ਗਈਆਂ। ਅੱਜ ਕੈਨੇਡਾ ਦੇ ਅਲਬਰਟਾ ਸੂਬੇ ਦੇ ਗੁਰਦਵਾਰਾ ਸਾਹਿਬ ਦਸ਼ਮੇਸ਼ ਕਲਚਰ ਸੈਂਟਰ ਕੈਲਗਰੀ ਵਿਖੇ ਵੀ ਸਾਕਾ ਨਕੋਦਰ ਦੇ ਸ਼ਹੀਦਾਂ ਦਾ 39ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ।

# 39 ਸਾਲ ਬੀਤ ਜਾਣ ਦੇ ਬਾਵਜੂਦ ਪੀੜਤਾਂ ਨੂੰ ਇਨਸਾਫ਼ ਨਹੀਂ ਮਿਲਿਆ

### *4 ਫਰਵਰੀ ਪੰਜਾਬ ਦੇ ਸਿੱਖਾਂ ਲਈ ਹੀ ਨਹੀਂ ਸਗੋਂ ਅਮਰੀਕਾ ਦੇ ਸਿੱਖਾਂ ਲਈ ਵੀ ਕਾਲਾ ਦਿਨ : ਕਾਂਗਰਸਮੈਨ ਜਿੰਮੀ ਪਨੇਟਾ*

ਜਲੰਧਰ : ਅਮਰੀਕੀ ਕਾਂਗਰਸਮੈਨ ਜਿੰਮੀ ਪਨੇਟਾ ਨੇ ਪੰਜਾਬ ਵਿੱਚ 1986 'ਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਨਕੋਦਰ ਬੇਅਦਬੀ ਕਾਂਡ ਦਾ ਵਿਰੋਧ ਕਰ ਰਹੀ ਸਿੱਖ ਸੰਗਤ 'ਤੇ ਪੰਜਾਬ ਪੁਲਿਸ ਵੱਲੋਂ ਕੀਤੀ ਗਈ ਗੋਲੀਬਾਰੀ ਵਿੱਚ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਦਾ ਮੁੱਦਾ ਅਮਰੀਕੀ ਪ੍ਰਤੀਨਿਧੀ ਸਦਨ ਵਿੱਚ ਗੰਭੀਰਤਾ ਨਾਲ ਚੁੱਕਿਆ ਹੈ। ਉਸ ਨੇ ਕਿਹਾ ਕਿ 39 ਸਾਲ ਬੀਤ ਜਾਣ ਦੇ ਬਾਵਜੂਦ ਪੀੜਤਾਂ ਨੂੰ ਇਨਸਾਫ਼ ਨਹੀਂ ਮਿਲਿਆ। ਕੈਲੀਫੋਰਨੀਆ ਦੇ 19ਵੇਂ ਜ਼ਿਲ੍ਹੇ ਦੀ ਨੁਮਾਇੰਦਗੀ ਕਰਨ ਵਾਲੇ ਅਮਰੀਕੀ ਕਾਂਗਰਸਮੈਨ ਜਿੰਮੀ ਪਨੇਟਾ ਨੇ ਪੀੜਤਾਂ ਨੂੰ ਯਾਦ ਕਰਦਿਆਂ ਅਮਰੀਕੀ ਪ੍ਰਤੀਨਿਧੀ ਸਦਨ ਵਿੱਚ ਮਤਾ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਪੀੜਤਾਂ ਦੀਆਂ ਲਾਸ਼ਾਂ ਗੁਪਤ ਰੂਪ ਵਿੱਚ ਸਾੜ ਦਿੱਤੀਆਂ ਗਈਆਂ ਤੇ ਇਸ ਮਾਮਲੇ 'ਚ ਕਿਸੇ ਨੂੰ ਵੀ ਦੋਸ਼ੀ ਨਹੀਂ ਠਹਿਰਾਇਆ ਗਿਆ ਸੀ। ਉਨ੍ਹਾਂ 4 ਫਰਵਰੀ ਨੂੰ 'ਸਾਕਾ ਨਕੋਦਰ ਦਿਵਸ' ਵਜੋਂ ਮਾਨਤਾ ਦੇਣ ਦਾ ਮਤਾ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਨਾ ਹੋਣੀ ਅਤਿ ਨਿੰਦਣਯੋਗ ਹੈ। 4 ਫਰਵਰੀ ਪੰਜਾਬ ਦੇ ਸਿੱਖਾਂ ਲਈ ਹੀ ਨਹੀਂ ਸਗੋਂ ਅਮਰੀਕਾ ਦੇ ਸਿੱਖਾਂ ਲਈ ਵੀ ਕਾਲਾ ਦਿਨ ਹੈ। ਪੀੜਤ ਪਰਿਵਾਰ 39 ਸਾਲਾਂ ਤੋਂ ਇਨਸਾਫ ਤੇ ਜਵਾਬਦੇਹੀ ਲਈ ਲੜਾਈ ਲੜ ਰਹੇ ਹਨ। ਉਨ੍ਹਾਂ ਕਿਹਾ, 'ਸੰਯੁਕਤ ਰਾਜ ਦੇ ਨੁਮਾਇੰਦੇ ਹੋਣ ਦੇ ਨਾਤੇ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਦੇਸ਼ ਅਤੇ ਵਿਦੇਸ਼ ਵਿੱਚ ਇਨ੍ਹਾਂ ਕਦਰਾਂ-ਕੀਮਤਾਂ ਲਈ ਲੜੀਏ ਅਤੇ ਦੁਨੀਆਂ ਭਰ ਦੇ ਆਪਣੇ ਭਾਈਵਾਲਾਂ ਨੂੰ ਇਸ ਦੁਖਾਂਤ ਬਾਰੇ ਦੱਸੀਏ। ਇਸ ਲਈ ਉਹ ਸਾਕਾ ਨਕੋਦਰ ਦਿਵਸ ਨੂੰ ਮਾਨਤਾ ਦੇਣ ਦੀ ਮੰਗ ਕਰਦੇ ਹਨ।' ਨਕੋਦਰ 'ਚ 2 ਫਰਵਰੀ 1986 ਨੂੰ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਸਾੜ ਦਿੱਤੇ ਗਏ ਸਨ। ਇਸ ਦਾ ਰੋਸ ਪ੍ਰਗਟਾ ਰਹੀ ਸੰਗਤ 'ਤੇ 4 ਫਰਵਰੀ 1986 ਨੂੰ ਗੋਲੀਆਂ ਚਲਾ ਦਿੱਤੀਆਂ ਗਈਆਂ, ਜਿਸ ਕਾਰਨ ਭਾਈ ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਪੁਰ, ਝਿਲਮਨ ਸਿੰਘ ਗੌਰਸੀਆਂ ਅਤੇ ਹਰਮਿੰਦਰ ਸਿੰਘ ਸ਼ਹੀਦ ਹੋ ਗਏ ਸਨ। ਪੁਲੀਸ ਨੇ ਇਨ੍ਹਾਂ ਦੀਆਂ ਲਾਸ਼ਾਂ ਵੀ ਲਾਵਾਰਸ ਕਹਿ ਕੇ ਨਕੋਦਰ ਦੇ ਹੀ ਸ਼ਮਸ਼ਾਨਘਾਟ ਵਿੱਚ ਸਾੜ ਦਿੱਤੀਆਂ ਸਨ।



# ਸਾਕਾ ਨਕੋਦਰ ਦੇ ਸ਼ਹੀਦਾਂ ਦਾ 39ਵਾਂ ਸ਼ਹੀਦੀ ਦਿਹਾੜਾ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ 16 ਫ਼ਰਵਰੀ ਨੂੰ

### *ਸੈਨਹੋਜ਼ੇ ਦੇ ਮੇਅਰ ਤੇ ਸਿਟੀ ਕੌਂਸਿਲ ਵਲੋਂ 4 ਫ਼ਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ 18 ਫ਼ਰਵਰੀ ਨੂੰ*

ਸੈਨਹੋਜ਼ੇ : ਸਾਕਾ ਨਕੋਦਰ ਦੇ ਸ਼ਹੀਦਾਂ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ, ਭਾਈ ਹਰਮਿੰਦਰ ਸਿੰਘ ਜੀ ਚਲੂਪੁਰ, ਭਾਈ ਝਿਲਮਣ ਸਿੰਘ ਜੀ ਗੋਰਸੀਆਂ ਅਤੇ ਭਾਈ ਬਲਧੀਰ ਸਿੰਘ ਜੀ ਰਾਮਗੜ੍ਹ ਜਿਨ੍ਹਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ 4 ਫ਼ਰਵਰੀ 1986 ਨੂੰ ਸ਼ਹਾਦਤਾਂ ਦੀ ਦਾਤ ਪ੍ਰਾਪਤ ਕੀਤੀ ਦਾ 39ਵਾਂ ਸ਼ਹੀਦੀ ਦਿਹਾੜਾ ਹਰ ਸਾਲ ਦੇ ਤਰ੍ਹਾਂ ਗੁਰਦਵਾਰਾ ਸਾਹਿਬ ਸੈਨਹੋਜ਼ੇ ਵਿਖੇ 16 ਫ਼ਰਵਰੀ 2025 ਦਿਨ ਐਤਵਾਰ ਨੂੰ ਪੂਰਨ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਸਵੇਰੇ 10.00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਉਪਰੰਤ ਗੁਰਬਾਣੀ ਦਾ ਮਨੋਹਰ ਕੀਰਤਨ, ਕਥਾ, ਢਾਡੀ ਵਾਰਾਂ ਤੇ ਸ਼ਹੀਦਾਂ ਦੇ ਜੀਵਨ ਤੇ ਸ਼ਹਾਦਤਾਂ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ ਜਾਣਗੀਆਂ। ਇਸ ਸਮਾਗ਼ਮ ਵਿੱਚ ਬੀਬੀ ਪਰਮਜੀਤ ਕੌਰ ਜੀ ਖਾਲੜਾ, ਸ਼ਹੀਦ ਪ੍ਰੀਵਾਰ ਤੇ ਪੰਥਕ ਨੇਤਾ ਸ਼ਹੀਦ ਸਿੰਘਾਂ ਨੂੰ ਨਿਮਨ ਕਰਨ ਲਈ ਪਹੁੰਚ ਰਹੇ ਹਨ। ਸ਼ਹੀਦ ਭਾਈ ਰਵਿੰਦਰ ਸਿੰਘ ਜੀ ਦੇ ਛੋਟੇ ਵੀਰ ਡਾ. ਹਰਿੰਦਰ ਸਿੰਘ ਸੰਗਤਾਂ ਦੇ ਰੂਬਰੂ ਹੋਕੇ ਸਾਕਾ ਨਕੋਦਰ ਦਾ 39 ਸਾਲਾ ਇਤਿਹਾਸ ਸੰਗਤਾਂ ਨਾਲ ਸਾਂਝਾ ਕਰਨਗੇ। ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਇਸ ਸ਼ਹੀਦੀ ਸਭਾ ਵਿਚ ਸ਼ਾਮਿਲ ਹੋਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਮਿਤੀ 18 ਫ਼ਰਵਰੀ 2025 ਨੂੰ ਸੈਨਹੋਜ਼ੇ ਮੇਅਰ ਤੇ ਸਿਟੀ ਕੌਂਸਿਲ ਵਲੋਂ ਸਿਟੀ ਹਾਲ ਸੈਨਹੋਜ਼ੇ ਵਿਖੇ ਸਾਕਾ ਨਕੋਦਰ ਦੇ ਸ਼ਹੀਦਾਂ ਦੇ 39ਵੇਂ ਸ਼ਹੀਦੀ ਦਿਹਾੜੇ ਮੌਕੇ ਸ਼ਹਿਰ ਵਲੋਂ 4 ਫ਼ਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਦਿੱਤੀ ਮਾਨਤਾ ਸਿੱਖ ਸੰਗਤਾਂ ਨੂੰ ਸੌਂਪਣਗੇ ਜਿਸ ਵਿੱਚ ਇਲਾਕੇ ਦੇ ਪਤਵੰਤੇ ਤੇ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਖਾਸ ਤੌਰ 'ਤੇ ਸ਼ਮੂਲੀਅਤ ਕਰਨਗੇ।



ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ | ਸ਼ਹੀਦ ਭਾਈ ਹਰਮਿੰਦਰ ਸਿੰਘ ਚਲੂਪੁਰ | ਸ਼ਹੀਦ ਭਾਈ ਬਲਧੀਰ ਸਿੰਘ ਰਾਮਗੜ੍ਹ | ਸ਼ਹੀਦ ਭਾਈ ਝਿਲਮਣ ਸਿੰਘ ਗੋਰਸੀਆਂ

## ਸਾਕਾ ਨਕੋਦਰ ਦੇ ਸਿੱਖ ਨੌਜਵਾਨਾਂ ਦੇ ਕਤਲ ਦਾ ਮਾਮਲਾ ਅੱਜ ਵੀ ਉਥੇ ਦਾ ਉਥੇ ਹੀ ਖੜਾ

ਸਾਕਾ ਨਕੋਦਰ 4 ਫਰਵਰੀ 1986 ਨਕੋਦਰ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੂਮਤੀ ਦੇ ਖਿਲਾਫ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸਿੱਖ ਜਥੇਬੰਦੀਆਂ ਵੱਲੋਂ ਜਦੋਂ ਮਾਰਚ ਕੱਢਿਆ ਗਿਆ ਤੇ ਉੱਥੇ ਪੁਲਿਸ ਫਾਇਰਿੰਗ ਦੌਰਾਨ ਚਾਰ ਨੌਜਵਾਨ ਮਾਰੇ ਗਏ ਸੀ ਤੇ ਉਹਨਾਂ ਦੀਆਂ ਲਾਸ਼ਾਂ ਵੀ ਪੁਲਿਸ ਨੇ ਉਹਨਾਂ ਦੇ ਵਾਰਸਾਂ ਨੂੰ ਨਹੀਂ ਸੀ ਦਿੱਤੀਆਂ। ਉਸ ਸਮੇਂ ਐਸਐਸਪੀ ਬੁਚੱੜ ਮੁਹੰਮਦ ਇਜਹਾਰ ਆਲਮ ਸੀ ਅਤੇ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਸੀ ਉਨ੍ਹਾਂ ਨੂੰ ਇਸ ਮਾਮਲੇ 'ਚ ਕਦੇ ਇਨਸਾਫ਼ ਨਹੀਂ ਮਿਲਿਆ ਇਥੇ ਇਹ ਜਿਕਰਯੋਗ ਹੈ ਕੀ ਇਸ ਬੁੱਚੜ ਇਜਹਾਰ ਆਲਮ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਦੱਲ ਦਾ ਵਾਈਸ ਪ੍ਰਧਾਨ ਬਣਾਇਆ ਸੀ ਅਤੇ ਪ੍ਰਕਾਸ਼ ਸਿੰਘ ਬਾਦਲ ਨੇ ਇਸ ਨੂੰ ਅਕਾਲੀ ਦੱਲ ਦੀ ਟਿਕਟ ਦਿੱਤੀ ਸੀ ਅਤੇ ਭਾਰੀ ਵਿਰੋਧ ਕਾਰਨ ਇਸਦੀ ਪਤਨੀ ਨੂੰ ਦੇ ਦਿੱਤੀ ਗਈ ਸੀ ਤੇ ਸਿੱਖ ਨੌਜਵਾਨਾਂ ਦੇ ਕਤਲ ਦਾ ਮਾਮਲਾ ਅੱਜ ਵੀ ਉਥੇ ਦਾ ਉਥੇ ਹੀ ਖੜਾ ਤੇ ਲਗਾਤਾਰ ਕੰਪੇਨ ਚੱਲ ਰਹੀ ਹੈ। ਅਤੇ ਇਹ ਕੰਪੇਨ ਪੂਰੀ ਦੁਨੀਆ ਵਿੱਚ ਲੜੀ ਜਾ ਰਹੀ ਹੈ ਤੇ ਇਸ ਵਾਰ ਯੂਐਸ ਕਾਂਗਰਸ ਦੇ ਵਿੱਚ 4 ਫਰਵਰੀ ਨੂੰ ਇਹ ਮਾਮਲਾ ਉਠਾਇਆ ਗਿਆ ਇਹ ਮਾਮਲਾ ਨਨਕਾਣਾ ਸਾਹਿਬ ਦੇ ਸ਼ਹੀਦਾ ਦੇ ਬਾਦ ਅਮਰੀਕਨ ਕਾਂਗਰਸ 'ਚ ਦੂਜਾ ਮਾਮਲਾ ਹੈ ਜੋ ਕੀ ਆਪਣੇ ਆਪ ਵਿੱਚ ਬਹੁਤ ਵੱਡੀ ਅਤੇ ਇਤਹਾਸਕ ਗੱਲ ਹੈ। ਅਮਰੀਕਨ ਕਾਂਗਰਸ ਵਿੱਚ ਇਹਨਾ ਸ਼ਹੀਦਾ ਨੂੰ ਸ਼ਰਧਾਂਜਲੀ ਪੇਸ਼ ਕੀਤੀ ਗਈ ਹੈ ਜਿਹੜੇ ਚਾਰੇ ਨੌਜਵਾਨ ਉੱਥੇ ਗੋਲੀ ਦੇ ਨਾਲ ਮਾਰੇ ਗਏ ਸੀ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਤੇ ਇਨਸਾਫ ਦੀ ਮੰਗ ਕੀਤੀ ਗਈ। ਇਨਸਾਫ ਮਿਲੇ ਨਾ ਮਿਲੇ ਲੇਕਿਨ ਗਲੋਬਲ ਪੱਧਰ 'ਤੇ ਸਿੱਖਾਂ ਵਲੋਂ ਇਹ ਮੁਹਿੰਮ ਪਿਛਲੇ 39 ਸਾਲ ਤੋਂ ਅੱਜ ਵੀ ਜਾਰੀ ਹੈ।



# ਦਿੱਲੀ ਦੀਆਂ ਚੋਣਾਂ ਦਾ ਸੰਦੇਸ਼

ਪਿਛਲੇ ਕੁਝ ਮਹੀਨਿਆਂ ਤੋਂ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਦੀ ਵੱਡੀ ਚਰਚਾ ਹੁੰਦੀ ਆ ਰਹੀ ਹੈ। ਚਾਹੇ ਇਸ ਰਾਜ ਦੀਆਂ ਸ਼ਕਤੀਆਂ ਸੀਮਤ ਹਨ। ਦੇਸ਼ ਦੀ ਰਾਜਧਾਨੀ ਹੋਣ ਕਾਰਨ ਦੂਜੇ ਪ੍ਰਾਂਤਾਂ ਦੀਆਂ ਸਰਕਾਰਾਂ ਤੋਂ ਉਲਟ ਇੱਥੋਂ ਦੀ ਚੁਣੀ ਗਈ ਸਰਕਾਰ ਕੁਝ ਇਕ ਮਹੱਤਵਪੂਰਨ ਖੇਤਰਾਂ ਵਿਚ ਹੀ ਕਾਰਜਸ਼ੀਲ ਰਹਿ ਸਕਦੀ ਹੈ। ਸਾਲ 1991 ਵਿਚ 'ਗਵਰਨਮੈਂਟ ਆਫ਼ ਨੈਸ਼ਨਲ ਕੈਪੀਟਲ ਟੈਰਾਟਰੀ ਆਫ਼ ਦਿੱਲੀ ਐਕਟ, 1991' ਰਾਹੀਂ ਕਾਇਮ ਕੀਤੀ ਗਈ ਵਿਧਾਨ ਸਭਾ ਲਈ ਪਹਿਲੀ ਵਾਰ ਵੋਟਾਂ ਸਾਲ 1993 ਵਿਚ ਪਈਆਂ ਸਨ। ਉਸ ਸਮੇਂ ਪਹਿਲੀ ਸਰਕਾਰ ਭਾਜਪਾ ਨੇ ਬਣਾਈ ਸੀ ਅਤੇ ਮਦਨ ਲਾਲ ਖੁਰਾਨਾ ਮੁੱਖ ਮੰਤਰੀ ਬਣੇ ਸਨ। ਪੰਜ ਸਾਲ ਦੇ ਅਰਸੇ ਦੌਰਾਨ ਹੀ ਸਾਹਿਬ ਸਿੰਘ ਵਰਮਾ ਅਤੇ ਸੁਸ਼ਮਾ ਸਵਰਾਜ ਵੀ ਭਾਜਪਾ ਦੇ ਮੁੱਖ ਮੰਤਰੀ ਬਣੇ। ਪਰ ਉਸ ਤੋਂ ਬਾਅਦ ਸਾਲ 1998 ਵਿਚ ਇਥੇ ਹੋਈਆਂ ਚੋਣਾਂ ਵਿਚ ਕਾਂਗਰਸ ਨੇ ਵੱਡੀ ਜਿੱਤ ਪ੍ਰਾਪਤ ਕੀਤੀ ਸੀ ਅਤੇ ਲਗਾਤਾਰ ਤਿੰਨ ਵਾਰ ਸ਼ੀਲਾ ਦੀਕਸ਼ਿਤ ਇੱਥੋਂ ਦੀ ਮੁੱਖ ਮੰਤਰੀ ਬਣੀ ਸੀ। ਸਾਲ 2011 ਵਿਚ ਪ੍ਰਸਿੱਧ ਸਮਾਜਿਕ ਆਗੂ ਅੰਨਾ ਹਜ਼ਾਰੇ ਨੇ ਦਿੱਲੀ ਤੋਂ ਹੀ ਭ੍ਰਿਸ਼ਟਾਚਾਰ ਵਿਰੁੱਧ ਅੰਦੋਲਨ ਸ਼ੁਰੂ ਕੀਤਾ ਸੀ, ਜਿਸ ਨੂੰ ਉਸ ਸਮੇਂ ਬਹੁਤ ਵੱਡਾ ਹੁੰਗਾਰਾ ਮਿਲਿਆ ਸੀ। ਆਮ ਆਦਮੀ ਪਾਰਟੀ ਵੀ ਉਸੇ ਅੰਦੋਲਨ ਤੋਂ ਬਾਅਦ ਬਣੀ ਸੀ। ਉਸ ਸਮੇਂ ਅੰਨਾ ਹਜ਼ਾਰੇ ਦੇ ਵਿਰੋਧ ਦੇ ਬਾਵਜੂਦ ਉਨ੍ਹਾਂ ਦੇ ਕੁਝ ਸਾਥੀਆਂ ਨੇ ਆਮ ਆਦਮੀ ਪਾਰਟੀ ਬਣਾ ਕੇ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ ਦਸੰਬਰ, 2013 ਦੀਆਂ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਹਿੱਸਾ ਲਿਆ ਸੀ। ਇਨ੍ਹਾਂ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਚੰਗਾ ਹੁੰਗਾਰਾ ਮਿਲਿਆ ਸੀ, ਜਿਸ ਦੀ ਸਫ਼ਲਤਾ ਨੇ ਉਸ ਸਮੇਂ ਸਿਆਸੀ ਹਲਕਿਆਂ ਵਿਚ ਵੱਡੀ ਹੈਰਾਨੀ ਪੈਦਾ ਕੀਤੀ ਸੀ।

ਚਾਹੇ ਪਹਿਲੀ ਵਾਰ ਬਣੀ ਇਸ ਪਾਰਟੀ ਦੀ ਸਰਕਾਰ ਤਾਂ ਕੁਝ ਦਿਨਾਂ ਤੱਕ ਹੀ ਕਾਇਮ ਰਹਿ ਸਕੀ ਸੀ ਪਰ ਦੂਸਰੀ ਵਾਰ ਸਾਲ 2015 ਵਿਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ ਇਸ ਪਾਰਟੀ ਨੂੰ ਹੋਰ ਵੀ ਵੱਡਾ ਹੁੰਗਾਰਾ ਮਿਲਿਆ ਸੀ। ਇਸ ਨੇ 70 ਸੀਟਾਂ ਵਿਚੋਂ 67 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਸੀ। ਸਾਲ 2020 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ 'ਆਪ' ਨੂੰ 62 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਸੀ। ਅਰਵਿੰਦ ਕੇਜਰੀਵਾਲ ਤੀਜੀ ਵਾਰ ਮੁੱਖ ਮੰਤਰੀ ਬਣੇ ਸਨ। 2014 ਵਿਚ ਕੇਂਦਰ 'ਚ ਭਾਜਪਾ ਦੀ ਅਗਵਾਈ ਵਿਚ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਦੀ ਸਰਕਾਰ ਬਣੀ ਸੀ। ਨਰਿੰਦਰ ਮੋਦੀ ਇਸ ਗੱਠਜੋੜ ਦੇ ਪ੍ਰਧਾਨ ਮੰਤਰੀ ਬਣੇ ਸਨ। ਉਹ ਵੀ ਹੁਣ ਤੀਸਰੀ ਵਾਰ ਇਸ ਅਹੁਦੇ 'ਤੇ ਬਣੇ ਹੋਏ ਹਨ। ਇਸ ਸਮੇਂ ਵਿਚ ਹੀ ਦੋ ਵਾਰ ਲੋਕ ਸਭਾ ਦੀਆਂ ਹੋਈਆਂ ਚੋਣਾਂ ਵਿਚ ਭਾਜਪਾ ਨੇ ਦਿੱਲੀ ਦੀਆਂ ਸੱਤ ਸੀਟਾਂ ਵਿਚੋਂ ਸਾਰੀਆਂ 'ਤੇ ਹੀ ਜਿੱਤ ਪ੍ਰਾਪਤ ਕੀਤੀ ਸੀ। ਪਰ ਦਿੱਲੀ ਵਿਧਾਨ ਸਭਾ ਵਿਚ ਇਸ ਨੂੰ ਇਕ ਵਾਰ 3 ਅਤੇ ਇਕ ਵਾਰ 8 ਸੀਟਾਂ ਹੀ ਪ੍ਰਾਪਤ ਹੋਈਆਂ ਸਨ। ਹੈਰਾਨੀ ਇਸ ਗੱਲ ਦੀ ਹੈ ਕਿ ਦਿੱਲੀ ਵਿਚ ਸ਼ੀਲਾ ਦੀਕਸ਼ਿਤ ਦੀ ਅਗਵਾਈ ਵਿਚ 15 ਸਾਲ ਤੱਕ ਰਾਜ ਕਰਨ ਵਾਲੀ ਕਾਂਗਰਸ ਨੂੰ ਇੱਥੇ ਹੋਈਆਂ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ ਵਿਚ ਇਕ ਵੀ ਸੀਟ ਪ੍ਰਾਪਤ ਨਹੀਂ ਸੀ ਹੋਈ। ਹੁਣ ਦੀਆਂ ਚੋਣਾਂ ਵਿਚ ਵੀ ਕਾਂਗਰਸ ਦੀ ਝੋਲੀ 'ਚ ਕੁਝ ਨਹੀਂ ਪਿਆ। ਚੋਣ ਪ੍ਰਚਾਰ ਦੌਰਾਨ ਚਾਹੇ ਆਮ ਆਦਮੀ ਪਾਰਟੀ, ਭਾਜਪਾ ਤੇ ਕਾਂਗਰਸ ਪੂਰੀਆਂ ਸਰਗਰਮ ਰਹੀਆਂ, ਪਰ ਇਸ ਦੇ ਬਾਵਜੂਦ ਵੀ ਅਸਲ ਮੁਕਾਬਲਾ ਆਮ ਆਦਮੀ ਪਾਰਟੀ ਤੇ ਭਾਜਪਾ ਵਿਚ ਹੀ ਦਿਖਾਈ ਦਿੰਦਾ ਸੀ। 'ਆਪ' ਵਲੋਂ ਇਹ ਚੋਣਾਂ ਅਰਵਿੰਦ ਕੇਜਰੀਵਾਲ ਨੂੰ ਮੁੱਖ ਸੂਤਰਧਾਰ ਬਣਾ ਕੇ ਲੜੀਆਂ ਗਈਆਂ ਸਨ, ਜਦੋਂ ਕਿ ਭਾਜਪਾ ਵਲੋਂ ਇਨ੍ਹਾਂ ਚੋਣਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਂਅ ਹੀ ਉਭਾਰਿਆ ਜਾਂਦਾ ਰਿਹਾ ਸੀ। ਕਾਂਗਰਸ ਵਲੋਂ ਰਾਹੁਲ ਗਾਂਧੀ ਮੁੱਖ ਤੌਰ 'ਤੇ ਮੈਦਾਨ ਵਿਚ ਉੱਤਰੇ ਹੋਏ ਸਨ।

ਦਿੱਲੀ ਦੇ ਚੋਣ ਨਤੀਜਿਆਂ ਵਿਚੋਂ ਇਕ ਖ਼ਾਸ ਗੱਲ ਇਹ ਵੀ ਉੱਭਰ ਕੇ ਸਾਹਮਣੇ ਆਈ ਹੈ ਕਿ ਅਰਵਿੰਦ ਕੇਜਰੀਵਾਲ ਅਤੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਮੇਤ ਇਸ ਦੇ ਬਹੁਤ ਸਾਰੇ ਵੱਡੇ ਆਗੂ ਚੋਣ ਹਾਰ ਗਏ ਹਨ। ਚਾਹੇ ਮੁੱਖ ਮੰਤਰੀ ਆਤਿਸ਼ੀ ਚੋਣ ਜਿੱਤ ਗਏ ਹਨ। ਇਸ ਸੰਬੰਧੀ ਉਨ੍ਹਾਂ ਨੇ ਕਿਹਾ ਹੈ ਕਿ ਇਹ ਚੋਣ ਨਤੀਜੇ ਪਾਰਟੀ ਲਈ ਇਕ 'ਝਟਕੇ' ਵਾਂਗ ਹਨ, ਪਰ ਭਾਜਪਾ ਦੇ ਖ਼ਿਲਾਫ਼ 'ਆਪ' ਦੀ ਲੜਾਈ ਜਾਰੀ ਰਹੇਗੀ। ਇਸ ਹਾਰ 'ਤੇ ਆਪਣਾ ਪ੍ਰਤੀਕਰਮ ਪ੍ਰਗਟ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਉਹ ਨਿਮਰਤਾ ਨਾਲ ਇਸ ਹਾਰ ਨੂੰ ਸਵੀਕਾਰ ਕਰਦੇ ਹਨ ਅਤੇ ਅਗਲੇ ਪੰਜ ਸਾਲ ਉਹ ਜੀਅ-ਜਾਨ ਨਾਲ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣਗੇ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੇ ਸਿੱਖਿਆ, ਪਾਣੀ, ਬਿਜਲੀ ਤੇ ਬੁਨਿਆਦੀ ਢਾਂਚੇ ਦੇ ਖੇਤਰ ਵਿਚ ਪਿਛਲੇ ਸਮੇਂ ਵਿਚ ਵੱਡਾ ਕੰਮ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਵੱਡੇ ਲੋਕ ਹੁੰਗਾਰੇ ਲਈ ਦਿੱਲੀ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਦੇ ਜੀਵਨ ਨੂੰ ਉੱਤਮ ਬਣਾਉਣ ਵਿਚ ਕੋਈ ਕਸਰ ਨਹੀਂ ਛੱਡਣਗੇ ਅਤੇ ਰਾਜਧਾਨੀ ਦੇ ਹਰ ਪੱਖੋਂ ਵਿਕਾਸ ਵਿਚ ਵੱਡਾ ਯੋਗਦਾਨ ਪਾਉਣਗੇ। ਭਾਜਪਾ ਲਈ ਇਹ ਵੱਡੀ ਸੰਤੁਸ਼ਟੀ ਵਾਲੀ ਗੱਲ ਹੈ ਕਿ ਉਸ ਦੀ ਮੁੜ 27 ਸਾਲ ਬਾਅਦ ਦਿੱਲੀ ਦੀ ਸੱਤਾ ਵਿਚ ਵਾਪਸੀ ਹੋਈ ਹੈ।

ਇਨ੍ਹਾਂ ਚੋਣ ਨਤੀਜਿਆਂ ਦਾ ਦੇਸ਼ ਦੀ ਸਿਆਸਤ 'ਤੇ ਅਤੇ ਖ਼ਾਸ ਤੌਰ 'ਤੇ ਪੰਜਾਬ ਉੱਪਰ ਕੀ ਅਸਰ ਪਵੇਗਾ, ਹੁਣ ਇਹ ਦੇਖਣਾ ਬਾਕੀ ਹੋਵੇਗਾ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਕੋਲ 2 ਸਾਲ ਦਾ ਸਮਾਂ ਬਾਕੀ ਹੈ। ਹੁਣ ਇਹ ਵੀ ਵੇਖਣਾ ਹੋਵੇਗਾ ਕਿ ਇਸ ਸਮੇਂ ਵਿਚ ਉਹ ਆਪਣੀ ਪਾਰਟੀ ਦਾ ਪ੍ਰਭਾਵ ਬਣਾਈ ਰੱਖਣ ਦੇ ਨਾਲ-ਨਾਲ ਸੂਬੇ ਦੀ ਹਰ ਪੱਖੋਂ ਬਿਹਤਰੀ ਕਰਨ ਵਿਚ ਕਿੰਨਾ ਕੁ ਯੋਗਦਾਨ ਪਾਉਣ ਦੇ ਸਮਰੱਥ ਹੋਵੇਗੀ। ਪਾਰਟੀ ਲੀਡਰਸ਼ਿਪ ਨੂੰ ਪਿਛਲੇ 3 ਸਾਲ ਦੇ ਤਜਰਬੇ ਨੂੰ ਸਾਹਮਣੇ ਰੱਖਦਿਆਂ ਆਪਣੀਆਂ ਨੀਤੀਆਂ ਨੂੰ ਮੁੜ ਘੜਨ ਦੀ ਜ਼ਰੂਰਤ ਹੋਵੇਗੀ। ਜਿੱਥੇ ਭਾਜਪਾ ਲਈ ਇਹ ਜਿੱਤ ਹੋਰ ਵੀ ਉਤਸ਼ਾਹ ਪੈਦਾ ਕਰਨ ਵਾਲੀ ਹੋਵੇਗੀ, ਉੱਥੇ ਕਾਂਗਰਸ ਨੂੰ ਵੀ ਮੁੜ ਗੰਭੀਰਤਾ ਨਾਲ ਡੂੰਘੀ ਸੋਚ ਵਿਚਾਰ ਕਰਨ ਦੀ ਲੋੜ ਹੋਵੇਗੀ, ਕਿਉਂਕਿ 2 ਸਾਲ ਬਾਅਦ ਪੰਜਾਬ ਵਿਚ ਉਸ ਨੂੰ ਇਕ ਵਾਰ ਫਿਰ ਚੋਣ ਮੈਦਾਨ ਵਿਚ ਉਤਰਨਾ ਪਵੇਗਾ।

# ਵਿਦਿਅਕ ਪ੍ਰਬੰਧ ਅਤੇ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ



ਪ੍ਰਿੰ. ਨਵਜੋਤ ਕੌਰ ਬਰਾੜ

ਜ਼ਿੰਦਗੀ ਦੀ ਭੱਜਦੌੜ ਦੀ ਆਖ਼ਿਰੀ ਮੰਜ਼ਿਲ ਸਫਲਤਾ ਸਰ ਕਰਨਾ ਹੁੰਦੀ ਹੈ। ਹਰ ਇਨਸਾਨ ਦੀ ਇੱਛਾ ਕਾਮਯਾਬ ਮਨੁੱਖ ਬਣਨ ਦੀ ਹੈ। ਮਨੁੱਖੀ ਸੁਭਾਅ ਆਰਥਿਕ, ਸਮਾਜਿਕ ਤੇ ਧਾਰਮਿਕ ਬਲਕਿ ਹਰ ਤਰ੍ਹਾਂ ਦੀ ਆਜ਼ਾਦੀ ਦਾ ਆਸ਼ਕ ਹੈ। ਆਜ਼ਾਦੀ ਦੀ ਤਾਂਘ ਉਸ ਨੂੰ ਦੁਨੀਆ ਤੋਂ ਵੱਖਰਾ ਕਰ ਗੁਜ਼ਰਨ ਲਈ ਪ੍ਰੇਰਦੀ ਹੈ। ਮੰਜ਼ਿਲ 'ਤੇ ਪਹੁੰਚਣ ਲਈ ਰਾਹੀ ਨੂੰ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਦਾਸੀ ਨਿਰਾਸ਼ਾ ਨੂੰ ਜਨਮ ਦਿੰਦੀ ਹੈ; ਨਿਰਾਸ਼ਾ ਆਦਮੀ ਨੂੰ ਆਤਮ-ਹੱਤਿਆ ਲਈ ਉਕਸਾਉਂਦੀ ਹੈ। ਨਿਰਾਸ਼ ਵਿਅਕਤੀ ਨੂੰ ਜਦੋਂ ਲੱਗਦਾ ਹੈ ਕਿ ਹੁਣ ਸਾਰੇ ਰਾਹ ਬੰਦ ਹੋ ਗਏ ਹਨ ਤਾਂ ਉਹ ਮੌਤ ਨੂੰ ਹਮਸਫ਼ਰ ਬਣਾ ਲੈਂਦਾ ਹੈ। ਅਜੋਕੇ ਅਗਾਂਹਵਧੂ ਅਤੇ ਤਕਨਾਲੋਜੀ ਦੇ ਸਮੇਂ 'ਚ ਖ਼ੁਦਕੁਸ਼ੀਆਂ ਦਾ ਮੰਦਭਾਗਾ ਰੁਝਾਨ ਆਲਮੀ ਪੱਧਰ 'ਤੇ ਵਧ ਰਿਹਾ ਹੈ। ਮੁਕਾਬਲੇ ਦੇ ਇਸ ਯੁੱਗ ਵਿੱਚ ਇੱਕ ਦੂਜੇ ਨੂੰ ਪਛਾੜ ਕੇ ਅੱਗੇ ਨਿਕਲਣ ਦੀ ਹੋੜ ਨੇ ਇਨਸਾਨ ਨੂੰ ਮਸ਼ੀਨ ਬਣਾ ਦਿੱਤਾ ਹੈ। ਇਹ ਵਰਤਾਰਾ ਮਨੁੱਖ ਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਅਜੋਕੇ ਮਾਪੇ ਬੱਚੇ ਤੋਂ ਬਿਨਾਂ ਪੁੱਛੇ ਪਹਿਲਾਂ ਹੀ ਤੈਅ ਕਰ ਲੈਂਦੇ ਹਨ ਕਿ ਬੱਚੇ ਲਈ ਕਮਾਈ ਦਾ ਚੰਗਾ ਖੇਤਰ ਕਿਹੜਾ ਰਹੇਗਾ। ਬੱਚੇ ਨੂੰ ਸਿਰਫ਼ ਪੈਸੇ ਦੀ ਮਸ਼ੀਨ ਬਣਾਉਣਾ ਹੀ ਜ਼ਿਆਦਾਤਰ ਮਾਪਿਆਂ ਦਾ ਖ਼ਿਆਲ ਹੈ। ਜਦੋਂ ਕੋਈ ਦੁਨੀਆ ਦੀ ਦੌੜ 'ਚੋਂ ਪਛੜਦਾ ਹੈ ਤਾਂ ਉਹ ਆਤਮ-ਹੱਤਿਆ ਨੂੰ ਗਲੇ ਲਗਾ ਲੈਂਦਾ ਹੈ। ਭਾਰਤ ਵਿੱਚ ਇਹ ਸਮੱਸਿਆ ਗੁੰਝਲਦਾਰ ਅਤੇ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ। ਦੇਸ਼ ਦੇ 1.32 ਲੱਖ ਖ਼ੁਦਕੁਸ਼ੀ ਕਰਨ ਵਾਲੇ ਲੋਕ 14-30 ਸਾਲ ਉਮਰ ਦੇ ਹਨ। ਇਸ ਵਿੱਚ ਵਿਦਿਆਰਥੀ ਵਰਗ ਵੀ ਸ਼ਾਮਲ ਹੈ। ਦੇਸ਼ ਅੰਦਰ ਹੋਈਆਂ ਖ਼ੁਦਕੁਸ਼ੀਆਂ 'ਚ 6.1% ਵਿਦਿਆਰਥੀਆਂ ਦੀਆਂ ਹਨ।

ਪਿਛਲੇ ਕੁਝ ਸਾਲਾਂ ਦੌਰਾਨ ਵਿਦਿਆਰਥੀਆਂ ਵਿੱਚ ਆਤਮ-ਹੱਤਿਆ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ ਜੋ ਸਾਡੇ ਸਿੱਖਿਆ ਪ੍ਰਬੰਧਾਂ ਦੀ ਪੋਲ ਖੋਲ੍ਹਦਾ ਹੈ। ਰਾਜਸਥਾਨ ਦੇ ਕੋਟਾ ਸ਼ਹਿਰ ਵਿੱਚ ਮੈਡੀਕਲ ਅਤੇ ਇੰਜਨੀਅਰਿੰਗ ਦੀ ਪ੍ਰਵੇਸ਼ ਪ੍ਰੀਖਿਆ ਦੀ ਤਿਆਰੀ ਕਰ ਰਹੇ ਚਾਰ ਬੱਚਿਆਂ ਨੇ 24 ਘੰਟਿਆਂ ਵਿੱਚ ਇੱਕ ਤੋਂ ਬਾਅਦ ਇੱਕ ਨੇ ਆਤਮ-ਹੱਤਿਆ ਕਰ ਲਈ। ਇਹ ਦੁਖਦਾਈ ਘਟਨਾ 2022 ਦੇ ਦਸੰਬਰ ਮਹੀਨੇ ਦੀ ਹੈ। ਇਹ ਕੋਈ ਪਹਿਲੀ ਘਟਨਾ ਨਹੀਂ, ਇਸ ਤੋਂ ਪਹਿਲਾਂ 2020 ਵਿੱਚ ਮੱਧ ਪ੍ਰਦੇਸ਼ ਵਿੱਚ ਇੱਕ ਲੜਕੀ ਨੇ ਨੀਟ ਯੂਜੀ (ਐੱਨਈਈਟੀ ਅੰਡਰ-ਗ੍ਰੈਜੂਏਸ਼ਨ) ਦੇ ਨਤੀਜੇ ਤੋਂ ਬਾਅਦ ਖ਼ੁਦਕੁਸ਼ੀ ਕੀਤੀ ਸੀ। ਉਸ ਨੇ ਬਹੁਤ ਮਿਹਨਤ ਕਰ ਕੇ ਇਹ ਇਮਤਿਹਾਨ ਦਿੱਤਾ ਪਰ ਨਤੀਜੇ ਵਿੱਚ ਉਸ ਨੂੰ ਆਪਣੇ ਸਿਰਫ 6 ਅੰਕ ਦੇਖ ਕੇ ਬੜਾ ਧੱਕਾ ਲੱਗਾ। ਉਸ ਦੀ ਮੌਤ ਤੋਂ ਬਾਅਦ ਉਸ ਦੇ ਮਾਪਿਆਂ ਨੇ ਜਦ ਨਤੀਜੇ ਦੀ ਪੜਤਾਲ ਕਰਵਾਈ ਤਾਂ ਉਸ ਦੇ ਅੰਕ 560 ਸਨ। ਇਸ ਤਕਨੀਕੀ ਗਲਤੀ ਦਾ ਖ਼ਮਿਆਜ਼ਾ ਉਸ ਲੜਕੀ ਨੇ ਜ਼ਿੰਦਗੀ ਦੀ ਜੰਗ ਹਾਰ ਕੇ ਚੁਕਾਇਆ। ਅਜਿਹੀਆਂ ਘਟਨਾਵਾਂ ਨੇ ਵਿਦਿਆਰਥੀਆਂ ਵਿੱਚ ਪ੍ਰਵੇਸ਼ ਪ੍ਰੀਖਿਆ ਦੇ ਮੁਕਾਬਲੇ ਕਾਰਨ ਵਧ ਰਹੇ ਦਬਾਅ ਅਤੇ ਤਣਾਅ ਨੇ ਬੁੱਧੀਜੀਵੀਆਂ ਵਿੱਚ ਬਹਿਸ ਛੇੜ ਦਿੱਤੀ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਸਤੰਬਰ 2022 ਵਿੱਚ ਜਾਰੀ ਅੰਕੜਿਆਂ ਅਨੁਸਾਰ, ਪਿਛਲੇ ਸਾਲ 13000 ਵਿਦਿਆਰਥੀਆਂ ਨੇ ਆਤਮ-ਹੱਤਿਆ ਕੀਤੀ। ਹੈਰਾਨੀ ਦੀ ਗੱਲ ਹੈ ਕਿ 2020 ਦੇ ਮੁਕਾਬਲੇ 2021 ਵਿੱਚ ਇਹ ਗਿਣਤੀ 4.5% ਵਧੀ ਹੈ। ਅੰਕੜਿਆਂ ਅਨੁਸਾਰ ਵਿਦਿਆਰਥੀਆਂ ਦੀਆਂ ਕੁੱਲ ਖ਼ੁਦਕੁਸ਼ੀਆਂ 'ਚੋਂ 14% ਇਕੱਲੇ ਮਹਾਰਾਸ਼ਟਰ ਦਾ ਬਣਦਾ ਹੈ ਜਿੱਥੇ 1834 ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕੀਤੀ ਹੈ।

ਇਸ ਵਰਤਾਰੇ ਨੇ ਅਜੋਕੇ ਸਿੱਖਿਆ ਪ੍ਰਬੰਧਾਂ ਨੂੰ ਕਟਿਹਰੇ 'ਚ ਖੜ੍ਹਾ ਕੀਤਾ ਹੈ। ਵਿਦਿਆਰਥੀਆਂ 'ਚ ਖ਼ੁਦਕੁਸ਼ੀ ਦਾ ਮੁੱਖ ਕਾਰਨ ਇਮਤਿਹਾਨ ਵਿੱਚ ਫੇਲ੍ਹ ਹੋਣਾ ਨਿੱਕਲਿਆ ਹੈ। ਪ੍ਰਵੇਸ਼ ਪ੍ਰੀਖਿਆ ਟੈਸਟ ਦੀ ਤਿਆਰੀ ਕਰਾਉਣ ਵਾਲੇ ਕੋਚਿੰਗ ਕੇਂਦਰਾਂ 'ਚ ਵਿਦਿਆਰਥੀਆਂ ਦੀ ਭੀੜ ਲਗਾਤਾਰ ਵਧ ਰਹੀ ਹੈ ਪਰ ਕੋਰਸਾਂ ਦੀਆਂ ਸੀਟਾਂ ਸੀਮਤ ਹਨ। ਮੈਡੀਕਲ ਦੀ ਇੱਕ ਲੱਖ ਸੀਟ ਲਈ 2022 ਵਿੱਚ 18 ਲੱਖ ਬੱਚਿਆਂ ਨੇ ਇਮਤਿਹਾਨ ਦਿੱਤਾ ਸੀ। ਯੂਪੀਐੱਸਸੀ ਦੀਆਂ ਇੱਕ ਹਜ਼ਾਰ ਤੋਂ ਘੱਟ ਸੀਟਾਂ ਲਈ ਲੱਖਾਂ ਲੋਕ ਹਰ ਸਾਲ ਪ੍ਰੀਖਿਆ ਦਿੰਦੇ ਹਨ। ਆਤਮ-ਹੱਤਿਆ ਕਰਨ ਵਿੱਚ ਗ਼ਰੀਬ ਬੱਚਿਆਂ ਦੀ ਸ਼ਮੂਲੀਅਤ ਕਾਫੀ ਜ਼ਿਆਦਾ ਹੈ। ਜੁਲਾਈ 2021 ਦੇ ਅੰਕੜਿਆਂ ਅਨੁਸਾਰ, ਦੇਸ਼ ਅੰਦਰ 2017-19 ਤੱਕ 14-18 ਸਾਲ ਉਮਰ ਦੇ 24588 ਬੱਚਿਆਂ ਨੇ ਆਤਮ-ਹੱਤਿਆ ਕੀਤੀ ਜਿਨ੍ਹਾਂ 'ਚੋਂ 13325 ਲੜਕੀਆਂ ਹਨ। 2017 'ਚ 8029, 2018 'ਚ 8162 ਤੇ 2019 ਵਿੱਚ ਇਹ ਅੰਕੜਾ ਵਧ ਕੇ 8377 ਹੋ ਗਿਆ। ਵਿਆਹ ਆਦਿ ਨਾਲ ਸਬੰਧਿਤ ਮਾਮਲਿਆਂ ਕਾਰਨ 3954 ਬੱਚਿਆਂ ਨੇ ਖ਼ੁਦਕੁਸ਼ੀ ਕੀਤੀ; ਕਿਸੇ ਬਿਮਾਰੀ, ਨਸ਼ਿਆਂ ਤੋਂ ਗ੍ਰਸਤ, ਜਿਨਸੀ ਛੇੜਛਾੜ ਤੋਂ ਤੰਗ ਆ ਕੇ 2648 ਬੱਚਿਆਂ ਨੇ ਖ਼ੁਦਕੁਸ਼ੀ ਕੀਤੀ। ਕੌਮਾਂਤਰੀ ਲੇਬਰ ਖੋਜ ਸੰਗਠਨ ਦੀ ਖੋਜ ਅਨੁਸਾਰ, ਆਲਮੀ ਪੱਧਰ 'ਤੇ ਦਸ ਵਿਦਿਆਰਥੀਆਂ 'ਚੋਂ ਗੰਭੀਰ ਰੂਪ ਵਿੱਚ ਤਣਾਅ ਦਾ ਸ਼ਿਕਾਰ ਹੈ। ਨਤੀਜਾ ਐਲਾਨਣ ਤੋਂ ਬਾਅਦ ਅਕਸਰ ਬੱਚੇ ਖ਼ੁਦਕੁਸ਼ੀ ਕਰਦੇ ਹਨ। ਲਾਂਸੇਟ ਮੈਡੀਕਲ ਰਸਾਲੇ ਵਿੱਚ ਛਪੀ ਰਿਪੋਰਟ ਅਨੁਸਾਰ, ਸੰਸਾਰ ਅੰਦਰ 15-29 ਸਾਲ ਉਮਰ ਵਰਗ ਦੇ ਲੋਕਾਂ 'ਚ ਆਤਮ-ਹੱਤਿਆ ਦਰ ਹੋਰਨਾਂ ਨਾਲੋਂ ਸਭ ਤੋਂ ਉੱਚੀ ਹੈ।

ਵਿਸ਼ਵ ਸਿਹਤ ਸੰਗਠਨ ਦੇ ਸਹਾਇਕ ਨਿਰਦੇਸ਼ਕ ਅਨੁਸਾਰ ਸੰਸਾਰ ਅੰਦਰ ਜੰਗਾਂ ਅਤੇ ਮਹਾਮਾਰੀਆਂ ਦੇ ਮੁਕਾਬਲੇ ਆਤਮ-ਹੱਤਿਆ ਨਾਲ ਜ਼ਿਆਦਾ ਲੋਕ ਮਰਦੇ ਹਨ; ਤਣਾਅ ਨੰਬਰ ਇੱਕ 'ਤੇ ਹੈ। ਸੰਸਾਰ ਦੀ 69% ਆਬਾਦੀ ਤਣਾਅ ਦੀ ਸ਼ਿਕਾਰ ਹੈ। ਵਿਸ਼ਵਵਿਆਪੀ ਤੌਰ 'ਤੇ ਡਾਕਟਰ ਕੋਲ ਜਾਣ ਵਾਲੇ ਪੰਜ ਲੋਕਾਂ 'ਚੋਂ ਤਿੰਨ ਤਣਾਅ ਦੇ ਸ਼ਿਕਾਰ ਨਿੱਕਲੇ ਹਨ। ਅੰਦਾਜ਼ੇ ਮੁਤਾਬਿਕ, ਦੁਨੀਆ ਅੰਦਰ ਸਾਲਾਨਾ ਅੱਠ ਲੱਖ ਤੋਂ ਜ਼ਿਆਦਾ ਲੋਕ ਖ਼ੁਦਕੁਸ਼ੀ ਕਰਦੇ ਹਨ। ਹਰ ਚਾਲੀ ਸਕਿੰਟ ਵਿੱਚ ਇੱਕ ਜ਼ਿੰਦਗੀ ਆਤਮ-ਹੱਤਿਆ ਦੀ ਭੇਟ ਚੜ੍ਹ ਰਹੀ ਹੈ। ਖ਼ੁਦਕੁਸ਼ੀ ਦੀਆਂ ਮੰਦਭਾਗੀ ਘਟਨਾਵਾਂ ਬੇਰੋਕ ਲਗਾਤਾਰ ਵਧ ਰਹੀਆਂ ਹਨ ਜੋ ਨਰੋਏ ਸਮਾਜ ਦੇ ਹਿੱਤ ਵਿੱਚ ਨਹੀਂ ਹਨ। ਵਿੱਦਿਆ ਪਾਰਸ ਹੈ ਜੋ ਆਪਣੇ ਨਾਲ ਜੁੜਨ ਵਾਲੇ ਨੂੰ ਵੀ ਪਾਰਸ ਬਣਾ ਦਿੰਦੀ ਹੈ। ਸਿੱਖਿਆ ਜੀਵਨ ਜਾਚ ਸਿਖਾਉਂਦੀ ਹੈ ਅਤੇ ਰੋਜ਼ੀ ਰੋਟੀ ਦੇ ਕਾਬਲ ਬਣਾਉਂਦੀ ਹੈ। ਆਜ਼ਾਦੀ ਦੇ ਸਾਢੇ ਛੇ ਦਹਾਕਿਆਂ ਬਾਅਦ ਵੀ ਲੋਕ ਮੁੱਢਲੀਆਂ ਸਹੂਲਤਾਂ ਤੋ ਸੱਖਣੇ ਹਨ। ਅਜੋਕੇ ਦੌਰ ਅੰਦਰ ਸਿੱਖਿਆ ਖਾਸ ਕਰ ਕੇ ਉਚੇਰੀ ਸਿੱਖਿਆ ਬਹੁਤ ਮਹਿੰਗੀ ਹੋ ਚੁੱਕੀ ਹੈ ਜੋ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀ ਹੈ। ਨਿੱਜੀਕਰਨ ਅਤੇ ਸਰਕਾਰਾਂ ਦੀ ਅਣਗਹਿਲੀ ਇਸ ਨੂੰ ਦਿਨੋ-ਦਿਨ ਮਹਿੰਗਾ ਕਰ ਰਹੀ ਹੈ। ਇਸ ਕਰ ਕੇ ਵਿਦਿਆਰਥੀਆਂ ਤੇ ਮਾਪਿਆਂ ਦੀ ਚਿੰਤਾ ਵਧਣਾ ਲਾਜ਼ਮੀ ਹੈ। ਉਚੇਰੀ ਸਿੱਖਿਆ ਪ੍ਰਾਪਤੀ ਹਿਤ ਤਰ੍ਹਾਂ-ਤਰ੍ਹਾਂ ਦੇ ਪਾਪੜ ਵੇਲਣ ਨੂੰ ਮਜਬੂਰ ਹੋਣਾ ਪੈ ਰਿਹਾ ਹੈ।

ਦੇਸ਼ ਅੰਦਰ ਜ਼ਿਆਦਾਤਰ ਯੂਨੀਵਰਸਿਟੀਆਂ ਬਗੈਰ ਮਾਨਤਾ ਪ੍ਰਾਪਤ ਕੋਰਸ ਕਰਵਾ ਰਹੀਆਂ ਹਨ। ਕਿਤੇ ਮਾਪਦੰਡਾਂ ਅਨੁਸਾਰ ਦਾਖਲੇ ਨਹੀਂ ਹੁੰਦੇ ਤੇ ਕਿਤੇ ਡਿਗਰੀ ਮਾਨਤਾ ਪ੍ਰਾਪਤ ਨਹੀਂ ਹੁੰਦੀ। ਉਕਤ ਕਾਰਨਾਂ ਨੇ ਵੀ ਵਿਦਿਆਰਥੀਆਂ ਨੂੰ ਅਸ਼ਾਂਤੀ ਦੀ ਦਲਦਲ 'ਚ ਧੱਕਿਆ ਹੈ। ਆਲਮੀ ਪੱਧਰ 'ਤੇ ਖ਼ੁਦਕੁਸ਼ੀਆਂ ਦੇ ਇਸ ਵਰਤਾਰੇ ਨੇ ਬੁੱਧੀਜੀਵੀਆਂ ਅਤੇ ਚਿੰਤਕਾਂ ਨੂੰ ਸੋਚਾਂ ਵਿੱਚ ਪਾ ਦਿੱਤਾ ਹੈ। ਹਰ ਵਰਗ ਦੇ ਲੋਕ ਇਸ ਮੰਦਭਾਗੇ ਰੁਝਾਨ 'ਚ ਸ਼ਾਮਲ ਹੋ ਰਹੇ ਹਨ। ਇਸ ਦੇ ਕਾਰਨ ਤਾਂ ਹੋਰ ਬਹੁਤ ਸਾਰੇ ਹੋ ਸਕਦੇ ਹਨ ਪਰ ਜਦੋਂ ਤੱਕ ਮਨੁੱਖ ਆਪਣੀ ਬਰਦਾਸ਼ਤ ਕਰਨ ਦੀ ਸੀਮਾ ਨਹੀਂ ਵਧਾਉਂਦਾ ਉਦੋਂ ਤੱਕ ਖ਼ੁਦਕੁਸ਼ੀਆਂ ਦੇ ਰਾਹ ਪੈਂਦਾ ਰਹੇਗਾ। ਜ਼ਿੰਦਗੀ ਦੇ ਉਤਾਰ ਚੜ੍ਹਾਅ ਨੂੰ ਸਹਿਜ ਨਾਲ ਲਿਆ ਜਾਣਾ ਚਾਹੀਦਾ ਹੈ। ਹਰ ਤਰ੍ਹਾਂ ਦੇ ਹਾਲਾਤ ਨਾਲ ਨਜਿੱਠਣਾ ਹੀ ਸਭ ਤੋਂ ਵੱਡੀ ਬਹਾਦਰੀ ਹੈ। ਜੋ ਸੁੱਖ ਸਾਧਨ ਮੌਜੂਦ ਹਨ, ਉਨ੍ਹਾਂ ਦਾ ਆਨੰਦ ਲਿਆ ਜਾਵੇ; ਜੋ ਕੁਝ ਨਹੀਂ ਹੈ, ਉਸ ਦੀ ਪ੍ਰਾਪਤੀ ਲਈ ਮਿਹਨਤ ਕੀਤੀ ਜਾਵੇ।

ਮਨੁੱਖ ਭਵਿੱਖ ਦੀ ਤਿਆਰੀ 'ਚ ਆਪਣਾ ਵਰਤਮਾਨ ਨਸ਼ਟ ਕਰ ਲੈਂਦਾ ਹੈ ਤੇ ਵਰਤਮਾਨ ਦਾ ਅਸਰ ਭਵਿੱਖ 'ਤੇ ਪੈਂਦਾ ਹੈ। ਮਨੁੱਖ ਦੂਜੇ ਸਫ਼ਲ ਲੋਕਾਂ ਤੋਂ ਪ੍ਰਭਾਵਿਤ ਹੋ ਕੇ ਜਲਦੀ ਉਨ੍ਹਾਂ ਵਾਂਗ ਸਫਲ ਹੋਣਾ ਲੋਚਦਾ ਹੈ ਪਰ ਉਨ੍ਹਾਂ ਲੋਕਾਂ ਦਾ ਸੰਘਰਸ਼, ਅਸਫਲਤਾ ਦੇ ਬਹੁਤ ਸਾਰੇ ਝਟਕਿਆਂ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ। ਉਦਾਸੀ ਤੋਂ ਬਚਣ ਲਈ ਆਸਵੰਦ ਹੋਣਾ ਚਾਹੀਦਾ ਹੈ। ਆਸਵੰਦ ਹੋਣ ਲਈ ਚੰਗਾ ਸਾਹਿਤ ਪੜ੍ਹਨਾ ਜ਼ਰੂਰੀ ਹੈ; ਆਪਣੇ ਆਪ ਨੂੰ ਰੁੱਝੇ ਰੱਖਣਾ ਚਾਹੀਦਾ ਹੈ। ਮਨੁੱਖ ਨੂੰ ਇਹ ਗੱਲ ਸਦਾ ਚੇਤੇ ਰੱਖਣੀ ਚਾਹੀਦੀ ਹੈ ਕਿ ਜ਼ਿੰਦਗੀ ਸਿਰਫ਼ ਜਿਊਣ ਦਾ ਨਾਂ ਨਹੀਂ ਸਗੋਂ ਹੰਢਾਉਣ ਦਾ ਨਾਮ ਹੈ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਇਸ ਏਜੰਸੀ ਨੂੰ ਬੰਦ ਨਾ ਕਰੋ, ਲੱਖਾਂ ਲੋਕ ਮਰ ਜਾਣਗੇ: ਬਿਲ ਗੇਟਸ ਨੇ ਐਲਨ ਮਸਕ ਨੂੰ ਦਿੱਤੀ ਚੇਤਾਵਨੀ

ਵਾਸ਼ਿੰਗਟਨ, (ਰਾਜ ਗੋਗਨਾ) : ਬਿਲ ਗੇਟਸ ਐਲੋਨ ਮਸਕ ਦੇ ਐਲਾਨਾਂ ਤੋਂ ਨਿਰਾਸ਼ ਹਨ, ਅਰਬਪਤੀ ਅਤੇ ਮਾਨਵਤਾਵਾਦੀ ਬਿਲ ਗੇਟਸ ਨੇ ਐਲੋਨ ਮਸਕ ਦੇ ਯੂਨਾਈਟਿਡ ਸਟੇਟਸ ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ ਨੂੰ ਬੰਦ ਕਰਨ ਦੇ ਐਲਾਨ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਇਹ ਵੀ ਡਰ ਪ੍ਰਗਟ ਕੀਤਾ ਹੈ ਕਿ ਇਸ ਨੂੰ ਬੰਦ ਕਰਨ ਨਾਲ ਦੁਨੀਆ 'ਤੇ ਬਹੁਤ ਮਾੜਾ ਪ੍ਰਭਾਵ ਪਵੇਗਾ। ਬਿਲ ਗੇਟਸ ਨੇ ਆਪਣੀ ਨਵੀਂ ਕਿਤਾਬ ਸੋਰਸ ਕੋਡ ਦਾ ਪ੍ਰਚਾਰ ਕਰਦੇ ਹੋਏ ਨਿੱਜੀ ਖੇਤਰ ਅਤੇ ਖੁਫੀਆ ਜਾਣਕਾਰੀ ਵਿੱਚ ਐਲੋਨ ਮਸਕ ਦੇ ਯੋਗਦਾਨ ਦੀ ਪ੍ਰਸ਼ੰਸਾ ਵੀ ਕੀਤੀ। ਪਰ ਇਸ ਦੇ ਨਾਲ ਹੀ, ਉਹਨਾਂ ਨੇ ਆਪਣੇ ਰਾਜਨੀਤਿਕ ਸਬੰਧਾਂ ਅਤੇ ਸਰਕਾਰੀ ਨੀਤੀਆਂ ਵਿੱਚ ਦਖਲਅੰਦਾਜ਼ੀ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਯੂਐਸਏਆਈਡੀ ਦੁਨੀਆ ਭਰ ਵਿੱਚ ਮਾਨਵਤਾਵਾਦੀ ਕਾਰਵਾਈ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ। ਜਿਸ ਕਾਰਨ ਲੱਖਾਂ ਲੋਕਾਂ ਦੀ ਮੌਤ ਦਰ ਘੱਟ ਗਈ ਹੈ। ਜੋ ਦੁਨੀਆ ਦੇ ਲੋਕਾਂ ਦੀ ਭਲਾਈ ਅਤੇ ਭਲਾਈ ਲਈ ਕੰਮ ਕਰਦਾ ਹੈ। ਮੇਰੀ ਫਾਊਂਡੇਸ਼ਨ ਵੀ USAID ਨਾਲ ਜੁੜੀ ਹੋਈ ਹੈ। ਜਿਸ ਵਿੱਚ ਅਸੀਂ ਪੋਸ਼ਣ, ਟੀਕੇ ਦੀ ਵੰਡ, ਅਤੇ ਹੋਰ ਮਹੱਤਵਪੂਰਨ ਸਮਾਜਿਕ ਪ੍ਰੋਗਰਾਮਾਂ ਦਾ ਸਮਰਥਨ ਕਰਦੇ ਹਾਂ। ਬਿਲ ਗੇਟਸ ਨੇ ਕਿਹਾ ਕਿ ਨਿੱਜੀ ਖੇਤਰ ਵਿੱਚ ਐਲੋਨ ਦਾ ਕੰਮ ਨਵੀਨਤਾਕਾਰੀ ਅਤੇ ਹੈਰਾਨੀਜਨਕ ਹੈ। ਪਰ ਜਦੋਂ ਕਾਰੋਬਾਰੀ ਆਗੂ ਰਾਜਨੀਤੀ ਵਿੱਚ ਦਾਖਲ ਹੁੰਦੇ ਹਨ, ਤਾਂ ਉਨ੍ਹਾਂ ਨੂੰ



ਸੋਚ-ਸਮਝ ਕੇ ਕਦਮ ਚੁੱਕਣੇ ਪੈਂਦੇ ਹਨ। ਉਹ ਨੇ ਕੁਝ ਏਜੰਸੀਆਂ ਦੀ ਮਹੱਤਤਾ ਨੂੰ ਸਮਝਣ ਦੀ ਕੋਸ਼ਿਸ਼ ਵੀ ਨਹੀਂ ਕਰਦੇ। ਮੈਨੂੰ USAID ਬਾਰੇ ਚਿੰਤਾ ਹੈ। ਏਜੰਸੀ ਦੀ ਮਹੱਤਤਾ ਨੂੰ ਸਮਝਣ ਦੀ ਲੋੜ ਹੈ। ਉਨ੍ਹਾਂ ਵਿੱਚੋਂ ਬਹੁਤ ਸਾਰੇ ਪੇਸ਼ੇਵਰਾਂ ਵਜੋਂ ਕੰਮ ਕਰ ਰਹੇ ਹਨ। ਇਹ ਕੋਈ ਨੁਕਸਾਨਦੇਹ ਏਜੰਸੀ ਨਹੀਂ ਹੈ। ਜੇਕਰ ਅਸੀਂ ਇਸਨੂੰ ਬੰਦ ਹੋਣ ਦਿੰਦੇ ਹਾਂ, ਤਾਂ ਲੱਖਾਂ ਲੋਕਾਂ ਦੀਆਂ ਜਾਨਾਂ ਖ਼ਤਰੇ ਵਿੱਚ ਪੈ ਜਾਣਗੀਆਂ। ਐਲੋਨ ਮਸਕ ਨੇ ਪਿਛਲੇ ਹਫ਼ਤੇ ਐਲਾਨ ਕੀਤਾ ਸੀ ਕਿ ਸਰਕਾਰ ਲਾਗਤ ਘਟਾਉਣ ਦੇ ਹਿੱਸੇ ਵਜੋਂ USAID ਨੂੰ ਬੰਦ ਕਰਨ ਜਾ ਰਹੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪ੍ਰਵਾਨਗੀ ਨਾਲ, ਮੈਂ USAID ਨੂੰ ਬੰਦ ਕਰ ਰਿਹਾ ਹੈ। ਦੱਸਣਯੋਗ ਹੈ ਕਿ ਬਿਲ ਗੇਟਸ ਦੀ ਪ੍ਰੇਮਿਕਾ ਇੱਕ ਵੱਡੀ ਕੰਪਨੀ ਦੇ ਸੀਈਓ ਦੀ ਪਤਨੀ ਰਹਿ ਚੁੱਕੀ ਹੈ, ਅਤੇ ਉਹ ਦਾਨ ਕਰਨ ਵਿੱਚ ਵੀ ਬਹੁਤ ਅੱਗੇ ਹੈ।

# ਅਸੀਂ ਆਪਣੀ ਵਪਾਰਕ ਜੰਗ ਨੂੰ ਅੱਗੇ ਵਧਾਉਣ ਲਈ ਤਿਆਰ ਹਾਂ : ਟਰੰਪ

ਸਨ ਫਰਾਂਸਿਸਕੋ : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਆਪਣੀ ਵਪਾਰਕ ਜੰਗ ਨੂੰ ਵਧਾਉਣ ਲਈ ਤਿਆਰ ਹਨ ਅਤੇ ਅਗਲੇ ਹਫ਼ਤੇ ਉਹ ਦੂਜੇ ਦੇਸ਼ਾਂ 'ਤੇ ਬਰਾਬਰ ਟੈਕਸ ਲਗਾਉਣ ਦਾ ਐਲਾਨ ਕਰਨਗੇ। ਹਾਲਾਂਕਿ, ਉਨ੍ਹਾਂ ਇਹ ਨਹੀਂ ਦੱਸਿਆ ਕਿ ਉਹ ਕਿਹੜੇ ਦੇਸ਼ਾਂ ਨੂੰ ਇਸ ਦਾ ਨਿਸ਼ਾਨਾ ਬਣਾਉਣਗੇ। ਵਾਈਟ ਹਾਊਸ 'ਚ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਉਹ ਜਪਾਨ ਵਿਰੁੱਧ ਟੈਕਸ ਲਗਾਉਣ ਦੀ ਸੰਭਾਵਨਾ ਨੂੰ ਵਿਚਾਰਨ ਤੋਂ ਨਹੀਂ ਹਟ ਰਹੇ ਪਰ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਮੁੱਦੇ ਨੂੰ ਯੋਗ ਕਾਰਵਾਈ ਤੋਂ ਬਿਨਾਂ ਹੱਲ ਕੀਤਾ ਜਾ ਸਕਦਾ ਹੈ। ਇਸ ਵੇਲੇ



ਵ੍ਹਾਈਟ ਹਾਊਸ ਵਿਖੇ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿਗੇਰੂ ਇਸ਼ੀਬਰਾ ਨਾਲ ਡੋਨਾਲਡ ਟਰੰਪ।

ਅਮਰੀਕਾ ਦਾ ਜਾਪਾਨ ਨਾਲ 67 ਅਰਬ ਡਾਲਰ ਦਾ ਵਪਾਰਕ ਘਾਟਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਇਸ ਵਪਾਰਕ ਘਾਟੇ ਨੂੰ ਘਟਾਉਣਾ ਚਾਹੁੰਦਾ ਹੈ ਅਤੇ ਉਨ੍ਹਾਂ ਨੇ ਇਥੇ ਦੌਰੇ 'ਤੇ ਆਏ ਜਾਪਾਨੀ ਪ੍ਰਧਾਨ ਮੰਤਰੀ ਸ਼ਿਗੇਰੂ ਇਸ਼ੀਬਾ ਨੂੰ ਇਹਦੇ ਬਾਰੇ ਜਾਣੂ ਵੀ ਕਰਵਾ ਦਿੱਤਾ ਹੈ। ਟਰੰਪ ਨੇ ਇਹ ਵੀ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਜਾਪਾਨ ਲਈ ਇਹ ਬਹੁਤ ਆਸਾਨ ਕੰਮ ਹੈ ਸਾਡਾ ਇਕ ਸ਼ਾਨਦਾਰ ਰਿਸ਼ਤਾ ਹੈ ਤੇ ਮੈਨੂੰ ਲੱਗਦਾ ਹੈ ਕਿ ਸਾਨੂੰ ਕੋਈ ਸਮੱਸਿਆ ਨਹੀਂ ਹੋਵੇਗੀ। ਜਾਪਾਨ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਅਮਰੀਕਾ ਨਾਲ ਮਜਬੂਤ ਗੱਠਜੋੜ ਖੇਤਰੀ ਸਥਿਰਤਾ ਦੀ ਪੂੰਜੀ ਹੈ ਤੇ ਉਹ ਉਨ੍ਹਾਂ ਨੂੰ ਮਿਲਣ ਦੀ ਇੱਛਾ ਰੱਖਦੇ ਹਨ।

# ਦੇਸ਼ ਨਿਕਾਲੇ ਦੀ ਹੌਲੀ ਰ.ਫਤਾਰ ਤੋਂ ਖ.ਫਾ ਹਨ ਟਰੰਪ

ਸਨ ਫਰਾਂਸਿਸਕੋ : ਅਮਰੀਕਾ 'ਚੋਂ ਦੇਸ਼ ਨਿਕਾਲੇ ਦੀ ਗਿਣਤੀ ਨਾ ਵਧਣ ਕਰਕੇ ਰਾਸ਼ਟਰਪਤੀ ਡੋਨਾਲਡ ਟਰੰਪ ਬੇਹੱਦ ਨਾਰਾਜ਼ ਤੇ ਖ਼ਫ਼ਾ ਹਨ। ਗੈਰ-ਦਸਤਾਵੇਜ਼ੀ ਲੋਕਾਂ ਦੀਆਂ ਗਿ ?ਫਤਾਰੀਆਂ ਤੇ ਦੇਸ਼ ਨਿਕਾਲਾ ਕੀਤੇ ਵਾਅਦੇ ਨਾਲੋਂ ਘੱਟ ਹੋਣ ਕਾਰਨ ਟਰੰਪ ਨੂੰ ਬੇਚੈਨ ਕਰ ਰਿਹਾ ਹੈ। ਵ ?ਹਾਈਟ ਹਾਊਸ ਦੇ ਸੂਤਰਾਂ ਅਨੁਸਾਰ ਇਮੀਗ੍ਰੇਸ਼ਨ ਤੇ ਕਸਟਮ ਇਨਫੋਰਸਮੈਂਟ (ਆਈਸ) ਦੇ ਏਜੰਟਾਂ 'ਤੇ ਗ੍ਰਿਫ਼ਤਾਰੀ ਤੇ ਦੇਸ਼ ਨਿਕਾਲੇ ਦੀ ਗਿਣਤੀ ਵਧਾਉਣ ਲਈ ਦਬਾਅ ਵਧ ਰਿਹਾ ਹੈ। ਟਰੰਪ ਨੇ ਗੁੱਸਾ ਜ਼ਾਹਿਰ ਕੀਤਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਦੇ ਪਹਿਲੇ ਹਫਤਿਆਂ ਵਿਚ ਦੇਸ਼ ਨਿਕਾਲਾ ਦਿੱਤੇ ਗਏ ਲੋਕਾਂ ਦੀ ਗਿਣਤੀ ਵਾਅਦੇ ਤੋਂ ਬਹੁਤ ਘੱਟ ਹੈ। ਟਰੰਪ ਦੇ ਖ਼ਫ਼ਾ ਹੋਣ ਦੀ ਖ਼ਬਰ ਹੋਮਲੈਂਡ ਸਕਿਉਰਟੀ ਸਕੱਤਰ ਕ੍ਰਿਸਟੀ ਨੋਇਮ, ਵਾਈਟ ਹਾਊਸ ਦੇ ਡਿਪਟੀ ਚੀਫ ਆਫ ਸਟਾਫ ਸਟੀਫਨ ਮਿਲਰ ਤੇ ਆਇਸ ਦੇ ਕਾਰਜਕਾਰੀ ਨਿਰਦੇਸ਼ਕ ਕਾਲੇਬ ਵਿਟੋਲੇ ਤੱਕ ਪੁੱਜ ਗਈ ਹੈ। ਅਜਿਹੇ 'ਚ ਲੱਗ ਰਿਹਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਦੇਸ਼



ਨਿਕਾਲਾ ਧੜਾ-ਧੜਾ ਵੇਖਣ ਨੂੰ ਮਿਲ ਸਕਦਾ ਹੈ। ਉਧਰ ਕੁਝ ਲੀਕ ਹੋਏ ਦਸਤਾਵੇਜ਼ਾਂ ਮੁਤਾਬਕ ਲਾਸ ਏਂਜਲਸ ਵਿਚ ਜਲਦ ਹੀ ਇਮੀਗ੍ਰੇਸ਼ਨ ਲਾਗੂ ਕਰਨ ਦੀ ਕਾਰਵਾਈ ਵੱਡੇ ਪੱਧਰ 'ਤੇ ਕੀਤੀ ਜਾ ਸਕਦੀ ਹੈ ਤੇ ਸੰਘੀ ਕਾਨੂੰਨ ਨੂੰ ਲਾਗੂ ਕਰਨ ਵਾਲੇ ਅਧਿਕਾਰੀ ਫਰਵਰੀ ਦੇ ਆਖਰੀ ਹ.ਫਤੇ ਅਜਿਹੀ ਕਾਰਵਾਈ ਕਰਨ ਦੀ ਯੋਜਨਾ ਬਣਾ ਰਹੇ। ਹਾਲਾਂਕਿ ਦੇਸ਼ ਭਰ 'ਚ ਇਮੀਗ੍ਰੇਸ਼ਨ ਕਾਰਵਾਈ ਤੇਜ਼ੀ ਨਾਲ ਕੀਤੀ ਜਾ ਰਹੀ ਹੈ ਪਰ ਲਾਸ ਏਂਜਲਸ 'ਚ ਅਜਿਹਾ ਕੁਝ ਨਹੀਂ ਹੋਇਆ ਜਦਕਿ ਟਰੰਪ ਆਪਣੀਆਂ ਦੋਵੇਂ ਚੋਣ ਮੁਹਿੰਮਾਂ ਤਹਿਤ ਇਸ ਸ਼ਹਿਰ ਦੀ ਆਲੋਚਨਾ ਕਰਦੇ ਰਹੇ ਹਨ । ਇਸ ਸੰਬੰਧ ਵਿਚ ਵੰਡੇ ਗਏ ਦਸਤਾਵੇਜ਼ਾਂ ਅਨੁਸਾਰ ਆਈਸ ਵਲੋਂ ਉਨ੍ਹਾਂ ਲੋਕਾਂ ਖਿਲਾ.ਫ ਕਾਰਵਾਈ ਹੋਵੇਗੀ ਜਿਨ੍ਹਾਂ ਦਾ ਅਮਰੀਕਾ 'ਚ ਕੋਈ ਕਾਨੂੰਨੀ ਦਰਜਾ ਨਹੀਂ ਜਾਂ ਜਿਨ੍ਹਾਂ ਨੂੰ ਪਹਿਲਾਂ ਹੀ ਦੇਸ਼ ਛੱਡਣ ਦੇ ਆਦੇਸ਼ ਹਨ। ਇਹ ਵੀ ਸਾਹਮਣੇ ਆਇਆ ਹੈ ਕਿ ਹੁਣ ਛਾਪੇ ਮਾਰਨ ਵਾਲੇ ਆਇਸ ਦੇ ਅਧਿਕਾਰੀਆਂ ਨਾਲ ਐਫ.ਬੀ.ਆਈ. ਦੇ ਅਧਿਕਾਰੀ ਵੀ ਸ਼ਾਮਿਲ ਹੋਣਗੇ। ਹਾਲਾਂਕਿ ਟਰੰਪ ਦੀ ਸਮੂਹਿਕ ਦੇਸ਼ ਨਿਕਾਲੇ ਦੀ ਰਣਨੀਤੀ ਖਿਲਾਫ ਲਾਸ ਏਾਜਲਸ ਵਿਚ ਪ੍ਰਦਰਸ਼ਨ ਵੀ ਹੋਏ ਹਨ ਅਤੇ ਪ੍ਰਦਰਸ਼ਨਕਾਰੀਆਂ ਨੇ ਕੁਝ ਸਮੇਂ ਲਈ ਸਭ ਤੋਂ ਰੁੱਝੇ ਰਹਿਣ ਵਾਲੇ ਹਾਈਵੇ 101 ਨੂੰ ਵੀ ਬੰਦ ਕਰ ਦਿੱਤਾ ਸੀ। ਉਧਰ ਰਿਵਰਸਾਈਡ ਕਾਊਾਟੀ ਸ਼ੈਰਿਫ ਚੈਡ ਬਿਆਨਕੋ ਨੇ ਕਿਹਾ ਕਿ ਕਾਉਂਟੀ ਸ਼ੈਰਿਫ ਦਫਤਰ ਤੇ ਉਨ੍ਹਾਂ ਦੇ ਡਿਪਟੀ ਕਿਸੇ ਵੀ ਤਰ੍ਹਾਂ ਦੇ ਇਮੀਗ੍ਰੇਸ਼ਨ ਲਾਗੂ ਕਰਨ ਵਿਚ ਨਾ ਸ਼ਾਮਿਲ ਹੋਏ ਹਨ ਤੇ ਨਾ ਹੀ ਹੋਣਗੇ। ਇਹ ਕੰਮ ਸੰਘੀ ਸਰਕਾਰ ਦੀ ਜ਼ਿੰਮੇਵਾਰੀ ਹੈ।


CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# LM Trans




**NC, SC, GA, FL, AL, LA, MS to CA, AZ, NV,**
**CA, AZ, NV to NC, SC, GA, FL, AL, LA, MS**

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਅਮਰੀਕਾ ਦੀ ਪ੍ਰਸਿੱਧ ਹਿੰਦੂ ਆਗੂ ਤੁਲਸੀ ਗਬਾਰਡ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੌਜੂਦਗੀ ਵਿੱਚ ਅਟਾਰਨੀ ਜਨਰਲ ਪਾਮ ਬੋਂਡੀ ਦੁਆਰਾ ਸੰਯੁਕਤ ਰਾਜ ਦੇ ਰਾਸ਼ਟਰੀ ਖੁਫੀਆ ਵਿਭਾਗ ਦੇ ਡਾਇਰੈਕਟਰ ਵਜੋਂ ਅਧਿਕਾਰਤ ਤੌਰ 'ਤੇ ਸਹੁੰ ਚੁੱਕੀ





ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਮਰੀਕਾ ਪਹੁੰਚਣ 'ਤੇ ਅਮਰੀਕੀ ਇੰਟੈਲੀਜੈਂਸ ਮੁਖੀ ਗਬਾਰਡ ਨਾਲ ਮੁਲਾਕਾਤ ਕੀਤੀ।



ਵਾਸ਼ਿੰਗਟਨ : ਅਮਰੀਕੀ ਸੈਨੇਟ ਨੇ ਸਾਬਕਾ ਹਵਾਈ ਰਿਪ. ਤੁਲਸੀ ਗਬਾਰਡ ਨੂੰ ਰਾਸ਼ਟਰੀ ਖੁਫੀਆ ਵਿਭਾਗ ਦੇ ਡਾਇਰੈਕਟਰ ਵਜੋਂ ਖੁਫੀਆ ਭਾਈਚਾਰੇ ਦੀ ਅਗਵਾਈ ਕਰਨ ਦੀ ਪੁਸ਼ਟੀ ਕੀਤੀ ਹੈ। ਰਾਸ਼ਟਰਪਤੀ ਟਰੰਪ ਨੇ ਬੁੱਧਵਾਰ ਦੁਪਹਿਰ ਓਵਲ ਦਫਤਰ ਵਿੱਚ ਅਟਾਰਨੀ ਜਨਰਲ ਪਾਮ ਬੋਂਡੀ ਦੁਆਰਾ ਨਿਯੰਤਰਿਤ ਕੀਤੇ ਗਏ ਸਹੁੰ ਚੁੱਕ ਸਮਾਗਮ ਵਿੱਚ ਸ਼ਿਰਕਤ ਕੀਤੀ।

ਗੈਬਾਰਡ ਨੇ "ਅਮਰੀਕੀ ਲੋਕਾਂ ਦੀ ਸੁਰੱਖਿਆ, ਸੁਰੱਖਿਆ ਅਤੇ ਆਜ਼ਾਦੀ ਨੂੰ ਯਕੀਨੀ ਬਣਾਉਣ 'ਤੇ ਧਿਆਨ ਕੇਂਦਰਿਤ ਕਰਨ" ਦਾ ਵਾਅਦਾ ਕੀਤਾ, ਜਦਕਿ ਖੁਫੀਆ ਭਾਈਚਾਰੇ ਦੇ ਸਿਆਸੀਕਰਨ ਦੇ ਟਰੰਪ ਦੇ ਲੰਬੇ ਸਮੇਂ ਤੋਂ ਚੱਲੇ ਆ ਰਹੇ ਦਾਅਵਿਆਂ ਅਤੇ ਵਿਸ਼ਵਾਸ ਨੂੰ ਮੁੜ ਦੁਹਰਾਇਆ।

ਪੁਸ਼ਟੀਕਰਨ ਪ੍ਰਕਿਰਿਆ ਦੌਰਾਨ ਰਿਪਬਲਿਕਨਾਂ ਤੋਂ ਵਿਆਪਕ ਸਮਰਥਨ ਪ੍ਰਾਪਤ ਕਰਨ ਤੋਂ ਬਾਅਦ ਗਬਾਰਡ ਨੂੰ 52-48 ਦੀ ਪੁਸ਼ਟੀ ਕੀਤੀ ਗਈ ਸੀ।

ਖੁਫੀਆ ਜਾਣਕਾਰੀ ਵਿੱਚ ਉਸਦੀ ਕਮੀ ਬਾਰੇ ਆਲੋਚਨਾ ਤੋਂ ਇਲਾਵਾ ਤੁਲਸੀ ਗਬਾਰਡ ਨੇ ਤਾਨਾਸ਼ਾਹ ਨੇਤਾਵਾਂ, ਜਿਵੇਂ ਕਿ ਸੀਰੀਆ ਦੇ ਬੇਦਖਲ ਰਾਸ਼ਟਰਪਤੀ ਬਸ਼ਰ ਅਲ-ਅਸਦ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਬਾਰੇ ਉਸਦੇ ਪਿਛਲੇ ਬਿਆਨਾਂ ਬਾਰੇ ਅਤੇ 2013 ਵਿੱਚ NSA ਦੇ ਭੇਦ ਲੀਕ ਕੀਤੇ ਸਨ, ਦੇ ਆਪਣੇ ਪਿਛਲੇ ਬਚਾਅ ਬਾਰੇ ਸਵਾਲਾਂ ਨੂੰ ਟਾਲ ਦਿੱਤਾ।

ਸੇਨ. ਮਿਚ ਮੈਕਕੋਨੇਲ, ਆਰ-ਕਾਈ, ਨੇ ਗਬਾਰਡ ਦਾ ਵਿਰੋਧ ਬਰਕਰਾਰ ਰੱਖਿਆ ਅਤੇ ਵੋਟਿੰਗ ਤੋਂ ਬਾਅਦ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਹ "ਪ੍ਰਦਰਸ਼ਿਤ ਕਰਨ ਵਿੱਚ ਅਸਫਲ ਰਹੀ ਕਿ ਉਹ ਇਸ ਰਾਸ਼ਟਰੀ ਭਰੋਸੇ ਨੂੰ ਮੰਨਣ ਲਈ ਤਿਆਰ ਹੈ।"

ਤੁਲਸੀ ਗਬਾਰਡ 43 ਸਾਲਾ ਯੂਐਸ ਆਰਮੀ ਰਿਜ਼ਰਵਿਸਟ, ਜੋ 2020 ਵਿੱਚ ਇੱਕ ਡੈਮੋਕਰੇਟ ਵਜੋਂ ਰਾਸ਼ਟਰਪਤੀ ਲਈ ਅਸਫਲ ਚੋਣ ਲੜੀ ਸੀ, ਅੱਜ ਤੋਂ ਤੁਲਸੀ ਗਬਾਰਡ ਹੇਠ 8 ਖੁਫੀਆ ਏਜੰਸੀਆਂ ਦੀ ਅਗਵਾਈ ਕਰਨ ਅਤੇ ਅਰਬਾਂ ਡਾਲਰ ਦੇ ਬਜਟ ਦੇ ਪ੍ਰਬੰਧਨ ਲਈ ਜ਼ਿੰਮੇਵਾਰੀ ਹੋਵੇਗੀ।

ਸੈਨੇਟ ਦੇ ਬਹੁਗਿਣਤੀ ਨੇਤਾ ਜੌਹਨ ਥੂਨ, ਆਰ-ਐਸ.ਡੀ., ਨੇ ਗਬਾਰਡ ਨੂੰ "ਦੇਸ਼ਭਗਤ" ਕਿਹਾ ਜੋ ਮੰਗਲਵਾਰ ਨੂੰ ਚੈਂਬਰ ਫਲੋਰ 'ਤੇ "ਸੇਵਾ ਦੁਆਰਾ ਪ੍ਰੇਰਿਤ" ਹੈ।

ਇਸ ਉਪੰਤ ਪ੍ਰੈਸ ਨਾਲ ਗੱਲਬਾਤ ਕਰਦਿਆਂ ਤੁਲਸੀ ਗਬਾਰਡ ਨੇ ਕਿਹਾ ਕਿ ਖੁਫੀਆ ਕਮਿਊਨਿਟੀ ਨੂੰ ਆਪਣੇ ਮੁੱਖ ਮਿਸ਼ਨ 'ਤੇ ਮੁੜ ਕੇਂਦ੍ਰਿਤ ਕਰਨ ਦੀ ਲੋੜ ਹੈ, ਖੁਫੀਆ ਜਾਣਕਾਰੀ ਇਕੱਠੀ ਕਰਨੀ ਅਤੇ ਉਸ ਜਾਣਕਾਰੀ ਦਾ ਨਿਰਪੱਖ ਵਿਸ਼ਲੇਸ਼ਣ ਪ੍ਰਦਾਨ ਕਰਨ ਲਈ ਮੈ ਵਚਨਬੱਧ ਹਾਂ।



(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)


ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ





Truck Dispatch Training
Manage Dot Compliance
PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork

- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

WHAT WE WILL PROVIDE
250+ Broker List
350+ Carrier List
27000+ Direct Shipper List
amazon relay
DAT One

Scan This Code for Joining Truck Dispatch Training

SMART PATH
Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ
209-310-0333

Learn, Practice, Gain Your Skills
www.smartpathca.com
Learn Online From Home


ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

1936 ਵਿਚ ਇਸ ਬੰਦ ਵਿਚ 'ਰਹਿਤਵਾਨ ਗੁਰ ਕਾ ਸਿਖ ਸੋਈ' ਸੀ। ਇਸ ਦੀ ਥਾਵੇਂ ਹੁਣ 'ਰਹਿਤਵੰਤ ਸਿੰਘ ਹੈ ਸੋਈ।' ਕੀਤਾ ਗਿਆ ਹੈ।

**ਵਿਆਖਿਆ :**

"ਪਰ ਤ੍ਰਿਆ ਰੂਪੁ ਨ ਪੇਖੈ ਨੇਤ੍ਰ॥" (ਗਉੜੀ ਸੁਖਮਨੀ, ਅੰਗ ੨੭੪) ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ। ਗੁਰਮਤਿ ਦੀ ਰਹਿਣੀ ਦੀ ਇਸ ਮੱਦ ਵਿਚ ਗੁਰਮਤੀ ਜੀਵਨ ਜਾਚ ਦੀ ਬੁਨਿਆਦ ਅਚਰਣ ਦੀ ਉੱਚਤਾ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ। ਹਰ ਇਸਤ੍ਰੀ ਅਤੇ ਮਰਦ ਲਈ ਆਚਰਣ ਦੀ ਉਚਤਾ ਗੁਰਮਤਿ ਦੇ ਮੁਢਲੇ ਅਤੇ ਬੁਨਿਆਦੀ ਅਸੂਲਾਂ ਵਿਚ ਹੈ। ਇਸ 'ਤੇ ਕੋਈ ਵੀ ਛੋਟ ਨਹੀਂ ਦਿੱਤੀ ਗਈ। ਧਰਮ ਤੋਂ ਡਿੱਗੇ ਬੰਦੇ ਨੂੰ ਦਿਲਾਸਾ ਦੇਣ ਦੀ ਲੋੜ ਹੈ ਪਰ ਇਖ਼ਲਾਕ ਤੋਂ ਡਿੱਗੇ ਹੋਏ ਲਈ ਤਾਂ ਧਰਮ ਵਿਚ ਵੀ ਥਾ ਨਹੀਂ ਹੈ। ਇਸ ਮਦ ਵਿਚ ਨਸੀਹਤ ਨਾ ਕੇਵਲ ਮਰਦ ਲਈ ਹੈ ਬਲਕਿ ਇਸਤ੍ਰੀ ਲਈ ਵੀ ਹੈ। ਦੋਹਾਂ ਨੂੰ ਹੀ ਆਚਰਣ ਦੀ ਮਰਯਾਦਾ ਵਿਚ ਰਹਿਣ ਦੀ ਹਦਾਇਤ ਹੈ। ਇਸ 'ਤੇ ਗੁਰਬਾਣੀ, ਰਹਿਤਨਾਮਿਆਂ ਅਤੇ ਪ੍ਰਵਾਨਿਤ ਗੁਰਮਤਿ ਸਾਹਿਤ ਵਿਚ ਬਿਅੰਤ ਹਵਾਲੇ ਦਰਜ ਹਨ :

ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥
ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ॥
ਕਰਮੀ ਆਪੋ ਆਪਣੀ ਆਪੇ ਪਛੁਤਾਣੀ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥ ੨੭॥
(ਗਉੜੀ ਵਾਰ ਮ: ੪, ਅੰਗ ੩੧੫)

ਰੇ ਨਰ ਕਾਇ ਪਰ ਗ੍ਰਿਹਿ ਜਾਇ॥
ਕੁਚਲ ਕਠੋਰ ਕਾਮਿ ਗਰਧਭ
ਤੁਮ ਨਹੀ ਸੁਨਿਓ ਧਰਮ ਰਾਇ॥ ਰਹਾਉ॥
(ਮਾਰੂ ਮ: ੫, ਅੰਗ ੧੦੦੧)

ਕਿਆ ਗਾਲਾਇਚ ਭੂਛ ਪਰ ਵੇਲਿ ਨ ਜੋਹੇ ਕੰਤ ਤੂ।
ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ॥੩॥
(ਮ: ੫, ੧੦੯੫)

ਗੁਪਤੁ ਕਰਤਾ ਸੰਗਿ ਸੋ ਪ੍ਰਭ ਡਹਕਾਵਏ ਮਨੁਖਾਇ॥
ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ॥੧॥
ਰੇ ਨਰ ਕਾਇ ਪਰ ਗ੍ਰਿਹਿ ਜਾਇ॥
ਕੁਚਲ ਕਠੋਰ ਕਾਮਿ ਗਰਧਭ
ਤੁਮ ਨਹੀ ਸੁਨਿਓ ਧਰਮ ਰਾਇ॥ ੧॥ ਰਹਾਉ॥
ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ॥
ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ॥੨॥
(ਅੰਗ ੧੦੦੧)

ਭਾਈ ਨੰਦ ਲਾਲ ਜੀ ਦੇ ਬਚਨ ਹਨ :

ਵੱਡੀ ਮਾਂ ਕਰਿ ਦੇਖਣੀ, ਹਾਣ ਦੀ ਭੈਣ ਕਰ ਦੇਖਣੀ। ਪਰਾਈ ਧੀ ਭੈਣ ਨੂੰ ਬੁਰੀ ਦ੍ਰਿਸ਼ਟਿ ਨਹੀਂ ਦੇਖਣਾ। ਪਰਾਈ ਵਸਤੂ ਨਹੀਂ ਚੁਰਾਣੀ। ਪਰਾਈ ਬਖੀਲੀ ਨਹੀਂ ਕਰਨੀ। ਸਭਨਾਂ ਰੋਗਾਂ ਕਾ ਦਾਰੂ ਨਾਮ ਹੈ। ਅਤੇ ਨਿੰਦਕ ਕਾ ਦਾਰੂ ਕੋਈ ਨਹੀਂ।
(ਸਾਖੀ ਰਹਿਤ ਕੀ, ਭਾਈ ਨੰਦ ਲਾਲ, ਪੰਨਾ ੬੨)

ਭਾਈ ਗੁਰਦਾਸ ਜੀ ਦਾ ਕਥਨ ਹੈ :




ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।
ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ॥
(ਵਾਰ ੨੯, ਪਉੜੀ ੧੧)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਿਤਾਵਨੀ ਸਰੂਪ ਹਿੰਦੂ ਮਿਥਿਹਾਸਕ ਪੌਰਾਣਿਕ ਕਥਾਵਾਂ ਦੇ ਹਵਾਲੇ ਦੇ ਕੇ ਇਸ ਕੁਕ੍ਰਿਤ ਦੇ ਅੰਜਾਮ ਬਾਰੇ ਚਿਤਾਵਨੀ ਦਿੱਤੀ ਹੈ :

ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ॥
ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ॥
ਪਰ ਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ॥
ਹੋ ਪਰ ਨਾਰੀ ਕੇ ਹੇਤ ਕਟਕ ਕਵਰਨ ਕੋ ਘਾਯੋ॥੫੨॥
ਪਰ ਨਾਰੀ ਸੌਂ ਨੇਹੁ ਛੁਰੀ ਪੈਨੀ ਕਰਿ ਜਾਨਹੁ॥
ਪਰ ਨਾਰੀ ਕੇ ਭਜੇ ਕਾਲ ਬਯਾਪਯੋ ਤਨ ਮਾਨਹੁ॥
ਅਧਿਕ ਹਰੀਫੀ ਜਾਨਿ ਭੋਗ ਪਰ ਤ੍ਰਿਯ ਜੋ ਕਰਹੀ॥
ਹੋ ਅੰਤ ਸਾਨ ਕੀ ਮ੍ਰਿਤੁ ਹਾਥ ਲੇਡੀ ਕੇ ਮਰਹੀ॥ ੫੩॥
(ਚਰਿਤ੍ਰ ੨੧)

(ਠ) ਗੁਰੂ ਕਾ ਸਿੱਖ ਜਨਮ ਤੋਂ ਲੈ ਕੇ ਦੇਹਾਂਤ ਤੱਕ ਗੁਰ ਮਰਯਾਦਾ ਕਰੇ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੧)

ਹਰ ਸਿੱਖ ਦੀ ਨਿਤਾਪ੍ਰਤਿ ਦੀ ਅਰਦਾਸ ਵਿਚ ਉਨ੍ਹਾਂ ਦਾ ਧਿਆਨ ਧਰ ਕੇ ਵਾਹਿਗੁਰੂ ਦੀ ਫਤਹਿ ਗਜਾਈ ਜਾਂਦੀ ਹੈ ਜਿਨ੍ਹਾਂ ਨੇ 'ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ।' ਧੰਨ ਹਨ ਐਸੇ ਗੁਰਸਿੱਖ ਜਿਹਨਾਂ ਨੇ ਅਖ਼ੀਰਲੇ ਸੁਆਸ ਤੱਕ ਜੀਵਨ ਗੁਰ ਮਰਯਾਦਾ ਵਿਚ ਬਤੀਤ ਕੀਤਾ ਹੈ। ਹਿੰਦੂ ਮਤ ਵਿਚ ਜੀਵਨ ਨੂੰ ਵੱਖ-ਵੱਖ ਆਸ਼ਰਮਾਂ, ਖਿੱਤਿਆਂ ਵਿਚ ਵੰਡ ਕੇ ਵੱਖਰੇ ਫਰਜ਼ ਦੱਸੇ ਗਏ ਹਨ। ਪਰ ਗੁਰਮਤਿ ਵਿਚ ਤਾਂ ਸਾਰਾ ਜੀਵਨ ਹੀ ਧਰਮ ਜਾਂ ਮਰਯਾਦਾ ਵਿਚ ਰਹਿਣ ਦਾ ਆਦੇਸ਼ ਹੈ। ਮਰਯਾਦਾ ਦਾ ਅੱਖਰੀਂ ਅਰਥ ਹੀ ਨਦੀ ਦੇ ਕਿਨਾਰੇ ਹਨ। ਨਦੀ ਤਾਂ ਹੀ ਨਦੀ ਕਹਾਂਦੀ ਹੈ ਜਦੋਂ ਉਹ ਆਪਣੇ ਕੰਢਿਆਂ ਦੇ ਅੰਦਰ ਵੱਗਦੀ ਹੈ। ਜੇ ਇਹ ਆਪਣੇ ਕਿਨਾਰੇ ਤੋੜ ਦਵੇ ਤਾਂ ਇਹ ਹੜ੍ਹ ਹੈ, ਬਰਬਾਦੀ ਹੈ, ਤਬਾਹੀ ਹੈ।

(ਚਲਦਾ)

# ਪੀ.ਸੀ.ਏ ਬਰੈਂਟਵੁੱਡ ਵੱਲੋ "ਧੀਆਂ ਨੂੰ ਸਮਰਪਤ" ਲੋਹੜੀ ਦਾ ਸਮਾਗਮ ਕਰਾਇਆ ਗਿਆ










ਬਰੈਂਟਵੁੱਡ : ਲੰਘੇ ਸ਼ਨੀਵਾਰ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ. ਸੀ. ਏ.) ਬਰੈਂਟਵੁੱਡ ਨੇ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ "ਧੀਆ ਦੀ ਲੋਹੜੀ" ਮਨਾਈ। ਇਸ ਸਮਾਗਮ ਨੂੰ ਸੁਖਦੇਵ ਸਾਹਿਲ ਤੇ ਮਨਦੀਪ ਸਿੱਧੂ ਦੀ ਸੁਰੀਲੀ ਅਵਾਜ਼ ਨੇ ਤਕਰੀਬਨ ਦੋ ਘੰਟੇ ਸਰੋਤਿਆ ਨੂੰ ਕੀਲੀ ਰੱਖਿਆ। ਬਰੈਂਟਵੁੱਡ ਦੀਆਂ ਲੋਕਲ ਪੰਜਾਬਣਾ ਵੱਲੋ ਤਿਆਰ ਕੀਤੀ ਗਈ ਗਿੱਧਾ ਟੀਮ "ਰੌਣਕ ਪੰਜਾਬ ਦੀ" ਇਸ ਸਮਾਗਮ ਦੀ ਖਿੱਚ ਬਣੀ ਰਹੀ। ਇਸ ਸਮਾਗਮ ਦੀ ਸਭ ਤੋਂ ਮੁੱਖ ਗੱਲ ਇਹ ਰਹੀ ਕਿ ਇਹ ਲੋਹੜੀ ਇੱਕ ਖੁੱਲੇ ਮੈਦਾਨ ਚ ਕਰਵਾਈ ਗਈ। ਭਾਵੇਂਕਿ ਇਸ ਇਲਾਕੇ ਚ ਪੰਜਾਬੀਆ ਦੀ ਵੱਸੋਂ ਬਹੁਤ ਘੱਟ ਹੈ ਪਰ ਹਾਜ਼ਰੀ ਪੱਖੋਂ ਇਸ ਸਮਾਗਮ ਬਹੁਤ ਹੀ ਕਾਮਯਾਬ ਰਿਹਾ।

ਇਸ ਪ੍ਰੋਗਰਾਮ ਦੇ ਬਾਬਤ ਵਧੇਰੇ ਜਾਣਕਾਰੀ ਦਿੰਦੇ ਹੋਏ ਕਲੱਬ ਦੇ ਚੇਅਰਮੈਨ ਭੁਪਿੰਦਰ ਸਿੰਘ ਬਾਜਵਾ ਨੇ ਫੋਨ 'ਤੇ ਗੱਲਬਾਤ ਕਰਦੇ ਦੱਸਿਆ ਕਿ ਇਸ ਸਾਲ ਲੋਹੜੀ ਦਾ ਸਮਾਗਮ ਬਹੁਤ ਹੀ ਸਫਲ ਰਿਹਾ। ਸਫਲਤਾ ਦਾ ਕਾਰਨ ਇਹ ਲੋਹੜੀ ਧੀਆਂ ਨੂੰ ਸਮਰਪਿਤ ਹੋਣਾ ਦੱਸਿਆ ਗਿਆ। ਕਲੱਬ ਬਾਰੇ ਹੋਰ ਚਾਨਣਾ ਪਾਉਂਦੇ ਹੋਏ ਭੁਪਿੰਦਰ ਬਾਜਵਾ ਨੇ ਦੱਸਿਆ ਕਿ ਇਹ ਕਲੱਬ ਇਸ ਸਾਲ ਅਮਰੀਕਾ ਦੀ ਲੋਕਲ ਅਜ਼ਾਦੀ ਪਰੇਡ 'ਚ ਵੱਧ ਚੜ੍ਹ ਕੇ ਹਿੱਸਾ ਲਵੇਗਾ ਤੇ ਪਰੇਡ ਦੌਰਾਨ ਪਾਣੀ, ਜੂਸ ਤੇ ਸੋਡੇ ਦਾ ਲੰਗਰ ਲਾਇਆ ਜਾਵੇਗਾ। ਇਸ ਸਾਲ ਲੱਗਣ ਵਾਲੇ ਖ਼ੂਨਦਾਨ ਕੈਂਪ ਬਾਰੇ ਵੀ ਜਾਣਕਾਰੀ ਦਿੰਦੇ ਹੋਏ ਬਾਜਵਾ ਸਾਹਿਬ ਨੇ ਦੱਸਿਆ ਕਿ ਜਲਦੀ ਹੀ ਖ਼ੂਨਦਾਨ ਕੈਂਪ ਦੀਆਂ ਤਰੀਕਾ ਦਾ ਐਲਾਨ ਕਰ ਦਿੱਤਾ ਜਾਵੇਗਾ। ਇਸ ਸਮਾਗਮ 'ਚ ਹੋਰਨਾਂ ਤੋਂ ਇਲਾਵਾ ਸ਼ਹਿਰ ਦੇ ਪੁਰਾਣੇ ਕੌਂਸਲ ਮੈਂਬਰ ਬਲਵਿੰਦਰ ਗਰੇਵਾਲ, ਡਾ. ਮਨਦੀਪ ਸਿੱਧੂ, ਮਨਧੀਰ ਕੰਗ, ਰਚਨਾ ਭਟਨਾਗਰ, ਪ੍ਰਦੀਪ ਵਾਲੀਆ, ਅਨਸ਼ੂਮਨ ਸ਼ੁਕਲਾ, ਸਤਵਿੰਦਰ ਸੰਧੂ, ਅਵਤਾਰ ਲਾਖਾ, ਵਿਜੇ ਸਿੰਘ, ਕਰਨ ਮਹਿੰਦਰੂ, ਵਿਕਰਮ ਰੰਧਾਵਾ, ਨਿਤਿਨ ਖੰਨਾ, ਸਤਵਿੰਦਰ ਮਾਨਹੇੜਾ, ਰਾਜਬੀਰ ਸਰਕਾਰੀਆ, ਸੰਨੀ ਸਰਕਰਾਰੀਆ, ਸਚਿਨ ਕੁਮਾਰ ਅਤੇ ਹਰਸ਼ ਗਰੇਵਾਲ ਸਮੇਤ ਕਈ ਉਘੀਆਂ ਸ਼ਖਸ਼ੀਅਤਾਂ ਨੇ ਹਿੱਸਾ ਲਿਆ। ਸਮਾਗਮ ਦੇ ਅੰਤ 'ਚ ਕਮੇਟੀ ਦੇ ਸਾਰੇ ਮੈਂਬਰਾਂ ਨੇ ਅਗਲੇ ਸਾਲ ਦਾ ਸਮਾਗਮ ਦਾ ਐਲਾਨ ਨੂੰ ਧੀਆਂ ਨੂੰ ਸਮਰਪਿਤ ਕਰਨ ਦਾ ਅਹਿਦ ਲਿਆ। ਕੁਲ ਮਿਲਾ ਕੇ ਇਹ ਸਮਾਗਮ ਬਹੁਤ ਹੀ ਕਾਮਯਾਬ ਰਿਹਾ।

# BASRA

## Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

**ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ**

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

Basra Heating & Air Conditioning has trained technicians and the right equipment to solve the problem fast and at a reasonable price.

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਅਮਰੀਕੀ ਧਰਤੀ ਉਪਰ ਅਮਰੀਕਨ ਸਿੱਖ ਸ਼ਹਿਰੀਆਂ ਦੇ ਕਤਲ ਦੀ ਸਾਜਿਸ਼ ਰਚਣ ਵਾਲਿਆਂ 'ਤੇ ਟਰੰਪ ਸਰਕਾਰ ਸਖਤ ਕਾਰਵਾਈ ਕਰੇ

## ਅਮਰੀਕਨ ਸਿੱਖ ਸੰਗਠਨਾਂ ਦੀ ਮੋਦੀ ਮਿਲਣੀ ਸਮੇਂ ਰਾਸ਼ਟਰਪਤੀ ਟਰੰਪ ਨੂੰ ਅਪੀਲ



ਡਾ. ਪ੍ਰਿਤਪਾਲ ਸਿੰਘ



ਜਥੇਦਾਰ ਗੁਰਦੇਵ ਸਿੰਘ ਵਰਜੀਨੀਆ



ਸ੍ਰ. ਹਿੰਮਤ ਸਿੰਘ ਨਿਊਯਾਰਕ

ਵਾਸ਼ਿੰਗਟਨ/ਡੀ.ਸੀ. : ਅਮਰੀਕਨ ਸਿੱਖ ਕਾਕਸ ਕਮੇਟੀ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਅਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਐਸਸੀਸੀਈਸੀ) ਨੇ ਅੱਜ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇੱਕ ਜ਼ਰੂਰੀ ਅਪੀਲ ਜਾਰੀ ਕੀਤੀ ਹੈ ਕਿ ਉਹ ਵਿਦੇਸ਼ੀ ਸਰਕਾਰਾਂ ਨੂੰ ਰੋਕਣ ਲਈ ਜੋ ਅਮਰੀਕੀ ਧਰਤੀ ਉੱਤੇ ਅਮਰੀਕੀਆਂ ਨੂੰ ਡਰਾਉਣ ਅਤੇ ਮਾਰਨ ਦੀ ਕੋਸ਼ਿਸ਼ ਕਰ ਰਹੀਆਂ ਹਨ, ਖਾਸ ਕਰਕੇ ਖਤਰੇ ਹੇਠ ਅਮਰੀਕਨ ਸਿੱਖ ਅਮਰੀਕਾ ਤੋਂ ਭਾਰਤੀ ਖੇਤਰ ਤੋਂ ਸੁਰੱਖਿਅਤ ਚਾਹੁੰਦੇ ਹਨ।

ਅਮਰੀਕਨ ਸਿੱਖ ਕਾਕਸ ਕਮੇਟੀ ਦੇ ਸੰਸਥਾਪਕ ਭਾਈ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਕਿਸੇ ਵੀ ਵਿਦੇਸ਼ੀ ਸਰਕਾਰ ਨੂੰ ਸਾਡੇ ਦੇਸ਼ 'ਤੇ ਅਦਿੱਖ ਤੌਰ 'ਤੇ ਹਮਲਾ ਕਰਨ ਅਤੇ ਸਾਡੇ ਨਾਗਰਿਕਾਂ ਨੂੰ ਡਰਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਇਸ ਸਮੇਂ ਸਾਡੇ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜਿਵੇਂ ਕਿ ਰਾਸ਼ਟਰਪਤੀ ਟਰੰਪ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਹਫ਼ਤੇ ਪਹਿਲੀ ਵਾਰ ਮਿਲਦੇ ਹਨ। ਇਸ ਪ੍ਰਸ਼ਾਸਨ ਵਿੱਚ ਸਿੱਖ ਸੰਗਠਨਾਂ ਨੇ ਰਾਸ਼ਟਰਪਤੀ ਨੂੰ ਮੋਦੀ ਨੂੰ "ਸਿੱਖ ਅਮਰੀਕੀਆਂ ਨੂੰ ਨਿਸ਼ਾਨਾ ਬਣਾਉਣ ਲਈ ਜਵਾਬਦੇਹ ਠਹਿਰਾਉਣ ਦੀ ਮੰਗ ਕੀਤੀ ਹੈ।"

ਭਾਈ ਹਿੰਮਤ ਸਿੰਘ ਨੇ ਸਪਸ਼ਟ ਕਿਹਾ ਕਿ ਭਾਰਤ ਅਮਰੀਕੀ ਸ਼ਹਿਰੀਆਂ ਨੂੰ ਸਿੱਧੇ ਜਾਂ ਅਸਿੱਧੇ ਤੌਰ ਉਪਰ ਧਮਕੀਆਂ ਦੇਣਾ ਬੰਦ ਕਰਨ। ਮੋਦੀ ਸਰਕਾਰ ਦਾ ਪਲਾਂਟ ਕੀਤਾ ਨਿਖਿਲ ਗੁਪਤਾ ਦੀ ਸਾਜ਼ਿਸ਼ ਨੂੰ ਅਮਰੀਕਾ ਵਲੋਂ ਨਾਕਾਮ ਕੀਤਾ ਗਿਆ ਸੀ।

ਉਨ੍ਹਾਂ ਦਾਅਵਾ ਕੀਤਾ ਕਿ ਵਰਤਮਾਨ ਵਿੱਚ ਭਾਰਤੀ ਮੀਡੀਆ ਅਮਰੀਕਾ ਅਤੇ ਅਮਰੀਕਨ ਸਿੱਖਾਂ ਬਾਰੇ ਝੂਠ ਅਤੇ ਧਮਕੀਆਂ ਦੀ ਬੰਬਾਰੀ ਕਰ ਰਿਹਾ ਹੈ।

ਸਿੱਖ ਅਮਰੀਕਨ ਭਾਈਚਾਰਾ ਰਾਸ਼ਟਰਪਤੀ ਟਰੰਪ ਨੂੰ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਅਤੇ ਯੂਐਸ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ (ਡੀਐਚਐਸ) ਨੂੰ ਇਸ ਭਾਈਚਾਰੇ ਅਤੇ ਇਸਦੇ ਨੇਤਾਵਾਂ ਨੂੰ ਵਿਦੇਸ਼ੀ ਖਤਰਿਆਂ ਤੋਂ ਸੁਰੱਖਿਅਤ ਰੱਖਣ ਨੂੰ ਯਕੀਨੀ ਬਣਾਉਣ ਦੀ ਜ਼ਰੂਰਤ ਹੈ।

ਯੂਐਸ ਵਿੱਚ ਵਿਦੇਸ਼ੀ ਏਜੰਟਾਂ ਦਾ ਅਦਿੱਖ ਹਮਲਾ ਵਧ ਰਿਹਾ ਹੈ ਜੋ ਕਿ ਰਾਸ਼ਟਰੀ ਸੁਰੱਖਿਆ ਲਈ ਸੰਕਟ ਹੈ, ਜਿਵੇਂਕਿ ਰਾਸ਼ਟਰਪਤੀ ਟਰੰਪ ਨੇ ਰਾਸ਼ਟਰੀ ਸੁਰੱਖਿਆ ਪਰਿਸ਼ਦ ਵਿੱਚ ਸੁਧਾਰ ਕੀਤਾ ਹੈ, ਸਿੱਖ ਅਮਰੀਕਨ ਭਾਈਚਾਰਾ ਉਸਨੂੰ ਵਿਦੇਸ਼ੀ ਸਰਕਾਰ ਦੇ ਵਿਰੁੱਧ ਅਮਰੀਕੀ ਸਰਕਾਰ ਦੀ ਲੜਾਈ ਵਿੱਚ ਤਾਲਮੇਲ ਕਰਨ ਲਈ ਇੱਕ ਸੰਪਰਕ ਨਿਯੁਕਤ ਕਰਨ ਦੀ ਜ਼ਰੂਰਤ ਹੈ ਅਤੇ ਅਮਰੀਕੀ ਧਰਤੀ 'ਤੇ ਅਮਰੀਕੀਆਂ ਦੀ ਰੱਖਿਆ ਕਰਨ ਲਈ, ਨਾ ਸਿਰਫ ਸਿੱਖ ਅਮਰੀਕਨਾਂ, ਬਲਕਿ ਹੋਰਾਂ ਨੂੰ ਵੀ ਇਸੇ ਤਰ੍ਹਾਂ ਦੇ ਖਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅਮਰੀਕਨ ਸਿੱਖ ਕਾਕਸ ਕਮੇਟੀ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਈਸਟ ਕੋਸਟ ਦੀ ਸਿੱਖ ਕੋਆਰਡੀਨੇਸ਼ਨ ਕਮੇਟੀ ਅਮਰੀਕਨ ਕਾਂਗਰਸ ਦੇ ਨਾਲ ਮਿਲ ਕੇ ਕੰਮ ਕਰੇਗੀ ਤਾਂ ਜੋ ਭਾਰਤੀ ਅੰਤਰਰਾਸ਼ਟਰੀ ਜ਼ੁਲਮ ਨੂੰ ਰੋਕਿਆ ਜਾ ਸਕੇ। 'ਏਜੀਪੀਸੀ' ਦੇ ਅਮਰੀਕਨ ਸਿੱਖ ਆਗੂ ਸਰਦਾਰ ਗੁਰਦੇਵ ਸਿੰਘ ਨੇ ਕਿਹਾ ਕਿ ਅਸੀਂ ਰਾਸ਼ਟਰਪਤੀ ਟਰੰਪ ਨੂੰ ਸਾਡੇ ਨਾਲ ਖੜ੍ਹੇ ਹੋਣ ਲਈ ਬੇਨਤੀ ਕਰਦੇ ਹਾਂ ਤਾਂ ਕਿ ਸਾਰੇ ਅਮਰੀਕੀਆਂ ਦੇ ਅਧਿਕਾਰਾਂ ਅਤੇ ਸੁਰੱਖਿਆ ਨੂੰ ਬਰਕਰਾਰ ਰੱਖਿਆ ਜਾਵੇ। ਗੁਰਦੁਆਰਾ ਪ੍ਰਬੰਧਕ ਕਮੇਟੀ ਅਮਰੀਕਾ ਵਿੱਚ ਸਿੱਖ ਧਰਮ ਅਸਥਾਨਾਂ ਦੀ ਨੁਮਾਇੰਦਗੀ ਕਰਦੀ ਹੈ, ਸਿੱਖ ਅਮਰੀਕਨਾਂ ਵਿਰੁੱਧ ਵਿਤਕਰੇ ਅਤੇ ਹਿੰਸਾ ਦਾ ਮੁਕਾਬਲਾ ਕਰਨ ਲਈ ਕੰਮ ਕਰਦੇ ਹੋਏ ਧਾਰਮਿਕ ਅਤੇ ਨਾਗਰਿਕ ਅਧਿਕਾਰਾਂ ਨੂੰ ਉਤਸ਼ਾਹਿਤ ਕਰਦੀ ਹੈ। ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਬਾਰੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨਿਊਯਾਰਕ, ਨਿਊਯਾਰਕਨ ਨਿਊਜਰਸੀ ਪੈਨਸਲਵਾਨੀਆਂ, ਵਰਜੀਨੀਆਂ ਵਿੱਚ ਅੰਤਰ-ਧਰਮ ਸਬੰਧਾਂ ਅਤੇ ਭਾਈਚਾਰਕ ਸੇਵਾਵਾਂ ਦਾ ਤਾਲਮੇਲ ਕਰਦੀ ਹੈ।

# ਵਿਪਸਾ ਵੱਲੋਂ ਪੰਜਾਬ ਲੋਕ ਰੰਗ ਟੀਮ ਦਾ ਭਾਰਤ ਵਿੱਚ 'ਜ਼ਫਰਨਾਮਾ' ਨਾਟਕ ਦੀ ਸਫ਼ਲ ਪੇਸ਼ਕਾਰੀ ਕਰਕੇ ਵਾਪਸੀ 'ਤੇ ਨਿੱਘਾ ਸੁਆਗਤ

ਹੇਵਰਡ : ਵਿਪਸਾ ਦੀ ਮਾਸਿਕ ਮਿਲਣੀ ਸੈਫਾਇਰ ਬੈਂਕੁਇਟ ਹਾਲ, ਹੇਵਰਡ ਵਿਖੇ ਹੋਈ। ਪ੍ਰਧਾਨ ਕੁਲਵਿੰਦਰ ਨੇ ਸਭ ਨੂੰ ਜੀਅ ਆਇਆਂ ਕਹਿੰਦੇ ਹੋਏ ਅਗਲੇ ਦੋ ਵਰ੍ਹਿਆਂ ਲਈ ਆਪਣੀ ਕਾਰਜਕਾਰਨੀ ਦੀ ਘੋਸ਼ਣਾ ਕਰਦੇ ਹੋਏ ਕਿਹਾ ਕਿ ਸ. ਸੁਰਿੰਦਰ ਸਿੰਘ ਧਨੋਆ ਸਰਪ੍ਰਸਤ, ਡਾ. ਸੁਖਵਿੰਦਰ ਕੰਬੋਜ ਆਰਗੇਨਾਈਜ਼ਰ, ਅਮਰਜੀਤ ਕੌਰ ਪੰਨੂੰ ਅਤੇ ਪ੍ਰੋ. ਸੁਰਿੰਦਰ ਸੀਰਤ ਮੀਤ ਪ੍ਰਧਾਨ, ਜਗਜੀਤ ਨੌਸ਼ਹਿਰਵੀ ਸੰਧੂ ਜਰਨਲ ਸਕੱਤਰ, ਲਾਜ ਨੀਲਮ ਸੈਨੀ ਸਾਹਿਤ ਸਕੱਤਰ, ਗੁਲਸ਼ਨ ਦਿਆਲ ਅਤੇ ਤਾਰਾ ਸਾਗਰ ਵਿੱਤ ਸਕੱਤਰ, ਮੁਕੇਸ਼ ਸ਼ਰਮਾ ਕਲਾ ਸਕੱਤਰ ਅਤੇ ਐਸ਼ ਕੁਮ ਐਸ਼ ਵਿੱਕ ਮੀਡੀਆ ਸਕੱਤਰ ਦੀਆਂ ਸੇਵਾਵਾਂ ਨਿਭਾਉਣਗੇ।

ਇਸ ਵਰ੍ਹੇ ਮਾਰਚ 30, 2025 ਨੂੰ ਸਾਨ ਫ਼ਰਾਂਸਿਸਕੋ ਗ਼ਦਰ ਮੈਮੋਰਿਅਲ ਵਿਖੇ ਕਵੀ ਦਰਬਾਰ ਕਰਵਾਇਆ ਜਾਵੇਗਾ। ਅਪ੍ਰੈਲ ਵਿੱਚ ਲਾਜ ਨੀਲਮ ਸੈਨੀ ਦੇ ਸਵੈ ਜੀਵਨੀ ਮੂਲਕ ਨਾਵਲ 'ਅਲਵਿਦਾ!...ਕਦੀ ਵੀ ਨਹੀਂ' ਅਤੇ ਮਈ ਵਿੱਚ ਜਗਜੀਤ ਨੌਸ਼ਹਿਰਵੀ ਦੇ ਕਾਵਿ ਸੰਗ੍ਰਹਿ 'ਹਾਲ ਉਥਾਈਂ ਕਹੀਏ' ਉੱਪਰ ਵਿਚਾਰ ਚਰਚਾ ਹੋਵੇਗੀ। ਜੂਨ ਵਿੱਚ ਵਿਪਸਾ ਕਹਾਣੀਕਾਰਾਂ ਦੀਆਂ ਨਵੀਆਂ ਕਹਾਣੀਆਂ 'ਤੇ ਗੱਲਬਾਤ ਹੋਵੇਗੀ। ਜੁਲਾਈ ਵਿੱਚ ਸੁਰਜੀਤ ਸਖੀ ਦੀ ਵਾਰਤਕ ਕਿਤਾਬ 'ਗੱਲ ਤਾਂ ਚਲਦੀ ਰਹੇਗੀ' ਅਤੇ ਹਰਜਿੰਦਰ ਕੰਗ ਦੇ ਕਾਵਿ-ਸੰਗ੍ਰਹਿ 'ਵੇਲ ਰੁਪਈਏ ਦੀ ਵੇਲ' 'ਤੇ ਵਿਚਾਰ ਚਰਚਾ ਹੋਵੇਗੀ। ਸਤੰਬਰ ਮਹੀਨੇ ਵਿਪਸਾ ਦੀ ਸਿਲਵਰ ਜੁਬਲੀ 'ਤੇ ਦੋ ਰੋਜ਼ਾ ਕਾਨਫਰੰਸ ਕਰਵਾਈ ਜਾਵੇਗੀ। ਇਸ ਮੌਕੇ ਪੰਜਾਬੀ ਮਾਤ ਭਾਸ਼ਾ ਦੇ ਪਸਾਰ ਲਈ ਸਾਰਥਕ ਯਤਨ ਕੀਤੇ ਜਾਣਗੇ। ਨਵੀਂ ਪੀੜ੍ਹੀ ਨੂੰ ਨਾਲ ਜੋੜਨ ਲਈ ਸੁਰਿੰਦਰ ਸਿੰਘ ਧਨੋਆ ਅਤੇ ਮੁਕੇਸ਼ ਸ਼ਰਮਾ ਵੱਲੋਂ ਬੱਚਿਆਂ ਦੀ ਵਿਸ਼ੇਸ਼ ਆਈਟਮ ਤਿਆਰ ਕਰਵਾਈ ਜਾਵੇਗੀ। ਵਿਪਸਾ ਮੈਂਬਰਾਂ ਦੀਆਂ ਕਵਿਤਾਵਾਂ ਦਾ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਕੀਤਾ ਜਾਵੇਗਾ। ਤਾਰਾ ਸਾਗਰ ਨੇ ਕਿਹਾ ਕਿ ਉਹ ਇਸ ਕਾਵਿ ਸੰਗ੍ਰਹਿ ਨੂੰ ਸਪਾਂਸਰ ਕਰਨਗੇ। ਸੁਖਦੇਵ ਸਾਹਿਲ ਵੱਲੋਂ 'ਅਵਤਾਰ ਰੈਕਰਡਜ਼' ਦੀ ਦੇਖ ਰੇਖ ਹੇਠ ਵਿਪਸਾ ਮੈਂਬਰਾਂ ਦੇ ਗੀਤਾਂ/ਗ਼ਜ਼ਲਾਂ ਦੀ ਆਡੀਓ/ਵੀਡੀਓ ਤਿਆਰ ਕੀਤੀ ਜਾਵੇਗੀ।

ਇਸ ਉਪਰੰਤ ਪੰਜਾਬ ਲੋਕ ਰੰਗ ਦੇ ਨਿਰਦੇਸ਼ਕ ਅਤੇ ਰੰਗਕਰਮੀ ਸੁਰਿੰਦਰ ਸਿੰਘ ਧਨੋਆ ਸਭ ਦੇ ਰੂ ਬ ਰੂ ਹੋਏ। ਉਨ੍ਹਾਂ ਬੜੇ ਉਤਸ਼ਾਹ ਨਾਲ ਦੱਸਿਆ ਕਿ ਉਹ ਪੰਜਾਬ ਵਿੱਚ 'ਜ਼ਫਰਨਾਮਾ' ਨਾਟਕ ਦੇ ਉੱਨੀ ਸਫ਼ਲ ਸ਼ੋਅ ਕਰਕੇ ਵਾਪਸ ਪਰਤੇ ਹਨ। ਪੰਜਾਬ ਫੇਰੀ ਤੋਂ ਪਹਿਲਾਂ ਇਸ ਨਾਟਕ ਦੇ ਪੰਜੀ ਸ਼ੋਅ ਅਮਰੀਕਾ ਅਤੇ ਕੈਨੇਡਾ ਵਿੱਚ ਕਰ ਚੁੱਕੇ ਹਨ ਅਤੇ ਪੰਤਾਲੀਵਾਂ ਸ਼ੋਅ 22 ਮਾਰਚ, 2025 ਨੂੰ ਰੋਜ਼ਵਿਲ ਵਿਖੇ ਹੋਣ ਜਾਣ ਰਿਹਾ ਹੈ। ਉਨ੍ਹਾਂ ਪੰਜਾਬ ਫੇਰੀ ਬਾਰੇ ਕਿਹਾ ਕਿ ਉਨ੍ਹਾਂ ਨਾਟਕ ਦਾ ਆਗਾਜ਼ ਅਨੰਦਪੁਰ ਸਾਹਿਬ ਤੋਂ ਗਿਆਨੀ ਸੁਲਤਾਨ ਸਿੰਘ ਅਤੇ ਗੁਰਦੁਆਰਾ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਸਾਹਿਬ ਜੋਗਿੰਦਰ ਸਿੰਘ ਦੇ ਸਹਿਯੋਗ ਨਾਲ ਕੀਤਾ। ਉਸ ਤੋਂ ਬਾਅਦ ਉਸ ਰਹਿਬਰ ਦੀ ਬਖ਼ਸ਼ਿਸ਼ ਨਾਲ ਪੰਜਾਬ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿੱਚ ਨਾਟਕ ਖੇਡਦੇ ਹੋਏ ਪ੍ਰੋ. ਸੁਰਿੰਦਰ ਸੀਰਤ ਦੇ ਯਤਨਾਂ ਨਾਲ ਜੰਮੂ ਪਹੁੰਚੇ। ਜਿੱਥੇ ਉਨ੍ਹਾਂ ਨੂੰ ਸੂਝਵਾਨ ਦਰਸ਼ਕ ਮਿਲੇ। ਉਨ੍ਹਾਂ ਦੇ ਸ਼ੋਅ ਵਿੱਚ 6000 ਤੋਂ ਲੈ ਕੇ 22000 ਤੱਕ ਦਰਸ਼ਕ ਪਹੁੰਚਦੇ ਰਹੇ। ਸ਼ੋਅ ਨੂੰ ਦਰਸ਼ਕਾਂ ਵਲੋਂ ਭਰਵਾਂ ਹੁੰਗਾਰਾ ਮਿਲਦਾ ਰਿਹਾ ਅਤੇ ਸਾਡੀ ਟੀਮ ਦਾ ਉਤਸ਼ਾਹ ਵੀ ਵੱਧਦਾ ਰਿਹਾ। ਉਨ੍ਹਾਂ ਨੇ ਅਨੁਭਵ ਕੀਤਾ ਕਿ ਪੰਜਾਬ ਵਿੱਚ ਸਿੱਖ ਇਤਿਹਾਸ ਨਹੀਂ ਪੜ੍ਹਾਇਆ ਜਾ ਰਿਹਾ। ਬੱਚੇ ਚਾਰ ਸਾਹਿਬਜ਼ਾਦਿਆਂ ਦੇ ਨਾਵਾਂ ਤੋਂ ਵਾਕਫ਼ ਨਹੀਂ। ਦਰਸ਼ਕ ਮੋਤੀ ਮਹਿਰਾ ਬਾਰੇ ਨਹੀਂ ਜਾਣਦੇ। ਉਨ੍ਹਾਂ ਡਾ. ਆਤਮ ਰੰਧਾਵਾ, ਡਾ. ਮਨੋਜੀਤ ਅਤੇ ਬਲਜੀਤ ਕੌਰ ਦਾ ਪ੍ਰਾਹੁਣਾਚਾਰੀ ਲਈ ਵਿਸ਼ੇਸ਼ ਜ਼ਿਕਰ ਕੀਤਾ। ਖੁਮਾਣੋਂ ਦੇ ਡੀ ਆਈ ਜੀ ਨਵਦੀਪ ਸਿੱਧੂ ਸੁਰੱਖਿਆ ਜਾਇਜ਼ਾ ਲੈਣ ਆਏ ਨਾਟਕ ਤੋਂ ਪ੍ਰਭਾਵਿਤ ਹੋਏ। ਪਾਕਿਸਤਾਨ ਫੇਰੀ ਦੌਰਾਨ ਲਹਿੰਦੇ ਪੰਜਾਬ ਵਿੱਚ ਦਿਆਲ ਸਿੰਘ ਕਾਲਜ ਅਤੇ ਲਾਇਬ੍ਰੇਰੀ ਤੋਂ ਪ੍ਰਭਾਵਿਤ ਹੋਏ। ਪੰਜਾਬ ਲੋਕ ਰੰਗ ਅਤੇ ਵਿਪਸਾ ਦੇ ਮੈਂਬਰ ਮੁਕੇਸ਼ ਸ਼ਰਮਾ ਅਤੇ ਜਸਵਿੰਦਰ ਕੌਰ ਧਨੋਆ ਨੇ ਵੀ ਆਪਣੇ ਅਨੁਭਵ ਸਾਂਝੇ ਕੀਤੇ। ਵਿਪਸਾ ਮੈਂਬਰਾਂ ਵੱਲੋਂ ਉਨ੍ਹਾਂ ਦਾ ਕਰਮ ਭੂਮੀ 'ਤੇ ਵਾਪਸ ਪਰਤਣ 'ਤੇ ਨਿੱਘਾ ਸੁਆਗਤ ਕੀਤਾ ਗਿਆ ਅਤੇ ਇਸ ਸਫ਼ਲਤਾ ਲਈ ਵਧਾਈ ਦਿੱਤੀ ਗਈ। ਤਾਰਾ ਸਾਗਰ ਨੇ ਸੁਰਿੰਦਰ ਧਨੋਆ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਕੈਲੀਫ਼ੋਰਨੀਆ ਦੇ ਪੰਜਾਬੀ ਭਾਈਚਾਰੇ ਨੂੰ ਵੱਡੀ ਦੇਣ ਹੈ। ਦੂਜੇ ਸੈਸ਼ਨ ਵਿੱਚ ਕਵੀ ਦਰਬਾਰ ਹੋਇਆ ਜਿਸ ਵਿੱਚ ਅਮਰ ਸੂਫ਼ੀ, ਮੁਕੇਸ਼ ਸ਼ਰਮਾ, ਤਾਰਾ ਸਿੰਘ ਸਾਗਰ, ਸੁਖਪਾਲ ਸੰਘੇੜਾ, ਗੁਲਸ਼ਨ ਦਿਆਲ, ਦਾ. ਸੁਖਵਿੰਦਰ ਕੰਬੋਜ, ਅਮਰਜੀਤ ਕੌਰ ਪੰਨੂ, ਡਾ. ਸੁਖਪਾਲ ਸੰਘੇੜਾ, ਚਰਨਜੀਤ ਸਿੰਘ ਪੰਨੂ, ਕੁਲਵਿੰਦਰ ਅਤੇ ਪ੍ਰੋ. ਸੁਰਿੰਦਰ ਸੀਰਤ ਨੇ ਆਪਣੇ ਕਲਾਮ ਪੇਸ਼ ਕੀਤੇ। ਸਾਹਿਲ ਨੇ ਤਿਆਰੀ ਅਧੀਨ ਐਲਬਮ ਵਿੱਚੋਂ ਜਗਜੀਤ ਨੌਸ਼ਹਿਰਵੀ, ਡਾ. ਸੁਖਵਿੰਦਰ ਕੰਬੋਜ, ਪ੍ਰੋ. ਸੁਰਿੰਦਰ ਸੀਰਤ, ਲਾਜ ਨੀਲਮ ਸੈਨੀ ਅਤੇ ਕੁਲਵਿੰਦਰ ਦੀਆਂ ਗ਼ਜ਼ਲਾਂ ਅਤੇ ਗੀਤਾਂ ਦੇ ਮੁਖੜੇ ਸੁਰ ਬੱਧ ਕੀਤੇ।

**ਰਿਪੋਰਟ: ਲਾਜ ਨੀਲਮ ਸੈਨੀ**
**ਫ਼ੋਨ: 510-502-0551**

# ਅਮਰੀਕਾ ਦੇ 6 ਸੰਸਦ ਮੈਂਬਰਾਂ ਨੇ ਅਡਾਨੀ ਵਿਰੁੱਧ ਮੁਕੱਦਮੇ ਸਬੰਧੀ ਨਵੇਂ ਅਟਾਰਨੀ ਜਨਰਲ ਨੂੰ ਲਿਖਿਆ ਪੱਤਰ

ਵਾਸ਼ਿੰਗਟਨ : ਅਮਰੀਕਾ ਦੇ 6 ਸੰਸਦ ਮੈਂਬਰਾਂ ਨੇ ਨਵੇਂ ਨਿਯੁਕਤ ਅਟਾਰਨੀ ਜਨਰਲ ਨੂੰ ਅਮਰੀਕੀ ਨਿਆਂ ਵਿਭਾਗ (ਡੀਓਜੇ) ਵੱਲੋਂ ਲਏ ਗਏ 'ਸ਼ੱਕੀ' ਫੈਸਲਿਆਂ ਵਿਰੁੱਧ ਇੱਕ ਪੱਤਰ ਲਿਖਿਆ ਹੈ। ਇਨ੍ਹਾਂ ਵਿੱਚ ਕਥਿਤ ਰਿਸ਼ਵਤਖੋਰੀ ਘੁਟਾਲੇ ਵਿੱਚ ਉਦਯੋਗਪਤੀ ਗੌਤਮ ਅਡਾਨੀ ਦੇ ਸਮੂਹ ਵਿਰੁੱਧ ਮੁਕੱਦਮਾ ਵੀ ਸ਼ਾਮਲ ਹੈ। ਪੱਤਰ ਵਿੱਚ, ਸੰਸਦ ਮੈਂਬਰਾਂ ਨੇ ਚਿੰਤਾ ਜ਼ਾਹਰ ਕੀਤੀ ਕਿ ਇਸ ਨਾਲ ਨਜ਼ਦੀਕੀ ਸਹਿਯੋਗੀ ਭਾਰਤ ਨਾਲ ਸਬੰਧ ਖਤਰੇ ਵਿੱਚ ਪੈ ਸਕਦੇ ਹਨ।

ਲਾਂਸ ਗੁਡੇਨ, ਪੈਟ ਫੈਲਨ, ਮਾਈਕ ਹੈਰੀਡੋਪੋਲੋਸ, ਬ੍ਰੈਂਡਨ ਗਿੱਲ, ਵਿਲੀਅਮ ਆਰ. ਟਿੰਮਸ ਅਤੇ ਬ੍ਰਾਇਨ ਬਾਬਿਨ ਨੇ 10 ਫਰਵਰੀ ਨੂੰ ਅਮਰੀਕੀ ਅਟਾਰਨੀ ਜਨਰਲ ਪਾਮੇਲਾ ਬੋਂਦੀ ਨੂੰ ਇੱਕ ਪੱਤਰ ਲਿਖਿਆ ਜਿਸ ਵਿੱਚ 'ਜੋਅ ਬਾਈਡੇਨ ਪ੍ਰਸ਼ਾਸਨ ਦੇ ਅਧੀਨ ਡੀਓਜੇ ਵੱਲੋਂ ਲਏ ਗਏ ਕੁਝ ਸ਼ੱਕੀ ਫੈਸਲਿਆਂ ਵੱਲ' ਧਿਆਨ ਖਿੱਚਿਆ ਗਿਆ।

ਅਮਰੀਕੀ ਵਕੀਲਾਂ ਨੇ ਉਦਯੋਗਪਤੀ ਗੌਤਮ ਅਡਾਨੀ 'ਤੇ ਭਾਰਤ ਵਿੱਚ ਸੂਰਜੀ ਊਰਜਾ ਦੇ ਠੇਕੇ ਪ੍ਰਾਪਤ ਕਰਨ ਲਈ ਅਨੁਕੂਲ ਸ਼ਰਤਾਂ ਦੇ ਬਦਲੇ ਭਾਰਤੀ ਅਧਿਕਾਰੀਆਂ ਨੂੰ 25 ਕਰੋੜ ਡਾਲਰ ਦੀ ਰਿਸ਼ਵਤ ਦੇਣ ਦਾ ਦੋਸ਼ ਲਗਾਇਆ ਹੈ।

ਸਰਕਾਰੀ ਵਕੀਲਾਂ ਨੇ ਦੋਸ਼ ਲਗਾਇਆ ਹੈ ਕਿ ਇਹ ਜਾਣਕਾਰੀ ਅਮਰੀਕੀ ਬੈਂਕਾਂ ਅਤੇ ਨਿਵੇਸ਼ਕਾਂ ਤੋਂ ਲੁਕਾਈਗਈ ਸੀ, ਜਿਨ੍ਹਾਂ ਤੋਂ ਅਡਾਨੀ ਸਮੂਹ ਨੇ ਇਸ ਪ੍ਰੋਜੈਕਟ ਲਈ ਅਰਬਾਂ ਡਾਲਰ ਇਕੱਠੇ ਕੀਤੇ ਸਨ। ਅਮਰੀਕੀ ਕਾਨੂੰਨ ਵਿਦੇਸ਼ੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਪੈਰਵੀ ਕਰਨ ਦੀ ਇਜਾਜ਼ਤ ਦਿੰਦਾ ਹੈ ,ਬਸ਼ਰਤੇ ਕਿ ਉਹਨਾਂ ਦਾ ਅਮਰੀਕੀ ਨਿਵੇਸ਼ਕਾਂ ਜਾਂ ਬਾਜ਼ਾਰਾਂ ਨਾਲ ਕੋਈ ਸਬੰਧ ਹੋਵੇ। ਹਾਲਾਂਕਿ, ਅਡਾਨੀ ਗਰੁੱਪ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ।




ਬ੍ਰਹਮਨ ਬੈਸ ਸੂਦ ਅਰੁ ਖਤ੍ਰੀ, ਡੋਮ ਚੰਡਾਰ, ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ, ਆਪ ਤਾਰਿ ਤਾਰੇ ਕੁਲ ਦੋਇ ॥
ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ
ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀਆਂ ਸਮੂਹ ਲੋਕਾਈ ਨੂੰ
ਲੱਖ-ਲੱਖ ਵਧਾਈਆਂ
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ
ਸ੍ਰੀ ਰਾਮ ਸਰੋਏ, ਸ੍ਰੀ ਸਤਿੰਦਰ ਸਰੋਏ ਅਤੇ ਸਰੋਏ ਪਰਿਵਾਰ
ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ
ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ.) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ

# ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਸਮਾਪਤ

## • ਤਿੰਨ ਮੈਂਬਰੀ ਜਾਂਚ ਕਮੇਟੀ ਨੇ ਜਥੇਦਾਰ ਨੂੰ ਦਿੱਤਾ ਦੋਸ਼ੀ ਕਰਾਰ

### ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨਿਭਾਉਣਗੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਸੇਵਾਵਾਂ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਹੋਈ ਮੀਟਿੰਗ ਵਿੱਚ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਗਈਆਂ। ਉਨ੍ਹਾਂ ਦੀ ਥਾਂ ’ਤੇ ਤਖ਼ਤ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੂੰ ਜਥੇਦਾਰ ਦੇ ਅਧਿਕਾਰ ਖੇਤਰ ਵਾਲੀਆਂ ਸੇਵਾਵਾਂ ਕਾਰਜਕਾਰੀ ਤੌਰ ’ਤੇ ਨਿਭਾਉਣ ਲਈ ਸੌਂਪ ਦਿੱਤੀਆਂ ਗਈਆਂ ਹਨ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਬਾਅਦ ਦੁਪਹਿਰ 2 ਵਜੇ ਸ਼ੁਰੂ ਹੋਈ, ਜਿਸ ਦੀ ਪ੍ਰਧਾਨਗੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਬਿਆਨ ਜਾਰੀ ਕਰਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰ ਦੇ ਅਹੁਦੇ ਤੋਂ ਹਟਾਉਣ ਦੀ ਜਾਣਕਾਰੀ ਦਿੱਤੀ ਜਦਕਿ ਪ੍ਰਧਾਨ ਧਾਮੀ ਨੇ ਮੀਡੀਆ ਤੋਂ ਦੂਰੀ ਬਣਾਈ ਰੱਖੀ। ਸਕੱਤਰ ਨੇ ਦੱਸਿਆ ਕਿ ਮੀਟਿੰਗ ਵਿੱਚ ਸ਼ਾਮਲ ਵਿਰੋਧੀ ਧਿਰ ਨਾਲ ਸਬੰਧਤ ਤਿੰਨ ਮੈਂਬਰਾਂ ਜਸਵੰਤ ਸਿੰਘ ਪੁੜੈਨ, ਅਮਰੀਕ ਸਿੰਘ ਸ਼ਾਹਪੁਰ ਅਤੇ ਪਰਮਜੀਤ ਸਿੰਘ ਰਾਏਪੁਰ ਨੇ ਫ਼ੈਸਲੇ ਦਾ ਵਿਰੋਧ ਕੀਤਾ। ਉਨ੍ਹਾਂ ਫ਼ੈਸਲੇ ’ਤੇ ਇਤਰਾਜ਼ ਸਬੰਧੀ ਆਪਣਾ ਲਿਖਤੀ ਨੋਟ ਵੀ ਦਰਜ ਕਰਾਇਆ ਹੈ। ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਜਥੇਦਾਰ ਨੂੰ ਹਟਾਉਣ ਦਾ ਫ਼ੈਸਲਾ ਬਹੁਮਤ ਦੇ ਆਧਾਰ ’ਤੇ ਕੀਤਾ ਗਿਆ। ਇਸ ਤੋਂ ਪਹਿਲਾਂ ਤਿੰਨ ਮੈਂਬਰੀ ਜਾਂਚ ਕਮੇਟੀ ਨੇ ਆਪਣੀ ਰਿਪੋਰਟ ਅੱਜ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਪੇਸ਼ ਕੀਤੀ ਸੀ, ਜਿਸ ’ਤੇ ਵਿਚਾਰ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖਤਮ ਕੀਤੀਆਂ ਗਈਆਂ ਹਨ। ਪ੍ਰਤਾਪ ਸਿੰਘ ਨੇ ਕਿਹਾ ਕਿ ਜਾਂਚ ਰਿਪੋਰਟ ਵਿੱਚ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਲੱਗੇ ਦੋਸ਼ ਸਾਬਤ ਹੋਏ ਹਨ ਅਤੇ ਅਤੇ ਤਖ਼ਤ ਦੀ ਮਾਣ-ਮਰਿਆਦਾ ਨੂੰ ਠੇਸ ਪਹੁੰਚਾਉਣ ਕਾਰਨ ਅੰਤ੍ਰਿੰਗ ਕਮੇਟੀ ਵੱਲੋਂ ਇਹ ਕਾਰਵਾਈ ਕੀਤੀ ਗਈ ਹੈ। ਮੀਟਿੰਗ ਦੌਰਾਨ ਲਏ ਹੋਰ ਫ਼ੈਸਲਿਆਂ ਬਾਰੇ ਸਕੱਤਰ ਨੇ ਦੱਸਿਆ ਕਿ ਬੀਤੇ ਦਿਨੀਂ ਗੁਰਦੁਆਰਾ ਕੰਧ ਸਾਹਿਬ ਬਟਾਲਾ ਵਿਖੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਕਰਦਿਆਂ ਡਿੱਗਣ ਕਾਰਨ ਅਕਾਲ ਚਲਾਣਾ ਕਰ ਗਏ ਸਤਨਾਮ ਸਿੰਘ ਦੇ ਪਰਿਵਾਰ ਨੂੰ 2 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬਾਨ ਵਿੱਦਿਅਕ ਅਦਾਰੇ ਟਰਸਟ ਵਿਭਾਗ, ਸ਼੍ਰੋਮਣੀ ਕਮੇਟੀ ਨਾਲ ਸਬੰਧਤ ਹੋਰ ਕਾਰਜਾਂ ਦੇ ਮਾਮਲੇ ਵਿਚਾਰੇ ਗਏ ਅਤੇ ਉਨ੍ਹਾਂ ਦਾ ਸਰਲੀਕਰਨ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਉਨ੍ਹਾਂ ਦੇ ਰਿਸ਼ਤੇਦਾਰ ਵੱਲੋਂ ਗੰਭੀਰ ਦੋਸ਼ ਲਾਏ ਗਏ ਸਨ। ਉਸ ਨੇ ਦੋਸ਼ਾਂ ਸਬੰਧੀ ਸ਼ਿਕਾਇਤ ਪੱਤਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਵੀ ਸੌਂਪਿਆ ਸੀ। ਇਸ ਪੱਤਰ ਦੇ ਆਧਾਰ ’ਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰਕੇ ਮਾਮਲੇ ਦੀ ਜਾਂਚ ਕਰਾਉਣ ਦਾ ਫ਼ੈਸਲਾ ਲਿਆ ਗਿਆ ਸੀ। ਜਾਂਚ ਦੌਰਾਨ ਸ਼੍ਰੋਮਣੀ ਕਮੇਟੀ ਨੇ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ’ਤੇ ਰੋਕ ਲਗਾ ਦਿੱਤੀ ਸੀ। ਉਧਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ’ਤੇ ਲੱਗੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਸੀ। ਉਨ੍ਹਾਂ ਤਖ਼ਤ ਦਮਦਮਾ ਸਾਹਿਬ ’ਤੇ ਗੁਰੂ ਸਾਹਿਬ ਦੀ ਹਜ਼ੂਰੀ ਅਤੇ ਪੰਜ ਪਿਆਰਿਆਂ ਦੀ ਹਾਜ਼ਰੀ ਵਿੱਚ ਸੰਗਤ ਦੇ ਸਾਹਮਣੇ ਆਪਣਾ ਸਪੱਸ਼ਟੀਕਰਨ ਵੀ ਦਿੱਤਾ ਸੀ। ਗਿਆਨੀ ਹਰਪ੍ਰੀਤ ਸਿੰਘ ਦੀ ਇੱਕ ਮੀਟਿੰਗ ਦੌਰਾਨ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨਾਲ ਵੀ ਤਿੱਖੀ ਬਹਿਸ ਹੋਈ ਸੀ।

## ਮੈਨੂੰ 2 ਦਸੰਬਰ ਨੂੰ ਹੀ ਅਹਿਸਾਸ ਹੋਣ ਲੱਗ ਗਿਆ ਸੀ : ਜਥੇਦਾਰ ਗਿਆਨੀ ਹਰਪ੍ਰੀਤ ਸਿੰਘ

### ਇਹ ਧੱਕਾ ਪਹਿਲਾ ਨਹੀਂ ਹੋਇਆ : ਗਿਆਨੀ ਹਰਪ੍ਰੀਤ ਸਿੰਘ



ਤਲਵੰਡੀ ਸਾਬੋ : ਸ਼੍ਰੋਮਣੀ ਕਮੇਟੀ ਵਲੋਂ ਅੱਜ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੱਦੀ ਅੰਤ੍ਰਿਮ ਕਮੇਟੀ ਦੀ ਇਕੱਤਰਤਾ ਦੌਰਾਨ ਸਿੰਘ ਸਾਹਿਬ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੀਆਂ ਸੇਵਾਵਾਂ ਤੋਂ ਹਟਾ ਦਿੱਤੇ ਜਾਣ ਦੇ ਫ਼ੈਸਲੇ ’ਤੇ ਪ੍ਰਤੀਕਰਮ ਦਿੰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੈਨੂੰ ਤਾਂ ਦੋ ਦਸੰਬਰ ਤੋਂ ਬਾਅਦ ਹੀ ਸੇਵਾਵਾਂ ਖ਼ਤਮ ਕਰ ਦਿੱਤੇ ਜਾਣ ਬਾਰੇ ਅਹਿਸਾਸ ਹੋਣ ਲੱਗ ਪਿਆ ਸੀ। ਇਥੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਸਿੰਘ ਸਾਹਿਬ ਨੇ ਕਿਹਾ ਕਿ ਭਾਵੇਂ ਉਹ ਅਜੇ ਪੂਰੀ ਗੱਲ ਉਦੋਂ ਹੀ ਕਰਨਗੇ ਜਦੋਂ ਅੰਤ੍ਰਿੰਗ ਕਮੇਟੀ ’ਚ ਪਾਸ ਕੀਤਾ ਗਿਆ ਮਤਾ ਉਨ੍ਹਾਂ ਕੋਲ ਪੁੱਜ ਜਾਵੇਗਾ ਪਰ ਇੰਨਾ ਜ਼ਰੂਰ ਹੈ ਕਿ ਅੱਜ ਦੇ ਫ਼ੈਸਲੇ ਦੀ ਉਨ੍ਹਾਂ ਨੂੰ ਕੋਈ ਹੈਰਾਨੀ ਨਹੀਂ ਅਤੇ ਹੁਣ ਸਗੋਂ ਉਹ ਪੰਥ ਦੀ ਗੱਲ ਹੋਰ ਬੇਬਾਕੀ ਨਾਲ ਕਰ ਸਕਣਗੇ। ਫ਼ੈਸਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਉੱਪਰ ਕਿਸੇ ਕਿਸਮ ਦੇ ਦਬਾਅ ਦੇ ਸਵਾਲ ਤੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਖ਼ਬਰਾਂ ਜ਼ਰੂਰ ਸੁਣਨ ਨੂੰ ਮਿਲ ਰਹੀਆਂ ਹਨ ਕਿ ਸ਼੍ਰੋਮਣੀ ਕਮੇਟੀ ’ਤੇ ਦਬਾਅ ਸੀ ਅਤੇ ਇਹ ਦਬਾਅ ਅਕਾਲ ਪੁਰਖ ਦਾ ਤਾਂ ਨਹੀਂ ਸੀ ਲਾਜ਼ਮੀ ਹੈ ਕਿ ਸਿਆਸੀ ਸੀ। ਜਥੇਦਾਰ ਅਕਾਲ ਤਖ਼ਤ ਸਾਹਿਬ ਵਲੋਂ ਉਨ੍ਹਾਂ ਖ਼ਿਲਾਫ਼ ਜਾਂਚ ਕਮੇਟੀ ਬਣਾਉਣ ਦਾ ਵਿਰੋਧ ਕਰਨ ਦੇ ਬਾਵਜੂਦ ਅੱਜ ਅਚਾਨਕ ਫ਼ੈਸਲਾ ਆ ਜਾਣ ਬਾਰੇ ਪੁੱਛੇ ਜਾਣ ’ਤੇ ਉਨ੍ਹਾਂ ਕਿਹਾ ਕਿ ਜਦੋਂ ਧੱਕਾ ਕਰਨਾ ਹੋਵੇ ਜਾਂ ਇਹ ਧਾਰ ਲਿਆ ਜਾਵੇ ਕਿ ਇਸ ਨੂੰ ਕੱਢਣਾ ਹੀ ਹੈ ਤਾਂ ਫਿਰ ਮਰਯਾਦਾ ਜਾਂ ਨਿਯਮ/ਕਾਨੂੰਨ ਨੂੰ ਕੌਣ ਦੇਖਦਾ ਹੈ। ਗੱਲਬਾਤ ਦੌਰਾਨ ਸਿੰਘ ਸਾਹਿਬ ਨੇ ਅੱਗੇ ਕਿਹਾ ਕਿ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਨਾਲ ਧੱਕੇ ਦੀ ਇਹ ਪਹਿਲੀ ਮਿਸਾਲ ਨਹੀਂ ਸਗੋਂ ਪਹਿਲਾਂ ਵੀ ਅਜਿਹਾ ਹੁੰਦਾ ਰਿਹਾ ਹੈ ਅਤੇ ਉਦੋਂ ਤੱਕ ਹੁੰਦਾ ਰਹੇਗਾ ਜਦੋਂ ਤੱਕ ਸਿਆਸੀ ਦਬਾਅ ਤੋਂ ਸਾਡੀਆਂ ਸੰਸਥਾਵਾਂ ਮੁਕਤ ਨਹੀਂ ਹੁੰਦੀਆਂ।

## ਸ਼ਾਮ ਸਿੰਘ ਅਟਾਰੀ ਦੇ ਸ਼ਹੀਦੀ ਦਿਵਸ ਮੌਕੇ ਰਾਜ ਪੱਧਰੀ ਸਮਾਗਮ

### ਮੇਅਰ ਨੇ ਝੰਡੀ ਦਿਖਾ ਕੇ ਸਾਈਕਲ ਰੈਲੀ ਕੀਤੀ ਰਵਾਨਾ; ਸ਼ਹੀਦ ਦੇ ਪਰਿਵਾਰਕ ਮੈਂਬਰਾਂ ਦਾ ਸਨਮਾਨ



ਅੰਮ੍ਰਿਤਸਰ : ਸਿੱਖ ਕੌਮ ਦੇ ਮਹਾਨ ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ ਦਾ 179ਵਾਂ ਸ਼ਹੀਦੀ ਦਿਹਾੜਾ ਸਰਕਾਰ ਵੱਲੋਂ ਅੱਜ ਉਨ੍ਹਾਂ ਦੀ ਅਟਾਰੀ ਸਥਿਤ ਸਮਾਧ ’ਤੇ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਸਿੱਖ ਜਰਨੈਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਵਿਧਾਇਕ ਜਸਵਿੰਦਰ ਸਿੰਘ ਰਮਦਾਸ ਨੇ ਕਿਹਾ ਕਿ ਸ਼ਾਮ ਸਿੰਘ ਅਟਾਰੀਵਾਲਾ ਸਿੱਖ ਕੌਮ ਦੇ ਮਹਾਨ ਜਰਨੈਲ ਹੋਏ ਹਨ। ਉਨ੍ਹਾਂ ਨੇ 10 ਫਰਵਰੀ 1846 ਨੂੰ ਸਭਰਾਵਾਂ ਦੀ ਜੰਗ ਵਿਚ ਜਿਸ ਬਹਾਦਰੀ ਨਾਲ ਅੰਗਰੇਜ਼ੀ ਫੌਜਾਂ ਦਾ ਮੁਕਾਬਲਾ ਕਰਕੇ ਸ਼ਹਾਦਤ ਦਾ ਜਾਮ ਪੀਤਾ ਉਹ ਆਪਣੇ ਆਪ ਵਿਚ ਮਿਸਾਲ ਹੈ। ਉਨ੍ਹਾਂ ਕਿਹਾ ਕਿ ਅਟਾਰੀ ਪਿੰਡ ਨੂੰ ਨਵਾਂ ਰੂਪ ਦਿੱਤਾ ਜਾਵੇਗਾ ਤਾਂ ਜੋ ਰੀਟਰੀਟ ਦੇਖਣ ਆਉਣ ਵਾਲੇ ਯਾਤਰੂ ਅਟਾਰੀਵਾਲਾ ਦੀ ਸਮਾਧ ’ਤੇ ਆਉਣ ਅਤੇ ਆਪਣੇ ਬੱਚਿਆਂ ਨੂੰ ਉਨ੍ਹਾਂ ਦੀ ਸ਼ਹਾਦਤ ਬਾਰੇ ਦੱਸਣ। ਇਸ ਮੌਕੇ ਅਟਾਰੀ ਸਮਾਧ ਵਿਖੇ ਅਖੰਡ ਪਾਠ ਦੇ ਭੋਗ ਪਾ ਕੇ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਸ਼ਾਮ ਸਿੰਘ ਅਟਾਰੀਵਾਲਾ ਦੇ ਪਰਿਵਾਰਕ ਮੈਂਬਰਾਂ ਦਾ ਸਨਮਾਨ ਕੀਤਾ ਗਿਆ। ਇਸ ਤੋਂ ਪਹਿਲਾਂ ਇੰਡੀਆ ਗੇਟ ਤੋਂ ਅਦਾਕਾਰਾ ਗੁਲਪਨਾਗ ਵੱਲੋਂ ਅੰਮ੍ਰਿਤਸਰ ਤੋਂ ਅਟਾਰੀ ਤੱਕ ਸਾਈਕਲ ਰੈਲੀ ਕੱਢੀ, ਜਿਸ ਨੂੰ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ, ਡੀਸੀ ਸ੍ਰੀਮਤੀ ਸਾਕਸ਼ੀ ਸਾਹਨੀ, ਬ੍ਰਿਗੇਡੀਅਰ ਯੋਗੇਸ਼ ਸ਼ਰਮਾ, ਸੌਰਵ ਜਾਮਵਾਲ ਨੇ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਡੀਸੀ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਇਕ ਯੋਜਨਾ ਤਿਆਰ ਕੀਤੀ ਜਾ ਰਹੀ ਹੈ ਜਿਸ ਤਹਿਤ ਅਟਾਰੀ ਬਾਰਡਰ ’ਤੇ ਜਾਣ ਵਾਲੇ ਯਾਤਰੂਆਂ ਨੂੰ ਸ਼ਹੀਦ ਸ਼ਾਮ ਸਿੰਘ ਅਟਾਰੀਵਾਲਾ ਦੇ ਸਮਾਰਕ ਬਾਰੇ ਜਾਣਕਾਰੀ ਮਿਲੇਗੀ। ਇਸ ਮੌਕੇ ਅਟਾਰੀ ਵਾਲਾ ਪਰਿਵਾਰ ਦੇ ਮੈਂਬਰ ਬਰਿੰਦਰ ਸਿੰਘ, ਜਨਰਲ ਸਕੱਤਰ ਹਰਪ੍ਰੀਤ ਸਿੰਘ ਸਿੱਧੂ, ਬੀਬਾ ਅਮਿਤੇਸ਼ਵਰ ਕੌਰ, ਦਿਨੇਸ਼ ਸਿੰਘ ਸਿੱਧੂ ਆਦਿ ਹਾਜ਼ਰ ਸਨ।

## 2 ਦਸੰਬਰ ਦੇ ਸੁਣਾਏ ਗਏ ਫੈਸਲਿਆਂ ਤੋਂ ਬਾਅਦ ਬਾਦਲ ਦਲ ਹੋ ਚੁੱਕਾ ਹੈ ਭਗੌੜਾ : ਗਿਆਨੀ ਹਰਪ੍ਰੀਤ ਸਿੰਘ



ਫਰੀਦਕੋਟ/ਕੋਟਕਪੂਰਾ : ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਵਲੋਂ ਕੌਮੀ ਪ੍ਰਧਾਨ ਭਾਈ ਦਲੇਰ ਸਿੰਘ ਡੋਡ ਅਤੇ ਸਰਪ੍ਰਸਤ ਭਾਈ ਮੇਜਰ ਸਿੰਘ ਖਾਲਸਾ ਦੀ ਅਗਵਾਈ ਹੇਠ ਬਰਾੜ ਨਿਵਾਸ ਫਰੀਦਕੋਟ ਵਿਖੇ ਕਰਵਾਏ ਗਏ ਦੂਜੇ ਸੈਮੀਨਾਰ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਸਾਬਕਾ ਜਥੇਦਾਰ ਤਖਤ ਦਮਦਮਾ ਸਾਹਿਬ ਨੇ ਖਰੀਆਂ-ਖਰੀਆਂ ਅਤੇ ਕੌੜੀਆਂ ਕੁਸੈਲੀਆਂ ਗੱਲਾਂ ਦੀ ਸਾਂਝ ਪਾਉਂਦਿਆਂ ਆਖਿਆ ਕਿ ਅਕਾਲ ਤਖਤ ਸਾਹਿਬ ਤੋਂ 2 ਦਸੰਬਰ ਨੂੰ ਸੁਣਾਏ ਗਏ ਫੈਸਲਿਆਂ ਤੋਂ ਬਾਦਲ ਦਲ ਭਗੌੜਾ ਹੋ ਚੁੱਕਾ ਹੈ ਪਰ ਉਸ ਨੂੰ ਮੁਗ਼ਲ ਕਾਲ ਵੇਲੇ ਤੋਂ ਲੈ ਕੇ ਅੱਜ ਤੱਕ ਦਾ ਇਤਿਹਸ ਪੜ੍ਹ ਲੈਣਾ ਚਾਹੀਦਾ ਹੈ ਕਿ ਜੋ ਅਕਾਲ ਤਖਤ ਨਾਲ ਮੱਥਾ ਲਾਉਂਦਾ ਹੈ, ਉਸਦਾ ਹਸ਼ਰ ਬਹੁਤ ਮਾੜਾ ਹੁੰਦਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਬਾਬੇ ਨਾਨਕ ਦੀਆਂ ਇਨਕਲਾਬੀ ਗੱਲਾਂ ਦੀਆਂ ਉਦਾਹਰਣਾਂ ਦਿੰਦਿਆਂ ਦੱਸਿਆ ਕਿ ਉਸ ਸਮੇਂ ਰਾਜਨੀਤਕ ਅਤੇ ਧਾਰਮਿਕ ਲੋਕ ਬਾਬੇ ਨਾਨਕ ਦੇ ਵਿਰੋਧੀ ਹੋ ਗਏ ਸਨ ਅਤੇ ਗੁਰੂ ਸਾਹਿਬਾਨ ਨੂੰ ਸੱਚ ਬੋਲਣ ਤੇ ਸਿਧਾਂਤਾਂ ’ਤੇ ਪਹਿਰਾ ਦੇਣ ਦਾ ਖਮਿਆਜਾ ਵੀ ਭੁਗਤਣਾ ਪਿਆ ਪਰ ਉਨ੍ਹਾਂ ਸੱਚ ਦਾ ਸਾਥ ਨਾ ਛੱਡਿਆ। ਉਨ੍ਹਾਂ ਕਿਸੇ ਅਕਾਲੀ ਆਗੂ ਦਾ ਨਾਂ ਲਏ ਬਿਨਾ ਆਖਿਆ ਕਿ ਉਨ੍ਹਾਂ ਧਾਰਮਿਕ ਸੇਵਾ ਵੀ ਹੰਕਾਰ ਨੂੰ ਮੁੱਖ ਰੱਖ ਕੇ ਕੀਤੀ, ਨਹੀਂ ਤਾਂ ਉਹ ਅਕਾਲ ਤਖਤ ਦੇ ਇਕ ਵੀ ਫੈਸਲੇ ਨੂੰ ਮੰਨਣ ਤੋਂ ਇਨਕਾਰੀ ਹੋ ਚੁੱਕੇ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ 2 ਦਸੰਬਰ ਦੇ ਫੈਸਲੇ ਸੁਣਾਉਣ ਤੋਂ ਪਹਿਲਾਂ ਲਿਖਤੀ ਰੂਪ ਵਿਚ ਆਦੇਸ਼ ਜਾਰੀ ਕੀਤਾ ਗਿਆ ਸੀ ਕਿ ਜੇਕਰ ਕੋਈ ਹੁੱਲੜਬਾਜ਼ੀ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਸ ਦਾ ਜ਼ਿੰਮੇਵਾਰ ਉਹ ਖ਼ੁਦ ਹੋਵੇਗਾ ਪਰ ਇਸ ਗੱਲ ਦੀ ਭਿਣਕ ਪੈ ਗਈ ਕਿ ਉਹ ਅਜੇ ਵੀ ਗੁੰਡਾ ਬ੍ਰਿਗੇਡ ਵੀ ਲਿਆ ਸਕਦੇ ਹਨ ਤਾਂ ਅਸੀਂ ਆਪਣੇ ਤੌਰ ’ਤੇ ਸੰਗਤ ਦੀ ਬਹੁਤਾਤ ਦਾ ਪ੍ਰਬੰਧ ਕਰ ਲਿਆ ਸੀ। ਇਸ ਦੌਰਾਨ ਜਥੇਦਾਰ ਹਰਪ੍ਰੀਤ ਸਿੰਘ ਨੇ ਸੁਖਬੀਰ ਸਿੰਘ ਬਾਦਲ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਜਿਸ ਸ੍ਰੀ ਗੁਰੂ ਗੋਬਿੰਦ ਸਿੰਘ ਕੋਲੋਂ ਥਾਪੜਾ ਲੈ ਕੇ ਕੋਈ ਬਚਿੱਤਰ ਸਿੰਘ ਆ ਗਿਆ ਤਾਂ ਸੱਤੇ ਚੀਰ ਕੇ ਤੇਰੀ ਗਿੱਚੀ ਰਾਹੀਂ ਬਾਹਰ ਕੱਢ ਦਊ। ਤੇ ਜਿਹੜੇ ਲੇਲੇ ਛੇੜੇ ਤੁਹਾਨੂੰ ਚੋਬਾਂ ਲਗਾ ਰਹੇ ਹਨ ਸਭ ਤੋਂ ਪਹਿਲਾਂ ਇਹ ਰਗੜੇ ਜਾਣਗੇ।



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

26.4.1936 ਨੂੰ ਸ਼ਾਮ ਦੇ ਸਵਾ ਛੇ ਵਜੇ ਪ੍ਰਧਾਨ ਸਾਹਿਬ ਜੀ ਨੇ ਐਲਾਨ ਕੀਤਾ ਕਿ ਹੇਠ ਲਿਖੇ ਸੱਜਣ ਗੁਰਦੁਆਰਾ ਐਕਟ ਦੀ ਦਫ਼ਾ 43 (1) (ਸ) ਅਨੁਸਾਰ ਸ਼੍ਰੋਮਣੀ ਕਮੇਟੀ ਦੀ ਮੈਂਬਰੀ ਲਈ ਕਾਮਯਾਬ ਹੋਏ ਹਨ :

1. ਸ੍ਰ. ਅਮਰ ਸਿੰਘ ਪ੍ਰੋਪਰਾਈਟਰ ਸ਼ੇਰੇ ਪੰਜਾਬ ਲਾਹੌਰ (ਪੰਜਾਬ)
2. ਸ੍ਰ. ਹਰਨਾਮ ਸਿੰਘ ਐਡਵੋਕੇਟ ਲਾਹੌਰ (ਪੰਜਾਬ)
3. ਗਿਆਨੀ ਕਰਤਾਰ ਸਿੰਘ ਲਾਇਲਪੁਰੀ (ਪੰਜਾਬ)
4. ਪ੍ਰੋਫੈਸਰ ਨਿਰੰਜਨ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ (ਪੰਜਾਬ), ਗੁਰਦੁਆਰਾ ਗਜ਼ਟ ਅੰਮ੍ਰਿਤਸਰ (52) ਮਈ 1936
5. ਮਾਸਟਰ ਤਾਰਾ ਸਿੰਘ (ਸਿੱਖ ਮਿਸ਼ਨਰੀ ਕਾਲਜ) ਅੰਮ੍ਰਿਤਸਰ (ਪੰਜਾਬ)
6. ਸ੍ਰ. ਅਵਤਾਰ ਸਿੰਘ ਬਾਰ-ਐਟ ਲਾਅ ਕੋਇਟਾ
7. ਸ਼. ਬ. ਭਗਤ ਸਿੰਘ ਰਿਟਾਇਰਡ ਇੰਜੀਨੀਅਰ, ਬਰੇਲੀ (ਯੂ.ਪੀ.)
8. ਸ. ਚਰਨ ਸਿੰਘ, ਵਡਾਲਾ ਚੌਰਾਂ, ਕਪੂਰਥਲਾ ਰਿਆਸਤ
9. ਸ੍ਰ. ਦਲੇਲ ਸਿੰਘ, ਫਗਵਾੜਾ, ਕਪੂਰਥਲਾ ਰਿਆਸਤ
10. ਸ੍ਰ. ਜਸਵੰਤ ਸਿੰਘ ਦਾਨੇਵਾਲ, ਰਿਆਤਸਸ ਬਹਾਵਲਪੁਰ
11. ਸ੍ਰ. ਕਰਤਾਰ ਸਿੰਘ ਦੀਵਾਨ, ਪਟਿਆਲਾ ਰਿਆਸਤ
12. ਸ੍ਰ. ਮੰਗਲ ਸਿੰਘ ਐਮ.ਐਲ.ਏ. ਦੇਹਲੀ
13. ਸ੍ਰ. ਨੰਦ ਸਿੰਘ ਸ਼ਾਹ, ਪੁਣਛ ਰਿਆਸਤ
14. ਗਿਆਨੀ ਸ਼ੇਰ ਸਿੰਘ, ਠੀਕਰੀਵਾਲਾ, ਪਟਿਆਲਾ ਰਿਆਸਤ।

ਇਸ ਉਪਰੰਤ ਇਕੱਤਰਤਾ ਸਮਾਪਤ ਹੋਈ।

ਮਿਤੀ 27.4.36

ਲਾਲ ਸਿੰਘ

ਅੰਤ੍ਰਿਮ ਕਮੇਟੀ ਦੀ ਇਕੱਤਰਤਾ ਮਿਤੀ 24.4.36 ਵਿਚੋਂ

270-ਸ੍ਰੀ ਦਰਬਾਰ ਸਾਹਿਬ ਕਮੇਟੀ ਅੰਮ੍ਰਿਤਸਰ ਦਾ ਮਤਾ ਨੰ. 596/5 ਮਿਤੀ 27.3.36 ਪੇਸ਼ ਹੋ ਕੇ ਸ੍ਰੀ ਗੁਰੂ ਸਿੰਘ ਸਭਾ ਢੁਡਿਆਲ ਨੂੰ 500 ਰੁਪਏ ਅੱਖਰੀ ਪੰਜ ਸੌ ਰੁਪਏ ਕੇਵਲ ਧਰਮ ਅਰਥ ਖਾਤੇ ਵਿਚੋਂ ਦਿੱਤੇ ਜਾਣ ਦੀ ਪ੍ਰਵਾਨਗੀ ਦਿੱਤੀ ਗਈ।




ਅੰਤ੍ਰਿਮ ਕਮੇਟੀ ਦੀ ਇਕੱਤਰਤਾ ਮਿਤੀ 26.4.36 ਵਿਚੋਂ

277-ਪ੍ਰਵਾਨ ਹੋਇਆ ਕਿ ਨਾਗਪਰ (ਸੀ.ਪੀ.) ਵਿਚ ਇਕ ਪ੍ਰਚਾਰ ਸੈਂਟਰ ਕਾਇਮ ਕੀਤਾ ਜਾਵੇ ਜਿਸ ਵਿਚ 2500/- ਅੱਖਰੀ ਢਾਈ ਹਜ਼ਾਰ ਰੁਪਏ ਤੱਕ ਸਲਾਨਾ ਖਰਚ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਸੈਂਟਰ ਲਈ ਭਾਈ ਨੌਰੰਗ ਸਿੰਘ (ਸ. ਸਿੱਖ ਮਿਸ਼ਨਰੀ ਕਾਲਜ ਦਾ ਪੁਰਾਣਾ ਵਿਦਿਆਰਥੀ) ਨੂੰ ਪ੍ਰਚਾਰਕ ਨੀਯਤ ਕੀਤਾ ਜਾਂਦਾ ਹੈ। ਸ੍ਰ. ਅਮਰ ਸਿੰਘ ਜੀ ਨਾਗਪੁਰ ਵਾਲੇ ਨੂੰ ਰੁ. 45/- ਅੱਖਰੀ 45 ਰੁਪਏ ਮਾਹਵਾਰ ਤੇ ਪ੍ਰਚਾਰਕ ਰੱਖਣ ਦਾ ਪ੍ਰਬੰਧ ਕੀਤਾ ਜਾਵੇ ਅਤੇ ਉਨ੍ਹਾਂ ਦੇ ਸਬੰਧੀ ਮਿ. ਹੀਰਾ ਲਾਲ ਨੂੰ ਦਫ਼ਤਰ ਦਾ ਕੰਮ ਕਰਨ ਵਾਸਤੇ ਲਗਾ ਕੇ ਇਸ ਕੰਮ ਦੇ ਇਵਜ਼ ਵਿਚ ਉਨ੍ਹਾਂ ਦੀ ਕਾਲਜ ਦੀ ਫੀਸ 'ਸਰਬ-ਹਿੰਦ ਪ੍ਰਚਾਰ ਫੰਡ' ਵਿਚੋਂ ਦਿੱਤੀ ਜਾਵੇ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (53) ਮਈ 1936

282-ਸਾਧੂ ਇਕਿਆਨੰਦ ਦੀ ਪੱਤ੍ਰਿਕਾ ਪ੍ਰੋਫੈਸਰ ਤੇਜਾ ਸਿੰਘ ਅਤੇ ਪ੍ਰਚਾਰ ਵਰਕਿੰਗ ਕਮੇਟੀ ਦੀ ਸਿਫਾਰਸ਼ ਸਮੇਤ ਪੇਸ਼ ਹੋਕੇ ਪ੍ਰਵਾਨ ਹੋਇਆ ਕਿ ਸਾਧੂ ਜੀ ਨੂੰ 1.4.36 ਤੋਂ 55-/ ਅੱਖਰੀ ਪਚਵੰਜਾ ਰੁਪਏ ਮਾਹਵਾਰ ਅਲਾਉਂਸ ਦਿੱਤਾ ਜਾਵੇ ਕਿਉਂਕਿ ਇਹ ਮਲਿਆਲਮ ਵਿਚ ਲਿਟਰੇਚਰ ਤਿਆਰ ਕਰਨ ਸਬੰਧੀ ਬੜਾ ਲਾਭਦਾਇਕ ਕੰਮ ਕਰ ਰਹੇ ਹਨ।

284-ਪ੍ਰਵਾਨ ਹੋਇਆ ਕਿ ਗੁਰਦੁਆਰਾ ਕਮੇਟੀਆਂ ਨੂੰ ਇਕ ਫਿਰਤੂ ਚਿੱਠੀ ਲਿਖੀ ਜਾਵੇ ਕਿ ਉਹ ਦਫ਼ਾ 106 (2) ਅਨੁਸਾਰ ਸਾਰੇ ਸਾਲ ਵਿਚ ਦਿੱਤੀਆਂ ਜਾਣ ਵਾਲੀਆਂ ਸਹਾਇਤਾ ਇਕੱਠੀ ਇਕੋ ਵਾਰ ਵੰਡ ਕੀਤੀ ਜਾਵੇ ਅਤੇ ਇਨ੍ਹਾਂ ਦੀ ਅਦਾਇਗੀ ਸਾਲ ਦੇ ਅਖੀਰ ਵਿਚ ਕਰਿਆ ਕਰਨ।

296-ਸ੍ਰੀ ਦਰਬਾਰ ਸਾਹਿਬ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਇਕੱਤਰਾ ਮਿਤੀ 27,28 ਮਾਰਚ ਦੇ ਹੇਠ ਲਿਖੇ ਮਤੇ ਪੇਸ਼ ਹੋਏ ਤੇ ਪ੍ਰਵਾਨ ਕੀਤੇ ਗਏ :

1. ਮਤਾ ਨੰ. 594/4-500 ਤੱਕ ਦੀਆਂ ਕਿਰਪਾਨਾਂ ਅੰਮ੍ਰਿਤ ਪ੍ਰਚਾਰ ਲਈ ਖਰੀਦ ਕੇ ਦੇਣ ਸਬੰਧੀ।
2. ਮਤਾ ਨੰ. 598/7 ਪਿੰਡ ਪੱਖੋਵਾਲ ਦੇ ਗੁਰਦੁਆਰੇ ਦੇ ਮੁਕੱਦਮੇ ਦੀ ਸਹਾਇਤਾ ਲਈ ਉਕਤ ਮਤੇ ਵਿਚ ਦਿੱਤੀਆਂ ਸ਼ਰਤਾਂ ਅਨੁਸਾਰ 200/- ਰੁਪਏ ਧਰਮ ਅਰਥ ਖਾਤੇ ਵਿਚੋਂ ਦਿੱਤੇ ਜਾਣ ਸਬੰਧੀ।

**(ਚਲਦਾ)**



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

**ਸਿਹਤਮੰਦ ਜੀਵਨ ਦੇ ਨੁਕਤੇ**
**(ਸਿਹਤਮੰਦ ਵਿਅਕਤੀ ਦੀਆਂ 7 ਆਦਤਾਂ)**

ਸਿਹਤਮੰਦ ਆਦਤਾਂ ਲੰਬੇ ਸਮੇਂ ਲਈ ਬਿਮਾਰੀਆਂ ਤੋਂ ਬਚਾਉਂਦੀਆਂ ਹਨ। ਹੇਠ ਲਿਖੇ ਸੱਤ ਨੁਕਤਿਆਂ ਤੋਂ ਅਸਲ ਆਸਾਨੀ ਨਾਲ ਸਿਹਤਮੰਦ ਜੀਵਨ ਬਣਾ ਸਕਦੇ ਹਾਂ :




**1. ਚੰਗੇ ਤਰੀਕੇ ਨਾਲ ਖਾਣਾ:**
ਘੱਟ ਖਾਣਾ ਅਤੇ ਸੰਤੁਲਿਤ ਖਾਣਾ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾਉਂਦਾ ਹੈ। ਪਾਣੀ ਅਤੇ ਜੂਸ ਵਗ਼ੈਰਾ ਜ਼ਿਆਦਾ ਮਾਤਰਾ ਵਿੱਚ ਪੀਓ। ਬਹੁਤ ਜ਼ਿਆਦਾ ਨਮਕ ਤੇ ਮਿੱਠੇ ਦੀ ਵਰਤੋਂ ਨਾ ਕਰੋ। ਉਚਿਤ ਸਮੇਂ ਦੇ ਅੰਤਰਾਲ ਵਿੱਚ ਖਾਵੋ। ਭੁੱਖੇ ਰਹਿਣ ਤੋਂ ਬਚੋ। ਸੌਣ ਤੋਂ ਤਕਰੀਬਨ ਦੋ ਘੰਟੇ ਪਹਿਲਾਂ ਆਪਣਾ ਰਾਤ ਦਾ ਖਾਣਾ ਖਾਓ।

**2. ਕਸਰਤ:**
ਸਰੀਰਕ ਤੌਰ 'ਤੇ ਠੀਕ ਰਹਿਣਾ ਤੁਹਾਡੇ ਊਰਜਾ ਪੱਧਰ ਨੂੰ ਵਧਾਉਣ ਵਿੱਚ ਮੱਦਦ ਕਰਦਾ ਹੈ ਅਤੇ ਜੋ ਖਾਣਾ ਅਸਲ ਖਾਂਦੇ ਹਾਂ, ਉਸਦੀ ਪਾਚਣ ਕਿਰਿਆ ਨੂੰ ਵਧੀਆ ਕਰਦਾ ਹੈ। ਹਫ਼ਤੇ ਵਿੱਚ 4-5 ਵਾਰ ਤਕਰੀਬਨ 30 ਮਿੰਟ ਲਈ ਕੁਝ ਕਿਸਮਾਂ ਦੀਆਂ ਕਸਰਤਾਂ ਕਰਨ ਦੀ ਕੋਸ਼ਿਸ਼ ਕਰੋ। ਜੋ ਕਸਰਤ ਤੁਸੀਂ ਕਰਨਾ ਚਾਹੁੰਦੇ ਹੋ, ਉਸਦਾ ਚੁਣਾਓ ਕਰੋ ਅਤੇ ਹਫ਼ਤੇ ਦਰ ਹਫ਼ਤੇ ਲਗਾਤਾਰ ਤੁਸੀਂ ਇਸਨੂੰ ਕਰਦੇ ਰਹੋ । ਹੋਰ ਜਾਣਕਾਰੀ ਲਈ 'ਕਸਰਤ ਦੇ ਲਾਭ' ਦੇ ਅਧਿਆਇ ਨੂੰ ਦੇਖੋ ।

**3. ਸਿਗਰਟਨੋਸ਼ੀ ਨੂੰ ਛੱਡੋ:**
ਸਿਗਰਟਨੋਸ਼ੀ ਬਹੁਤ ਸਾਰੇ ਕੈਂਸਰ ਅਤੇ ਫੇਫੜਿਆਂ ਦੀਆਂ ਹੋਰ ਬਿਮਾਰੀਆਂ ਦਾ ਕਾਰਨ ਹੈ।

**4. ਸ਼ਰਾਬ ਨੂੰ ਛੱਡੋ:**
ਸ਼ਰਾਬ ਇੱਕ ਸਮਾਜਿਕ ਅਤੇ ਮੈਡੀਕਲ ਸਮੱਸਿਆ ਹੈ। ਸ਼ਰਾਬ ਜਿਗਰ, ਪੇਟ, ਨਸਾਂ ਅਤੇ ਦਿਮਾਗ਼ ਨੂੰ ਪ੍ਰਭਾਵਿਤ ਕਰਦੀ ਹੈ।

**5. ਟੀਕਾਕਰਨ:**
ਟੀਕਾਕਰਨ ਬਿਮਾਰੀਆਂ ਤੋਂ ਬਚਾਉਂਦਾ ਹੈ। ਡਾਕਟਰ ਦੀ ਸਲਾਹ ਨਾਲ ਬੱਚਿਆਂ ਨੂੰ ਅਤੇ ਆਪਣੇ ਆਪ ਨੂੰ ਟੀਕਾਕਰਨ ਕਰਵਾਉ। ਵਧੇਰੇ ਜਾਣਕਾਰੀ ਲਈ 'ਟੀਕਾਕਰਨ' ਅਧਿਆਇ ਨੂੰ ਦੇਖੋ।

**6. ਮਾਨਸਿਕ ਸਿਹਤ:**
ਸਟ੍ਰੈੱਸ, ਚਿੰਤਾ ਅਤੇ ਮਾਨਸਿਕ ਤਣਾਓ ਬਹੁਤ ਸਾਰੀਆਂ ਹੋਰ ਬਿਮਾਰੀਆਂ ਨੂੰ ਜਨਮ ਦਿੰਦੇ ਹਨ। ਆਪਣੀ ਮਾਨਸਿਕ ਸਿਹਤ ਦਾ ਧਿਆਨ ਰੱਖੋ। ਵਧੇਰੇ ਜਾਣਕਾਰੀ ਲਈ 'ਮਾਨਸਿਕ ਸਿਹਤ' ਅਧਿਆਇ ਨੂੰ ਦੇਖੋ।

**7. ਸੁਰੱਖਿਆ:**
ਸੁਰੱਖਿਅਤਾ ਨੂੰ ਪਹਿਲ ਦੇਣ ਨਾਲ ਹੀ ਹਾਦਸਿਆਂ ਅਤੇ ਸੱਟਾਂ ਤੋਂ ਬਚਿਆ ਜਾ ਸਕਦਾ ਹੈ। ਗੱਡੀ ਚਲਾਉਂਦੇ ਹੋਏ ਸੜਕ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਕਰੋ। ਸ਼ਰਾਬ ਪੀ ਕੇ ਗੱਡੀ ਨਾ ਚਲਾਓ। ਆਪਣੇ ਬੱਚਿਆਂ ਨੂੰ ਗੱਡੀ ਨਾ ਚਲਾਉਣ ਦੇਵੋ, ਜੇਕਰ ਉਹਨਾਂ ਕੋਲ ਡਰਾਇਵਿੰਗ ਲਾਈਸੈਂਸ ਨਹੀਂ ਹੈ। ਸੰਭੋਗ ਤੋਂ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਣ ਲਈ ਸੁਰੱਖਿਅਤ ਸੰਭੋਗ ਕਰਨਾ ਚਾਹੀਦਾ ਹੈ। ਸਫ਼ਰ ਸਮੇਂ ਗ਼ੁੱਸੇ ਉੱਤੇ ਕਾਬੂ ਪਾ ਕੇ ਹਿੰਸਾ ਤੋਂ ਬਚਣਾ ਚਾਹੀਦਾ ਹੈ।

**ਕਸਰਤ ਦੇ ਲਾਭ**

**ਹਰ ਰੋਜ਼ ਕਸਰਤ ਦੀ ਜ਼ਰੂਰਤ ਕਿਉਂ ਹੈ ?**
ਰੋਜ਼ਾਨਾ ਕਸਰਤ, ਸਿਹਤਮੰਦ ਖਾਣਾ ਅਤੇ ਆਸ਼ਾਵਾਦੀ ਸੋਚ ਇੱਕ ਵਧੀਆ ਜ਼ਿੰਦਗੀ ਦੀ ਨੀਂਹ ਹੈ। ਕਸਰਤ ਦੇ ਕੁਝ ਲਾਭ ਹੇਠ ਲਿਖੇ ਅਨੁਸਾਰ ਹਨ :

1. ਸਿਹਤਮੰਦ ਭਾਰ ਨੂੰ ਕਾਇਮ ਰੱਖਣ ਲਈ ਮੱਦਦਗਾਰ।
2. ਦਿਮਾਗ਼ ਨੂੰ ਊਰਜਾ ਦੇਣਾ।
3. ਮਾਨਸਿਕ ਤਣਾਓ ਅਤੇ ਸਰੀਰਕ ਤਣਾਓ ਤੋਂ ਮੁਕਤੀ।
4. ਭੁੱਖ ਨੂੰ ਕਾਬੂ ਵਿੱਚ ਰੱਖਣਾ।
5 ਬਲੱਡ ਪ੍ਰੈਸ਼ਰ ਨੂੰ ਕਾਬੂ ਵਿੱਚ ਰੱਖਣਾ।
6. ਸ਼ੂਗਰ ਦੇ ਰੋਗ ਤੋਂ ਬਚਾਅ।
7. ਮਾਸਪੇਸ਼ੀਆਂ ਦੀ ਤਾਕਤ ਨੂੰ ਵਧਾਉਣਾ।
8. ਖ਼ੁਸ਼ੀ ਦੇਣਾ।
9. ਵਧੀਆ ਨਲਦਰ ਆਉਣ ਵਿੱਚ ਸਹਾਇਕ।
10. ਸਾਨੂੰ ਆਪਣੇ ਆਪ ਨੂੰ ਚੰਗਾ ਮਹਿਸੂਸ ਹੋਣਾ।
11. ਸਰੀਰ ਦਾ ਲਚਕੀਲਾਪਣ ਵਧਾਉਣਾ।
12. ਸਰੀਰ ਦੀ ਪਾਚਨ ਸ਼ਕਤੀ ਵਧਾਉਣਾ।

**ਲੋਕ ਕਸਰਤ ਕਿਉਂ ਨਹੀਂ ਕਰਦੇ ?**

1. ਸਮੇਂ ਦੀ ਘਾਟ : ਤੁਸੀਂ ਤਕਰੀਬਨ 5-10 ਮਿੰਟ ਲਈ ਵੀ ਕਸਰਤ ਕਰ ਸਕਦੇ ਹੋ।
2. ਜ਼ਿਆਦਾ ਥਕਾਵਟ : ਕਸਰਤ ਅਸਲ ਵਿੱਚ ਥਕਾਵਟ ਦੂਰ ਕਰਦੀ ਹੈ।
3. ਲੋਕ ਕੀ ਕਹਿਣਗੇ : ਤੁਹਾਨੂੰ ਆਪਣੀ ਸਿਹਤ ਦਾ ਧਿਆਨ ਰੱਖਣ ਵਿੱਚ ਮਾਣ ਮਹਿਸੂਸ ਹੋਵੇਗਾ।
4. ਮੌਸਮ ਦਾ ਖ਼ਰਾਬ ਹੋਣਾ : ਤੁਸੀਂ ਆਪਣੇ ਘਰ ਅੰਦਰ ਵੀ ਕਸਰਤ ਕਰ ਸਕਦੇ ਹੋ।
5. ਬਹੁਤ ਜ਼ਿਆਦਾ ਖ਼ਰਚਾ : ਬਹੁਤ ਸਾਰੀਆਂ ਕਸਰਤਾਂ ਲਈ ਕਿਸੇ ਵੀ ਸਾਜ਼ੋ-ਸਾਮਾਨ ਜਾਂ ਸਿਹਤ ਕਲੱਬ ਦੀ ਜ਼ਰੂਰਤ ਨਹੀਂ ਹੈ ।
6. ਰੋਜ਼ਾਨਾ ਕਸਤਰ ਕਰਨ ਦੀ ਜ਼ਰੂਰਤ ਨੂੰ ਅਹਿਮੀਅਤ ਨਾ ਦੇਣਾ।

ਹਫ਼ਤੇ ਵਿਚ ਚਾਰ-ਪੰਜ ਵਾਰੀ ਤਕਰੀਬਨ 30 ਮਿੰਟ ਕਸਤਰ ਕਰਨ ਨਾਲ ਵਧੀਆ ਸਿਹਤ ਕਾਇਮ ਰਹਿ ਸਕਦੀ ਹੈ। ਹਰ ਰੋਜ਼ ਕਸਰਤ ਕਰਨ ਦਾ ਹੋਰ ਵੀ ਜ਼ਿਆਦਾ ਲਾਭ ਹੋਵੇਗਾ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

## *ਵਿਦਿਆ ਵੀਚਾਰੀ ਤਾਂ ਪਰਉਪਕਾਰੀ*

# ਗੁਰਦੁਆਰਾ ਸਾਹਿਬ ਫ਼ਰੀਮਾਂਟ-ਕੈਲੇਫੋਰਨੀਆ ਦੀ ਪ੍ਰਬੰਧਕ ਕਮੇਟੀ ਵਲੋਂ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਵੀਹ ਹਜ਼ਾਰ ਡਾਲਰ ਦੇ ਵਜ਼ੀਫ਼ੇ ਵੰਡੇ






ਫਰੀਮਾਂਟ/ਕੈਲੇਫੋਰਨੀਆ : ਗੁਰਦੁਆਰਾ ਸਾਹਿਬ ਫ਼ਰੀਮਾਂਟ-ਕੈਲੇਫੋਰਨੀਆ ਦੀ ਸਮੂਹ ਪ੍ਰਬੰਧਕ ਕਮੇਟੀ ਵਲੋਂ ਸਿੱਖ ਪੰਚਾਇਤ-ਸੁਪਰੀਮ ਕੌਂਸਲ ਅਤੇ ਗੁਰੂਘਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਵੀਹ ਹਜ਼ਾਰ ਡਾਲਰ ਦੇ ਵਜੀਫ਼ੇ-Scholarsihp ਵੰਡੇ ਗਏ।

ਆਪ ਨਰਾਇਣ ਅਕਾਲ ਮੂਰਤ ਗੁਰੂ ਨਾਨਕ ਦੇਵ ਜੀ ਆਸਾ ਰਾਗ ਵਿੱਚ ਇਲਾਹੀ ਬਾਣੀ 'ਚ ਫੁਰਮਾਉਂਦੇ ਹਨ :

"ਵਿਦਿਆ ਵੀਚਾਰੀ ਤਾਂ ਪਰਉਪਕਾਰੀ॥

ਸੋ ਸੇਵਾਦਾਰਾਂ ਵਲੋਂ ਇਹ ਵਜੀਫ਼ੇ ਦੇ ਇਨਾਮਾਂ ਦੀ ਉੱਤਮ ਸੇਵਾ ਨੂੰ ਸੰਗਤਾਂ ਨੇ ਬਹੁਤ ਸਰਾਹਿਆ ਹੈ ਤੇ ਵੱਡੀ ਪ੍ਰਸ਼ੰਸਾ ਕੀਤੀ ਹੈ..

ਮੌਂਜੂਦਾ ਸੁਪਰੀਮ ਕੌਂਸਲ ਮੈਂਬਰ ਭਾਈ ਹਰਪ੍ਰੀਤ ਸਿੰਘ ਬੈਂਸ, ਭਾਈ ਰਜਿੰਦਰ ਸਿੰਘ ਰਾਜਾ, ਭਾਈ ਜਸਪ੍ਰੀਤ ਸਿੰਘ ਅਟਵਾਲ, ਭੈਣ ਜੀ ਸੁਰਿੰਦਰਜੀਤ ਕੌਰ ਤੇ ਭਾਈ ਜਸਵੰਤ ਸਿੰਘ ਨੇ ਸਮੂਹਿਕ ਰੂਪ ਵਿੱਚ ਭਾਈ ਜਸਦੇਵ ਸਿੰਘ, ਭਾਈ ਕਸ਼ਮੀਰ ਸਿੰਘ ਸ਼ਾਹੀ, ਡਾਕਟਰ ਪ੍ਰਿਤਪਾਲ ਸਿੰਘ, ਭਾਈ ਹਰਿੰਦਰ ਸਿੰਘ, ਭਾਈ ਜਸਵਿੰਦਰ ਸਿੰਘ ਜੰਡੀ, ਹਰਵਿੰਦਰ ਸਿੰਘ ਕੰਗ, ਭਾਈ ਗੁਰਿੰਦਰ ਸਿੰਘ, ਸਕੱਤਰ ਦਵਿੰਦਰ ਸਿੰਘ, ਭਾਈ ਬਲਜੀਤ ਸਿੰਘ, ਭਾਈ ਅਮਨਦੀਪ ਸਿੰਘ ਪੰਨੂ, ਭਾਈ ਅੰਮ੍ਰਿਤਪਾਲ ਸਿੰਘ ਤੇ ਸਮੁੱਚੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਸੀ ਸਹਿਯੋਗ ਨਾਲ ਵਜੀਫ਼ਿਆਂ ਦੀ ਉਤਸ਼ਾਹ ਭਰੀ ਤੇ ਸਨਮਾਨਯੋਗ ਸੇਵਾ ਨੂੰ ਪ੍ਰਵਾਨ ਕਰਦਿਆਂ ਸਿਰੇ ਚੜ੍ਹਾਇਆ...

ਵਜੀਫ਼ੇ ਹਾਸਲ ਕਰਨ ਵਾਲੇ ਹੋਣਹਾਰਾਂ ਦੇ ਨਾਮ ਇਸ ਤਰ੍ਹਾਂ ਹਨ : ਰਨਬੀਰ ਸਿੰਘ, ਸੁਖਪਾਲਜੀਤ ਕੌਰ, ਇਸ਼ਮੀਤ ਕੌਰ, ਮਹਿਤਾਬ ਕੌਰ ਖ਼ਾਲਸਾ, ਜਸਮੀਨ ਕੌਰ, ਅਬੀਨੀਤ ਤੱਖਰ, ਹਰਸ਼ਿਲ ਪੱਥਰੀ, ਅਸ਼ਰੀਨ ਕੌਰ, ਕੰਵਲਜੀਤ ਕੌਰ, ਗੁਰਸਿਮਰਨ ਕੌਰ ਜੰਡਾ ਤੇ ਭਜਲੀਨ ਕੌਰਸ਼। ਵਜੀਫ਼ੇ ਹਾਸਲ ਕਰਨ ਵਾਲੇ ਪ੍ਰਵਾਰਾਂ ਵਿੱਚ ਬੇਹੱਦ ਖ਼ਸ਼ੀ ਦਾ ਮਾਹੌਲ ਸੀ ਤੇ ਉਹ ਇਕ ਦੂਜੇ ਨੂੰ ਵਧਾਈਆਂ ਦੇ ਰਹੇ ਸਨ। ਭਾਈ ਜਸਦੇਵ ਸਿੰਘ ਤੇ ਕਸ਼ਮੀਰ ਸਿੰਘ ਸ਼ਾਹੀ ਨੇ ਕਿਹਾ ਕਿ ਸਿੱਖ ਪੰਚਾਇਤ ਵੱਲੋਂ ਭਵਿੱਖ ਵਿੱਚ ਵੀ ਨੌਜਵਾਨ ਬੱਚਿਆਂ ਨੂੰ ਵਜੀਫੇ ਦੇਣ ਦੀ ਸੇਹਤਮੰਦ ਪਿਰਤ ਜਾਰੀ ਰੱਖੀ ਜਾਵੇਗੀ।

# ਦੇਸ਼ ਨੂੰ ਹੁਣ 'ਪੰਜਾਬ ਮਾਡਲ' ਦਿਖਾਏਗੀ 'ਆਪ'

- ਭਗਵੰਤ ਮਾਨ ਨੇ 'ਆਪ' ਦੀ ਪੰਜਾਬ ਇਕਾਈ 'ਚ ਬਗ਼ਾਵਤ ਦੇ ਦਾਅਵੇ ਖਾਰਜ ਕੀਤੇ
- 'ਆਪ' ਸੁਪਰੀਮੋ ਨੇ ਮਿਸ਼ਨ 2027 ਲਈ ਸਮੂਹਿਕ ਜ਼ਿੰਮੇਵਾਰੀ ਨਿਭਾਉਣ ਦਾ ਦਿੱਤਾ ਸੱਦਾ

ਚੰਡੀਗੜ੍ਹ : ਆਮ ਆਦਮੀ ਪਾਰਟੀ ਦਿੱਲੀ ਵਿਧਾਨ ਸਭਾ ਚੋਣਾਂ 'ਚ ਮਿਲੀ ਹਾਰ ਤੋਂ ਸਬਕ ਲੈਂਦਿਆਂ ਹੁਣ ਨਵਾਂ 'ਪੰਜਾਬ ਮਾਡਲ' ਤਿਆਰ ਕਰੇਗੀ ਤਾਂ ਜੋ ਕੌਮੀ ਨਕਸ਼ੇ 'ਤੇ ਵਿਕਾਸ ਦੇ ਨਵੇਂ ਨਕਸ਼ ਦਿਖਾਏ ਜਾ ਸਕਣ। ਦਿੱਲੀ 'ਚ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਦੇ ਵਿਧਾਇਕਾਂ ਅਤੇ ਵਜ਼ੀਰਾਂ ਦੀ ਮੀਟਿੰਗ 'ਚ ਉਪਰੋਕਤ ਸੁਨੇਹਾ ਦਿੱਤਾ ਗਿਆ। ਕਪੂਰਥਲਾ ਹਾਊਸ 'ਚ ਅੱਜ ਹੋਈ ਸੰਖੇਪ ਮੀਟਿੰਗ 'ਚ ਸਮੁੱਚੀ ਲੀਡਰਸ਼ਿਪ ਨੇ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਅਤੇ ਵਿਰੋਧੀਆਂ ਦੇ ਦਾਅਵਿਆਂ ਨੂੰ ਖ਼ਾਰਜ ਕਰਦਿਆਂ ਸਰਕਾਰ ਨੂੰ ਕੋਈ ਖ਼ਤਰਾ ਨਾ ਹੋਣ ਦਾ ਸੰਕੇਤ ਵੀ ਦਿੱਤਾ।




ਪੰਜਾਬ 'ਚ ਹੁਣ ਤੱਕ 'ਦਿੱਲੀ ਮਾਡਲ' ਦੀ ਚਰਚਾ ਹੁੰਦੀ ਰਹੀ ਸੀ ਜਦੋਂ ਕਿ ਅੱਜ ਪਹਿਲੀ ਵਾਰ 'ਪੰਜਾਬ ਮਾਡਲ' ਦੀ ਗੱਲ ਸ਼ੁਰੂ ਹੋਈ ਹੈ। ਮੀਟਿੰਗ ਦੌਰਾਨ ਕੇਜਰੀਵਾਲ ਨੇ ਪੰਜਾਬ ਦੇ ਵਿਧਾਇਕਾਂ ਨੂੰ 'ਮਿਸ਼ਨ 2027' ਲਈ 'ਪੰਜਾਬ ਮਾਡਲ' ਵਾਸਤੇ ਸਮੂਹਿਕ ਜ਼ਿੰਮੇਵਾਰੀ ਨਿਭਾਉਣ ਦਾ ਸੱਦਾ ਦਿੱਤਾ। ਕੌਮੀ ਲੀਡਰਸ਼ਿਪ ਦੇ ਚਿਹਰਿਆਂ ਤੋਂ ਦਿੱਲੀ ਚੋਣਾਂ ਦੀ ਹਾਰ ਦਾ ਪਰਛਾਵਾਂ ਤਾਂ ਸਾਫ਼ ਦਿੱਖ ਰਿਹਾ ਸੀ ਪ੍ਰੰਤੂ ਕੇਜਰੀਵਾਲ ਨੇ ਪੰਜਾਬ ਦੇ ਵਿਧਾਇਕਾਂ ਨੂੰ ਹਿੰਮਤ ਰੱਖਣ ਦੀ ਢਾਰਸ ਦਿੱਤੀ। ਪਾਰਟੀ ਨੇ ਦਿੱਲੀ ਚੋਣਾਂ 'ਚ ਪੰਜਾਬ ਦੇ ਵਿਧਾਇਕਾਂ ਵੱਲੋਂ ਪਾਏ ਯੋਗਦਾਨ ਬਦਲੇ ਧੰਨਵਾਦੀ ਲਫ਼ਜ਼ ਵੀ ਆਖੇ। ਕੇਜਰੀਵਾਲ ਨੇ ਵਿਧਾਇਕਾਂ ਨੂੰ ਕਿਹਾ ਕਿ ਉਹ ਕਿਸੇ ਸਮੇਂ ਵੀ ਉਨ੍ਹਾਂ ਨਾਲ ਰਾਬਤਾ ਬਣਾ ਸਕਦੇ ਹਨ। ਉਨ੍ਹਾਂ ਵਿਧਾਇਕਾਂ ਨੂੰ ਬਿਹਤਰੀ ਵਾਸਤੇ ਸੁਝਾਅ ਭੇਜਣ ਲਈ ਵੀ ਕਿਹਾ ਅਤੇ ਆਪੋ-ਆਪਣੇ ਹਲਕਿਆਂ ਵਿਚ ਤਕੜੇ ਹੋ ਕੇ ਕੰਮ ਕਰਨ ਲਈ ਥਾਪੀ ਦਿੱਤੀ। ਉਨ੍ਹਾਂ ਕਿਹਾ ਕਿ ਜੇ ਕੋਈ ਅਧਿਕਾਰੀ ਅੜਿੱਕਾ ਬਣਦਾ ਹੈ ਤਾਂ ਉਸ ਬਾਰੇ ਵੀ ਦੱਸਿਆ ਜਾਵੇ। ਕੇਜਰੀਵਾਲ ਨੇ ਸੰਖੇਪ ਭਾਸ਼ਣ ਦੇ ਅਖੀਰ 'ਚ ਕਿਹਾ, "ਅਸੀਂ ਤੁਹਾਡੇ ਨਾਲ ਹਾਂ, ਆਓ ਪੰਜਾਬ 'ਚ ਮਿਲ ਕੇ ਕੰਮ ਕਰੀਏ।" ਪਤਾ ਲੱਗਾ ਹੈ ਕਿ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਕੁੱਝ ਸਮੇਂ ਲਈ ਵੱਖਰੇ ਤੌਰ 'ਤੇ ਵੀ ਮੁਲਾਕਾਤ ਕੀਤੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਮੀਟਿੰਗ ਮਗਰੋਂ ਕਿਹਾ ਕਿ ਪੰਜਾਬ ਦੀ ਤਰੱਕੀ ਲਈ ਵਿਕਾਸ ਦਾ ਨਵਾਂ ਰੋਡ ਮੈਪ ਤਿਆਰ ਕਰਨ ਵਾਸਤੇ ਦਿੱਲੀ ਦੀ ਮੁਹਾਰਤ ਦੀ ਮਦਦ ਲਵਾਂਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਤਰੱਕੀ ਦਾ ਮਾਡਲ ਹੋਰ ਕਿਵੇਂ ਬਿਹਤਰ ਕੀਤਾ ਜਾ ਸਕਦਾ ਹੈ, ਇਸ ਬਾਰੇ ਮੀਟਿੰਗ ਵਿਚ ਵਿਚਾਰਾਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਪਾਰਟੀ ਦਾ ਫੋਕਸ ਹੁਣ ਪੰਜਾਬ 'ਚ ਚੰਗਾ ਸ਼ਾਸਨ ਪ੍ਰਦਾਨ ਕਰਨਾ ਹੈ।

ਮੁੱਖ ਮੰਤਰੀ ਨੇ ਪਾਰਟੀ ਅੰਦਰ ਕੋਈ ਸੰਕਟ ਹੋਣ ਦੇ ਵਿਰੋਧੀ ਆਗੂਆਂ ਦੇ ਦਾਅਵਿਆਂ ਨੂੰ ਖ਼ਾਰਜ ਕੀਤਾ ਅਤੇ ਕਿਹਾ ਕਿ ਅਗਲੇ ਦੋ ਵਰ੍ਹਿਆਂ 'ਚ ਪੰਜਾਬ ਵਿਕਾਸ ਦੇ ਮਾਮਲੇ 'ਚ ਦੇਸ਼ ਲਈ ਮਿਸਾਲ ਬਣੇਗਾ। ਉਨ੍ਹਾਂ ਪਲਟਵਾਰ ਕਰਦਿਆਂ ਪ੍ਰਤਾਪ ਸਿੰਘ ਬਾਜਵਾ ਦੇ ਦਾਅਵਿਆਂ ਨੂੰ ਰੱਦ ਕੀਤਾ। ਉਨ੍ਹਾਂ ਕਿਹਾ ਕਿ ਭਾਜਪਾ ਘਟੀਆ ਸਿਆਸਤ ਕਰਦੀ ਹੈ ਅਤੇ ਭਾਜਪਾ ਦੀਆਂ ਗੁਪਤ ਚਾਲਾਂ ਤੋਂ ਹਰ ਕੋਈ ਜਾਣੂ ਹੈ ਜਦੋਂ ਕਿ 'ਆਪ' ਦਾ ਏਜੰਡਾ ਵਿਕਾਸ ਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਪੁਲੀਸ ਬਿਨਾਂ ਸਿਆਸੀ ਦਬਾਅ ਅਤੇ ਪ੍ਰਭਾਵ ਦੇ ਕੰਮ ਕਰ ਰਹੀ ਹੈ ਅਤੇ ਸੂਬਾ ਸਰਕਾਰ ਨੇ ਪਰਚਾ ਕਲਚਰ ਨੂੰ ਖ਼ਤਮ ਕੀਤਾ ਹੈ। ਉਨ੍ਹਾਂ ਪੰਜਾਬ ਵਿਚ ਕਾਨੂੰਨ ਵਿਵਸਥਾ ਬਾਕੀ ਸੂਬਿਆਂ ਨਾਲੋਂ ਬਿਹਤਰ ਹੋਣ ਦਾ ਦਾਅਵਾ ਕਰਦਿਆਂ ਕਿਹਾ ਕਿ ਸੂਬੇ ਵਿੱਚ ਨਿਵੇਸ਼ ਵੀ ਕਾਫ਼ੀ ਹੋਇਆ ਹੈ ਅਤੇ ਬਹੁਤੀਆਂ ਗਾਰੰਟੀਆਂ ਵੀ ਪੂਰੀਆਂ ਕਰ ਦਿੱਤੀਆਂ ਗਈਆਂ ਹਨ। ਮੀਟਿੰਗ ਵਿਚ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਅਤੇ ਇੰਦਰਬੀਰ ਸਿੰਘ ਨਿੱਝਰ ਗ਼ੈਰਹਾਜ਼ਰ ਸਨ। ਮੀਟਿੰਗ ਖ਼ਤਮ ਹੋਣ ਮਗਰੋਂ ਭਗਵੰਤ ਮਾਨ ਵਿਧਾਇਕਾਂ ਨੂੰ ਮਿਲੇ ਜਦੋਂ ਕਿ ਕੇਜਰੀਵਾਲ ਨਿੱਜੀ ਤੌਰ 'ਤੇ ਕਿਸੇ ਵਿਧਾਇਕ ਨੂੰ ਨਹੀਂ ਮਿਲੇ। ਕਰੀਬ ਅੱਧਾ ਘੰਟਾ ਚੱਲੀ ਮੀਟਿੰਗ ਦੌਰਾਨ ਸਟੇਜ 'ਤੇ ਕੇਜਰੀਵਾਲ, ਭਗਵੰਤ ਮਾਨ, ਅਮਨ ਅਰੋੜਾ ਅਤੇ ਕੁਲਤਾਰ ਸਿੰਘ ਸੰਧਵਾਂ ਬੈਠੇ ਸਨ।

### *1984 ਸਿੱਖ ਨਸਲਕੁਸ਼ੀ*

## ਸੱਜਣ ਕੁਮਾਰ ਦੋਸ਼ੀ ਕਰਾਰ

### *18 ਫਰਵਰੀ ਨੂੰ ਸਜ਼ਾ ਦਾ ਹੋਵੇਗਾ ਐਲਾਨ*

ਨਵੀਂ ਦਿੱਲੀ : ਦਿੱਲੀ ਦੀ ਇੱਕ ਅਦਾਲਤ ਨੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਵਿਰੁੱਧ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਸਬੰਧੀ ਹੱਤਿਆ ਦੇ ਇੱਕ ਮਾਮਲੇ 'ਚ ਅੱਜ ਉਸ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਸ ਤੋਂ ਪਹਿਲਾਂ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਇਸ ਸਬੰਧੀ ਫੈਸਲਾ ਮੁਲਤਵੀ ਕਰ ਦਿੱਤਾ ਸੀ।



ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਦੋਸ਼ੀ ਠਹਿਰਾਉਣ ਦਾ ਹੁਕਮ ਦਿੱਤਾ ਅਤੇ ਸਜ਼ਾ 'ਤੇ ਬਹਿਸ 18 ਫਰਵਰੀ ਨੂੰ ਪਾ ਦਿੱਤੀ। ਕੁਮਾਰ ਨੂੰ ਫ਼ੈਸਲਾ ਸੁਣਾਉਣ ਲਈ ਤਿਹਾੜ ਜੇਲ੍ਹ ਤੋਂ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਹ ਮਾਮਲਾ 1984 ਦੇ ਸਿੱਖ ਕਤਲੇਆਮ ਦੌਰਾਨ ਇੱਥੇ ਸਰਸਵਤੀ ਵਿਹਾਰ 'ਚ ਦੋ ਵਿਅਕਤੀਆਂ ਦੀ ਹੱਤਿਆ ਨਾਲ ਸਬੰਧਤ ਹੈ। ਦਿੱਲੀ ਦੰਗਿਆਂ ਦੌਰਾਨ 1 ਨਵੰਬਰ, 1984 ਨੂੰ ਜਸਵੰਤ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਤਰੁਣਦੀਪ ਸਿੰਘ ਦੀ ਹੱਤਿਆ ਨਾਲ ਸਬੰਧਤ ਮਾਮਲੇ 'ਚ ਆਖ਼ਰੀ ਦਲੀਲਾਂ ਸੁਣਨ ਮਗਰੋਂ ਅਦਾਲਤ ਨੇ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਹਾਲਾਂਕਿ ਸ਼ੁਰੂਆਤ 'ਚ ਕੇਸ ਪੰਜਾਬੀ ਬਾਗ਼ ਪੁਲੀਸ ਸਟੇਸ਼ਨ ਨੇ ਦਰਜ ਕੀਤਾ ਸੀ ਪਰ ਬਾਅਦ ਵਿਚ ਇੱਕ ਵਿਸ਼ੇਸ਼ ਜਾਂਚ ਟੀਮ ਨੇ ਮਾਮਲੇ ਦੀ ਜਾਂਚ ਆਪਣੇ ਹੱਥ ਲੈ ਲਈ ਸੀ। ਅਦਾਲਤ ਨੇ 16 ਦਸੰਬਰ, 2021 ਨੂੰ ਸੱਜਣ ਕੁਮਾਰ ਖ਼ਿਲਾਫ਼ ਦੋਸ਼ ਤੈਅ ਕੀਤੇ ਸਨ।

**ਸਿੱਖ ਗੁਰਦੁਆਰਾ ਕਮੇਟੀ ਨੇ ਸੱਜਣ ਕੁਮਾਰ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਅਦਾਲਤ ਨੂੰ ਕੀਤੀ ਅਪੀਲ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1984 ਦੇ ਸਿੱਖ ਕਤਲੇਆਮ ਕੇਸ ਵਿਚ ਰਾਊਜ਼ ਅਵੈਨਿਊ ਕੋਰਟ ਵਲੋਂ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਦੇਣ ਦੇ ਫੈਸਲੇ ਸਵਾਗਤ ਕਰਦਿਆਂ ਮੰਗ ਕੀਤੀ ਹੈ ਕਿ ਅਪਰਾਧ ਦੀ ਗੰਭੀਰਤਾ ਨੂੰ ਵੇਖਦਿਆਂ ਸੱਜਣ ਕੁਮਾਰ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ। ਜਾਰੀ ਬਿਆਨ ਵਿਚ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਭਾਵੇਂ ਅਦਾਲਤ ਦਾ ਫੈਸਲਾ 1984 ਦੇ ਸਿੱਖ ਕਤਲੇਆਮ ਦੇ 41 ਸਾਲਾਂ ਬਾਅਦ ਆਇਆ ਹੈ ਪਰ ਇਹ ਸਿੱਖ ਕੌਮ ਲਈ ਬਹੁਤ ਵੱਡੀ ਰਾਹਤ ਹੈ।

## 41 ਸਾਲਾਂ ਬਾਅਦ ਕਿਨਕਾ ਮਾਤਰ ਹੀ ਇਨਸਾਫ਼ ਮਿਲਿਆ : ਕਰਨੈਲ ਸਿੰਘ ਪੀਰ ਮੁਹੰਮਦ

ਮੱਖੂ (ਫਿਰੋਜ਼ਪੁਰ) : ਨਵੰਬਰ 1984 ਸਿੱਖ ਨਸਲਕੁਸ਼ੀ ਦੇ ਇਕ ਹੋਰ ਕੇਸ ਵਿਚ ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਦਿੱਤੇ ਜਾਣ 'ਤੇ ਤਿੱਖੀ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਬੁਲਾਰੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਕਾਂਗਰਸ ਨੂੰ ਹੁਣ ਨੈਤਿਕ ਤੇ ਜਨਤਕ ਤੌਰ 'ਤੇ ਕਬੂਲ ਕਰਨਾ ਚਾਹੀਦਾ ਹੈ ਕਿ ਉਸ ਵੇਲੇ ਦੀ ਕਾਂਗਰਸ ਲੀਡਰਸ਼ਿਪ ਨੇ ਯੋਜਨਾਬੱਧ ਢੰਗ ਨਾਲ ਸਿੱਖ ਕੌਮ ਦੀ ਪੂਰੇ ਭਾਰਤ ਵਿਚ ਨਸਲਕੁਸ਼ੀ ਕਰਵਾਈ ਸੀ। ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਮਨੁੱਖੀ ਅਧਿਕਾਰ ਸੰਸਥਾ ਨਾਲ ਮਿਲ ਕੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਜੋ ਸੰਘਰਸ਼ ਲਗਾਤਾਰ ਇਨਸਾਫ਼ ਪ੍ਰਾਪਤੀ ਲਈ ਲੜਿਆ ਸੀ, ਅੱਜ 41 ਸਾਲਾਂ ਬਾਅਦ ਕਿਨਕਾ ਮਾਤਰ ਹੀ ਇਨਸਾਫ਼ ਮਿਲਿਆ ਹੈ ਤੇ ਕਿਹਾ ਕਿ ਉਹ ਆਪਣੀ ਪਾਰਟੀ 'ਚੋਂ ਜਗਦੀਸ਼ ਟਾਈਟਲਰ ਸੱਜਣ ਕੁਮਾਰ, ਕਮਲਨਾਥ ਸਮੇਤ ਉਨ੍ਹਾਂ ਸਾਰੇ ਕਾਂਗਰਸੀਆਂ ਨੂੰ ਆਪਣੀ ਪਾਰਟੀ 'ਚੋਂ ਬਾਹਰ ਕੱਢਣ।



## ਸਿੱਖ ਨਸਲਕੁਸ਼ੀ ਮਾਮਲੇ 'ਚ ਸੱਜਣ ਕੁਮਾਰ ਨੂੰ ਮਿਲੇ ਮਿਸਾਲੀ ਸਜ਼ਾ : ਐਡਵੋਕੇਟ ਧਾਮੀ

ਜੈਤੋ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਸਰਸਵਤੀ ਵਿਹਾਰ ਵਿਚ ਦੋ ਸਿੱਖਾਂ ਦੇ ਕਤਲ ਦੇ ਮਾਮਲੇ ਵਿੱਚ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ ਦਾ ਸਵਾਗਤ ਕਰਦਿਆਂ ਦੋਸ਼ੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੀ ਆਸ ਕੀਤੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ 1984 ਦਾ ਸਿੱਖ ਕਤਲੇਆਮ ਮਨੁੱਖੀ ਇਤਿਹਾਸ ਵਿੱਚ ਮਾਨਵ ਵਿਰੋਧੀ ਕਰੂਰ ਕਾਰੇ ਦੀ ਸਿਖਰ ਵਜੋਂ ਅੰਕਿਤ ਹੈ, ਜਿਸ ਦੇ ਪੀੜਤ ਕਰੀਬ 4 ਦਹਾਕਿਆਂ ਤੋਂ ਇਨਸਾਫ਼ ਲਈ ਅੱਜ ਵੀ ਸੰਘਰਸ਼ ਕਰ ਰਹੇ ਹਨ, ਜੋ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਲਈ ਸ਼ਰਮਨਾਕ ਹੈ। ਹੁਣ ਜਦੋਂ ਸਿੱਖ ਕਤਲੇਆਮ ਦੇ ਇੱਕ ਮਾਮਲੇ ਵਿੱਚ ਕਾਂਗਰਸੀ ਆਗੂ ਸੱਜਣ ਕੁਮਾਰ ਦੋਸ਼ੀ ਪਾਏ ਗਏ ਹਨ ਤਾਂ ਉਸ ਨੂੰ ਮਿਸਾਲੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਤੋਂ ਇਲਾਵਾ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਸਮੇਤ ਹੋਰ ਵੀ ਕਈ ਆਗੂ ਸਿੱਖ ਕਤਲੇਆਮ ਵਿਚ ਸ਼ਾਮਲ ਸਨ ਅਤੇ ਹਰ ਦੋਸ਼ੀ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖਾਂ ਦੀ ਦੁਸ਼ਮਣ ਜਮਾਤ ਕਾਂਗਰਸ ਨੇ ਸਿੱਖਾਂ ਦੇ ਜਖਮ ਭਰਨ ਦੀ ਥਾਂ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਹਮੇਸ਼ਾ ਵੱਡੇ ਅਹੁਦੇ ਦੇ ਕੇ ਨਿਵਾਜਿਆ ਹੈ। ਉਨ੍ਹਾਂ ਕਿਹਾ ਕਿ ਅਦਾਲਤ ਦੇ ਇਸ ਫੈਸਲੇ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਕੁਝ ਹੱਦ ਤੱਕ ਧਰਵਾਸ ਮਿਲੇਗਾ। ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ 1984 ਸਿੱਖ ਕਤਲੇਆਮ ਨਾਲ ਸਬੰਧਤ ਦੇਸ਼ ਦੇ ਵੱਖ-ਵੱਖ ਥਾਂਵਾਂ ਉੱਤੇ ਚੱਲ ਰਹੇ ਮਾਮਲਿਆਂ ਨੂੰ ਫਾਸਟ ਟਰੈਕ ਅਦਾਲਤਾਂ ਰਾਹੀਂ ਅੱਗੇ ਵਧਾਇਆ ਜਾਵੇ ਤਾਂ ਜੋ ਇਨਸਾਫ਼ ਵਿੱਚ ਹੋਰ ਦੇਰੀ ਨਾ ਹੋਵੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਹ ਵੀ ਮੰਗ ਕੀਤੀ ਕਿ ਦੇਸ਼ ਦੀ ਸੰਸਦ ਅੰਦਰ ਸਿੱਖ ਕਤਲੇਆਮ ਪ੍ਰਤੀ ਸੰਵੇਦਨਾ ਅਤੇ ਮੁਆਫ਼ੀ ਦਾ ਇੱਕ ਮਤਾ ਵੀ ਜ਼ਰੂਰ ਪਾਸ ਕੀਤਾ ਜਾਵੇ। ਇਹ ਆਪਣੇ ਦੇਸ਼ ਵਿੱਚ 1984 ਅੰਦਰ ਮਾਰੇ ਗਏ ਬੇਦੋਸ਼ੇ ਸਿੱਖ ਨਾਗਰਿਕਾਂ ਪ੍ਰਤੀ ਇੱਕ ਸ਼ਰਧਾਂਜਲੀ ਹੋਵੇਗੀ।



## ਦੇਰ ਹੋਈ ਪਰ ਸ਼ਖਤ ਸਜ਼ਾਵਾਂ ਮਿਲਣ ਦੀ ਇਨਸਾਫ਼ ਵਾਲੀ ਉਮੀਦ ਜਾਗੀ : ਸ੍ਰ. ਸੁਖਮਿੰਦਰ ਸਿੰਘ ਗਰੇਵਾਲ

ਨਵੀਂ ਦਿੱਲੀ : ਭਾਰਤੀ ਜਨਤਾ ਪਾਰਟੀ ਦੇ ਕੌਮੀ ਕਿਸਾਨ ਆਗੂ ਸ੍ਰ. ਸੁਖਮਿੰਦਰ ਸਿੰਘ ਗਰੇਵਾਲ ਭੂਖੜੀ ਕਲਾਂ ਨੇ ਕਿਹਾ ਕਿ ਦਿੱਲੀ ਦੀ ਮਾਨਯੋਗ ਰੋਜ਼ ਐਵਨਿਊ ਅਦਾਲਤ ਨੇ 41 ਸਾਲ ਬਾਅਦ ਸਰਦਾਰ ਜਸਵੰਤ ਸਿੰਘ ਜੀ ਦੀ ਬੇਰਹਿਮੀ ਨਾਲ ਹੱਤਿਆ ਕਰਨ ਵਾਲੇ 1984 ਦੇ ਸਿੱਖ ਕਤਲਾ ਵਿੱਚ ਦੁਸ਼ਟ ਸੱਜਣ ਕੁਮਾਰ ਨੂੰ ਦੋਸ਼ੀ ਠਹਿਰਾਇਆ ਹੈ। ਮੈਂ ਮਾਨਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦਾ ਭਾਰਤ ਸਰਕਾਰ ਦਾ ਸਮੁੱਚੇ ਪੰਜਾਬੀ ਭਾਈਚਾਰੇ ਵੱਲੋਂ ਤੇ ਸੰਸਾਰ ਭਰ ਵਿੱਚ ਵੱਸਦੇ ਸਿੱਖਾਂ ਭਾਈਚਾਰੇ ਵੱਲੋਂ ਸਵਾਗਤ ਕਰਦਾ ਹਾਂ। ਮਾਨਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਨੇ ਬੰਦ ਕੀਤੇ ਕੇਸਾਂ ਨੂੰ ਦੁਬਾਰਾ ਖੋਲ੍ਹਿਆ ਤਾਂ ਕਿ ਸਿੱਖਾਂ ਨੂੰ ਇਨਸਾਫ਼ ਮਿਲ ਸਕੇ। ਹੁਣ 18 ਤਰੀਕ ਨੂੰ ਦੁਸ਼ਟ ਸੱਜਣ ਕੁਮਾਰ ਨੂੰ ਮਾਨਯੋਗ ਅਦਾਲਤ ਵੱਲੋਂ ਸਜ਼ਾ ਸੁਣਾਈ ਜਾਣੀ ਹੈ ਉਮੀਦ ਕਰਦਾ ਹਾਂ ਕਿ ਉਸ ਨੂੰ ਸਖਤ ਤੋਂ ਸਖਤ ਸਜ਼ਾ ਮਿਲੇ ਤਾਂ ਜੋ ਭਵਿੱਖ ਵਿੱਚ ਇਹੋ ਜਿਹੇ ਘੋਰ ਅਪਰਾਧ ਕਰਨ ਦੀ ਕੋਈ ਵੀ ਜੁਰਅਤ ਨਾ ਕਰੇ।



ਸ੍ਰ. ਸੁਖਮਿੰਦਰ ਸਿੰਘ ਗਰੇਵਾਲ ਕਿਹਾ ਕਿ ਦੇਰ ਹੋਈ ਪਰ ਸਖ਼ਤ ਸਜ਼ਾਵਾਂ ਮਿਲਣ ਦੀ ਇਨਸਾਫ਼ ਵਾਲੀ ਉਮੀਦ ਜਾਗੀ ਹੈ।


Canada Kirtan Tour
February 2025
(Feb 14- Feb17)
SAS
MUSIC ACADEMY
ਸਾਹਿਬਜ਼ਾਦਾ ਅਜੀਤ ਸਿੰਘ ਜੀ ਮਿਊਜ਼ਿਕ ਅਕੈਡਮੀ
SAHIBZADA AJIT SINGH JI MUSIC ACADEMY
ਸਾਹਿਬਜ਼ਾਦਾ ਅਜੀਤ ਸਿੰਘ ਜੀ ਮਿਊਜ਼ਿਕ ਅਕੈਡਮੀ,
ਮਨਟੀਕਾ ਕੈਲੀਫੌਰਨੀਆਂ ਦੇ ਵਿਦਿਆਰਥੀ ਵਿਸ਼ੇਸ਼ ਤੌਰ ਤੇ
ਸਰੀ ਸ਼ਹਿਰ ਦੇ ਗੁਰੂ ਘਰਾਂ ਵਿੱਚ ਸਿੱਖ ਤੰਤੀ ਸਾਜ਼ਾਂ ਅਤੇ
ਗੁਰਮਤਿ ਸੰਗੀਤ ਦੇ ਨਿਰਧਾਰਿਤ ਰਾਗਾਂ ਵਿੱਚ
ਕੀਰਤਨ ਕਰਨਗੇ ਜੀ।
sas_musicacademy
+1(209) 302-6783

# Canada Kirtan Tour February 2025

## SAHIBZADA AJIT SINGH JI MUSIC ACADEMY

**14 Feb Friday (5:45 Pm- 6:45 Pm)**
Guru Nanak Sikh Gurdwara Delta/Surrey

**15 Feb Saturday (4:30 Pm- 4:45 Pm, 6:00Pm- 6:15 Pm)**
Guru Nanak Sikh Gurdwara Delta/Surrey

**15 Feb Saturday (7:00 Pm- 8:00 Pm)**
Gurdwara Sahib Sukh Sagar , New Westminister

**16 Feb Sunday (10:45 Am- 11:30 Am)**
Gurdwara Sahib Dasmesh Darbar

**16 Feb Sunday (12:00 Noon- 1:00 Pm)**
Gurdwara Sahib Sukh Sagar , New Westminister

**16 Feb Sunday (7:00 Pm- 7:15 Pm)**
Guru Nanak Sikh Gurdwara Delta/Surrey



sas_musicacademy +1(209) 302-6783

# ਪਿੰਡ ਚੰਦਭਾਨ ’ਚ ਲੋਕਾਂ ਤੇ ਪੁਲਿਸ ਵਿਚਾਲੇ ਟਕਰਾਅ

## ਗਲੀ ’ਚ ਨਾਲੀ ਬਣਾਏ ਜਾਣ ਤੋਂ ਭਖੇ ਵਿਵਾਦ ਨੇ ਹਿੰਸਕ ਰੂਪ ਧਾਰਿਆ; ਧਰਨਾਕਾਰੀਆਂ ਨੇ ਵਾਹਨਾਂ ਦੀ ਭੰਨ-ਤੋੜ ਕੀਤੀ





ਜੈਤੋ : ਇੱਥੋਂ ਨੇੜਲੇ ਪਿੰਡ ਚੰਦਭਾਨ ’ਚ ਪਾਣੀ ਦੇ ਨਿਕਾਸ ਲਈ ਗਲੀ ’ਚ ਨਾਲੀ ਬਣਾਏ ਜਾਣ ਤੋਂ ਹਿੰਸਕ ਵਿਵਾਦ ਪੈਦਾ ਹੋ ਗਿਆ ਤੇ ਮਾਮਲਾ ਇੰਨਾ ਵਧ ਗਿਆ ਐੱਸਐੱਸਪੀ ਫ਼ਰੀਦਕੋਟ ਡਾ. ਪ੍ਰਗਿਆ ਜੈਨ ਨੂੰ ਸਥਿਤੀ ’ਤੇ ਕਾਬੂ ਪਾਉਣ ਲਈ ਖ਼ੁਦ ਘਟਨਾ ਸਥਾਨ ’ਤੇ ਆਉਣਾ ਪਿਆ। ਜਾਣਕਾਰੀ ਮੁਤਾਬਕ ਪਿੰਡ ਦੀ ਮਹਿਲਾ ਸਰਪੰਚ ਦਲਿਤ ਭਾਈਚਾਰੇ ਨਾਲ ਸਬੰਧਤ ਹੈ। ਉਸ ਦੇ ਭਾਈਚਾਰੇ ਨਾਲ ਸਬੰਧਤ ਕੁਝ ਘਰਾਂ ਦੇ ਪਾਣੀ ਦੀ ਨਿਕਾਸੀ ਲਈ ਬਣਾਈ ਜਾਣ ਵਾਲੀ ਗਲੀ ਲਈ ਪਿੰਡ ਦੇ ਇੱਕ ਜ਼ਿਮੀਂਦਾਰ ਸਣੇ ਕੁਝ ਹੋਰ ਪਰਿਵਾਰਾਂ ਦੇ ਘਰਾਂ ਅੱਗੇ ਬਣੇ ਥੜ੍ਹੇ ਤੋੜੇ ਜਾਣੇ ਸਨ, ਜਿਸ ਦਾ ਸਬੰਧਤ ਪਰਿਵਾਰਾਂ ਨੂੰ ਇਤਰਾਜ਼ ਸੀ। ਇਸੇ ਗੱਲ ਨੂੰ ਲੈ ਕੇ ਵਿਵਾਦ ਸ਼ੁਰੂ ਹੋ ਗਿਆ। ਅੱਜ ਵੀ ਪ੍ਰਦਰਸ਼ਨਕਾਰੀਆਂ ’ਚ ਮਜ਼ਦੂਰ ਲੋਕਾਂ ਦੀ ਹੀ ਬਹੁਤਾਤ ਸੀ। ਸਵੇਰੇ ਕਰੀਬ 11 ਵਜੇ ਤੋਂ ਹੀ ਧਰਨਾ ਲੱਗਾ ਹੋਣ ਕਾਰਨ ਜੈਤੋ-ਬਠਿੰਡਾ ਵਿਚਾਲੇ ਆਵਾਜਾਈ ਨੂੰ ਬਰਾਸਤਾ ਬਾਜਾਖਾਨਾ ਆਪਣੀਆਂ ਮੰਜ਼ਿਲ ਵੱਲ ਵਧਣਾ ਪਿਆ। ਪਿੰਡ ਚੰਦਭਾਨ ਦੇ ਦਲਿਤ ਭਾਈਚਾਰੇ ਦੇ ਲੋਕ ਅੱਜ ਸਵੇਰ ਤੋਂ ਹੀ ਜੈਤੋ-ਬਠਿੰਡਾ ਰੋਡ ’ਤੇ ਧਰਨਾ ਲਾਈ ਬੈਠੇ ਸਨ। ਸ਼ਾਮ ਵੇਲੇ ਪੁਲੀਸ ਨੇ ਧਰਨਾਕਾਰੀਆਂ ਨੂੰ ਉੱਥੋਂ ਖਦੇੜਨਾ ਸ਼ੁਰੂ ਕੀਤਾ ਤਾਂ ਪੁਲੀਸ ਦੀ ਘੱਟ ਨਫ਼ਰੀ ਨੂੰ ਦੇਖ ਕੇ ਸੈਂਕੜਿਆਂ ਦੀ ਗਿਣਤੀ ’ਚ ਪ੍ਰਦਰਸ਼ਨਕਾਰੀਆਂ ਨੇ ਉਨ੍ਹਾਂ ’ਤੇ ਇੱਟਾਂ ਅਤੇ ਡਲਿਆਂ ਦੀ ਵਾਛੜ ਕਰ ਦਿੱਤੀ। ਘਟਨਾ ’ਚ ਕਈ ਪੁਲੀਸ ਮੁਲਾਜ਼ਮ ਜ਼ਖ਼ਮੀ ਹੋਏ ਦੱਸੇ ਜਾ ਰਹੇ ਹਨ। ਧਰਨਾਕਾਰੀਆਂ ਨੇ ਪੁਲੀਸ ਮੁਲਾਜ਼ਮਾਂ ਦੀਆਂ ਨਿੱਜੀ ਗੱਡੀਆਂ ਤੋਂ ਇਲਾਵਾ ਸੜਕ ’ਤੇ ਜਾਮ ’ਚ ਫਸੇ ਵਾਹਨਾਂ ਦੀ ਭੰਨ-ਤੋੜ ਵੀ ਕੀਤੀ। ਇਸ ਮਗਰੋਂ ਪੁਲੀਸ ਨੇ ਹਾਲਾਤ ’ਤੇ ਕਾਬੂ ਪਾਉਣ ਲਈ ਜ਼ਿਲ੍ਹਾ ਹੈੱਡਕੁਆਟਰ ਫ਼ਰੀਦਕੋਟ ਤੋਂ ਹੋਰ ਪੁਲੀਸ ਨਫ਼ਰੀ ਬੁਲਾ ਲਈ ਅਤੇ ਜਲ ਤੋਪਾਂ ਦੀ ਵਰਤੋਂ ਕਰ ਕੇ ਧਰਨਾਕਾਰੀਆਂ ਨੂੰ ਖਦੇੜ ਦਿੱਤਾ।

ਸੂਤਰਾਂ ਅਨੁਸਾਰ ਇਸ ਮਗਰੋਂ ਪੁਲੀਸ ਨੇ ਮੁਲਾਜ਼ਮਾਂ ’ਤੇ ਹਮਲਾ ਕਰਨ ਵਾਲਿਆਂ ਦੀ ਸ਼ਨਾਖਤ ਕਰਦਿਆਂ ਦੇਰ ਸ਼ਾਮ ਤੱਕ ਲਗਪਗ ਚਾਰ ਦਰਜਨ ਤੋਂ ਵੱਧ ਵਿਅਕਤੀਆਂ ਨੂੰ ਹਿਰਾਸਤ ’ਚ ਲੈ ਲਿਆ। ਇਸ ਦੌਰਾਨ ਪਿੰਡ ਚੰਦਭਾਨ ਪੁੱਜੇ ਐੱਸਐੱਸਪੀ ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਪਿੰਡ ਦੀ ਸਰਪੰਚ ਅਮਨਦੀਪ ਕੌਰ ਦੇ ਪਤੀ ਕੁਲਦੀਪ ਸਿੰਘ ਦੀ ਅਗਵਾਈ ’ਚ ਪ੍ਰਦਸ਼ਰਨਕਾਰੀਆਂ ਵੱਲੋਂ ਪਹਿਲਾਂ ਸੜਕ ਰੋਕੀ ਗਈ ਤੇ ਫਿਰ ਪੁਲੀਸ ’ਤੇ ਹਮਲਾ ਕਰ ਕੇ ਮਾਮਲੇ ਨੂੰ ਹਿੰਸਕ ਰੂਪ ਦਿੱਤਾ। ਉਨ੍ਹਾਂ ਕਿਹਾ ਕਿ ਮਾਮਲੇ ਦੇ ਸਾਰੇ ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਤੇ ਸੂਬਾ ਕਮੇਟੀ ਮੈਂਬਰ ਗੁਰਪਾਲ ਸਿੰਘ ਨੇ ਪਿੰਡ ਚੰਦਭਾਨ ’ਚ ਮਜ਼ਦੂਰਾਂ ਤੇ ਪੁਲੀਸ ਵਿਚਾਲੇ ਟਕਰਾਅ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ਼ੈਲਰ ਮਾਲਕ ਵੱਲੋਂ ਮਜ਼ਦੂਰ ਬਸਤੀ ’ਚ ਗੰਦਾ ਪਾਣੀ ਪਾਉਣ ਦਾ ਵਿਰੋਧ ਕਰਦੇ ਮਜ਼ਦੂਰਾਂ ’ਤੇ ਪੁਲੀਸ ਵੱਲੋਂ ਲਾਠੀਚਾਰਜ ਤੇ ਦੋ ਦਰਜਨ ਤੋਂ ਵਧੇਰੇ ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕਰਨਾ ਮੰਦਭਾਗਾ ਹੈ।

## ਮਹਿਲਾ ਸਰਪੰਚ ਸਣੇ 91 ਵਿਅਕਤੀਆਂ ਖ਼ਿਲਾਫ਼ ਕੇਸ ਦਰਜ

### ਲੋਕਾਂ ਨੂੰ ਸਹਿਮ ਮੁਕਤ ਕਰਨ ਲਈ ਪੁਲਿਸ ਵੱਲੋਂ ਫ਼ਲੈਗ ਮਾਰਚ



ਜੈਤੋ : ਨੇੜਲੇ ਪਿੰਡ ਚੰਦਭਾਨ ’ਚ ਬੀਤੇ ਦਿਨ ਹੋਏ ਹਿੰਸਾ ਦੇ ਤਾਂਡਵ ਕਾਰਨ ਲੋਕਾਂ ’ਚ ਫੈਲੇ ਹੋਏ ਡਰ ਨੂੰ ਖਤਮ ਕਰਨ ਦੇ ਮਕਸਦ ਨਾਲ ਅੱਜ ਐਸਪੀ ਜਸਮੀਤ ਸਿੰਘ ਦੀ ਅਗਵਾਈ ਵਿੱਚ ਪੁਲੀਸ ਵੱਲੋਂ ਪਿੰਡ ਵਿੱਚ ਫਲੈਗ ਮਾਰਚ ਕੱਢਿਆ ਗਿਆ। ਇਸ ਮੌਕੇ ਡੀਐਸਪੀ ਜੈਤੋ ਸੁਖਦੀਪ ਸਿੰਘ ਅਤੇ ਐਸਐਚਓ ਜੈਤੋ ਰਾਜੇਸ਼ ਕੁਮਾਰ ਵੀ ਮੌਜੂਦ ਸਨ। ਬੀਤੀ ਸ਼ਾਮ ਹੋਈ ਹਿੰਸਕ ਝੜਪ ਦੇ ਸਬੰਧ ’ਚ ਜੈਤੋ ਪੁਲੀਸ ਨੇ ਅੱਜ ਕੇਸ ਦਰਜ ਕੀਤਾ ਹੈ। ਐਫਆਈਆਰ ਵਿੱਚ ਪਿੰਡ ਦੀ ਮਹਿਲਾ ਸਰਪੰਚ ਅਮਨਦੀਪ ਕੌਰ, ਉਸ ਦੇ ਪਤੀ ਕੁਲਦੀਪ ਸਿੰਘ ਸਮੇਤ ਕਥਿਤ ਤੌਰ ’ਤੇ 41 ਪਛਾਣ ਸਮੇਤ ਅਤੇ 50 ਨਾਮਾਲੂਮ ਮੁਲਜ਼ਮਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਘਟਨਾ ਸਥਾਨ ’ਤੇ ਜ਼ਖ਼ਮੀ ਹੋਏ ਅਤੇ ਕੋਟਕਪੂਰਾ ਹਸਪਤਾਲ ਵਿੱਚ ਜ਼ੇਰੇ ਇਲਾਜ ਸਹਾਇਕ ਸਬ ਇੰਸਪੈਕਟਰ ਨਛੱਤਰ ਸਿੰਘ ਦੇ ਬਿਆਨਾਂ ’ਤੇ ਇਹ ਪਰਚਾ ਦਰਜ ਹੋਇਆ ਹੈ। ਅਧਿਕਾਰੀ ਅਨੁਸਾਰ ਗਲੀ ’ਚ ਨਾਲੀ ਬਣਾਏ ਜਾਣ ਦੇ ਵਿਵਾਦ ਕਾਰਨ ਸਰਪੰਚ ਤੇ ਉਸ ਦੇ ਪਤੀ ਦੀ ਅਗਵਾਈ ’ਚ ਪਿੰਡ ਦੇ ਕੁੱਝ ਵਿਅਕਤੀਆਂ ਨੇ ਬਠਿੰਡਾ-ਫ਼ਰੀਦਕੋਟ ਸੜਕ ’ਤੇ ਧਰਨਾ ਲਾ ਕੇ ਆਵਾਜਾਈ ਠੱਪ ਕਰ ਦਿੱਤੀ ਸੀ। ਐਸਐਚਓ ਜੈਤੋ ਰਾਜੇਸ਼ ਕੁਮਾਰ ਜਦੋਂ ਧਰਨਾਕਾਰੀਆਂ ਕੋਲ ਗੱਲਬਾਤ ਰਾਹੀਂ ਮਾਮਲਾ ਨਿਬੇੜਨ ਦੀ ਪੇਸ਼ਕਸ਼ ਲੈ ਕੇ ਪੁੱਜੇ, ਤਾਂ ਅਗਵਾਈ ਕਰਨ ਵਾਲਿਆਂ ਨੇ ਲੋਕਾਂ ਨੂੰ ਕਥਿਤ ਤੌਰ ’ਤੇ ਉਕਸਾਇਆ ਅਤੇ ਹਿੰਸਾ ਲਈ ਪ੍ਰੇਰਿਆ। ਦਰਜ ਐਫਆਈਆਰ ਵਿਚ ਕਿਹਾ ਗਿਆ ਹੈ ਕਿ ਭੜਕੀ ਹੋਈ ਭੀੜ ਨੇ ਇੱਟਾਂ-ਰੋੜਿਆਂ ਦੀ ਵਾਛੜ ਕਰਨ ਤੋਂ ਇਲਾਵਾ ਮੀਡੀਆ ਕਰਮਚਾਰੀਆਂ ਅਤੇ ਪੁਲੀਸ ਦੀਆਂ ਗੱਡੀਆਂ ਤੋਂ ਇਲਾਵਾ ਜਾਮ ’ਚ ਫਸੇ ਪ੍ਰਾਈਵੇਟ ਵਾਹਨਾਂ ਦੀ ਵੀ ਭੰਨ-ਤੋੜ ਕੀਤੀ। ਇਸ ਦੌਰਾਨ ਗੱਡੀਆਂ ’ਚ ਪਿਆ ਕੀਮਤੀ ਸਾਮਾਨ ਅਤੇ ਨਕਦੀ ਚੋਰੀ ਕਰ ਲਈ ਗਈ ਅਤੇ ਪੁਲੀਸ ਮੁਲਾਜ਼ਮਾਂ ਨੂੰ ਘੇਰ ਕੇ ਸੱਟਾਂ ਮਾਰੀਆਂ ਗਈਆਂ। ਇਸ ਤੋਂ ਇਲਾਵਾ ਪੁਲੀਸ ਮੁਲਾਜ਼ਮਾਂ ਤੋਂ ਅਸਲਾ ਖੋਹਣ ਦੀ ਕੋਸ਼ਿਸ਼ ਅਤੇ ਮਹਿਲਾ ਪੁਲੀਸ ਕਰਮਚਾਰੀਆਂ ਨੂੰ ਅਪਸ਼ਬਦ ਬੋਲ ਕੇ ਬੇਇੱਜ਼ਤ ਕਰਨ ਦੇ ਦੋਸ਼ ਵੀ ਲਾਏ ਗਏ ਹਨ।

## ਚੰਦਭਾਨ ’ਚ ਮਜ਼ਦੂਰਾਂ ’ਤੇ ਹਮਲੇ ਖ਼ਿਲਾਫ਼ ਕਾਰਵਾਈ ਮੰਗੀ



ਮਲੋਂਦ : ਆਵਾਮੀ ਰੰਗਮੰਚ (ਪਲਸ ਮੰਚ) ਸਿਹੌੜਾ ਵੱਲੋਂ ਚੰਦਭਾਨ ਵਿੱਚ ਮਜ਼ਦੂਰਾਂ ਨਾਲ ਹੋਏ ਜਬਰੀ ਧੱਕੇ ਦਾ ਵਿਰੋਧ ਕਰਦਿਆਂ ਇਥੇ ਪ੍ਰਦਰਸ਼ਨ ਕੀਤਾ। ਇਸ ਮੌਕੇ ਆਗੂਆਂ ਨੇ ਜੈਤੋ ਥਾਣੇ ਦੇ ਮੁਖੀ ਤੇ ਜ਼ਿਲ੍ਹਾ ਪੁਲੀਸ ਪ੍ਰਸ਼ਾਸਨ ’ਤੇ ਸ਼ੈਲਰ ਮਾਲਕ ਗਮਦੂਰ ਸਿੰਘ ਨਾਲ ਮਿਲ ਕੇ ਚੰਦਭਾਨ ਦੇ ਮਜ਼ਦੂਰਾਂ ’ਤੇ ਜੁਲਮ ਕਰਨ, ਇਰਾਦਾ ਕਤਲ ਵਰਗੇ ਦੋਸ਼ਾਂ ਤਹਿਤ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਮਜ਼ਦੂਰਾਂ ਦੇ ਘਰਾਂ ਵਿੱਚ ਭੰਨ੍ਹਤੋੜ ਕਰਨ ਦਾ ਦੋਸ਼ ਲਾਉਂਦਿਆਂ ਇਸ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ। ਇਸ ਮੌਕੇ ਮਜ਼ਦੂਰਾਂ ਨਾਲ ਇਕਜੁੱਟਤਾ ਜ਼ਾਹਰ ਕਰਦਿਆਂ ਪੁਲੀਸ ਪ੍ਰਸ਼ਾਸਨ ਤੇ ਮੌਜੂਦਾ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਆਵਾਮੀ ਰੰਗਮੰਚ ਦੇ ਆਗੂ ਸ਼ੈਰੀ ਸਿਹੌੜਾ ਤੇ ਪਾਵੇਲ ਸਿਹੌੜਾ ਨੇ ਕਿਹਾ ਕਿ ਪਿੰਡ ਚੰਦਭਾਨ ਦੇ ਮਜ਼ਦੂਰਾਂ ’ਤੇ ਹਲਕਾ ਵਿਧਾਇਕ ਅਮੋਲਕ ਸਿੰਘ ਦੀ ਸ਼ਹਿ ’ਤੇ ਪੁਲੀਸ ਵੱਲੋਂ ਸ਼ਰੇਆਮ ਗੋਲੀਆਂ ਚਲਾਈਆਂ ਗਈਆਂ ਜੋ ਬਿਲਕੁਲ ਬਰਦਾਸ਼ ਕਰਨ ਵਾਲੀ ਘਟਨਾ ਨਹੀਂ ਹੈ। ਇਸ ਦੇ ਨਾਲ ਹੀ ਹਰਪ੍ਰੀਤ ਸਿਹੌੜਾ, ਮਾਸਟਰ ਚਰਨਜੀਤ ਸਿੰਘ, ਰਾਮਪਾਲ ਸਿੰਘ, ਕੁਲਦੀਪ ਸਿੰਘ, ਜਗਦੇਵ ਫੌਜੀ ਨੇ ਮੰਗ ਕੀਤੀ ਕਿ ਫਾਇਰਿੰਗ ਦੌਰਾਨ ਜ਼ਖ਼ਮੀ ਹੋਏ ਦੋਵੇਂ ਮਜ਼ਦੂਰ, ਜੋ ਇਸ ਵੇਲੇ ਪੁਲੀਸ ਹਿਰਾਸਤ ਵਿੱਚ ਹਨ ਉਨ੍ਹਾਂ ਦਾ ਇਲਾਜ ਕਰਵਾਇਆ ਜਾਵੇ, ਗ੍ਰਿਫ਼ਤਾਰ ਕੀਤੇ ਮਜ਼ਦੂਰਾਂ ਨੂੰ ਬਿਨਾ ਸ਼ਰਤ ਰਿਹਾਅ ਕੀਤਾ ਜਾਵੇ, ਝੂਠੇ ਕੇਸ ਰੱਦ ਕੀਤੇ ਜਾਣ ਤੇ ਭੰਨ੍ਹਤੋੜ ਦਾ ਬਣਦਾ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਰਾਮ ਪਿਆਰਾ ਸਿੰਘ, ਗੁਰਜੀਤ ਸਿੰਘ, ਜਸਕੀਰਤ ਸਿਹੋੜਾ, ਗੁਰਵਿੰਦਰ, ਹਰਜੋਤ ਸਿੰਘ, ਕੁਲਵੰਤ ਕਾਂਤੀ, ਹਰਜਿੰਦਰ ਕੌਰ ਤੇ ਬਲਜਿੰਦਰ ਕੌਰ ਹਾਜ਼ਰ ਸਨ।

## ਉਗਰਾਹਾਂ ਵੱਲੋਂ ਪੁਲਿਸ ’ਤੇ ਤਸ਼ੱਦਦ ਤੇ ਭੰਨਤੋੜ ਕਰਨ ਦੇ ਦੋਸ਼ ?



ਜੈਤੋ : ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੋਸ਼ ਲਾਇਆ ਹੈ ਕਿ ਬੀਤੇ ਦਿਨੀਂ ਪਿੰਡ ਚੰਦਭਾਨ ’ਚ ਕਥਿਤ ਤੌਰ ’ਤੇ ਪੁਲੀਸ ਵੱਲੋਂ ਮਜ਼ਦੂਰਾਂ ’ਤੇ ਲਾਠੀਚਾਰਜ ਕੀਤਾ ਗਿਆ। ਉਨ੍ਹਾਂ ਮਜ਼ਦੂਰਾਂ ਦੇ ਕਈ ਘਰਾਂ ’ਚ ਭੰਨਤੋੜ ਕਰਨ ਤੇ ਕਈ ਦਰਜਨ ਮਜ਼ਦੂਰਾਂ ਉੱਤੇ ਕੇਸ ਦਰਜ ਕਰ ਕੇ ਤਿੰਨ ਦਰਜਨ ਤੋਂ ਵੱਧ ਪੀੜਤ ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕਰਨ ਦੇ ਇਲਜ਼ਾਮ ਲਾਉਂਦਿਆਂ, ਇਸ ਕਾਰਵਾਈ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਗੋਲੀ ਚਲਾਉਣ ਵਾਲੇ ਨੂੰ ਮਹਿਜ਼ ਅਸਲਾ ਐਕਟ ਅਧੀਨ ਗ੍ਰਿਫ਼ਤਾਰ ਕੀਤਾ ਗਿਆ ਹੈ ਪਰ ਸਾਰੇ ਹਮਲਾਵਰਾਂ ਤੇ ਜ਼ਿੰਮੇਵਾਰ ਪੁਲੀਸ ਅਫ਼ਸਰਾਂ ਖ਼ਿਲਾਫ਼ ਕੇਸ ਦਰਜ ਕਰ ਕੇ ਗ੍ਰਿਫ਼ਤਾਰ ਕਰਨ, ਬੇਦੋਸ਼ੇ ਮਜ਼ਦੂਰਾਂ ਨੂੰ ਰਿਹਾਅ ਕਰਨ ਸਣੇ ਤੇ ਭੰਨਤੋੜ ਦੇ ਮੁਆਵਜ਼ੇ ਦੀਆਂ ਮੰਗਾਂ ਅਜੇ ਬਾਕੀ ਹਨ।

# ਮਾਘ ਪੂਰਨਿਮਾ ਦੀ ਪੂਰਵ ਸੰਧਿਆ ਮੌਕੇ ਸ਼ਰਧਾਲੂ ਪ੍ਰਯਾਗਰਾਜ ਲਈ ਹੋਏ ਰਵਾਨਾ







ਲਖਨਊ : ਲਖਨਊ ਵਿੱਚ ਮਾਘ ਪੂਰਨਿਮਾ ਦੀ ਪੂਰਵ ਸੰਧਿਆ 'ਤੇ ਮਹਾਕੁੰਭ ਮੇਲੇ ਵਿੱਚ ਸ਼ਾਮਲ ਹੋਣ ਲਈ ਸ਼ਰਧਾਲੂ ਪ੍ਰਯਾਗਰਾਜ ਲਈ ਰਵਾਨਾ ਹੋਣ ਕਾਰਨ ਯਾਤਰੀਆਂ ਦੀ ਭਾਰੀ ਭੀੜ ਗੋਮਤੀ ਐਕਸਪ੍ਰੈਸ ਵਿੱਚ ਚੜ੍ਹਨ ਲਈ ਉਡੀਕ ਕਰ ਰਹੀ ਹੈ। ਮਾਘੀ ਪੂਰਨਿਮਾ 'ਤੇ ਸੰਗਮ ਵਿਚ ਇਸ਼ਨਾਨ ਜਾਰੀ ਹੈ। ਜਾਣਕਾਰੀ ਅਨੁਸਾਰ ਮਾਘੀ 'ਤੇ 73 ਲੱਖ ਤੋਂ ਵੱਧ ਲੋਕਾਂ ਨੇ ਇਸ਼ਨਾਨ ਕੀਤਾ ਹੈ। ਇਸ ਮੌਕੇ 'ਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸਾਰੇ ਸ਼ਰਧਾਲੂਆਂ ਨੂੰ ਮਹਾਪੁਰਬ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਮੁੱਖ ਮੰਤਰੀ ਯੋਗੀ ਸਵੇਰੇ 4 ਵਜੇ ਤੋਂ ਸਾਰੀ ਸਥਿਤੀ ਦੀ ਨਿਗਰਾਨੀ ਕਰ ਰਹੇ ਹਨ। ਮਹਾਂਕੁੰਭ ਵਿਚ ਇਸ਼ਨਾਨ ਕਰਨ ਵਾਲੇ ਸ਼ਰਧਾਲੂਆਂ ਦੀ ਗਿਣਤੀ ਸਰਕਾਰ ਦੁਆਰਾ ਲਗਾਏ ਗਏ ਅੰਦਾਜ਼ੇ ਤੋਂ ਵੱਧ ਹੋ ਗਈ ਹੈ। ਸਰਕਾਰ ਨੇ ਅੰਦਾਜ਼ਾ ਲਗਾਇਆ ਸੀ ਕਿ ਇਸ ਮੇਲੇ ਵਿਚ 45 ਕਰੋੜ ਸ਼ਰਧਾਲੂ ਆਉਣਗੇ ਪਰ ਮੇਲਾ ਪ੍ਰਸ਼ਾਸਨ ਅਨੁਸਾਰ ਹੁਣ ਤੱਕ 46 ਕਰੋੜ ਲੋਕ ਸੰਗਮ ਵਿਚ ਇਸ਼ਨਾਨ ਕਰ ਚੁੱਕੇ ਹਨ।

## ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਕੀਤੀ ਮੁਲਾਕਾਤ



ਚੰਡੀਗੜ੍ਹ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸ਼ਨੀਵਾਰ ਨੂੰ ਚੰਡੀਗੜ੍ਹ ਦੇ ਸੰਤ ਕਬੀਰ ਕੁਟੀਰ ਵਿਖੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਦਾ ਸਨਮਾਨਿਤ ਕੀਤਾ।

## ਰਾਸ਼ਟਰਪਤੀ ਮੁਰਮੂ ਨੇ ਸੰਗਮ 'ਚ ਕੀਤਾ ਇਸ਼ਨਾਨ

### *ਬੜੇ ਹਨੂਮਾਨ ਜੀ ਮੰਦਰ, ਅਕਸ਼ੈਵਟ ਤੇ ਸਰਸਵਤੀ ਕੂਪ ਦੇ ਵੀ ਕੀਤੇ ਦਰਸ਼ਨ*

ਪ੍ਰਯਾਗਰਾਜ : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ 'ਚ ਮਹਾਂਕੁੰਭ-2025 ਮੇਲੇ ਦੌਰਾਨ ਅੱਜ ਤ੍ਰਿਵੇਣੀ ਸੰਗਮ 'ਚ ਇਸ਼ਨਾਨ ਕੀਤਾ ਅਤੇ ਬੜੇ ਹਨੂਮਾਨ ਜੀ, ਅਕਸ਼ੈਵਟ ਤੇ ਸਰਸਵਤੀ ਕੂਪ ਦੇ ਵੀ ਦਰਸ਼ਨ ਕੀਤੇ। ਇਸ ਦੌਰਾਨ ਸੂਬੇ ਦੀ ਰਾਜਪਾਲ ਆਨੰਦੀਬੇਨ ਪਟੇਲ ਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਹਾਜ਼ਰ ਰਹੇ। ਅਧਿਕਾਰੀਆਂ ਨੇ ਦੱਸਿਆ ਕਿ ਰਾਸ਼ਟਰਪਤੀ ਸਵੇਰੇ ਵਿਸ਼ੇਸ਼ ਜਹਾਜ਼ ਰਾਹੀਂ ਪ੍ਰਯਾਗਰਾਜ ਹਵਾਈ ਅੱਡੇ 'ਤੇ ਪਹੁੰਚੇ ਜਿੱਥੇ ਰਾਜਪਾਲ ਆਨੰਦੀਬੇਨ ਪਟੇਲ ਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਉਨ੍ਹਾਂ ਦਾ ਸਵਾਗਤ ਕੀਤਾ। ਉੱਥੋਂ ਉਹ ਅਰੈਲ ਪਹੁੰਚੀ ਤੇ ਕਿਸ਼ਤੀ ਰਾਹੀਂ ਸੰਗਮ ਪਹੁੰਚ ਕੇ ਇਸ਼ਨਾਨ ਕੀਤਾ। ਰਾਸ਼ਟਰਪਤੀ ਨੇ ਐਕਸ 'ਤੇ ਪਾਈ ਪੋਸਟ 'ਚ ਕਿਹਾ, 'ਅੱਜ ਮੈਨੂੰ ਪ੍ਰਯਾਗਰਾਜ ਮਹਾਂਕੁੰਭ ਦੇ ਰੂਹਾਨੀ ਵਾਤਾਵਰਣ 'ਚ ਮਾਂ ਗੰਗਾ, ਯਮੁਨਾ ਤੇ ਸਰਸਵਤੀ ਨਦੀ ਦੇ ਪਵਿੱਤਰ ਸੰਗਮ 'ਚ ਇਸ਼ਨਾਨ ਕਰਨ ਦਾ ਮੌਕਾ ਮਿਲਿਆ।' ਉਨ੍ਹਾਂ ਕਿਹਾ ਕਿ ਮਹਾਂਕੁੰਭ ਮਨੁੱਖਤਾ ਨੂੰ ਏਕਤਾ ਤੇ ਅਧਿਆਤਮਿਕਤਾ ਦਾ ਸੁਨੇਹਾ ਦਿੰਦਾ ਹੈ। ਅਧਿਕਾਰੀਆਂ ਅਨੁਸਾਰ ਕਿਸ਼ਤੀ ਰਾਹੀਂ ਸੰਗਮ ਘਾਟ ਜਾਂਦੇ ਸਮੇਂ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਰਾਸ਼ਟਰਪਤੀ ਮੁਰਮੂ ਨੂੰ ਗੰਗਾ ਤੇ ਯਮੁਨਾ ਨਦੀ ਅਤੇ ਉਸ ਦੇ ਵਹਾਅ ਬਾਰੇ ਜਾਣਕਾਰੀ ਦਿੱਤੀ। ਉਧਰ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਵੀ ਅੱਜ ਪਰਿਵਾਰ ਸਮੇਤ ਤ੍ਰਿਵੈਣੀ ਸੰਗਮ 'ਚ ਇਸ਼ਨਾਨ ਕੀਤਾ।



## ਰਾਜਾ ਇਕਬਾਲ ਸਿੰਘ ਨੇ ਪੰਡਿਤ ਦੀਨਦਿਆਲ ਉਪਾਧਿਆਏ ਨੂੰ ਸ਼ਰਧਾ ਦੇ ਫੁੱਲ ਕੀਤੇ ਭੇਟ



ਨਵੀਂ ਦਿੱਲੀ : ਦਿੱਲੀ ਨਗਰ ਨਿਗਮ (ਐਮਸੀਡੀ) ਦੇ ਵਿਰੋਧੀ ਧਿਰ ਦੇ ਨੇਤਾ ਰਾਜਾ ਇਕਬਾਲ ਸਿੰਘ ਨੇ ਨਵੀਂ ਦਿੱਲੀ ਵਿੱਚ ਭਾਰਤੀ ਜਨ ਸੰਘ ਦੇ ਸੰਸਥਾਪਕ ਪੰਡਿਤ ਦੀਨਦਿਆਲ ਉਪਾਧਿਆਏ ਨੂੰ ਉਨ੍ਹਾਂ ਦੀ ਬਰਸੀ ਮੌਕੇ ਸ਼ਰਧਾ ਦੇ ਫੁੱਲ ਭੇਟ ਕੀਤੇ।

## ਮਹਾਂਕੁੰਭ 'ਚ ਲੱਗਾ 300 ਕਿਲੋਮੀਟਰ ਦਾ ਜਾਮ

ਪ੍ਰਯਾਗਰਾਜ : ਪ੍ਰਯਾਗਰਾਜ 'ਚ ਮਹਾਂਕੁੰਭ ਦੇ ਮੱਦੇਨਜ਼ਰ ਲਗਭਗ 300 ਕਿਲੋਮੀਟਰ ਦਾ ਟਰੈਫਿਕ ਜਾਮ ਲੱਗ ਚੁੱਕਾ ਹੈ, ਜਿਸ ਨੂੰ ਦੁਨੀਆ ਦਾ ਸਭ ਤੋਂ ਵੱਡਾ ਜਾਮ ਕਿਹਾ ਜਾ ਰਿਹਾ ਹੈ। ਹਾਲਾਤ ਅਜਿਹੇ ਬਣ ਗਏ ਹਨ ਕਿ ਲੋਕਾਂ ਨੂੰ ਪ੍ਰਯਾਗਰਾਜ 'ਚ ਦਾਖ਼ਲ ਹੋਣ ਲਈ ਵੀ ਘੰਟਿਆਂਬੱਧੀ ਇੰਤਜ਼ਾਰ ਕਰਨਾ ਪੈ ਰਿਹਾ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਮੱਧ ਪ੍ਰਦੇਸ਼ ਦੇ ਜਬਲਪੁਰ ਤੋਂ ਪ੍ਰਯਾਗਰਾਜ ਤੱਕ 350 ਕਿਲੋਮੀਟਰ ਰਸਤੇ 'ਤੇ ਜਾਮ ਹੈ। ਪ੍ਰਯਾਗਰਾਜ 'ਚ ਚੱਲ ਰਿਹਾ ਮਹਾਂਕੁੰਭ ਆਪਣੇ ਅੰਤਿਮ ਪੜਾਅ 'ਤੇ ਪਹੁੰਚ ਰਿਹਾ ਹੈ ਪਰ ਇਸਦੇ ਨਾਲ ਹੀ ਸ਼ਰਧਾਲੂਆਂ ਦੀ ਗਿਣਤੀ 'ਚ ਵੀ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਦੇਸ਼ ਦੇ ਕੋਨੇ-ਕੋਨੇ ਤੋਂ ਸੰਗਮ ਇਸ਼ਨਾਨ ਲਈ ਲੱਖਾਂ ਸ਼ਰਧਾਲੂ ਪ੍ਰਯਾਗਰਾਜ ਪਹੁੰਚ ਰਹੇ ਹਨ। ਆਲਮ ਇਹ ਹੈ ਕਿ ਪ੍ਰਯਾਗਰਾਜ 'ਚ ਭਾਰੀ ਟਰੈਫਿਕ ਜਾਮ ਹੈ ਤੇ ਮੁੱਖ ਮਾਰਗਾਂ 'ਤੇ ਵਹਾਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਚੁੱਕੀਆਂ ਹਨ। ਰੇਲਗੱਡੀ ਰਾਹੀਂ ਆਉਣ ਵਾਲੇ ਯਾਤਰੀਆਂ ਨੂੰ ਸਟੇਸ਼ਨ 'ਤੇ ਭਾਰੀ ਭੀੜ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰੀ ਭੀੜ ਨੂੰ ਦੇਖਦੇ ਹੋਏ ਪ੍ਰਯਾਗਰਾਜ ਸੰਗਮ ਰੇਲਵੇ ਸਟੇਸ਼ਨ ਨੂੰ ਬੰਦ ਕਰ ਦਿੱਤਾ ਗਿਆ ਹੈ। ਮੇਲਾ ਪ੍ਰਸ਼ਾਸਨ ਦੇ ਅਨੁਸਾਰ ਐਤਵਾਰ ਸ਼ਾਮ 6 ਵਜੇ ਤੱਕ 1.42 ਕਰੋੜ ਤੋਂ ਵੱਧ ਸ਼ਰਧਾਲੂਆਂ ਨੇ ਗੰਗਾ ਅਤੇ ਸੰਗਮ 'ਚ ਡੁਬਕੀ ਲਗਾਈ ਤੇ ਕੁੱਲ ਯਾਤਰੀਆਂ ਦੀ ਗਿਣਤੀ ਹੁਣ 42 ਕਰੋੜ ਤੋਂ ਵੱਧ ਹੋ ਗਈ ਹੈ। ਏ.ਡੀ.ਸੀ.ਪੀ. (ਟਰੈਫਿਕ) ਕੁਲਦੀਪ ਸਿੰਘ ਨੇ ਕਿਹਾ ਕਿ ਵਾਹਨਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਜਿਸ ਕਾਰਨ ਲੰਬੇ ਜਾਮ ਲੱਗਦੇ ਹਨ। ਇਸ ਦੌਰਾਨ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਉੱਤਰ ਪ੍ਰਦੇਸ਼ ਸਰਕਾਰ ਦੀ ਆਲੋਚਨਾ ਕੀਤੀ ਤੇ ਫਸੇ ਹੋਏ ਸ਼ਰਧਾਲੂਆਂ ਲਈ ਤੁਰੰਤ ਐਮਰਜੈਂਸੀ ਪ੍ਰਬੰਧ ਕਰਨ ਦੀ ਅਪੀਲ ਕੀਤੀ।



# ਜਨਮ ਦਿਹਾੜਾ ਮਨਾਉਣ ਲਈ ਸੰਗਤਾਂ ਬੇਗਮਪੁਰਾ ਪਹੁੰਚੀਆਂ

## ਸ਼੍ਰੀ ਗੁਰੂ ਰਵਿਦਾਸ ਜੀ ਦੇ ਜੈਕਾਰਿਆਂ ਨਾਲ ਗੂੰਜਿਆ ਜਲੰਧਰ ਦਾ ਰੇਲਵੇ ਸਟੇਸ਼ਨ





ਗੁਰੂ ਰਵਿਦਾਸ ਜੀ ਦਾ ਜਨਮ ਅਸਥਾਨ ਮੰਦਰ








ਵਾਰਾਣਸੀ ਦੇ ਸੀਰ ਗੋਵਰਧਨ ਦਾਫੀ 'ਚ ਬੁੱਧਵਾਰ ਨੂੰ ਗੁਰੂ ਰਵਿਦਾਸ ਜਯੰਤੀ ਦੇ ਮੌਕੇ 'ਤੇ ਪੂਜਾ ਕਰਨ ਲਈ ਸ਼ਰਧਾਲੂ ਸੰਤ ਰਵਿਦਾਸ ਦੇ ਜਨਮ ਸਥਾਨ ਮੰਦਰ 'ਚ ਪਹੁੰਚੇ।






ਜਲੰਧਰ ਵਿੱਚ ਐਤਵਾਰ ਨੂੰ ਗੁਰੂ ਰਵਿਦਾਸ ਜਯੰਤੀ ਮਨਾਉਣ ਲਈ ਸ਼ਰਧਾਲੂ ਵਾਰਾਣਸੀ ਲਈ ਬੇਗਮਪੁਰਾ ਐਕਸਪ੍ਰੈਸ ਰੇਲਗੱਡੀ ਵਿੱਚ ਚੜ੍ਹਨ ਲਈ ਪੁੱਜੇ।

ਜਲੰਧਰ : ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੀ ਪ੍ਰਕਾਸ਼ ਪੁਰਬ ਨੂੰ ਲੈ ਕੇ ਸਿਟੀ ਸਟੇਸ਼ਨ ਤੋਂ ਹਜ਼ਾਰਾਂ ਸ਼ਰਧਾਲੂ ਕਾਸ਼ੀ ਲਈ ਬੇਗਮਪੁਰਾ ਐਕਸਪ੍ਰੈੱਸ ਸਪੈਸ਼ਲ ਟਰੇਨ ਰਵਾਨਾ ਹੋ ਗਈ। ਸਾਰੇ ਸ਼ਰਧਾਲੂ ਬੇਗਮਪੁਰਾ ਐਕਸਪ੍ਰੈੱਸ ਸਪੈਸ਼ਲ ਟਰੇਨ ਤੋਂ ਵਾਰਾਣਸੀ ਦੇ ਸ਼੍ਰੀ ਗੁਰੂ ਰਵਿਦਾਸ ਧਾਮ ਲਈ ਜਲੰਧਰ ਤੋਂ ਦੁਪਹਿਰ ਤਿੰਨ ਵਜੇ ਤੋਂ ਬਾਅਦ ਰਵਾਨਾ ਹੋਈ। ਟਰੇਨ ਡੇਰਾ ਸੱਚਖੰਡ ਬੱਲਾਂ ਦੇ ਗੱਦੀਨਸ਼ੀਨ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਦੀ ਪ੍ਰਧਾਨਗੀ ਵਿਚ ਰਵਾਨਾ ਕੀਤੀ ਗਈ। ਇਸ ਮੌਕੇ ਜਲੰਧਰ ਸਿਟੀ ਰੇਲਵੇ ਸਟੇਸ਼ਨ 'ਤੇ 'ਸ਼ਰਧਾ ਦਾ ਸੈਲਾਬ' ਵੇਖਣ ਨੂੰ ਮਿਲਿਆ, ਹਜ਼ਾਰਾਂ ਦੀ ਤਾਦਾਦ 'ਚ ਪਹੁੰਚੀਆਂ ਸੰਗਤਾਂ ਨੇ ਆਪਣੀ ਹਾਜ਼ਰੀ ਲਗਵਾਉਂਦਿਆਂ ਨਮਨ ਕੀਤਾ। ਡੇਰਾ ਸੱਚਖੰਡ ਬੱਲਾਂ ਦੇ ਮੁਖੀ ਸੰਤ ਨਿਰੰਜਣ ਦਾਸ ਵਿਸ਼ੇਸ਼ ਤੌਰ 'ਤੇ ਪਹੁੰਚੇ। ਸਟੇਸ਼ਨ 'ਤੇ ਮੌਜੂਦ ਸੰਗਤ ਅਤੇ ਸੰਤਾਂ ਦੁਆਰਾ ਉਤਸ਼ਾਹ ਨਾਲ ਭਜਨ ਗਾਏ ਗਏ। ਸੰਤ ਨਿਰੰਜਣ ਦਾਸ ਵੀ ਵੀ ਸੰਗਤਾਂ ਸਮੇਤ ਟਰੇਨ ਰਾਹੀਂ ਕਾਸ਼ੀ ਲਈ ਰਵਾਨਾ ਹੋਏ। ਆਲਮ ਇਹ ਸੀ ਕਿ ਸਟੇਸ਼ਨ ਹਰ ਪਾਸਿਓਂ ਭਰਿਆ ਹੋਇਆ ਸੀ। ਮੇਲੇ ਵਿਚ ਵੀ ਇੰਨੀ ਭੀੜ ਨਹੀਂ ਹੁੰਦੀ ਜਿੰਨੀ ਸਟੇਸ਼ਨ 'ਤੇ ਦਿਖਾਈ ਦਿੱਤੀ। ਸੰਗਤਾਂ ਨੇ ਅਟੁੱਟ ਵਿਸ਼ਵਾਸ ਦਾ ਪ੍ਰਦਰਸ਼ਨ ਕੀਤਾ।

ਇਸ ਦੇ ਪਹਿਲਾਂ ਸਵੇਰੇ ਸੰਤ ਨਿਰੰਜਣ ਦਾਸ ਜੀ ਦਾ ਬੀ. ਐੱਸ. ਐੱਫ਼. ਚੌਂਕ ਕੋਲ ਸ਼ਾਨਦਾਰ ਸਵਾਗਤ ਕੀਤਾ ਕੀਤਾ ਗਿਆ। ਉਪਰੰਤ ਸੰਗਤਾਂ ਸੰਤ ਨਿਰੰਜਣ ਦਾਸ ਜੀ ਦੀ ਪ੍ਰਧਾਨਗੀ ਵਿਚ ਸਿਟੀ ਸਟੇਸ਼ਨ 'ਤੇ ਪਹੁੰਚੀਆਂ ਅਤੇ 3 ਵਜੇ ਤੋਂ ਬਾਅਦ ਟਰੇਨ ਨੂੰ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ। ਪੂਰਾ ਰੇਲਵੇ ਸਟੇਸ਼ਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ।

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਜਨਮ ਦਿਹਾੜਾ ਮਨਾਉਣ ਲਈ ਸ੍ਰੀ ਗੁਰੂ ਰਵਿਦਾਸ ਧਾਮ ਕਾਸ਼ੀ (ਵਾਰਾਣਸੀ) ਲਈ ਜਾਣ ਵਾਲੀਆਂ ਸੰਗਤਾਂ ਲਈ ਇਸ ਸਪੈਸ਼ਲ ਟਰੇਨ ਦਾ ਸੰਚਾਲਨ ਹੋਵੇਗਾ। ਜਲੰਧਰ ਦੇ ਰੇਲਵੇ ਸਟੇਸ਼ਨ 'ਤੇ ਪੂਰੀ ਤਰ੍ਹਾਂ ਰੌਣਕਾਂ ਲੱਗੀਆਂ ਹੋਈਆਂ ਹਨ। ਵੱਡੀ ਗਿਣਤੀ ਵਿਚ ਸੰਗਤ ਬੇਗਮਪੁਰਾ ਜਾਣ ਲਈ ਉਥੇ ਪਹੁੰਚ ਚੁੱਕੀ ਹੈ। ਸੰਗਤ ਦੀ ਆਮਦ ਨੂੰ ਵੇਖਦੇ ਹੋਏ ਪ੍ਰਸ਼ਾਸਨ ਵੱਲੋਂ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਵੱਖ-ਵੱਖ ਸੰਸਥਾਵਾਂ ਵੱਲੋਂ ਲੰਗਰ ਦੀ ਵੀ ਵਿਵਸਥਾ ਕੀਤੀ ਗਈ ਹੈ।

ਇਸ ਸਬੰਧੀ ਸਿਟੀ ਸਟੇਸ਼ਨ 'ਤੇ ਤਿਆਰੀਆਂ ਨੂੰ ਲੈ ਕੇ ਕਾਫ਼ੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਵਿਸ਼ੇਸ਼ ਸਟੇਜ ਆਦਿ ਲਗਾ ਕੇ ਸੰਗਤਾਂ ਦਾ ਸਵਾਗਤ ਸ਼ਾਨਦਾਰ ਢੰਗ ਨਾਲ ਕੀਤਾ ਗਿਆ। ਸ੍ਰੀ ਗੁਰੂ ਰਵਿਦਾਸ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸਤਪਾਲ ਮੱਲ, ਪ੍ਰਧਾਨ ਹਰਦਿਆਲ ਬੰਗੜ, ਸਕੱਤਰ ਵਿਨੋਦ ਕੌਲ, ਕੈਸ਼ੀਅਰ ਗੌਰਵ ਮਹੇ ਨੇ ਦੱਸਿਆ ਕਿ ਟਰੇਨ ਡੇਰਾ ਸੱਚਖੰਡ ਬੱਲਾਂ ਦੇ ਗੱਦੀਨਸ਼ੀਨ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਦੀ ਪ੍ਰਧਾਨਗੀ ਵਿਚ ਰਵਾਨਾ ਹੋਈ। ਇਸ ਮੌਕੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਸਮੇਤ ਹੋਰ ਵੀ ਕਈ ਆਗੂ ਮੌਜੂਦ ਸਨ।

ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ, ਸ੍ਰੀ ਗੁਰੂ ਰਵਿਦਾਸ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸਤਪਾਲ ਮੱਲ, ਬਸਪਾ ਪੰਜਾਬ ਦੇ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ, ਪ੍ਰਧਾਨ ਹਰਦਿਆਲ ਬੰਗੜ, ਅਮਰ ਨਾਥ ਮਹੇ ਸਮੇਤ ਹੋਰ ਪਤਵੰਤਿਆਂ ਨੇ ਇਸ ਮੌਕੇ ਆਪਣੀ ਹਾਜ਼ਰੀ ਦਰਜ ਕਰਵਾਈ। ਆਸਥਾ 'ਚ ਡੁਬਕੀ ਲਗਾਉਂਦੀਆਂ ਸੰਗਤਾਂ ਦੁਪਹਿਰ 3 ਵਜੇ ਵਾਰਾਣਸੀ ਲਈ ਸਪੈਸ਼ਨ ਟਰੇਨ ਨੰਬਰ 00466 ਰਾਹੀਂ ਰਵਾਨਾ ਹੋਈਆਂ। ਅੰਤਿਮ ਅੰਕੜੇ ਦਰਸਾਉਂਦੇ ਹਨ ਕਿ 1690 ਤੋਂ ਵੱਧ ਯਾਤਰੀਆਂ ਦੀ ਬੁਕਿੰਗ ਕੀਤੀ ਗਈ ਹੈ, ਜਦਕਿ ਟਰੇਨ ਦੇ ਰਵਾਨਗੀ ਸਮੇਂ ਇਹ ਅੰਕੜਾ 1700 ਤੋਂ ਉੱਪਰ ਦੱਸਿਆ ਗਿਆ ਸੀ। ਰਸਤੇ ਵਿਚ ਇਹ ਟਰੇਨ ਲੁਧਿਆਣਾ, ਅੰਬਾਲਾ, ਸਹਾਰਨਪੁਰ, ਮੁਰਾਦਾਬਾਦ, ਲਖਨਊ ਆਦਿ ਸਟੇਸ਼ਨਾਂ 'ਤੇ ਰੁਕ ਰਹੀ ਸੀ, ਜਿੱਥੇ ਸ਼ਰਧਾਲੂਆਂ ਦੁਆਰਾ ਇਸਦਾ ਨਿੱਘਾ ਸਵਾਗਤ ਕੀਤਾ ਜਾ ਰਿਹਾ ਸੀ। ਡੇਰਾ ਸੱਚਖੰਡ ਬੱਲਾਂ ਵਲੋਂ 30 ਲੱਖ ਰੁਪਏ ਵਿਚ ਆਈ. ਆਰ. ਸੀ. ਟੀ. ਸੀ. ਤੋਂ ਉਕਤ ਟਰੇਨ ਬੁੱਕ ਕੀਤੀ ਗਈ ਹੈ, ਜਿਸ ਵਿਚ ਵਾਪਸੀਯੋਗ ਰਕਮ ਵੀ ਸ਼ਾਮਲ ਹੈ। ਉੱਥੇ ਹੀ, ਸੰਗਤਾਂ ਨੇ ਰੇਲਵੇ ਪੱਟੜੀ 'ਤੇ ਮੱਥਾ ਟੇਕਿਆ ਅਤੇ ਆਪਣੀ ਸ਼ਰਧਾ ਪ੍ਰਗਟ ਕੀਤੀ।

ਸਟੇਸ਼ਨ 'ਤੇ ਤਾਇਨਾਤ ਕੀਤੀ ਗਈ ਸਪੈਸ਼ਲ ਫੋਰਸ ਯਾਤਰੀਆਂ ਦੀ ਸਹੂਲਤ ਅਤੇ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਜ਼ਿਲ੍ਹਾ ਪੁਲਸ, ਜੀ. ਆਰ. ਪੀ, ਆਰ. ਪੀ. ਐੱਫ਼. ਦੇ ਨਾਲ ਵਾਧੂ ਸਪੈਸ਼ਲ ਫੋਰਸ ਵੀ ਸਟੇਸ਼ਨ 'ਤੇ ਤਾਇਨਾਤ ਕੀਤੀ ਗਈ ਸੀ। ਕਈ ਸੰਸਥਾਵਾਂ ਅਤੇ ਸ਼ਰਧਾਲੂਆਂ ਦੁਆਰਾ ਵੱਖ-ਵੱਖ ਪਕਵਾਨਾਂ ਦੇ ਲੰਗਰ ਲਾਏ ਗਏ ਸਨ। ਉਕਤ ਸਪੈਸ਼ਲ ਟਰੇਨ ਸੰਗਤਾਂ ਨੂੰ ਲੈ ਕੇ ਵਾਪਸ ਵੀ ਆਵੇਗੀ ਅਤੇ ਸ਼ਰਧਾਲੂਆਂ ਵਲੋਂ ਇਸ ਦਾ ਸਵਾਗਤ ਇਸੇ ਤਰ੍ਹਾਂ ਕੀਤਾ ਜਾਵੇਗਾ।

# ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ: ਸ਼ੋਭਾ ਯਾਤਰਾ ਵਿੱਚ ਸ਼ਰਧਾਲੂਆਂ ਦਾ ਸੈਲਾਬ

ਜਲੰਧਰ : ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼ੋਭਾ ਯਾਤਰਾ ਜੈਕਾਰਿਆਂ ਦੀ ਗੂੰਜ ਵਿੱਚ ਸ੍ਰੀ ਗੁਰੂ ਰਵਿਦਾਸ ਧਾਮ ਬੂਟਾ ਮੰਡੀ ਤੋਂ ਆਰੰਭ ਹੋਈ। ਸ਼ੋਭਾ ਯਾਤਰਾ ਵਿੱਚ ਵੱਡੀ ਗਿਣਤੀ 'ਚ ਸ਼ਰਧਾਲੂਆਂ ਨੇ ਹਾਜ਼ਰੀ ਭਰੀ। ਕਮਿਸ਼ਨਰੇਟ ਪੁਲੀਸ ਨੇ ਸ਼ੋਭਾ ਯਾਤਰਾ ਲਈ ਰੂਟ ਪਲਾਨ ਜਾਰੀ ਕੀਤਾ। ਸਤਿਗੁਰੂ ਰਵਿਦਾਸ ਧਾਮ, ਬੂਟਾ ਮੰਡੀ, ਨਕੋਦਰ ਰੋਡ, ਜਲੰਧਰ ਵਿਖੇ ਪ੍ਰਕਾਸ਼ ਪੁਰਬ ਮੌਕੇ ਮਨਾਏ ਜਾਣ ਵਾਲੇ ਸਮਾਗਮਾਂ ਦੌਰਾਨ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜਲੰਧਰ ਬੱਸ ਸਟੈਂਡ ਤੇ ਆਸ-ਪਾਸ ਦੇ ਇਲਾਕਿਆਂ 'ਚ ਟਰੈਫਿਕ 'ਚ ਬਦਲਾਅ ਕੀਤੇ ਗਏ ਹਨ। ਸ਼ੋਭਾ ਯਾਤਰਾ ਸਤਿਗੁਰੂ ਰਵਿਦਾਸ ਧਾਮ ਬੂਟਾ ਮੰਡੀ ਤੋਂ ਗੁਰੂ ਰਵਿਦਾਸ ਚੌਕ, ਨਕੋਦਰ ਚੌਕ, ਜੋਤੀ ਚੌਕ, ਪੀਐੱਨਬੀ ਚੌਕ, ਮਿਲਾਪ ਚੌਕ, ਸ਼ਹੀਦ ਭਗਤ ਸਿੰਘ ਚੌਕ, ਅੱਡਾ ਹੁਸ਼ਿਆਰਪੁਰ ਚੌਕ, ਮਾਈ ਹੀਰਾ ਗੇਟ, ਪਟੇਲ ਚੌਕ, ਸਬਜ਼ੀ ਮੰਡੀ ਚੌਕ, ਬਸਤੀ ਅੱਡਾ ਵਾਲਾ ਚੌਕ, ਭਗਵਾਨ ਵਾਲਾ ਚੌਕ, ਭਗਤੀ ਚੌਕ ਚੌਂਕ, ਸਤਿਗੁਰੂ ਰਵਿਦਾਸ ਧਾਮ ਬੂਟਾ ਮੰਡੀ ਸਮਾਪਤ ਹੋਈ।



ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਹੋਰਾਂ ਨੇ ਸ਼ੁੱਕਰਵਾਰ ਨੂੰ ਜਲੰਧਰ ਦੇ ਰਵਿਦਾਸ ਧਾਮ ਬੂਟਾ ਮੰਡੀ ਵਿਖੇ ਗੁਰੂ ਰਵਿਦਾਸ ਦੇ 648ਵੇਂ ਪ੍ਰਕਾਸ਼ ਪੁਰਬ ਮੌਕੇ ਮੱਥਾ ਟੇਕਿਆ।



ਜਲੰਧਰ ਵਿਖੇ ਗੁਰੂ ਰਵਿਦਾਸ ਮਹਾਰਾਜ ਦੇ 648ਵੇਂ ਪ੍ਰਕਾਸ਼ ਉਤਸਵ ਦੀ ਪੂਰਵ ਸੰਧਿਆ ਮੌਕੇ ਮੰਗਲਵਾਰ ਨੂੰ ਜਲੰਧਰ ਵਿੱਚ ਸ਼ਰਧਾਲੂਆਂ ਨੇ ਨਗਰ ਕੀਰਤਨ ਵਿੱਚ ਹਿੱਸਾ ਲਿਆ।

ਇਸ ਮੌਕੇ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਲੋਕਾਂ ਨੂੰ ਸਮਾਜ ਵਿੱਚ ਆਪਸੀ ਭਾਈਚਾਰੇ ਦੀ ਮਜ਼ਬੂਤੀ ਅਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਗੁਰੂ ਰਵਿਦਾਸ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦਾ ਸੱਦਾ ਦਿੱਤਾ। ਅੱਜ ਇੱਥੇ ਸਤਿਗੁਰੂ ਰਵਿਦਾਸ ਧਾਮ, ਬੂਟਾ ਮੰਡੀ ਵਿਖੇ ਸ਼ੋਭਾ ਯਾਤਰਾ ਵਿੱਚ ਸ਼ਿਰਕਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਗੁਰੂ ਰਵਿਦਾਸ ਦੀਆਂ ਸਿੱਖਿਆਵਾਂ ਆਧੁਨਿਕ ਸਮੇਂ ਵਿੱਚ ਵੀ ਪੂਰੀ ਤਰ੍ਹਾਂ ਸਾਰਥਿਕ ਹਨ ਅਤੇ ਇਨ੍ਹਾਂ 'ਤੇ ਚੱਲ ਕੇ ਬਰਾਬਰੀ ਦੇ ਆਦਰਸ਼ਾਂ 'ਤੇ ਆਧਾਰਿਤ ਖੁਸ਼ਹਾਲੀ, ਸ਼ਾਂਤੀ, ਭਾਈਚਾਰੇ ਅਤੇ ਸਦਭਾਵਨਾ ਨਾਲ ਭਰਪੂਰ ਸਮਾਜ ਸਿਰਜਿਆ ਜਾ ਸਕਦਾ ਹੈ। ਡਿਪਟੀ ਕਮਿਸ਼ਨਰ ਨੇ ਸੀਨੀਅਰ ਆਪ ਆਗੂ ਦੀਪਕ ਬਾਲੀ, ਰਾਜਵਿੰਦਰ ਕੌਰ ਥਿਆੜਾ, ਪਵਨ ਕੁਮਾਰ ਟੀਨੂੰ, ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ ਸਮੇਤ ਸ਼ਰਧਾਲੂ ਵਾਂਗ ਸ਼ੋਭਾ ਯਾਤਰਾ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ 12 ਫਰਵਰੀ ਨੂੰ ਪ੍ਰਕਾਸ਼ ਪੁਰਬ 'ਤੇ ਰਾਜ ਪੱਧਰੀ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਸਤਿਗੁਰੂ ਰਵਿਦਾਸ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸੇਠ ਸੱਤਪਾਲ ਮੱਲ, ਸੀਨੀਅਰ ਆਪ ਆਗੂ ਸਟੀਫਨ ਕਲੇਰ ਵੱਲੋਂ ਸ਼ੋਭਾ ਯਾਤਰਾ ਵਿੱਚ ਪਹੁੰਚਣ 'ਤੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਸੀਨੀਅਰ ਆਪ ਆਗੂ ਦੀਪਕ ਬਾਲੀ, ਰਾਜਵਿੰਦਰ ਕੌਰ ਥਿਆੜਾ, ਪਵਨ ਕੁਮਾਰ ਟੀਨੂੰ ਦਾ ਸਨਮਾਨ ਵੀ ਕੀਤਾ ਗਿਆ। ਸੋਭਾ ਯਾਤਰਾ ਦੇ ਰਾਸਤੇ ਵਿਚ ਸੰਗਤਾਂ ਵਲੋਂ ਸਵਾਗਤੀ ਗੇਟ ਅਤੇ ਵੱਖ ਵੱਖ ਤਰ੍ਹਾਂ ਦੇ ਲੰਗਰ ਲਗਾਏ ਹੋਏ ਸਨ।

# ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਦੁਨੀਆਂ ਭਰ 'ਚ ਸ਼ਰਧਾ ਨਾਲ ਮਨਾਇਆ ਗਿਆ

## ਮੁਰਮੂ, ਮੋਦੀ, ਸ਼ਾਹ ਤੇ ਨੱਢਾ ਸਣੇ ਵੱਖ-ਵੱਖ ਆਗੂਆਂ ਨੇ ਸ਼ਰਧਾਂਜਲੀ ਭੇਟ ਕੀਤੀ

ਨਵੀਂ ਦਿੱਲੀ/ਲਖਨਊ/ਭੁਪਾਲ : ਸ਼੍ਰੋਮਣੀ ਸੰਤ ਗੁਰੂ ਰਵਿਦਾਸ ਦੀ ਜੈਅੰਤੀ ਦੇਸ਼ ਭਰ ਵਿੱਚ ਸ਼ਰਧਾਪੂਰਵਕ ਮਨਾਈ ਗਈ। ਇਸ ਦੌਰਾਨ ਦੇਸ਼ ਦੇ ਰਾਸ਼ਟਰਪਤੀ ਦਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ, ਲੋਕ ਸਭਾ ਦੇ ਸਪੀਕਰ ਓਮ ਬਿਰਲਾ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਉਪ ਮੁੱਖ ਮੰਤਰੀ ਬ੍ਰਜੇਸ਼ ਪਾਠਕ, ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ, ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਅਤੇ ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਮਾਇਆਵਤੀ ਆਦਿ ਆਗੂਆਂ ਨੇ ਗੁਰੂ ਰਵਿਦਾਸ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਲੋਕਾਂ ਨੂੰ ਗੁਰੂ ਰਵਿਦਾਸ ਜੈਅੰਤੀ ਦੀ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਦੀਆਂ ਬਰਾਬਰੀ ਤੇ ਸਮਾਜਿਕ ਨਿਆਂ ਸਬੰਧੀ ਸਿੱਖਿਆਵਾਂ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ। ਰਾਸ਼ਟਰਪਤੀ ਦਰੋਪਦੀ ਮੁਰਮੂ ਨੇ 'ਐਕਸ' ਉੱਤੇ ਲਿਖਿਆ, "ਗੁਰੂ ਰਵਿਦਾਸ ਜੈਅੰਤੀ ਮੌਕੇ ਮੈਂ ਦੇਸ਼ ਵਾਸੀਆਂ ਨੂੰ ਆਪਣੀਆਂ ਸ਼ੁਭ ਇੱਛਾਵਾਂ ਭੇਟ





ਨਵੀਂ ਦਿੱਲੀ ਵਿੱਚ ਬੁੱਧਵਾਰ ਨੂੰ ਰਵਿਦਾਸ ਜੈਅੰਤੀ ਮੌਕੇ ਕਰੋਲ ਬਾਗ ਇਲਾਕੇ 'ਚ ਗੁਰੂ ਰਵਿਦਾਸ ਵਿਸ਼ਰਾਮ ਧਾਮ 'ਚ ਮੱਥਾ ਟੇਕਦੇ ਹੋਏ ਭਾਜਪਾ ਪ੍ਰਧਾਨ ਤੇ ਕੇਂਦਰੀ ਮੰਤਰੀ ਜੇਪੀ ਨੱਢਾ।

ਕਰਦੀ ਹਾਂ। ਸੰਤ ਰਵਿਦਾਸ ਧਰਮ ਤੇ ਜਾਤੀ ਦੇ ਆਧਾਰ 'ਤੇ ਵਿਤਕਰੇ ਨੂੰ ਖ਼ਤਮ ਕਰਨ ਅਤੇ ਸਮਾਜ ਵਿੱਚ ਏਕਤਾ ਲਿਆਉਣ ਦੇ ਯਤਨ ਕਰਦੇ ਰਹੇ।" ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਐਕਸ' ਉੱਤੇ ਲਿਖਿਆ ਸੇਵਾ ਭਾਵਨਾ ਨਾਲ ਭਰਪੂਰ ਗੁਰੂ ਰਵਿਦਾਸ ਦੇ ਸੁਨੇਹੇ ਹਮੇਸ਼ਾ ਕਮਜ਼ੋਰ ਤੇ ਸਹੂਲਤਾਂ ਤੋਂ ਸੱਖਣੇ ਵਰਗਾਂ ਦੀ ਭਲਾਈ ਲਈ ਇਕ ਰਾਹ ਦਸੇਰਾ ਬਣੇ ਰਹਿਣਗੇ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ, "ਮਹਾਨ ਸਮਾਜ ਸੁਧਾਰਕ ਸੰਤ ਸ਼੍ਰੋਮਣੀ ਰਵਿਦਾਸ ਜੀ ਨੂੰ ਉਨ੍ਹਾਂ ਦੇ ਜਨਮ ਦਿਵਸ 'ਤੇ ਸ਼ਰਧਾ ਸੁਮਨ ਭੇਟ।" ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਨੇ ਨਵੀਂ ਦਿੱਲੀ ਦੇ ਕਰੋਲ ਬਾਗ ਇਲਾਕੇ 'ਚ ਗੁਰੂ ਰਵਿਦਾਸ ਧਾਮ ਵਿਖੇ ਮੱਥਾ ਟੇਕਦਿਆਂ ਕਿਹਾ, "ਮੈਂ ਸੰਤ ਸ਼੍ਰੋਮਣੀ ਗੁਰੂ ਰਵਿਦਾਸ ਜੀ ਨੂੰ ਉਨ੍ਹਾਂ ਦੇ ਜਨਮ ਦਿਵਸ ਮੌਕੇ ਦਿਲੋਂ ਸ਼ਰਧਾਂਜਲੀ ਭੇਟ ਕਰਦਾ ਹਾਂ।" ਇਸੇ ਤਰ੍ਹਾਂ ਲੋਕ ਸਭਾ ਸਪੀਕਰ ਓਮ ਬਿਰਲਾ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅਤੇ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਵੀ ਗੁਰੂ ਰਵਿਦਾਸ ਜੈਅੰਤੀ ਦੀਆਂ ਮੁਬਾਰਕਾਂ ਦਿੱਤੀਆਂ।



ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਮੁੰਬਈ ਵਿੱਚ ਸੰਤ ਰਵਿਦਾਸ ਮਹਾਰਾਜ ਨੂੰ ਉਨ੍ਹਾਂ ਦੀ ਜਯੰਤੀ ਮੌਕੇ ਸ਼ਰਧਾਂਜਲੀ ਭੇਟ ਕੀਤੀ।

# ਗੁਰੂ ਰਵਿਦਾਸ ਦੇ ਆਗਮਨ ਪੁਰਬ ਮੌਕੇ ਨਗਰ ਕੀਰਤਨ ਸਜਾਏ

ਲੁਧਿਆਣਾ : ਗੁਰੂ ਰਵਿਦਾਸ ਦੇ ਆਗਮਨ ਪੁਰਬ ਦੇ ਸਬੰਧ ਵਿੱਚ ਗੁਰਦੁਆਰਾ ਰਵੀਦਾਸ ਬਸਤੀ ਜੋਧੇਵਾਲ ਤੋਂ ਨਗਰ ਕੀਰਤਨ ਸਜਾਇਆ ਗਿਆ ?, ਜਿਸ ਦਾ ਸੰਗਤ ਨੇ ਥਾਂ ਥਾਂ ਲੰਗਰ ਲਾ ਕੇ ਸਵਾਗਤ ਕੀਤਾ। ਨਗਰ ਕੀਰਤਨ ਵੱਖ ਵੱਖ ਥਾਵਾਂ ਤੋਂ ਹੁੰਦਾ ਹੋਇਆ ਸ਼ਾਮ ਵੇਲੇ ਮੁੜ ਗੁਰਦੁਆਰਾ ਰਵਿਦਾਸ ਪਹੁੰਚ ਕੇ ਸੰਪੂਰਨ ਹੋਇਆ। ਨਗਰ ਕੀਰਤਨ ਵਿੱਚ ਬੈਂਡ ਪਾਰਟੀਆਂ, ਗਤਕਾ ਪਾਰਟੀਆਂ ਅਤੇ ਝਾਕੀਆਂ ਪੇਸ਼ ਕੀਤੀਆਂ ਗਈਆਂ ਜਦਕਿ ਵੱਖ ਵੱਖ ਇਲਾਕਿਆਂ ਤੋਂ ਪੁੱਜੀ ਸੰਗਤ ਟਰੈਕਟਰ ਟਰਾਲੀਆਂ ਵਿੱਚ ਸਵਾਰ ਰਵੀਦਾਸ ਬਾਣੀ ਦਾ ਗਾਇਣ ਕਰ ਰਹੀ ਸੀ। ਨਗਰ ਕੀਰਤਨ ਦੇ ਸਾਰੇ ਰਸਤੇ ਨੂੰ ਸਵਾਗਤੀ ਗੇਟ ਅਤੇ ਫੁੱਲਾਂ ਨਾਲ ਸਜਾਇਆ ਗਿਆ ਸੀ ਜਦਕਿ ਵੱਖ ਵੱਖ ਥਾਵਾਂ ਤੇ ਸੰਗਤ ਲਈ ਲੰਗਰ



ਲਗਾਏ ਗਏ ਸਨ। ਨਗਰ ਕੀਰਤਨ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਫੁੱਲਾਂ ਨਾਲ ਸਜੀ ਪਾਲਕੀ ਵਿੱਚ ਸੁਸ਼ੋਭਿਤ ਸੀ। ਪ੍ਰਧਾਨ ਜਿੰਦਰਪਾਲ ਦੜੋਂਚ ਅਤੇ ਰਮਨਜੀਤ ਲਾਲੀ ਵੱਲੋਂ ਪਤਵੰਤੇ ਸੱਜਣਾਂ ਦਾ ਸਨਮਾਨ ਕੀਤਾ ਗਿਆ।

# ਇਸ ਹਫ਼ਤੇ ਦਾ ਮਹਾਂਕੁੰਭ

## ਪੂਰਨਮਾਸ਼ੀ ਮੌਕੇ ਦੋ ਕਰੋੜ ਤੋਂ ਵੱਧ ਲੋਕਾਂ ਨੇ ਲਾਈ ਡੁਬਕੀ

ਮਹਾਂਕੁੰਭ ਨਗਰ (ਯੂਪੀ) : ਇੱਥੇ ਚੱਲ ਰਹੇ ਮਹਾਂਕੁੰਭ ਦੌਰਾਨ ਸੁਰੱਖਿਆ ਦੇ ਸਖ਼ਤ ਪ੍ਰਬੰਧ ਦਰਮਿਆਨ ਮਾਘੀ ਪੂਰਨਮਾਸੀ ਮੌਕੇ ਅੱਜ ਸ਼ਾਮ ਛੇ ਵਜੇ ਤੱਕ ਦੋ ਕਰੋੜ ਤੋਂ ਵੱਧ ਸ਼ਰਧਾਲੂਆਂ ਨੇ ਸੰਗਮ ਵਿੱਚ ਡੁਬਕੀ ਲਾਈ। ਅਧਿਕਾਰਿਤ ਬਿਆਨ ਮੁਤਾਬਕ ਅੱਜ ਸਵੇਰੇ ਸ਼ੁਰੂ ਹੋਏ ਪਵਿੱਤਰ ਇਸ਼ਨਾਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਸਰਕਾਰ ਨੇ ਇਸ ਦੌਰਾਨ ਇਸ਼ਨਾਨ ਕਰਨ ਵਾਲੇ ਸ਼ਰਧਾਲੂਆਂ 'ਤੇ ਹੈਲੀਕਾਪਟਰ ਨਾਲ ਫੁੱਲਾਂ ਦੀ ਵਰਖਾ ਵੀ ਕਰਵਾਈ। ਅੱਜ ਤੜਕੇ ਤੋਂ ਹੀ ਮਹਿਲਾ, ਪੁਰਸ਼ਾਂ, ਬਜ਼ੁਰਗਾਂ ਤੇ ਬੱਚਿਆਂ ਸਮੇਤ ਸ਼ਰਧਾਲੂਆਂ ਦੀ ਗੰਗਾ ਅਤੇ ਸੰਗਮ ਘਾਟ ਵੱਲ ਆਮਦ ਜਾਰੀ ਰਹੀ। ਬਿਆਨ ਵਿੱਚ ਕਿਹਾ ਗਿਆ ਹੈ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅੱਜ ਤੜਕੇ ਚਾਰ ਵਜੇ ਤੋਂ ਹੀ ਲਖਨਊ ਸਥਿਤ ਆਪਣੀ ਅਧਿਕਾਰਿਤ ਰਿਹਾਇਸ਼ ਵਿੱਚ ਬਣੇ 'ਵਾਰ ਰੂਮ' ਤੋਂ ਮੇਲਾ ਖੇਤਰ ਦੀ ਨਿਗਰਾਨੀ ਕਰ ਰਹੇ ਹਨ। ਮਹਾਂਕੁੰਭ ਮੇਲੇ ਵਿੱਚ ਕਲਪਵਾਸ ਕਰ ਰਹੇ ਕਰੀਬ 10 ਲੱਖ ਕਲਪਵਾਸੀਆਂ ਦਾ ਸੰਕਲਪ ਮਾਘੀ ਪੂਰਨਿਮਾ ਦੇ ਇਸ਼ਨਾਨ ਨਾਲ ਅੱਜ ਪੂਰਾ ਹੋ ਜਾਵੇਗਾ ਅਤੇ ਉਹ ਆਪਣੇ ਘਰਾਂ ਨੂੰ ਰਵਾਨਾ ਹੋਣਾ ਸ਼ੁਰੂ ਕਰ ਦੇਣਗੇ। ਪ੍ਰਸ਼ਾਸਨ ਨੇ ਉਨ੍ਹਾਂ ਨੂੰ ਆਵਾਜਾਈ ਨਿਯਮਾਂ ਦੀ ਪਾਲਣਾ ਕਰਨ ਅਤੇ ਸਿਰਫ਼ ਅਧਿਕਾਰਿਤ ਪਾਰਕਿੰਗ ਥਾਵਾਂ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਹੈ। ਸਰਕਾਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਸ਼ਾਮ ਛੇ ਵਜੇ ਤੱਕ ਦੋ ਕਰੋੜ ਤੋਂ ਵੱਧ ਲੋਕਾਂ ਨੇ ਤ੍ਰਿਵੈਣੀ ਸੰਗਮ ਅਤੇ ਹੋਰ ਘਾਟਾਂ 'ਤੇ ਡੁੱਬਕੀ ਲਗਾਈ ਹੈ। ਉਨ੍ਹਾਂ ਕਿਹਾ ਕਿ ਮਹਾਕੁੰਭ ਸ਼ੁਰੂ ਹੋਣ ਮਗਰੋਂ ਹੁਣ ਤੱਕ ਕੁੱਲ ਮਿਲਾ ਕੇ 47 ਕਰੋੜ ਤੋਂ ਵੱਧ ਲੋਕ ਸੰਗਮ 'ਤੇ ਇਸ਼ਨਾਨ ਕਰ ਚੁੱਕੇ ਹਨ। 'ਤ੍ਰਿਵੇਣੀ ਸੰਗਮ ਆਰਤੀ ਸੇਵਾ ਸਮਿਤੀ' ਦੇ ਸੰਸਥਾਪਕ ਅਤੇ ਤੀਰਥ ਪੁਰੋਹਿਤ ਰਾਜੇਂਦਰ ਮਿਸ਼ਰਾ ਨੇ ਕਿਹਾ, "ਪਿਛਲੀ ਪੂਰਨਿਮਾ 'ਤੇ ਕਲਪਵਾਸ ਦਾ ਸੰਕਲਪ ਲੈਣ ਵਾਲੇ ਕਲਪਵਾਸੀਆਂ ਦਾ ਸੰਕਲਪ ਅੱਜ ਪੂਰਾ ਹੋ ਰਿਹਾ ਹੈ।" ਕ੍ਰਿਕਟਰ ਅਨਿਲ ਕੁੰਬਲੇ ਨੇ ਆਮ ਸ਼ਰਧਾਲੂਆਂ ਵਾਂਗ ਆਪਣੀ ਪਤਨੀ ਚੇਤਨਾ ਰਾਮਤੀਰਥ ਨਾਲ ਸੰਗਮ ਵਿੱਚ ਡੁਬਕੀ ਲਗਾਈ।



'ਮਹਾਕੁੰਭ' ਦੌਰਾਨ ਸੰਗਮ 'ਚ ਇਸ਼ਨਾਨ ਕਰਨ ਲਈ ਇਕੱਠੇ ਹੋਏ ਸ਼ਰਧਾਲੂਆਂ 'ਤੇ ਫੁੱਲਾਂ ਦੀ ਵਰਖਾ ਕੀਤੀ ਗਈ।



ਦਮਦਮੀ ਟਕਸਾਲ ਦੇ 15ਵੇਂ ਮੁਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ ਮਹਾਕੁੰਭ 'ਚ ਲੰਗਰਾਂ ਦੀ ਸੇਵਾ ਕਰਦੇ ਹੋਏ।

## 'ਮਹਾਕੁੰਭ' ਦੌਰਾਨ ਮਾਘੀ ਪੂਰਨਿਮਾ ਮੌਕੇ ਸੰਗਮ 'ਚ ਇਸ਼ਨਾਨ ਕਰਨ ਪਹੁੰਚੇ ਨਿਤਿਆਨੰਦ ਕੈਲਾਸਾ ਦੇ ਚੇਲੇ



ਪ੍ਰਯਾਗਰਾਜ : ਪ੍ਰਯਾਗਰਾਜ ਵਿੱਚ ਚੱਲ ਰਹੇ 'ਮਹਾਕੁੰਭ ਮੇਲਾ 2025' ਦੌਰਾਨ ਬੁੱਧਵਾਰ ਨੂੰ 'ਮਾਘੀ ਪੂਰਨਿਮਾ' ਦੇ ਮੌਕੇ 'ਤੇ ਨਿਤਿਆਨੰਦ ਕੈਲਾਸਾ ਦੇ ਚੇਲੇ ਭਗਵਾਨ ਨਰਾਇਣ ਦੀ ਮੂਰਤੀ ਅਤੇ ਨਿਤਿਆਨੰਦ ਕੈਲਾਸ਼ ਦੀ ਇੱਕ ਤਸਵੀਰ ਲੈ ਕੇ ਤ੍ਰਿਵੇਣੀ ਸੰਗਮ ਵਿੱਚ ਇਸ਼ਨਾਨ ਕਰਨ ਲਈ ਪਹੁੰਚੇ।



ਸਿੱਖ ਸ਼ਰਧਾਲੂ ਬੁੱਧਵਾਰ ਨੂੰ ਪ੍ਰਯਾਗਰਾਜ ਵਿੱਚ ਮਹਾਕੁੰਭ ਮੇਲੇ 2025 ਵਿੱਚ ਮੌਨੀ ਅਮਾਵਸਿਆ ਦੇ ਮੌਕੇ 'ਤੇ ਦੂਜੇ 'ਅੰਮ੍ਰਿਤ ਸੰਨ' ਦੌਰਾਨ ਤ੍ਰਿਵੇਣੀ ਸੰਗਮ ਵਿੱਚ ਇਸ਼ਨਾਨ ਕਰਦੇ ਹੋਏ।



ਪ੍ਰਯਾਗਰਾਜ ਵਿੱਚ ਬੁੱਧਵਾਰ ਨੂੰ ਚੱਲ ਰਹੇ 'ਮਹਾਕੁੰਭ ਮੇਲੇ 2025' ਦੌਰਾਨ 'ਮਾਘੀ ਪੂਰਨਿਮਾ' ਦੇ ਮੌਕੇ 'ਤੇ ਸ਼ਰਧਾਲੂਆਂ ਨੇ ਤ੍ਰਿਵੇਣੀ ਸੰਗਮ ਵਿੱਚ ਇਸ਼ਨਾਨ ਕੀਤਾ।




ਮੁਸਲਿਮ ਭਾਈਚਾਰੇ ਦੇ ਲੋਕ ਬੁੱਧਵਾਰ ਨੂੰ ਪ੍ਰਯਾਗਰਾਜ ਵਿਚ ਚੱਲ ਰਹੇ ਮਹਾਕੁੰਭ ਦੌਰਾਨ ਮਾਘੀ ਪੂਰਨਿਮਾ 'ਤੇ ਤ੍ਰਿਵੇਣੀ ਸੰਗਮ 'ਤੇ ਇਸ਼ਨਾਨ ਕਰਕੇ ਘਰ ਪਰਤ ਰਹੇ ਸ਼ਰਧਾਲੂਆਂ 'ਤੇ ਫੁੱਲਾਂ ਦੀ ਵਰਖਾ ਕਰਦੇ ਹੋਏ।

# ਸੁਖਜਿੰਦਰ ਰੰਧਾਵਾ ਨੇ ਸੰਸਦ 'ਚ ਪਾਕਿਸਤਾਨ ਤੋਂ ਡਰੋਨ ਰਾਹੀਂ ਹੋ ਰਹੀ ਤਸਕਰੀ ਦਾ ਚੁੱਕਿਆ ਮੁੱਦਾ

## *ਵਿਦੇਸ਼ਾਂ ਵਿੱਚ ਬੈਠੇ ਗੈਂਗਸਟਰਾਂ ਉੱਤੇ ਕਾਰਵਾਈ ਕਰਨ ਦੀ ਕੀਤੀ ਮੰਗ*



ਚੰਡੀਗੜ੍ਹ: ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਡਰੋਨਾਂ ਰਾਹੀਂ ਪਾਕਿਸਤਾਨ ਤੋਂ ਆ ਰਹੇ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦਾ ਮੁੱਦਾ ਸੰਸਦ ਵਿੱਚ ਉਠਾਇਆ ਗਿਆ। ਗੁਰਦਾਸਪੁਰ ਦੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਇਹ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਹੱਦ ਦੇ ਅੰਦਰ 15 ਕਿਲੋਮੀਟਰ ਤੱਕ ਡਰੋਨ ਰਾਹੀਂ ਗੈਰ-ਕਾਨੂੰਨੀ ਤੌਰ 'ਤੇ ਨਸ਼ੀਲੇ ਪਦਾਰਥ ਅਤੇ ਹਥਿਆਰ ਮੁਹੱਈਆ ਕਰਵਾ ਰਿਹਾ ਹੈ। ਇਸ ਦੇ ਨਾਲ ਹੀ ਪਾਕਿਸਤਾਨ, ਅਮਰੀਕਾ ਅਤੇ ਜਰਮਨੀ ਵਿੱਚ ਬੈਠੇ ਗਰਮ ਖਿਆਲੀ ਅਤੇ ਪੰਜਾਬ ਦੇ ਗੈਂਗਸਟਰ ਇੱਕ ਦੂਜੇ ਦੇ ਸੰਪਰਕ ਵਿੱਚ ਹਨ। ਪੰਜਾਬ ਸਰਕਾਰ ਕਹਿੰਦੀ ਹੈ ਕਿ ਗੈਂਗਸਟਰ ਦਿੱਲੀ ਆ ਰਹੇ ਹਨ, ਪਰ ਉਨ੍ਹਾਂ ਨੂੰ ਪੰਜਾਬ ਦੇ ਗੈਂਗਸਟਰ ਦਿਖਾਈ ਨਹੀਂ ਦਿੰਦੇ। ਪੰਜਾਬ ਪਠਾਨਕੋਟ ਤੋਂ ਫਿਰੋਜ਼ਪੁਰ ਤੱਕ ਪਾਕਿਸਤਾਨ ਨਾਲ ਆਪਣੀ ਸਰਹੱਦ ਸਾਂਝੀ ਕਰਦਾ ਹੈ। ਇੱਥੇ ਰਾਸ਼ਟਰੀ ਸੁਰੱਖਿਆ ਲਈ ਵੀ ਖ਼ਤਰਾ ਹੈ। ਪਾਕਿਸਤਾਨ ਪੰਜਾਬ ਰਾਹੀਂ ਭਾਰਤ ਵਿਰੁੱਧ ਪ੍ਰੌਕਸੀ ਯੁੱਧ ਲੜ ਰਿਹਾ ਹੈ। ਪਾਕਿਸਤਾਨ ਤੋਂ ਹਰ ਰੋਜ਼ ਅਣਗਿਣਤ ਡਰੋਨ ਆ ਰਹੇ ਹਨ। ਇਨ੍ਹਾਂ ਵਿੱਚ ਗੈਰ-ਕਾਨੂੰਨੀ ਹਥਿਆਰ ਅਤੇ ਨਸ਼ੀਲੇ ਪਦਾਰਥ ਸ਼ਾਮਲ ਹਨ। ਲੋਕੇਸ਼ਨ ਭੇਜ ਕੇ, ਉਹ 20 ਕਿਲੋਮੀਟਰ ਤੱਕ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਸਪਲਾਈ ਕਰ ਰਿਹਾ ਹੈ।

# ਫਲਸਤੀਨੀਆਂ ਨੂੰ ਵਾਪਸੀ ਦਾ ਅਧਿਕਾਰ ਨਹੀਂ ਮਿਲੇਗਾ: ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਿਵਾਦਪੂਰਨ ਬਿਆਨ ਵਿੱਚ ਕਿਹਾ ਹੈ ਕਿ ਫਲਸਤੀਨੀਆਂ ਨੂੰ ਗਾਜ਼ਾ ਪੱਟੀ ਤੋਂ ਵਿਸਥਾਪਿਤ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਵਾਪਸ ਪਰਤਣ ਦਾ ਅਧਿਕਾਰ ਨਹੀਂ ਹੋਵੇਗਾ। ਟਰੰਪ ਨੇ ਸੋਮਵਾਰ ਨੂੰ ਫੌਕਸ ਨਿਊਜ਼ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਗਾਜ਼ਾ ਪੱਟੀ ਦੇ ਪੁਨਰ ਨਿਰਮਾਣ ਤੋਂ ਬਾਅਦ ਫਲਸਤੀਨੀਆਂ ਨੂੰ ਵਾਪਸ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਟਰੰਪ ਦੇ ਇਸ ਬਿਆਨ ਦਾ ਫਲਸਤੀਨੀ ਆਗੂਆਂ ਅਤੇ ਹੋਰ ਦੇਸ਼ਾਂ ਦੇ ਆਗੂਆਂ ਨੇ ਵਿਰੋਧ ਕੀਤਾ ਹੈ।

ਜਾਰਡਨ ਅਤੇ ਮਿਸਰ ਦੇ ਨੇਤਾਵਾਂ ਨੇ ਟਰੰਪ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ, ਜਿਸ ਵਿਚ ਉਨ੍ਹਾਂ ਕਿਹਾ ਕਿ ਉਹ ਆਪਣੇ ਦੇਸ਼ਾਂ ਵਿੱਚ ਫਲਸਤੀਨੀ ਸ਼ਰਨਾਰਥੀਆਂ ਨੂੰ ਸ਼ਰਣ ਦੇਣ ਲਈ ਤਿਆਰ ਨਹੀਂ ਹਨ। ਜਦੋਂ ਟਰੰਪ ਤੋਂ ਪੁੱਛਿਆ ਗਿਆ ਕਿ ਕੀ ਗਾਜ਼ਾ ਵਿੱਚ ਰਹਿਣ ਵਾਲੇ ਫਲਸਤੀਨੀ, ਜਿਨ੍ਹਾਂ ਨੂੰ ਐਨਕਲੇਵ ਦੇ ਮੁੜ ਨਿਰਮਾਣ ਲਈ ਜਗ੍ਹਾ ਬਣਾਉਣ ਦੇ ਉਨ੍ਹਾਂ ਦੇ ਪ੍ਰਸਤਾਵ ਤਹਿਤ ਜ਼ਬਰਦਸਤੀ ਵਿਸਥਾਪਿਤ ਜਾਵੇਗਾ, ਨੂੰ 'ਵਾਪਸੀ ਦਾ ਅਧਿਕਾਰ' ਹੋਵੇਗਾ, ਤਾਂ ਉਨ੍ਹਾਂ ਨੇ ਕਿਹਾ: 'ਨਹੀਂ, ਉਹ ਅਜਿਹਾ ਨਹੀਂ ਕਰਨਗੇ।'

ਰਾਸ਼ਟਰਪਤੀ ਦੀ ਇਹ ਟਿੱਪਣੀ ਉਨ੍ਹਾਂ ਦੇ ਸਹਾਇਕਾਂ ਦੇ ਬਿਆਨਾਂ ਤੋਂ ਉਲਟ ਹੈ, ਜਿਸ ਵਿਚ ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕਰਿਨ ਲੇਵਿਟ ਵੀ ਸ਼ਾਮਲ ਹੈ। ਉਨ੍ਹਾਂ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਗਾਜ਼ਾ ਦੇ ਲੋਕਾਂ ਨੂੰ ਸਿਰਫ਼ 'ਅਸਥਾਈ ਤੌਰ 'ਤੇ ਤਬਦੀਲ' ਕੀਤਾ ਜਾਵੇਗਾ। ਅਮਰੀਕੀ ਵਿਦੇਸ਼ ਮੰਤਰੀ ਮਾਰਕੋਸ ਰੂਬੀਓ ਨੇ ਵੀ ਵੀਰਵਾਰ ਨੂੰ ਪੱਤਰਕਾਰਾਂ ਨੂੰ ਕਿਹਾ: 'ਜਦੋਂ ਗਾਜ਼ਾ ਦਾ ਪੁਨਰ-ਨਿਰਮਾਣ ਹੋ ਰਿਹਾ ਹੈ, ਉਦੋਂ ਤੱਕ ਲੋਕਾਂ ਨੂੰ ਕਿਤੇ ਹੋਰ ਰਹਿਣਾ ਪਵੇਗਾ।' ਇਹ ਪੁੱਛੇ ਜਾਣ 'ਤੇ ਕਿ ਗਾਜ਼ਾ ਦੇ ਲਗਭਗ 20 ਲੱਖ ਲੋਕ ਕਿੱਥੇ ਜਾਣਗੇ, ਟਰੰਪ ਨੇ ਕਿਹਾ: 'ਮੈਨੂੰ ਲੱਗਦਾ ਹੈ ਕਿ ਮੈਂ ਜਾਰਡਨ ਅਤੇ ਮਿਸਰ ਨਾਲ ਇੱਕ ਸਮਝੌਤਾ ਕਰ ਸਕਦਾ ਹਾਂ।'

ਜਾਰਡਨ ਅਤੇ ਮਿਸਰ ਫਲਸਤੀਨ ਦੇ ਗੁਆਂਢੀ ਦੇਸ਼ ਹਨ। ਟਰੰਪ ਨੇ ਖੁੱਲ੍ਹ ਕੇ ਦੋਵਾਂ ਦੇਸ਼ਾਂ ਨੂੰ ਗਾਜ਼ਾ ਦੇ ਫਲਸਤੀਨੀਆਂ ਨੂੰ ਪਨਾਹ ਦੇਣ ਦੀ ਅਪੀਲ ਕੀਤੀ ਹੈ। ਰਾਸ਼ਟਰਪਤੀ ਨੇ ਕੱਲ੍ਹ ਆਪਣੇ ਓਵਲ ਦਫ਼ਤਰ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਜੇਕਰ ਇਹ ਦੇਸ਼ ਉਨ੍ਹਾਂ ਦੀ ਮੰਗ ਨੂੰ ਪੂਰਾ ਕਰਨ ਤੋਂ ਇਨਕਾਰ ਕਰਦੇ ਹਨ, ਤਾਂ ਉਹ 'ਸੰਭਾਵਤ ਤੌਰ 'ਤੇ ਉਨ੍ਹਾਂ ਨੂੰ ਸਹਾਇਤਾ ਰੋਕ ਸਕਦੇ ਹਨ।' ਹੁਣ ਤੱਕ, ਜਾਰਡਨ ਅਤੇ ਮਿਸਰ ਦੇ ਨੇਤਾ, ਜੋ ਪਹਿਲਾਂ ਹੀ ਵੱਡੀ ਗਿਣਤੀ ਵਿੱਚ ਫਲਸਤੀਨੀ ਸ਼ਰਨਾਰਥੀਆਂ ਨੂੰ ਸ਼ਰਣ ਦੇ ਚੁੱਕੇ ਹਨ, ਨੇ ਟਰੰਪ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ।

# ਡਾ. ਅੰਬੇਡਕਰ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਨੂੰ ਸਖ਼ਤ ਸਜ਼ਾ ਦਿਵਾਉਣ ਲਈ ਭਾਰਤੀ ਕੌਂਸਲੇਟ ਜਨਰਲ ਸਾਨ ਫਰਾਂਸਿਸਕੋ ਨੂੰ ਮੰਗ ਪੱਤਰ



ਸਾਨ ਫਰਾਂਸਿਸਕ : ਅੰਮ੍ਰਿਤਸਰ ਦੇ ਵਿਰਾਸਤੀ ਮਾਰਗ 'ਤੇ ਭਾਰਤੀ ਸੰਵਿਧਾਨ ਦੇ ਜਨਮ ਦਾਤਾ ਡਾਕਟਰ ਭੀਮ ਰਾਓ ਅੰਬੇਡਕਰ ਦੇ ਬੁੱਤ ਨੂੰ ਪਹੁੰਚਾਏ ਗਏ ਨੁਕਸਾਨ ਤੋਂ ਦੁਖੀ ਅਮਰੀਕਾ ਦੀਆਂ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ, ਸਭਾਵਾਂ ਅਤੇ ਡਾਕਟਰ ਬੀ. ਆਰ. ਅੰਬੇਡਕਰ ਦੇ ਮਿਸ਼ਨ ਨੂੰ ਸਮਰਪਿਤ ਸੰਸਥਾਵਾਂ ਵਲੋਂ ਸਾਂਝੇ ਰੂਪ 'ਚ ਸਾਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲੇਟ ਜਨਰਲ ਨੂੰ ਇਕ ਮੰਗ ਪੱਤਰ ਸੌਂਪਿਆ ਗਿਆ, ਜਿਸ 'ਚ ਮੰਗ ਕੀਤੀ ਗਈ ਕਿ ਬਾਬਾ ਸਾਹਿਬ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਦੀ ਘਟਨਾ ਦਾ ਦੇਸ਼-ਵਿਦੇਸ਼ 'ਚ ਤਿੱਖਾ ਵਿਰੋਧ ਹੋਇਆ ਹੈ, ਜਿਸ ਲਈ ਭਾਰਤ ਤੇ ਪੰਜਾਬ ਸਰਕਾਰ ਸਰਕਾਰ ਤੱਕ ਦੋਸ਼ੀ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਸਾਡੀ ਮੰਗ ਪਹੁੰਚਾਈ ਜਾਵੇ। ਕੌਂਸਲੇਟ ਵਲੋਂ ਇਹ ਮੰਗ ਪੱਤਰ ਡਿਪਟੀ ਕੌਂਸਲੇਟ ਜਨਰਲ ਰਾਕੇਸ਼ ਅਦਲਾਖਾ ਨੇ ਪ੍ਰਾਪਤ ਕੀਤਾ। ਸ੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ ਦੇ ਚੇਅਰਮੈਨ ਵਿਨੋਦ ਕੁਮਾਰ ਚੁੰਬਰ ਨੇ ਕਿਹਾ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਸਾਡੇ ਲਈ ਇਕ ਮਾਰਗ ਦਰਸ਼ਕ ਤੇ ਪੂਜਨੀਕ ਹਨ ਤੇ ਉਨ੍ਹਾਂ ਦੇ ਬੁੱਤ ਦੀ ਇਹ ਬੇਅਦਬੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਡਿਪਟੀ ਕੌਂਸਲੇਟ ਜਨਰਲ ਨੇ ਵਿਸ਼ਵਾਸ ਦਵਾਇਆ ਕਿ ਉਹ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਇਸ ਸੰਬੰਧ 'ਚ ਲੋੜੀਂਦੀ ਕਾਰਵਾਈ ਕਰਨ ਲਈ ਮੰਗ ਪੱਤਰ ਜਲਦ ਭੇਜਣਗੇ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਬੇਰੀਆ, ਰੀਓ ਲੀਂਡਾ, ਸੇਲਮਾ ਫਰਿਜਨੋ, ਯੂਬਾ ਸਿਟੀ ਅਤੇ ਡਾਕਟਰ ਬੀ.ਆਰ. ਅੰਬੇਡਕਰ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ, ਭੀਮ ਇੰਟਰਨੈਸ਼ਨਲ ਫਾਊਂਡੇਸ਼ਨ ਅਮਰੀਕਾ, ਇੰਟਰਨੈਸ਼ਨਲ ਬਹੁਜਨ ਸਮਾਜ ਆਰਗੇਨਾਈਜੇਸ਼ਨ, ਅੰਬੇਦਕਰ ਇੰਟਰਨੈਸ਼ਨਲ ਸੈਂਟਰ, ਰੰਘਰੇਟਾ ਸੇਵਾ ਅਲਾਇੰਸ, ਡਾਕਟਰ ਅੰਬੇਡਕਰ ਮਿਸ਼ਨ ਸੁਸਾਇਟੀ ਆਰਗਨ ਕਾਊਂਟੀ ਅਤੇ ਆਦਿ ਧਰਮ ਬਰਦਰ ਹੁੱਡ ਅਮਰੀਕਾ ਸ਼ਾਮਿਲ ਸਨ। ਇਨ੍ਹਾਂ ਦੀ ਨੁਮਾਇੰਦਗੀ ਕਰਨ ਵਾਲਿਆਂ 'ਚ ਦਸ਼ਵਿੰਦਰ ਪਾਲ ਪ੍ਰਧਾਨ ਇੰਟਰਨੈਸ਼ਲ ਬਹੁਜਨ ਆਰਗੇਨਾਈਜੇਸ਼ਨ, ਹੰਸ ਰਾਜ ਕਾਜਲਾ ਸੁਪਰੀਮ ਕੌਂਸਲ ਮੈਂਬਰ ਆਫ਼ ਸ੍ਰੀ ਗੁਰੂ ਰਵਿਦਾਸ ਸਭਾ, ਮੇਜਰ ਸਿੰਘ ਸਹਾਇਕ ਜਨਰਲ ਸਕੱਤਰ, ਸੋਹਣ ਸਿੰਘ ਢੰਡਾ ਅਤੇ ਸੋਹਣ ਸਿੰਘ ਝੱਲੀ ਆਦਿ ਸ਼ਾਮਿਲ ਸਨ।

# ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਅਕਸ਼ੈਵਤ ਮੰਦਰ ਦਾ ਕੀਤਾ ਦੌਰਾ



ਪ੍ਰਯਾਗਰਾਜ : ਪ੍ਰਯਾਗਰਾਜ ਵਿੱਚ ਚੱਲ ਰਹੇ ਮਹਾਕੁੰਭ 2025 ਵਿੱਚ ਅਕਸ਼ੈਵਤ ਮੰਦਰ ਦੇ ਦੌਰੇ ਦੌਰਾਨ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ ਜਾ ਰਿਹਾ ਹੈ।

# ਮਹਾਂ ਕੁੰਭ 2025 ਦੌਰਾਨ ਰਾਕੇਸ਼ ਟਿਕੈਤ ਨੇ ਵੰਡਿਆ ਲੰਗਰ



ਪ੍ਰਯਾਗਰਾਜ : ਕਿਸਾਨ ਨੇਤਾ ਅਤੇ ਭਾਰਤੀ ਕਿਸਾਨ ਯੂਨੀਅਨ (ਬੀਕੇਯੂ) ਦੇ ਰਾਸ਼ਟਰੀ ਬੁਲਾਰੇ ਰਾਕੇਸ਼ ਟਿਕੈਤ ਐਤਵਾਰ ਨੂੰ ਪ੍ਰਯਾਗਰਾਜ ਦੇ ਸੰਗਮ ਵਿਖੇ ਮਹਾਂ ਕੁੰਭ 2025 ਦੌਰਾਨ ਲੋਕਾਂ ਨੂੰ ਭੋਜਨ ਵੰਡਦੇ ਹੋਏ।

# ਮੂਸੇਵਾਲਾ ਦੇ ਨਜ਼ਦੀਕੀ ਦੇ ਘਰ ਗੋਲੀਆਂ ਚਲਾਉਣ ਦੇ ਮਾਮਲੇ 'ਚ ਚਾਰ ਹੋਰ ਗ੍ਰਿਫ਼ਤਾਰ

## *ਹਿਮਾਚਲ ਪ੍ਰਦੇਸ਼ ਦੇ ਡਲਹੌਜ਼ੀ ਤੋਂ ਕੀਤਾ ਗ੍ਰਿਫ਼ਤਾਰ; ਪੁਲੀਸ ਨੇ ਅਦਾਲਤ 'ਚ ਪੇਸ਼ ਕਰ ਕੇ ਚਾਰ ਦਿਨ ਦਾ ਰਿਮਾਂਡ ਲਿਆ*



ਮਾਨਸਾ : ਪੁਲੀਸ ਨੇ ਸਿੱਧੂ ਮੂਸੇਵਾਲਾ ਦੇ ਨਜ਼ਦੀਕੀ ਪ੍ਰਗਟ ਸਿੰਘ ਦੇ ਘਰ ਗੋਲੀਆਂ ਚਲਾ ਕੇ 30 ਲੱਖ ਰੁਪਏ ਦੀ ਫਿਰੌਤੀ ਮੰਗਣ ਦੇ ਮਾਮਲੇ ਵਿੱਚ ਹਿਮਾਚਲ ਪ੍ਰਦੇਸ਼ ਦੇ ਡਲਹੌਜ਼ੀ ਤੋਂ ਚਾਰ ਹੋਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਮੁਲਜ਼ਮਾਂ ਵਿੱਚ ਗੁਰਦਾਸਪੁਰ ਦਾ ਸ਼ੂਟਰ ਅੰਮ੍ਰਿਤਪਾਲ ਸਿੰਘ, ਸੁਖਬੀਰ ਉਰਫ਼ ਸੰਨੀ, ਜਸ਼ਨਪ੍ਰੀਤ ਸਿੰਘ ਅਤੇ ਨੂਰਪ੍ਰੀਤ ਸ਼ਾਮਲ ਹਨ। ਇਨ੍ਹਾਂ ਮੁਲਜ਼ਮਾਂ ਨੂੰ ਅੱਜ ਥਾਣਾ ਸਿਟੀ-2 ਮਾਨਸਾ ਪੁਲੀਸ ਨੇ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੋਂ ਉਨ੍ਹਾਂ ਨੂੰ ਚਾਰ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ 3 ਫਰਵਰੀ ਦੀ ਦੇਰ ਰਾਤ ਨੂੰ ਮੋਟਰਸਾਈਕਲ ਸਵਾਰ ਦੋ ਵਿਅਕਤੀ ਪ੍ਰੋਫ਼ੈਸਰ ਕਲੋਨੀ ਮਾਨਸਾ ਵਾਸੀ ਪ੍ਰਗਟ ਸਿੰਘ ਦੇ ਘਰ ਦੇ ਗੇਟ ਅੱਗੇ ਗੋਲੀਆਂ ਚਲਾ ਕੇ ਫ਼ਰਾਰ ਹੋ ਗਏ ਸਨ। ਮਗਰੋਂ ਵਿਦੇਸ਼ੀ ਨੰਬਰਾਂ ਤੋਂ ਵਟਸਐਪ 'ਤੇ ਸੁਨੇਹਾ ਭੇਜਣ ਵਾਲੇ ਗੈਂਗਸਟਰ ਗਰੁੱਪ ਦੇ ਨਾਂ 'ਤੇ 30 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਅਤੇ ਫਿਰੌਤੀ ਨਾ ਦੇਣ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਪੁਲੀਸ ਨੇ ਪ੍ਰਗਟ ਸਿੰਘ ਦੇ ਭਰਾ ਦੀ ਸ਼ਿਕਾਇਤ 'ਤੇ ਸੱਤ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਇਸ ਮਾਮਲੇ 'ਚ ਕਾਰਵਾਈ ਕਰਦਿਆਂ ਪੁਲੀਸ ਨੇ ਜੱਸੀ ਪੈਂਚਰ, ਕਮਲ ਮੱਦੀ ਤੇ ਪ੍ਰਭਜੋਤ ਸਿੰਘ ਨੂੰ ਫਿਰੋਜ਼ਪੁਰ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਸੀ। ਸ਼ੂਟਰ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਨੇ ਵਿਦੇਸ਼ 'ਚ ਬੈਠੇ ਜਸ਼ਨ ਇੰਗਲੈਂਡ ਅਤੇ ਹੁਸੈਨ ਕੈਨੇਡਾ ਦੇ ਨਿਰਦੇਸ਼ਾਂ 'ਤੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਸੂਤਰਾਂ ਮੁਤਾਬਕ ਅੰਮ੍ਰਿਤਪਾਲ ਸਿੰਘ ਨੇ ਖੁਦ ਡਰੋਨ ਰਾਹੀਂ ਸਰਹੱਦ ਪਾਰ ਤੋਂ ਕੁਝ ਹਥਿਆਰ ਮੰਗਵਾਏ ਸਨ, ਜੋ ਇਨ੍ਹਾਂ ਲੋਕਾਂ ਨੂੰ ਮੁਹੱਈਆ ਕਰਵਾਏ ਗਏ ਸਨ। ਫਿਲਹਾਲ ਮਾਨਸਾ ਪੁਲੀਸ ਇਸ ਮਾਮਲੇ 'ਚ ਕੁਝ ਵੀ ਕਹਿਣ ਨੂੰ ਤਿਆਰ ਨਹੀਂ ਹੈ।









ਸਿੱਖ ਬਾਦਸ਼ਾਹੀ ਦਾ ਪ੍ਰਤੀਕ ਦੁਨੀਆ ਦੀ ਪਹਿਲੀ ਲੋਕਤੰਤਰ ਜਿਥੇ ਬਿਨਾਂ ਕਿਸੇ ਭੇਦਭਾਵ, ਜਾਤਪਾਤ, ਰੰਗ ਨਸਲ ਦੇ ਲੋਕਾਂ ਨੂੰ ਇਨਸਾਫ਼ ਮਿਲਦਾ ਸੀ ਜਿਸ ਦਾ ਰਾਜ ਲੇਹ ਲੱਦਾਖ ਅਫਗਾਨਿਸਤਾਨ ਕਸ਼ਮੀਰ ਤੱਕ ਅੱਜ ਉਸ ਮਹਾਨ ਸ਼ੇਰੇ ਪੰਜਾਬ ਦੀਆਂ ਯਾਦਾਂ ਪਾਕਿਸਤਾਨੀ ਮੁੜ ਰਿਪੇਅਰ ਕਰਕੇ ਆਪਣੇ ਮਹਾਨ ਇਤਿਹਾਸ ਨੂੰ ਮੁੜ ਜਿੰਦਾ ਕਰ ਰਹੇ ਹਨ।

# ਬੰਗਾਲ ਦੀ ਹਾਕੀ ਐਸੋਸੀਏਸ਼ਨ ਵੱਲੋਂ ਸਾਬਕਾ ਹਾਕੀ ਖਿਡਾਰੀ ਗੁਰਬਖਸ਼ ਸਿੰਘ ਦਾ ਸਨਮਾਨ






ਕੋਲਕਾਤਾ : ਸਾਬਕਾ ਹਾਕੀ ਖਿਡਾਰੀ ਗੁਰਬਖਸ਼ ਸਿੰਘ ਮੰਗਲਵਾਰ ਨੂੰ ਬੰਗਾਲ ਦੀ ਹਾਕੀ ਐਸੋਸੀਏਸ਼ਨ ਵੱਲੋਂ ਆਯੋਜਿਤ ਪ੍ਰੋਗਰਾਮ ਦੌਰਾਨ ਪੱਛਮੀ ਬੰਗਾਲ ਦੇ ਮੰਤਰੀ ਸੁਜੀਤ ਬੋਸ, ਕ੍ਰਿਕਟ ਐਸੋਸੀਏਸ਼ਨ ਆਫ ਬੰਗਾਲ (ਕੈਬ) ਦੇ ਪ੍ਰਧਾਨ ਸਨੇਹਸ਼ੀਸ਼ ਗਾਂਗੁਲੀ ਅਤੇ ਹੋਰਾਂ ਵੱਲੋਂ ਸਨਮਾਨਿਤ ਕੀਤਾ ਜਾ ਰਿਹਾ ਹੈ।

ਸ਼ਰਾਚੀ ਰਾੜ ਬੰਗਾਲ ਟਾਈਗਰਜ਼ ਨੂੰ HIL ਜਿੱਤ ਲਈ ਸਨਮਾਨਿਤ ਕੀਤਾ ਗਿਆ, ਗੁਰਬਖਸ਼ ਸਿੰਘ ਨੂੰ 90ਵੇਂ ਜਨਮ ਦਿਨ 'ਤੇ ਸਨਮਾਨਿਤ ਕੀਤਾ ਗਿਆ।

ਹਾਕੀ ਦੀ ਉੱਤਮਤਾ ਦੇ ਇੱਕ ਸ਼ਾਨਦਾਰ ਜਸ਼ਨ ਵਿੱਚ, ਹਾਕੀ ਬੰਗਾਲ ਨੇ ਸ਼ਰਾਚੀ ਸਪੋਰਟਸ ਦੇ ਸਹਿਯੋਗ ਨਾਲ 2025 ਹਾਕੀ ਇੰਡੀਆ ਲੀਗ (ਐਚਆਈਐਲ) ਵਿੱਚ ਉਨ੍ਹਾਂ ਦੀ ਜੇਤੂ ਜਿੱਤ ਲਈ ਸ਼ਰਾਚੀ ਰਾੜ ਬੰਗਾਲ ਟਾਈਗਰਜ਼ ਪੁਰਸ਼ ਹਾਕੀ ਟੀਮ ਨੂੰ ਸਨਮਾਨਿਤ ਕਰਨ ਲਈ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ। ਕੋਲਕਾਤਾ ਦੇ ਰੈੱਡ ਰੋਡ 'ਤੇ ਹਾਕੀ ਬੰਗਾਲ ਦੇ ਟੈਂਟ 'ਤੇ ਆਯੋਜਿਤ ਇਸ ਸਮਾਗਮ ਨੂੰ ਮਹਾਨ ਭਾਰਤੀ ਹਾਕੀ ਖਿਡਾਰੀ ਗੁਰਬਖਸ਼ ਸਿੰਘ ਦੇ 90ਵੇਂ ਜਨਮ ਦਿਨ ਨੂੰ ਮਨਾ ਕੇ ਹੋਰ ਉੱਚਾ ਕੀਤਾ ਗਿਆ।

ਸ਼ਾਮ ਬੰਗਾਲ ਹਾਕੀ ਲਈ ਇੱਕ ਇਤਿਹਾਸਕ ਮੌਕਾ ਸੀ, ਕਿਉਂਕਿ ਰਾਜ ਵਿੱਚ ਖੇਡ ਦੇ ਪੁਨਰ-ਉਭਾਰ ਨੂੰ ਦਰਸਾਉਣ ਲਈ ਪਤਵੰਤੇ, ਸਾਬਕਾ ਖਿਡਾਰੀ ਅਤੇ ਹਾਕੀ ਪ੍ਰੇਮੀ ਇਕੱਠੇ ਹੋਏ ਸਨ। ਲੀਗ ਵਿੱਚ ਟਾਈਗਰਜ਼ ਦੇ ਦਬਦਬੇ ਨੂੰ ਦਰਸਾਉਂਦੇ ਹੋਏ, ਚੈਂਪੀਅਨਸ਼ਿਪ ਟਰਾਫੀ ਨੂੰ ਮਾਣ ਨਾਲ ਪ੍ਰਦਰਸ਼ਿਤ ਕੀਤਾ ਗਿਆ ਸੀ। ਟੀਮ ਨੇ ਰਾਊਰਕੇਲਾ ਦੇ ਬਿਰਸਾ ਮੁੰਡਾ ਹਾਕੀ ਸਟੇਡੀਅਮ 'ਚ ਫਾਈਨਲ 'ਚ ਹੈਦਰਾਬਾਦ ਤੂਫਾਨ ਨੂੰ 4-3 ਨਾਲ ਹਰਾ ਕੇ ਖਿਤਾਬ ਆਪਣੇ ਨਾਂ ਕੀਤਾ। ਜੁਗਰਾਜ ਸਿੰਘ, 12 ਗੋਲਾਂ ਦੇ ਨਾਲ ਟੂਰਨਾਮੈਂਟ ਦਾ ਸਭ ਤੋਂ ਵੱਧ ਸਕੋਰਰ, ਪੂਰੇ ਸੀਜ਼ਨ ਵਿੱਚ ਸ਼ਾਨਦਾਰ ਪ੍ਰਦਰਸ਼ਨ ਰਿਹਾ।

ਸਨਮਾਨ ਸਮਾਰੋਹ ਖੇਡ ਪੱਤਰਕਾਰ ਅਤੇ ਇਤਿਹਾਸਕਾਰ ਬੋਰੀਆ ਮਜੂਮਦਾਰ ਦੁਆਰਾ ਪੇਸ਼ ਕੀਤਾ ਗਿਆ ਅਤੇ ਕਈ ਨਾਮਵਰ ਮਹਿਮਾਨਾਂ ਨੇ ਸ਼ਿਰਕਤ ਕੀਤੀ। ਉਨ੍ਹਾਂ ਵਿੱਚ ਪੱਛਮੀ ਬੰਗਾਲ ਸਰਕਾਰ ਦੇ ਫਾਇਰ ਅਤੇ ਐਮਰਜੈਂਸੀ ਸੇਵਾਵਾਂ ਦੇ ਮੰਤਰੀ ਸੁਜੀਤ ਬੋਸ ਅਤੇ ਹਾਕੀ ਬੰਗਾਲ ਦੇ ਪ੍ਰਧਾਨ ਸਨ; ਰਾਹੁਲ ਟੋਡੀ, ਸ਼ਰਾਚੀ ਸਪੋਰਟਸ ਦੇ ਮੈਨੇਜਿੰਗ ਡਾਇਰੈਕਟਰ; ਦੀਪਕ ਠਾਕੁਰ, ਸ਼ਰਾਚੀ ਰਾੜ ਬੰਗਾਲ ਟਾਈਗਰਜ਼ ਦੇ ਕੋਚ; ਸਨੇਹਸ਼ੀਸ਼ ਗਾਂਗੁਲੀ, ਪ੍ਰਧਾਨ, ਕ੍ਰਿਕਟ ਐਸੋਸੀਏਸ਼ਨ ਆਫ ਬੰਗਾਲ, ਅਤੇ ਪ੍ਰਸਿੱਧ ਓਲੰਪੀਅਨ ਖੁਦ, ਗੁਰਬਖਸ਼ ਸਿੰਘ ਅਤੇ ਹੋਰ ਬਹੁਤ ਸਾਰੇ।

ਸੁਜੀਤ ਬੋਸ ਨੇ ਟਾਈਗਰਜ਼ ਦੀ ਪ੍ਰਾਪਤੀ 'ਤੇ ਬਹੁਤ ਮਾਣ ਜ਼ਾਹਰ ਕਰਦੇ ਹੋਏ ਕਿਹਾ ਕਿ ਮੈਨੂੰ ਇਸ ਗੱਲ 'ਤੇ ਮਾਣ ਹੈ ਕਿ ਸ਼ਰਾਚੀ ਰਾੜ ਬੰਗਾਲ ਟਾਈਗਰਜ਼ ਪੁਨਰ-ਨਿਰਮਾਤ ਹਾਕੀ ਇੰਡੀਆ ਲੀਗ ਦੇ ਸ਼ੁਰੂਆਤੀ ਸੀਜ਼ਨ ਵਿੱਚ ਚੈਂਪੀਅਨ ਬਣੇ ਅਤੇ ਬੰਗਾਲ ਹਾਕੀ ਦੇ ਸੁਨਹਿਰੀ ਦਿਨ ਵਾਪਸ ਲੈ ਆਏ ਹਨ। ਉਸਨੇ ਅੱਗੇ ਕਿਹਾ ਕਿ ਇਸ ਕਾਰਨਾਮੇ ਨੂੰ ਮਹਾਨ ਗੁਰਬਖਸ਼ ਸਿੰਘ ਦੀ ਮੌਜੂਦਗੀ ਵਿੱਚ ਮਨਾਉਣਾ ਸਨਮਾਨ ਦੀ ਗੱਲ ਹੈ, ਜਿਸਨੇ ਬੰਗਾਲ ਦੀ ਹਾਕੀ ਦੀ ਇੰਨੇ ਸਾਲਾਂ ਤੱਕ ਸੇਵਾ ਕੀਤੀ ਹੈ। ਇਸ ਤੋਂ ਇਲਾਵਾ, ਬੰਗਾਲ ਵਿੱਚ ਨਵੇਂ ਮੈਦਾਨ ਨੂੰ 698 ਪ੍ਰਮਾਣੀਕਰਣ ਪ੍ਰਾਪਤ ਹੋਇਆ ਹੈ, ਜੋ ਸਾਡੇ ਰਾਜ ਵਿੱਚ ਖੇਡਾਂ ਲਈ ਬਿਹਤਰ ਦਿਨਾਂ ਵੱਲ ਇੱਕ ਮਹੱਤਵਪੂਰਨ ਕਦਮ ਹੈ।

## ਹਰਦੀਪ ਸਿੰਘ ਪੁਰੀ ਨੇ 'ਇੰਡੀਆ ਐਨਰਜੀ ਵੀਕ 2025' ਦੌਰਾਨ 'ਕਲੀਨ ਕੁਕਿੰਗ' ਬਾਰੇ ਮੰਤਰੀ ਪੱਧਰੀ ਮੀਟਿੰਗ ਦੀ ਕੀਤੀ ਪ੍ਰਧਾਨਗੀ



ਨਵੀਂ ਦਿੱਲੀ : ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ, ਹਰਦੀਪ ਸਿੰਘ ਪੁਰੀ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਵਿੱਚ 'ਇੰਡੀਆ ਐਨਰਜੀ ਵੀਕ 2025' ਦੌਰਾਨ 'ਕਲੀਨ ਕੁਕਿੰਗ' ਬਾਰੇ ਇੱਕ ਮੰਤਰੀ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ।

## ਉਪੇਂਦਰ ਦਿਵੇਦੀ ਨੇ ਮੇਜਰ ਜਨਰਲ ਆਲੋਕ ਰਾਜ (ਸੇਵਾਮੁਕਤ) ਨੂੰ 'ਵੈਟਰਨਜ਼ ਅਚੀਵਰਜ਼ ਅਵਾਰਡ' ਨਾਲ ਕੀਤਾ ਸਨਮਾਨਿਤ




ਜੈਪੁਰ : ਥਲ ਸੈਨਾ ਦੇ ਮੁਖੀ (ਸੀਓਏਐਸ) ਜਨਰਲ ਉਪੇਂਦਰ ਦਿਵੇਦੀ ਨੇ ਸ਼ੁੱਕਰਵਾਰ ਨੂੰ ਜੈਪੁਰ ਵਿਚ ਜੈਪੁਰ ਮਿਲਟਰੀ ਸਟੇਸ਼ਨ ਦੇ ਦੌਰੇ ਦੌਰਾਨ ਮੇਜਰ ਜਨਰਲ ਆਲੋਕ ਰਾਜ (ਸੇਵਾਮੁਕਤ) ਨੂੰ 'ਵੈਟਰਨਜ਼ ਅਚੀਵਰਜ਼ ਅਵਾਰਡ' ਨਾਲ ਸਨਮਾਨਿਤ ਕੀਤਾ।

# ਏਆਈ ਬਾਰੇ ਆਲਮੀ ਢਾਂਚਾ ਬਣਾਉਣ ਲਈ ਸਾਂਝੇ ਯਤਨਾਂ ਦੀ ਲੋੜ: ਮੋਦੀ

## ਫਰਾਂਸੀਸੀ ਰਾਸ਼ਟਰਪਤੀ ਨੇ ਮੋਦੀ ਦਾ ਡਿਨਰ 'ਤੇ ਕੀਤਾ ਸਵਾਗਤ

ਪੈਰਿਸ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਖੁੱਲ੍ਹੇ ਸਰੋਤ 'ਤੇ ਆਧਾਰਿਤ ਮਸਨੂਈ ਬੌਧਿਕਤਾ (ਏਆਈ) ਲਈ ਆਲਮੀ ਢਾਂਚਾ ਸਥਾਪਤ ਕਰਨ ਵਾਸਤੇ ਸਾਂਝੇ ਯਤਨਾਂ ਦੀ ਵਕਾਲਤ ਕੀਤੀ ਹੈ ਜੋ ਭਰੋਸਾ ਅਤੇ ਪਾਰਦਰਸ਼ਿਤਾ ਵਧਾਉਣ ਦੇ ਨਾਲ ਪੱਖਪਾਤਾਂ ਤੋਂ ਮੁਕਤ ਹੋਵੇ। ਪ੍ਰਧਾਨ ਮੰਤਰੀ ਮੋਦੀ ਨੇ ਇਥੇ ਫਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੌਂ ਨਾਲ ਏਆਈ ਐਕਸ਼ਨ ਸੰਮੇਲਨ ਦੀ ਸਹਿ-ਪ੍ਰਧਾਨਗੀ ਕਰਦਿਆਂ ਕਿਹਾ ਕਿ ਏਆਈ ਸਿਆਸਤ, ਅਰਥਚਾਰੇ, ਸੁਰੱਖਿਆ ਅਤੇ ਸਮਾਜ ਨੂੰ ਬਦਲ ਰਿਹਾ ਹੈ ਅਤੇ ਇਸ ਸਦੀ 'ਚ ਮਨੁੱਖਤਾ ਲਈ ਕੋਡ ਬਣਾ ਰਿਹਾ ਹੈ।

ਇਸ ਤੋਂ ਪਹਿਲਾਂ ਫਰਾਂਸੀਸੀ ਰਾਸ਼ਟਰਪਤੀ ਮੈਕਰੌਂ ਨੇ ਮੋਦੀ ਦਾ ਰਾਤ ਦੇ ਭੋਜਨ 'ਤੇ ਨਿੱਘਾ ਸਵਾਗਤ ਕੀਤਾ। ਉਨ੍ਹਾਂ ਮੋਦੀ ਨੂੰ ਘੁੱਟ ਕੇ ਗੱਲਵਕੜੀ ਪਾਈ ਜਿਸ ਦੀਆਂ ਤਸਵੀਰਾਂ ਪ੍ਰਧਾਨ ਮੰਤਰੀ ਨੇ 'ਐਕਸ' 'ਤੇ ਸਾਂਝੀਆਂ ਕਰਦਿਆਂ ਕਿਹਾ ਕਿ ਆਪਣੇ ਦੋਸਤ ਨੂੰ ਮਿਲ ਕੇ ਉਨ੍ਹਾਂ ਨੂੰ ਬਹੁਤ ਜ਼ਿਆਦਾ ਖੁਸ਼ੀ ਹੋਈ ਹੈ। ਏਆਈ ਸੰਮੇਲਨ 'ਚ ਮੋਦੀ ਨੇ ਕਿਹਾ, "ਸ਼ਾਸਨ ਸਿਰਫ਼ ਜੋਖਮਾਂ ਅਤੇ ਮੁਕਾਬਲੇਬਾਜ਼ੀ ਦਾ ਪ੍ਰਬੰਧਨ ਕਰਨ ਬਾਰੇ ਨਹੀਂ ਹੈ ਸਗੋਂ ਇਹ ਕਾਢਾਂ ਨੂੰ ਹੱਲਾਸ਼ੇਰੀ ਦੇਣ ਅਤੇ ਉਨ੍ਹਾਂ ਨੂੰ ਆਲਮੀ ਭਲਾਈ ਲਈ ਵਰਤਣ ਬਾਰੇ ਵੀ ਹੈ। ਸਾਨੂੰ ਤਕਨਾਲੋਜੀ ਹਰ ਕਿਸੇ ਲਈ ਬਣਾਉਣੀ ਚਾਹੀਦੀ ਹੈ ਅਤੇ ਆਮ ਲੋਕਾਂ 'ਤੇ ਕੇਂਦਰਤ ਐਪਲੀਕੇਸ਼ਨਸ ਬਣਨੀਆਂ ਚਾਹੀਦੀਆਂ ਹਨ। ਸਾਨੂੰ ਸਾਈਬਰ ਸੁਰੱਖਿਆ, ਗਲਤ ਸੂਚਨਾਵਾਂ ਅਤੇ ਡੀਪ ਫੇਕ ਨਾਲ ਸਬੰਧਤ ਖ਼ਦਸ਼ਿਆਂ ਦਾ ਵੀ ਹੱਲ ਕਰਨਾ ਚਾਹੀਦਾ ਹੈ।" ਮੋਦੀ ਨੇ ਆਪਣੇ ਸੰਬੋਧਨ ਦੀ ਸ਼ੁਰੂਆਤ ਏਆਈ ਦੀ ਸਮਰੱਥਾ ਨੂੰ ਦਰਸਾਉਂਦਿਆਂ ਕੀਤੀ। ਉਨ੍ਹਾਂ ਕਿਹਾ ਕਿ ਏਆਈ ਔਖੇ ਸ਼ਬਦਾਂ ਨੂੰ ਸੁਖਾਲਾ ਬਣਾ ਸਕਦਾ ਹੈ ਜਿਸ ਨੂੰ ਲੋਕ ਆਸਾਨੀ ਨਾਲ ਸਮਝ ਸਕਣ। ਉਨ੍ਹਾਂ ਕਿਹਾ ਕਿ ਏਆਈ ਸਿਹਤ, ਸਿੱਖਿਆ, ਖੇਤੀਬਾੜੀ ਅਤੇ ਹੋਰਾਂ 'ਚ ਬਹੁਤ ਕੁਝ ਸੁਧਾਰ ਕਰਕੇ ਲੱਖਾਂ ਲੋਕਾਂ ਦੀ ਜ਼ਿੰਦਗੀ ਬਦਲਣ 'ਚ ਸਹਾਇਤਾ ਕਰ ਸਕਦਾ ਹੈ। ਪ੍ਰਧਾਨ ਮੰਤਰੀ ਨੇ ਏਆਈ ਦੀ ਵਰਤੋਂ ਵਧਣ ਕਾਰਨ ਨੌਕਰੀਆਂ ਖੁੱਸਣ ਦੇ ਖ਼ਦਸ਼ਿਆਂ ਦਾ ਜ਼ਿਕਰ ਕਰਦਿਆਂ ਕਿਹਾ, "ਇਤਿਹਾਸ ਨੇ ਸਾਨੂੰ ਦਿਖਾਇਆ ਹੈ ਕਿ ਤਕਨਾਲੋਜੀ ਕਾਰਨ ਕੰਮ ਨਹੀਂ ਖੁੱਸਦਾ ਹੈ। ਸਿਰਫ਼ ਉਸ ਦਾ ਸੁਭਾਅ ਬਦਲ ਜਾਂਦਾ ਹੈ ਅਤੇ ਵੱਖਰੀ ਤਰ੍ਹਾਂ ਦੀਆਂ ਨਵੀਆਂ ਨੌਕਰੀਆਂ ਪੈਦਾ ਹੁੰਦੀਆਂ ਹਨ।" ਉਨ੍ਹਾਂ ਕਿਹਾ ਕਿ ਭਾਰਤ ਏਆਈ ਨੂੰ ਅਪਣਾਉਣ ਅਤੇ ਡੇਟਾ ਪ੍ਰਾਈਵੇਸੀ 'ਤੇ ਤਕਨਾਲੋਜੀ ਤੇ ਕਾਨੂੰਨੀ ਹੱਲ ਲਿਆਉਣ 'ਚ ਮੋਹਰੀ ਹੈ। ਉਨ੍ਹਾਂ ਕਿਹਾ ਕਿ ਭਾਰਤ ਲੋਕਾਂ ਦੀ ਭਲਾਈ ਲਈ ਏਆਈ ਐਪ ਵਿਕਸਤ ਕਰ ਰਿਹਾ ਹੈ ਅਤੇ ਉਹ ਆਪਣੇ ਤਜਰਬੇ ਤੇ ਮਹਾਰਤ ਨੂੰ ਸਾਰਿਆਂ ਨਾਲ ਸਾਂਝਾ ਕਰਨ ਲਈ ਤਿਆਰ ਹੈ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਫਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੌਂ ਨੂੰ ਮਿਲਦੇ ਹੋਏ।



ਏਆਈ ਐਕਸ਼ਨ ਸੰਮੇਲਨ ਦੌਰਾਨ ਹੋਰ ਆਗੂਆਂ ਨਾਲ ਤਸਵੀਰ ਖਿਚਵਾਉਂਦੇ ਹੋਏ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੌਂ ਅਤੇ ਪ੍ਰਧਾਨ ਮੰਤਰੀ ਮੋਦੀ।




ਪ੍ਰਧਾਨ ਮੰਤਰੀ ਮੋਦੀ ਨੇ ਮਜ਼ਾਰਗੁਏਸ ਵਾਰ ਕਬਰਸਤਾਨ ਵਿੱਚ ਸ਼ਹੀਦ ਹੋਏ ਭਾਰਤੀ ਸੈਨਿਕਾਂ ਨੂੰ ਸ਼ਰਧਾਂਜਲੀ ਦਿੱਤੀ



ਰੈਂਚ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੌਨ ਮਾਰਸੇਲੀ, ਫਰਾਂਸ ਤੋਂ ਸਫ਼ਰ ਕਰਦੇ ਹੋਏ ਮਾਰਸੀਲੇ ਪ੍ਰੋਵੈਂਸ ਹਵਾਈ ਅੱਡੇ 'ਤੇ ਇੱਕ ਰਵਾਨਗੀ ਸਮਾਰੋਹ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ



ਪੈਰਿਸ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਪੈਰਿਸ ਦੇ ਐਲੀਸੀ ਪੈਲੇਸ ਵਿਖੇ ਸੰਯੁਕਤ ਰਾਜ ਦੇ ਉਪ ਰਾਸ਼ਟਰਪਤੀ ਜੇਡੀ ਵੈਂਸ ਅਤੇ ਉਨ੍ਹਾਂ ਦੀ ਪਤਨੀ ਅਤੇ ਸੰਯੁਕਤ ਰਾਜ ਦੀ ਦੂਜੀ ਮਹਿਲਾ ਊਸ਼ਾ ਵਾਂਸ ਨਾਲ ਮੁਲਾਕਾਤ ਕੀਤੀ।





ਪ੍ਰਧਾਨ ਮੰਤਰੀ ਮੋਦੀ ਫਰਾਂਸ ਦੇ ਮਾਰਸੇਲੇ ਤੋਂ ਰਵਾਨਾ ਹੋਏ, ਰਾਸ਼ਟਰਪਤੀ ਮੈਕਰੋਨ ਉਨ੍ਹਾਂ ਦੇ ਨਾਲ ਹਵਾਈ ਅੱਡੇ 'ਤੇ ਪਹੁੰਚੇ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਬੁੱਧਵਾਰ ਨੂੰ ਦੱਖਣੀ ਫਰਾਂਸ ਦੇ ਸੇਂਟ-ਪਾਲ-ਲੇਸ-ਡਿਊਰੈਂਸ ਵਿੱਚ ਆਈਟੀਆਰ (ਇੰਟਰਨੈਸ਼ਨਲ ਥਰਮੋਨਿਊਕਲੀਅਰ ਐਕਸਪੈਰੀਮੈਂਟਲ ਰਿਐਕਟਰ) ਦਾ ਦੌਰਾ ਕੀਤਾ।

# ਦੇਗ ਤੋਂ ਕੇਕ ਵੱਲ ?



ਕੁਲਜੀਤ ਸਿੰਘ 'ਚਪੱਈ'
ਬਟਾਲਾ ਜ਼ਿਲ੍ਹਾ ਗੁਰਦਾਸਪੁਰ
+918360268446

ਪੰਜਾਬੀ ਦੀ ਇੱਕ ਕਹਾਵਤ ਹੈ ਕਿ ਅੱਗ ਲੈਣ ਆਈ ਘਰ ਦੀ ਮਾਲਕਣ ਬਣ ਬੈਠੀ, ਇਸੇ ਤਰ੍ਹਾਂ ਹੀ ਕਈ ਰੀਤੀ-ਰਿਵਾਜ ਜਾਂ ਰਸਮਾਂ ਹੌਲੀ-ਹੌਲੀ ਇਸ ਤਰ੍ਹਾਂ ਸਾਡੇ ਵਿਹੜੇ ਆ ਵੜੀਆਂ ਕਿ ਸਾਨੂੰ ਅਹਿਸਾਸ ਤੱਕ ਵੀ ਨਹੀਂ ਹੋਣ ਦਿੱਤਾ ਕਿ ਉਹ ਓਪਰੀਆਂ ਜਾਂ ਬੇਗਾਨੀਆਂ ਨੇ। ਖੁੱਲੇ-ਡੁੱਲੇ ਸੁਭਾਅ ਹੋਣ ਕਰਕੇ ਅਸੀਂ ਨਿੱਕੀਆਂ-ਮੋਟੀਆਂ ਗੱਲਾਂ ਦੀ ਪ੍ਰਵਾਹ ਨਹੀਂ ਕਰਦੇ ਪਰ ਉਦੋਂ ਪ੍ਰਵਾਹ ਕਰਨੀ ਲਾਜ਼ਮੀ ਬਣਦੀ ਹੈ ਜਦੋਂ ਉਹ ਘਰ ਚ ਪਨਾਹ ਲੈਂਦੀਆਂ ਲੈਂਦੀਆਂ ਸਾਡੇ ਮੋਢਿਆਂ ਉੱਤੇ ਚੜ੍ਹ ਬੈਠੀਆਂ ਹੋਣ ਤੇ ਘਰ ਦੀਆਂ ਵਿਰਾਸਤੀ ਮਾਣਮੱਤੀਆਂ ਰਸਮਾਂ, ਮਰਿਆਦਾਵਾਂ ਨੂੰ ਉਂਗਲ ਤੱਕ ਵੀ ਫੜਨ ਨਾ ਦੇਣ।

ਸਿੱਖ ਧਰਮ ਵਿੱਚ ਜਨਮ,ਵਿਆਹ,ਮੌਤ ਜਾਂ ਇੰਝ ਕਹਿ ਲਵੋ ਕਿ ਹਰ ਖੁਸ਼ੀ ਗਮੀ ਦੇ ਮੌਕੇ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਬਣਾ ਕੇ ਗੁਰੂ ਸਾਹਿਬ ਅੱਗੇ ਭੇਟ ਕਰਕੇ ਸਬੰਧਤ ਕਾਰਜ ਲਈ ਅਰਦਾਸ ਉਪਰੰਤ ਸੰਗਤ ਵਿੱਚ ਵਰਤਾਉਣ ਦੀ ਮਰਿਆਦਾ ਗੁਰੂ ਸਾਹਿਬਾਨ ਦੇ ਸਮੇਂ ਤੋਂ ਚਲਦੀ ਆ ਰਹੀ ਹੈ।ਪਰ ਬੜਾ ਦੁੱਖ ਹੁੰਦਾ ਹੈ ਜਦ ਲੋਕਾਂ ਨੂੰ ਮੈਂ ਹਰ ਥਾਂ ਘਰ-ਬਾਹਰ ਕੋਈ ਵੀ ਪ੍ਰੋਗਰਾਮ ਹੋਵੇ, ਅੱਡੀਆਂ ਚੁੱਕੀ ਕੇਕ ਕੱਟਣ ਲਈ ਉਤਾਵਲੇ ਹੋ ਰਹੇ ਵੇਖਦਾਂ ਹਾਂ। ਚਾਹੇ ਉਹ ਬੱਚੇ, ਬੁੱਢੇ, ਜਵਾਨ ਦਾ ਜਨਮ ਦਿਨ ਹੋਵੇ (ਜਿਹੜਾ ਕਿ ਆਏ ਦਿਨ ਕਿਸੇ ਨਾ ਕਿਸੇ ਦਾ ਆਇਆ ਹੀ ਰਹਿੰਦਾ ਹੈ) ਠਾਕਾ ਹੋਵੇ, ਸਗਨ ਹੋਵੇ, ਵਿਆਹ ਹੋਵੇ ਪਤਾ ਨਹੀਂ ਕਿਉਂ ਅਸੀਂ ਸਭ ਕੁਝ ਭੁੱਲ ਕੇ ਝੱਟ ਗੋਲ-ਕਤਾਰਾ ਬਣਾ ਕੇ ਕੇਕ ਦੁਆਲੇ ਤਾੜੀਆਂ ਮਾਰਨ ਲੱਗ ਪੈਂਦੇ ਹਾਂ।

ਅਜਿਹੇ ਮੌਕੇ ਚੰਗੇ ਭਲੇ ਪੰਜਾਬੀ ਪ੍ਰਵਾਰ ਦੇ ਮਾਈ-ਭਾਈ ਵੀ ਅੰਗਰੇਜੀ ਵਿਚ 'ਹੈਪੀ ਬਰਥ ਡੇ ਟੂ ਯੂ' ਦਾ ਰਾਗ ਅਲਾਪਣ ਲੱਗ ਜਾਂਦੇ ਹਨ। ਜਿਵੇਂ ਕਿਤੇ 'ਜਨਮ ਦਿਨ ਮੁਬਾਰਕ ਪੁੱਤਰਾ ਜਾਂ ਧੀਏ!' ਨੂੰ ਅੰਗਰੇਜੀ 'ਚ ਬੋਲਣ ਦਾ ਕੋਈ 'ਸਖਤ ਕਾਨੂੰਨ' ਬਣਿਆਂ ਹੋਇਆ ਹੋਵੇ! ਜਿਸਤੋਂ ਡਰਦੇ ਮਾਂ-ਬੋਲੀ ਪੰਜਾਬੀ ਛੱਡ ਕੇ ਅੰਗਰੇਜੀ ਬੋਲਦੇ ਹੋਈਏ!! ਸਰਕਾਰੀ, ਪ੍ਰਾਈਵੇਟ ਦਫ਼ਤਰਾਂ ਵਿਚ ਨੌਕਰੀ ਮਿਲੇ, ਤਰੱਕੀ ਹੋਵੇ ਸੇਵਾ-ਮੁਕਤੀ ਹੋਵੇ ਇਹ ਮੇਜ਼ਾਂ 'ਤੇ ਪਤਾ ਨਹੀਂ ਕਿਹੜੇ ਵੇਲੇ ਸੱਜ ਧੱਜ ਕੇ ਚੜ੍ਹ ਬਹਿ ਜਾਂਦਾ ਹੈ। ਲੋਹੜੀ, ਦਿਵਾਲੀ ਗੱਲ ਕੀ ਹਰ ਦਿਨ ਤਿਉਹਾਰ ਮੌਕੇ ਸਭ ਨੇ ਇਸ ਨੂੰ ਸਿਰ ਉੱਤੇ ਚੜ੍ਹਾ ਰਖਿਆ ਹੈ।ਹੋਰ ਤਾਂ ਹੋਰ ਹੁਣ ਤਾਂ ਗੁਰਪੁਰਬਾਂ ਤੇ ਵੀ ਇਸ ਦੀ ਆਮਦ ਦੀਆਂ ਖਬਰਾਂ ਆਮ ਸੁਣਨ ਨੂੰ ਮਿਲਦੀਆਂ ਹਨ।

ਮੇਰਾ ਇਹ ਆਪ ਸਭ ਦਾ ਇਸ ਵੱਲ ਧਿਆਨ ਦਿਵਾਉਣ ਦਾ ਮਕਸਦ ਕੇਵਲ ਇਹ ਹੀ ਹੈ ਕਿ ਅਸੀਂ ਆਪਣੀ ਵਖਰੀ ਹੋਂਦ ਨੂੰ ਆਪਣੇ ਰੀਤੀ-ਰਿਵਾਜ, ਰਸਮਾਂ, ਮਰਿਆਦਾਵਾਂ ਜੋ ਗੁਰੂ ਸਾਹਿਬ ਸਾਨੂੰ ਬਖਸ਼ ਗਏ ਉਨ੍ਹਾਂ ਨੂੰ ਕੰਡ ਦੇ ਕੇ ਬੇਗਾਨੀਆਂ ਰਸਮਾਂ ਨੂੰ ਏਨਾ ਸਿਰ 'ਤੇ ਨਾ ਚੜ੍ਹਾਈਏ ਕਿ ਆਪਣੀ ਵਿਲੱਖਣਤਾ ਤੇ ਨਿਆਰੇਪਣ ਦੀ ਹੋਂਦ ਨੂੰ ਹੀ ਹੱਥੋਂ ਗਵਾ ਬੈਠੀਏ। ਸੋ ਆਓ ਦੇਗ ਤੋਂ ਕੇਕ ਵੱਲ ਦੇ ਸ਼ੁਰੂ ਹੋਏ ਸਫ਼ਰ ਨੂੰ ਠੱਲ੍ਹ ਪਾਉਂਦੇ ਹੋਏ ਜਿਥੇ ਵੀ ਆਪਣੇ ਆਲੇ ਦੁਆਲੇ ਚਾਹੇ ਘਰ ਹੋਵੇ ਬਾਹਰ ਹੋਵੇ ਜਦ ਵੀ ਕੇਕ ਦੁਆਲੇ ਤਾੜੀਆਂ ਮਾਰਨ ਦੀ ਗੱਲ ਛਿੜੇ ਉਸ ਦੇ ਵਿਰੋਧ ਵਿਚ ਖੜ੍ਹੇ ਹੋ ਕੇ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਖ਼ੁਸ਼ਬੂ ਵੰਡਦੀ ਦੇਗ ਵਰਤਾਉਣ ਦੀ ਗੱਲ ਕਰੀਏ ਤੇ ਆਪਣੇ ਮਾਣ-ਮੱਤੇ ਰੀਤੀ ਰਿਵਾਜਾਂ ਨੂੰ ਬਰਕਰਾਰ ਰੱਖਣ ਲਈ ਯਤਨ ਕਰੀਏ।

# ਰਸ਼ਿਦ ਨੇ ਜੰਮੂ ਕਸ਼ਮੀਰ 'ਚ ਆਮ ਨਾਗਰਿਕਾਂ ਦੀ ਮੌਤ ਦਾ ਮਾਮਲਾ ਲੋਕ ਸਭਾ 'ਚ ਚੁੱਕਿਆ

## ਕੇਰਨ, ਕਾਰਨਾਹ ਅਤੇ ਮਛੀਲ ਦੇ ਦੂਰ-ਦੁਰਾਡੇ ਦੇ ਇਲਾਕਿਆਂ ਤੱਕ ਪਹੁੰਚ ਲਈ ਸੁਰੰਗ ਬਣਾਉਣ ਦੀ ਮੰਗ ਕੀਤੀ



ਨਵੀਂ ਦਿੱਲੀ : ਲੋਕ ਸਭਾ ਮੈਂਬਰ ਸ਼ੇਖ਼ ਅਬਦੁੱਲ ਰਾਸ਼ਿਦ ਨੇ ਜੰਮੂ ਕਸ਼ਮੀਰ 'ਚ ਦੋ ਆਮ ਨਾਗਰਿਕਾਂ ਦੀ ਹੋਈ ਮੌਤ ਦੇ ਮਾਮਲੇ ਦੀ ਮੁਕੰਮਲ ਜਾਂਚ ਮੰਗੀ ਹੈ। ਲੋਕ ਸਭਾ 'ਚ ਅੱਜ ਸਿਫ਼ਰ ਕਾਲ ਦੌਰਾਨ ਮੁੱਦਾ ਚੁਕਦਿਆਂ ਰਾਸ਼ਿਦ ਨੇ ਦਾਅਵਾ ਕੀਤਾ ਕਿ ਵਸੀਮ ਅਹਿਮਦ ਮੀਰ ਅਤੇ ਮੱਖਣ ਦੀਨ ਨੂੰ ਸੁਰੱਖਿਆ ਬਲਾਂ ਨੇ ਕਥਿਤ ਤੌਰ 'ਤੇ ਮਾਰਿਆ ਹੈ। ਉਨ੍ਹਾਂ ਕਿਹਾ, "ਹਮਾਰਾ ਖ਼ੂਨ ਸਸਤਾ ਨਹੀਂ ਹੈ।" ਰਾਸ਼ਿਦ ਨੂੰ ਦਿੱਲੀ ਹਾਈ ਕੋਰਟ ਨੇ ਸੰਸਦੀ ਇਜਲਾਸ 'ਚ ਦੋ ਦਿਨਾਂ ਲਈ ਹਿੱਸਾ ਲੈਣ ਵਾਸਤੇ ਸੋਮਵਾਰ ਨੂੰ ਹਿਰਾਸਤੀ ਪੈਰੋਲ ਦਿੱਤੀ ਹੈ। ਰਾਸ਼ਿਦ ਨੇ ਕੁਪਵਾੜਾ ਦੇ ਕੇਰਨ, ਕਾਰਨਾਹ ਅਤੇ ਮਛੀਲ ਦੇ ਦੂਰ-ਦੁਰਾਡੇ ਦੇ ਇਲਾਕਿਆਂ ਤੱਕ ਪਹੁੰਚ ਲਈ ਸੁਰੰਗ ਬਣਾਉਣ ਦੀ ਮੰਗ ਵੀ ਕੀਤੀ ਹੈ। ਇਹ ਇਲਾਕੇ ਸਰਦੀਆਂ ਦੌਰਾਨ ਛੇ ਮਹੀਨਿਆਂ ਲਈ ਬਾਕੀ ਦੇਸ਼ ਨਾਲੋਂ ਕੱਟ ਜਾਂਦੇ ਹਨ।

ਜ਼ਿਕਰਯੋਗ ਹੈ ਕਿ ਦਿੱਲੀ ਹਾਈ ਕੋਰਟ ਨੇ ਜੇਲ੍ਹ ਦੀ ਸਜ਼ਾ ਭੁਗਤ ਰਹੇ ਸੰਸਦ ਮੈਂਬਰ ਅਬਦੁੱਲ ਰਾਸ਼ਿਦ ਸ਼ੇਖ਼ ਉਰਫ਼ ਇੰਜਨੀਅਰ ਰਾਸ਼ਿਦ ਵੱਲੋਂ ਦਾਖ਼ਲ ਜ਼ਮਾਨਤ ਅਰਜ਼ੀ 24 ਫਰਵਰੀ ਲਈ ਸੂਚੀਬੱਧ ਕਰ ਦਿੱਤੀ ਹੈ। ਹਾਈ ਕੋਰਟ ਪ੍ਰਸ਼ਾਸਨ ਦੇ ਵਕੀਲ ਨੇ ਦੱਸਿਆ ਕਿ ਸੁਪਰੀਮ ਕੋਰਟ ਨੇ ਸੋਮਵਾਰ ਨੂੰ ਸੱਪਸ਼ਟ ਕੀਤਾ ਹੈ ਕਿ ਮਾਮਲੇ ਨਾਲ ਸਿੱਝ ਰਹੀ ਐੱਨਆਈਏ ਅਦਾਲਤ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਕਰ ਸਕਦੀ ਹੈ ਜਿਸ ਮਗਰੋਂ ਜਸਟਿਸ ਵਿਕਾਸ ਮਹਾਜਨ ਨੇ ਕੇਸ ਦੀ ਸੁਣਵਾਈ ਮੁਲਤਵੀ ਕਰ ਦਿੱਤੀ। ਸਿਖਰਲੀ ਅਦਾਲਤ 'ਚ ਮੌਜੂਦਾ ਘਟਨਾਕ੍ਰਮ ਦੇ ਮੱਦੇਨਜ਼ਰ ਜਸਟਿਸ ਮਹਾਜਨ ਨੇ ਰਾਸ਼ਿਦ ਦੇ ਵਕੀਲ ਨੂੰ ਅੱਜ ਜ਼ੁਬਾਨੀ ਤੌਰ 'ਤੇ ਕਿਹਾ ਕਿ ਉਹ ਜ਼ਮਾਨਤ ਲਈ ਐੱਨਆਈਏ ਅਦਾਲਤ ਦਾ ਰੁਖ਼ ਕਰਨ। ਸੰਸਦ ਮੈਂਬਰ ਦੇ ਵਕੀਲ ਨੇ ਅਦਾਲਤ ਨੂੰ ਅਪੀਲ ਕੀਤੀ ਕਿ ਉਹ ਮਾਮਲੇ 'ਤੇ ਸੁਣਵਾਈ ਇਕ ਹਫ਼ਤੇ ਲਈ ਮੁਲਤਵੀ ਕਰ ਦੇਣ। ਬਾਰਾਮੂੱਲਾ ਤੋਂ ਸੰਸਦ ਮੈਂਬਰ ਦਹਿਸ਼ਤੀ ਫੰਡਿੰਗ ਕੇਸ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ।

# ਗੈਸ ਫੈਕਟਰੀ ਵਿਰੁੱਧ ਮੁੜ ਸੜਕਾਂ ਉੱਤੇ ਆਏ ਭੂੰਦੜੀ ਦੇ ਵਾਸੀ



ਜਗਰਾਉਂ : ਬੇਟ ਇਲਾਕੇ ਦੇ ਪਿੰਡ ਭੂੰਦੜੀ ਵਿੱਚ ਵੱਡੀ ਗਿਣਤੀ 'ਚ ਪੁਲੀਸ ਫੋਰਸ ਦੀ ਮੌਜੂਦਗੀ ਦੇ ਬਾਵਜੂਦ ਪਿੰਡ ਵਾਸੀਆਂ ਨੇ ਜਨਤਕ ਤੇ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਅੱਜ ਨਾ ਸਿਰਫ ਮਾਰਚ ਕੱਢਿਆ ਸਗੋਂ ਮੁਜ਼ਾਹਰਾ ਕਰ ਕੇ ਫੈਕਟਰੀ ਬੰਦ ਕਰਨ ਦੀ ਸਖ਼ਤ ਚਿਤਾਵਨੀ ਵੀ ਦਿੱਤੀ। ਉਨ੍ਹਾਂ ਫੈਕਟਰੀ ਸਥਾਨ 'ਤੇ ਪਿੰਡ ਦੀ ਆਬਾਦੀ ਵਾਲੀ ਦੂਰੀ ਦੀ ਮੁੜ ਪੈਮਾਇਸ਼ ਕਰਨ ਦੀ ਮੰਗ ਕੀਤੀ। ਮੁਜ਼ਾਹਰਾਕਾਰੀਆਂ ਨੇ ਕਿਹਾ ਕਿ ਸਰਕਾਰ ਤੇ ਪੁਲੀਸ ਡੰਡੇ ਦੇ ਜ਼ੋਰ ਨਾਲ ਉਨ੍ਹਾਂ ਦਾ ਜਮਹੂਰੀ ਹੱਕ ਨਹੀਂ ਖੋਹ ਸਕਦੀ। ਉਨ੍ਹਾਂ ਕਿਹਾ ਕਿ ਹਾਈ ਕੋਰਟ ਵਿੱਚ ਇਸ ਮਾਮਲੇ ਦੀ ਸੁਣਵਾਈ ਹੋ ਰਹੀ ਹੈ ਜਿਸ ਵਿੱਚ ਆਉਂਦੀ ਦਸ ਮਾਰਚ ਨੂੰ ਸੁਣਵਾਈ ਤੋਂ ਬਾਅਦ ਹੀ ਕੋਈ ਫ਼ੈਸਲਾ ਸੁਣਾਇਆ ਜਾਵੇਗਾ। ਉਸ ਤੋਂ ਪਹਿਲਾਂ ਹੀ ਸਰਕਾਰ ਡੰਡੇ ਦੇ ਜ਼ੋਰ ਨਾਲ ਆਬਾਦੀ ਵਿੱਚ ਗੈਸ ਫੈਕਟਰੀਆਂ ਚਲਾਉਣ ਲਈ ਕਾਹਲੀ ਹੈ ਜੋ ਕਿਸੇ ਵੀ ਸੂਰਤ ਵਿੱਚ ਚੱਲਣ ਨਹੀਂ ਦਿੱਤੀ ਜਾਵੇਗੀ।

ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੇ ਬਾਹਰ ਇਕੱਠ ਵਿੱਚ ਧਰਨਾਕਾਰੀਆਂ ਨੇ ਕਿਹਾ ਕਿ ਨਿਯਮਾਂ ਤੇ ਸ਼ਰਤਾਂ ਮੁਤਾਬਕ ਪਿੰਡ ਤੇ ਆਬਾਦੀ ਦੇ ਪੰਜ ਸੌ ਮੀਟਰ ਦੇ ਦਾਇਰੇ ਵਿੱਚ ਅਜਿਹੀ ਗੈਸ ਫੈਕਟਰੀ ਨਹੀਂ ਲੱਗ ਸਕਦੀ ਪਰ ਇਹ ਕੇਵਲ ਢਾਈ ਸੌ ਮੀਟਰ ਦੀ ਦੂਰੀ 'ਤੇ ਨਿਯਮ ਛਿੱਕੇ ਟੰਗ ਕੇ ਲਾਈ ਜਾ ਰਹੀ ਹੈ। ਪੁਲੀਸ ਬੀਤੇ ਦਿਨ ਪੱਕਾ ਮੋਰਚੇ ਨੂੰ ਪੁੱਟ ਚੁੱਕੀ ਹੈ ਪਰ ਅੱਜ ਲੋਕ ਫੇਰ ਇਕੱਠੇ ਹੋ ਗਏ। ਧੱਕਾਮੁੱਕੀ ਦੌਰਾਨ ਪਿਛਲੇ ਦਿਨੀਂ ਜ਼ਖ਼ਮੀ ਹੋਈ ਔਰਤ ਨੂੰ ਵੀ ਅੱਜ ਹਸਪਤਾਲ ਵਿੱਚੋਂ ਛੁੱਟੀ ਮਿਲ ਗਈ ਹੈ। ਪੁਲੀਸ ਨੇ ਅੱਜ ਵੀ ਰੋਸ ਮਾਰਚ ਨੂੰ ਰੋਕਣ ਦਾ ਯਤਨ ਕੀਤਾ। ਧਰਨੇ ਨੂੰ ਤਾਲਮੇਲ ਸੰਘਰਸ਼ ਕਮੇਟੀ ਦੇ ਕੋਆਰਡੀਨੇਟਰ ਡਾ. ਸੁਖਦੇਵ ਸਿੰਘ ਭੂੰਦੜੀ, ਜਮਹੂਰੀ ਕਿਸਾਨ ਸਭਾ ਦੇ ਆਗੂ ਬਲਰਾਜ ਸਿੰਘ ਕੋਟਉਮਰਾ, ਦਰਸ਼ਨ ਸਿੰਘ ਬੀਰਮੀ, ਬੀਕੇਯੂ (ਡਕੌਂਦਾ) ਦੇ ਆਗੂ ਸੁਖਵਿੰਦਰ ਸਿੰਘ ਹੰਬੜਾਂ, ਬੀਕੇਯੂ (ਉਗਰਾਹਾਂ) ਦੀ ਬੀਬੀ ਅਮਰਜੀਤ ਕੌਰ ਮਾਜਰੀ, ਜਸਪਾਲ ਸਿੰਘ ਚਾਹੜ ਤੇ ਜਸਵੀਰ ਸਿੰਘ ਸੀਰਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਭੂੰਦੜੀ ਵਿੱਚ ਪੁਲੀਸ, ਪਿਛਲੇ ਦਿਨੀਂ ਗੈਸ ਫੈਕਟਰੀ ਵਿਰੁੱਧ ਦਸ ਮਹੀਨੇ ਤੋਂ ਲੱਗੇ ਪੱਕੇ ਮੋਰਚੇ 'ਤੇ ਹਮਲਾ ਕਰਕੇ ਟੈਂਟ ਤੇ ਹੋਰ ਸਾਮਾਨ ਪੁੱਟ ਕੇ ਲੈ ਗਈ ਸੀ। ਇਸ ਕਾਰਵਾਈ ਲਈ ਪੁਲੀਸ ਨੇ ਥਾਂ-ਥਾਂ ਨਾਕੇ ਲਾ ਕੇ ਪਿੰਡ ਨੂੰ ਸੀਲ ਕਰ ਦਿੱਤਾ ਸੀ। ਧਰਨਾਕਾਰੀਆਂ ਨੇ ਪੁੱਟਿਆ ਸਾਮਾਨ ਵਾਪਸ ਦੇਣ ਦੀ ਮੰਗ ਕਰਦਿਆਂ ਸੰਘਰਸ਼ ਤੇਜ਼ ਕਰਨ ਦੀ ਚਿਤਾਵਨੀ ਦਿੱਤੀ।

# ਚਿਖਾ 'ਤੇ ਬੈਠੇ ਬਾਦਲਕਿਆਂ ਨੇ ਆਪਣੇ ਪੈਰੀਂ ਇੱਕ ਹੋਰ ਕੁਹਾੜਾ ਮਾਰ ਲਿਆ ਹੈ

## ਖਾਲਸਾ ਪੰਥ ਤੇ ਅਕਾਲ ਤਖਤ ਸਾਹਿਬ ਨੂੰ ਇਕ ਹੋਰ ਨਵੀਂ ਚੁਣੌਤੀ ਦੇ ਦਿੱਤੀ ਹੈ



ਸ੍ਰ. ਮਾਲਵਿੰਦਰ ਸਿੰਘ ਮਾਲੀ

ਬਾਦਲਕਿਆਂ ਦੇ ਕਬਜੇ ਹੇਠਲੀ ਸਿਰਮੁੰਨੀ ਕਮੇਟੀ ਨੇ ਤਖ਼ਤ ਸ਼੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖਤਮ ਕੀਤੀਆਂ। ਹਰਜਿੰਦਰ ਸਿੰਘ ਧਾਮੀ ਤੇ ਅੰਤਰਿੰਗ ਕਮੇਟੀ ਨੇ ਆਪਣਾ ਮੂੰਹ ਆਪ ਹੀ ਕਾਲਾ ਕੀਤਾ।

"ਬਚਨ ਕਰੇ ਖਿਸਕ ਜਾਏ ਸੋ ਨਰ ਕੱਚਾ"

ਇਹ ਹਰ ਮਨੁੱਖ ਵਿਸੇਸ ਤੌਰ 'ਤੇ ਸਿੱਖ ਲਈ ਕਿਹਾ ਜਾਂਦਾ ਹੈ। ਹੁਣ ਵੇਖਣਾ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਇਸ ਮੁੱਦੇ ਬਾਰੇ ਆਪਣੇ ਬੋਲਾਂ 'ਤੇ ਕਾਇਮ ਰਹਿੰਦੇ ਹਨ ਕਿ ਨਹੀਂ ?

ਉਹਨਾਂ ਸਿਰਮੁੰਨੀ ਕਮੇਟੀ ਨੂੰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਪਹਿਲਾਂ ਦਿੱਤੇ ਅਸਤੀਫੇ ਨੂੰ ਨਾ ਸਿਰਫ ਨਾ ਮਨਜ਼ੂਰ ਕਰਨ ਦਾ ਆਦੇਸ਼ ਦਿੱਤਾ ਸੀ ਸਗੋਂ ਕਿਹਾ ਸੀ ਕਿ ਇਹ ਅਸਤੀਫਾ ਪ੍ਰਵਾਨ ਕੀਤਾ ਗਿਆ ਤਾਂ ਦੂਜੇ ਸਿੰਘ ਸਹਿਬਾਨ ਦੇ ਅਸਤੀਫੇ ਵੀ ਨਾਲ ਹੀ ਮਨਜ਼ੂਰ ਕਰ ਲਿਓ।

ਜਦੋਂ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਕਥਿਤ ਦੋਸ਼ਾਂ ਦੀ ਜਾਂਚ ਲਈ ਸਿਰਮੁੰਨੀ ਕਮੇਟੀ ਨੇ ਜਾਂਚ ਕਰਨ ਲਈ ਕਮੇਟੀ ਬਣਾਈ ਸੀ ਤਾਂ ਗਿਆਨੀ ਰਘਬੀਰ ਸਿੰਘ ਨੇ ਕਿਹਾ ਸੀ ਕਿ ਸਿੰਘ ਸਹਿਬਾਨ ਖ਼ਿਲਾਫ਼ ਕਿਸੇ ਦੋਸ਼ ਦੀ ਜਾਂਚ ਕਰਨਾ ਕਮੇਟੀ ਦੇ ਅਧਿਕਾਰ ਖੇਤਰ ਵਿੱਚ ਨਹੀਂ ਹੈ। ਅਜਿਹੇ ਮਾਮਲੇ ਦੀ ਜਾਂਚ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਹੀ ਕੀਤੀ ਜਾ ਸਕਦੀ ਹੈ। ਉਹਨਾਂ ਇਹ ਵੀ ਕਿਹਾ ਸੀ ਕਿ ਉਹਨਾਂ ਧਾਮੀ ਨੂੰ ਇਹ ਸ਼ਿਕਾਇਤ ਅਕਾਲ ਤਖਤ ਸਾਹਿਬ 'ਤੇ ਭੇਜਣ ਲਈ ਕਿਹਾ ਸੀ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਇਹ ਵੀ ਕਿਹਾ ਸੀ ਕਿ ਹੁਣ ਜਦੋਂ ਗਿਆਨੀ ਹਰਪ੍ਰੀਤ ਸਿੰਘ ਨੇ ਪੰਜ ਪਿਆਰਿਆਂ ਸਾਹਮਣੇ ਪੇਸ਼ ਹੋਕੇ ਆਪਣਾ ਪੱਖ ਪੇਸ਼ ਕਰ ਦਿੱਤਾ ਹੈ ਕਿ ਉਹ ਅਜਿਹੇ ਕਿਸੇ ਦੋਸ਼ ਦੇ ਭਾਗੀ ਨਹੀ ਹਨ। ਪੰਜ ਪਿਆਰਿਆਂ ਨੇ ਵੀ ਇਹ ਪੱਖ ਪ੍ਰਵਾਨ ਕਰ ਲਿਆ ਹੈ ਤਾਂ ਇਹ ਮਾਮਲਾ ਨਿਪਟ ਗਿਆ ਹੈ ਤੇ ਜਾਂਚ ਦੀ ਕੋਈ ਲੋੜ ਹੀ ਨਹੀਂ ਹੈ।

ਬਾਦਲਕਿਆਂ ਵੱਲੋਂ ਆਪਣੀ ਨਿੱਜਪ੍ਰਸਤ, ਪਰਿਵਾਰ ਪ੍ਰਸਤ ਤੇ ਵਪਾਰ ਪ੍ਰਸਤ ਸਿਆਸਤ ਲਈ ਲਾਏ ਜਾਂਦੇ ਨਾਹਰੇ "ਅਕਾਲ ਤਖ਼ਤ ਮਹਾਨ ਹੈ, ਸਿੱਖ ਪੰਥ ਦੀ ਸ਼ਾਨ ਹੈ" ਦਾ ਦੰਭ ਪਹਿਲਾਂ ਨਾਲੋਂ ਵੀ ਸਿਰੇ ਦੇ ਰੂਪ ਵਿੱਚ ਨੰਗਾ ਹੋ ਗਿਆ ਹੈ।

# ਅਮਰੀਕਾ ਮਾਮਲਾ: ਪੰਜਾਬ ਪੁਲਿਸ ਵੱਲੋਂ ਅੱਠ ਟ੍ਰੈਵਲ ਏਜੰਟਾਂ ਖ਼ਿਲਾਫ਼ ਕੇਸ



ਚੰਡੀਗੜ੍ਹ : ਪੰਜਾਬ ਪੁਲਿਸ ਨੇ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦੇ ਨਾਂ 'ਤੇ ਧੋਖਾਧੜੀ ਕਰਨ ਵਾਲੇ ਗੈਰਕਾਨੂੰਨੀ ਟਰੈਵਲ ਏਜੰਟਾਂ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲੀਸ ਨੇ ਗੈਰਕਾਨੂੰਨੀ ਟਰੈਵਲ ਏਜੰਟਾਂ ਅਤੇ ਮਨੁੱਖੀ ਤਸਕਰੀ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਦਿਆਂ ਅੱਠ ਟਰੈਵਲ ਏਜੰਟਾਂ ਵਿਰੁੱਧ ਕੇਸ ਦਰਜ ਕੀਤੇ ਹਨ। ਇਹ ਕੇਸ ਅਮਰੀਕਾ ਤੋਂ ਡਿਪੋਰਟ ਕੀਤੇ ਨੌਜਵਾਨਾਂ ਦੇ ਬਿਆਨ ਦਰਜ ਕਰਨ ਤੋਂ ਬਾਅਦ ਕੀਤੇ ਗਏ ਹਨ। ਇਸ ਸਬੰਧੀ ਦੋ ਕੇਸ ਜ਼ਿਲ੍ਹਾ ਪੁਲੀਸ ਜਦੋਂਕਿ ਛੇ ਕੇਸ ਐੱਨਆਰਆਈ ਵਿੰਗ ਨੇ ਦਰਜ ਕੀਤੇ ਹਨ।

ਜ਼ਿਕਰਯੋਗ ਹੈ ਕਿ ਅਮਰੀਕਾ ਵੱਲੋਂ ਭਾਰਤੀ ਨੌਜਵਾਨਾਂ ਨੂੰ ਪਿਛਲੇ ਦਿਨੀਂ ਡਿਪੋਰਟ ਕਰਕੇ ਭਾਰਤ ਭੇਜਿਆ ਗਿਆ ਸੀ। ਇਸ ਤੋਂ ਬਾਅਦ ਪੰਜਾਬ ਪੁਲੀਸ ਨੇ ਗੈਰਕਾਨੂੰਨੀ ਪਰਵਾਸ ਤੇ ਮਨੁੱਖੀ ਤਸਕਰੀ ਦੀ ਜਾਂਚ ਲਈ ਚਾਰ ਮੈਂਬਰੀ ਸਿਟ ਕਾਇਮ ਕੀਤੀ ਸੀ। ਇਹ ਸਿਟ ਏਡੀਜੀਪੀ ਐਨਆਰਆਈ ਮਾਮਲਿਆਂ ਪ੍ਰਵੀਨ ਸਿਨਹਾ ਦੀ ਅਗਵਾਈ ਹੇਠ ਬਣਾਈ ਗਈ ਹੈ, ਜਿਸ ਵਿੱਚ ਏਡੀਜੀਪੀ ਅੰਦਰੂਨੀ ਸੁਰੱਖਿਆ ਸ਼ਿਵ ਕੁਮਾਰ ਵਰਮਾ, ਆਈਜੀਪੀ (ਪ੍ਰੋਵਿਜ਼ਨਿੰਗ) ਡਾ. ਐਸ ਭੂਪਤੀ ਤੇ ਡੀਆਈਜੀ ਬਾਰਡਰ ਰੇਂਜ ਸਤਿੰਦਰ ਸਿੰਘ ਸ਼ਾਮਲ ਹਨ। ਪੰਜਾਬ ਦੇ ਸੀਨੀਅਰ ਪੁਲੀਸ ਅਧਿਕਾਰੀਆਂ ਨੇ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਨੌਜਵਾਨਾਂ ਦੇ ਨਾਲ ਨਿੱਜੀ ਤੌਰ 'ਤੇ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਕੇ ਨਿਆਂ ਦਾ ਭਰੋਸਾ ਦਿੱਤਾ। ਪੁਲੀਸ ਨੇ ਉਕਤ ਨੌਜਵਾਨਾਂ ਦੇ ਬਿਆਨ ਦਰਜ ਕਰਕੇ ਅੱਠ ਕੇਸ ਦਰਜ ਕੀਤੇ ਜਦੋਂ ਕਿ ਹੋਰਨਾਂ ਨੌਜਵਾਨਾਂ ਦੇ ਬਿਆਨ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲੀਸ ਧੋਖਾਧੜੀ ਕਰਨ ਵਾਲੇ ਇਮੀਗ੍ਰੇਸ਼ਨ ਨੈੱਟਵਰਕ ਵਿਰੁੱਧ ਕਾਰਵਾਈ ਕਰਨ ਅਤੇ ਟਰੈਵਲ ਏਜੰਟਾਂ ਵੱਲੋਂ ਨੌਜਵਾਨਾਂ ਦੇ ਕੀਤੇ ਜਾ ਰਹੇ ਸ਼ੋਸ਼ਣ ਨੂੰ ਖਤਮ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਿਟ ਵੱਲੋਂ ਗੈਰਕਾਨੂੰਨੀ ਮਨੁੱਖੀ ਤਸਕਰੀ ਲਈ ਜ਼ਿੰਮੇਵਾਰ ਲੋਕਾਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ। ਇਸ ਵਿਚ ਸ਼ਾਮਲ ਸਾਰੇ ਜਣਿਆਂ ਖ਼?ਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ। ਪੰਜਾਬ ਦੇ ਸਾਰੇ ਪੁਲੀਸ ਕਮਿਸ਼ਨਰ ਤੇ ਐੱਸਐੱਸਪੀ ਮਾਮਲੇ ਦੀ ਜਾਂਚ ਵਿੱਚ ਜੁਟੇ ਹੋਏ ਹਨ।

# ਗੁਰੂ ਰਵਿਦਾਸ ਦੇ ਜਨਮ ਦਿਹਾੜੇ ਨੂੰ ਸਮਰਪਿਤ ਸ਼ੋਭਾ ਯਾਤਰਾ ਤੇ ਨਗਰ ਕੀਰਤਨ



ਪਠਾਨਕੋਟ : ਗੁਰੂ ਰਵਿਦਾਸ ਦੇ 648ਵੇਂ ਜਨਮ ਦਿਹਾੜੇ ਮੌਕੇ ਪਿੰਡ ਅਖਰੋਟਾ ਵਿੱਚ ਸ਼ੋਭਾ ਯਾਤਰਾ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਕੱਢੀ ਗਈ, ਜਿਸ ਵਿੱਚ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੀ ਸ਼ਾਮਲ ਹੋਏ। ਸ਼ੋਭਾ ਯਾਤਰਾ ਦੀ ਸ਼ੁਰੂਆਤ ਮਹਾਤਮਾ ਗਿਰਧਾਰੀ ਲਾਲ ਡੇਰਾ ਸੁਆਮੀ ਜਗਤਗਿਰੀ ਪਠਾਨਕੋਟ ਨੇ ਅਰਦਾਸ ਕਰਕੇ ਕੀਤੀ। ਇਹ ਸ਼ੋਭਾ ਯਾਤਰਾ ਹਲਕਾ ਭੋਆ ਦੇ ਪਿੰਡ ਅਖਰੋਟਾ ਤੋਂ ਸ਼ੁਰੂ ਹੋ ਕੇ ਪਿੰਡ ਭਾਦਾਂ, ਭਰਿਆਲ ਲਾਹੜੀ, ਧੋਬੜਾ, ਬਲਸੂਆ, ਪਠਾਨਚੱਕ, ਕੋਠੀਆਂ, ਨੌਸ਼ਹਿਰਾ ਵਿੱਚੋਂ ਹੁੰਦੀ ਹੋਈ ਵਾਪਸ ਅਖਰੋਟਾ ਵਿੱਚ ਸਮਾਪਤ ਹੋਈ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸਭਨਾਂ ਨੂੰ ਗੁਰੂ ਰਵਿਦਾਸ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ ਕਿਹਾ ਕਿ ਸਾਨੂੰ ਉਨ੍ਹਾਂ ਵੱਲੋਂ ਦਿੱਤੀਆਂ ਸਿੱਖਿਆਵਾਂ ’ਤੇ ਚੱਲਦਿਆਂ ਪ੍ਰੇਮ ਭਾਵਨਾ ਨਾਲ ਮਿਲ-ਜੁਲ ਕੇ ਰਹਿਣ ਚਾਹੀਦਾ ਹੈ। ਸ਼ੋਭਾ ਯਾਤਰਾ ਵਿੱਚ ‘ਆਪ’ ਬੀਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਨਰੇਸ਼ ਮੈਣੀ, ਬਲਾਕ ਪ੍ਰਧਾਨ ਪਵਨ ਕੁਮਾਰ ਤੇ ਕੁਲਦੀਪ ਭਟਵਾਂ, ਨਵਦੀਪ ਕੁਮਾਰ, ਮੱਖਣ, ਚੇਅਰਮੈਨ ਮਨਮੋਹਨ ਪ੍ਰਸ਼ਾਦ, ਸਰਪੰਚ ਨਰੇਸ਼ ਕੁਮਾਰ, ਸੁਨੀਲ ਕੁਮਾਰ ਫੌਜੀ, ਅਮਿਤ ਕੁਮਾਰ, ਅਜੇ ਕੁਮਾਰ, ਸਰਪੰਚ ਰਮਨ ਕੁਮਾਰ ਆਦਿ ਸ਼ਾਮਲ ਹੋਏ।

ਇਸੇ ਦੌਰਾਨ ਗੁਰੂ ਰਵਿਦਾਸ ਸਭਾ ਅਖਰੋਟਾ ਵੱਲੋਂ ਪ੍ਰਧਾਨ ਨਵਦੀਪ ਕੁਮਾਰ ਦੀ ਅਗਵਾਈ ਵਿੱਚ ਗੁਰੂ ਰਵਿਦਾਸ ਦੇ ਜਨਮ ਦਿਹਾੜੇ ਸਬੰਧੀ ਨਗਰ ਕੀਰਤਨ ਸਜਾਇਆ, ਜਿਸ ਵਿੱਚ ਸਾਬਕਾ ਵਿਧਾਇਕ ਜੋਗਿੰਦਰ ਪਾਲ ਨੇ ਹਾਜ਼ਰੀ ਲਵਾਈ। ਜੋਗਿੰਦਰ ਪਾਲ ਨੇ ਕਿਹਾ ਕਿ ਸਾਨੂੰ ਸਭਨਾਂ ਨੂੰ ਗੁਰੂ ਰਵਿਦਾਸ ਦੇ ਦਰਸਾਏ ਮਾਰਗ ’ਤੇ ਚੱਲਣਾ ਚਾਹੀਦਾ ਹੈ।

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਸਜਾਇਆ ਗਿਆ ਅਲੌਕਿਕ ਮਹਾਨ ਨਗਰ ਕੀਰਤਨ





ਹੁਸ਼ਿਆਰਪੁਰ ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਸ਼੍ਰੀ ਗੁਰੂ ਰਵਿਦਾਸ ਭਵਨ ਦਾਰਾਪੁਰ ਟਾਂਡਾ ਤੋਂ ਅਲੌਕਿਕ ਮਹਾਨ ਨਗਰ ਕੀਰਤਨ ਸ਼ਾਨੋ-ਸ਼ੌਕਤ ਨਾਲ ਸਜਾਇਆ ਗਿਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਸ਼ਹਿਰ ਦੀਆਂ ਵੱਖ-ਵੱਖ ਸ਼੍ਰੀ ਗੁਰੂ ਰਵਿਦਾਸ ਸਭਾਵਾਂ ਇਲਾਕੇ ਦੀਆਂ ਸੰਗਤਾਂ ਦੀ ਸਹਿਯੋਗ ਨਾਲ ਗਏ ਮਹਾਨ ਨਗਰ ਕੀਰਤਨ ਦੀ ਆਰੰਭਤਾ ਸਮੇਂ ਜਥੇਦਾਰ ਪਰਮਜੀਤ ਸਿੰਘ ਖਾਲਸਾ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਮਹਾਨ ਨਗਰ ਕੀਰਤਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਪਾਵਨ ਸਰੂਪ ਫੁੱਲਾਂ ਨਾਲ ਸ਼ਿੰਗਾਰੀ ਹੋਈ ਮਨਮੋਹਕ ਪਾਲਕੀ ਵਿੱਚ ਸੁਸ਼ੋਭਤ ਕੀਤੇ ਗਏ ਸਨ ਤੇ ਵੱਡੀ ਗਿਣਤੀ ਵਿੱਚ ਸ਼ਾਮਿਲ ਸੰਗਤਾਂ ਵੱਲੋਂ ਸ਼ਬਦ ਕੀਰਤਨ ਦੁਆਰਾ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣ ਗਾਣ ਕੀਤਾ ਜਾ ਰਿਹਾ ਸੀ। ਮਹਾਨ ਨਗਰ ਕੀਰਤਨ ਸਮੁੱਚੇ ਸ਼ਹਿਰ ਸਮੂਹ ਸੰਗਤਾਂ ਵੱਲੋਂ ਫੁੱਲਾਂ ਦੀਆਂ ਵਰਖਾ ਕਰਦੇ ਹੋਏ ਵੱਖ ਵੱਖ ਪੜਾਵਾਂ ਅਤੇ ਚੌਂਕਾਂ ਵਿੱਚ ਸ਼ਾਨਦਾਰ ਸਵਾਗਤ ਕੀਤਾ ਗਿਆ ਅਤੇ ਨਗਰ ਕੀਰਤਨ ਵਿੱਚ ਸ਼ਾਮਿਲ ਵੱਡੀ ਗਿਣਤੀ ਵਿੱਚ ਸੰਗਤ ਲਈ ਗੁਰੂ ਦੇ ਲੰਗਰ, ਚਾਹ ਪਕੌੜਿਆਂ ਮਿਠਿਆਈਆਂ ਅਤੇ ਫਲ ਫਰੂਟ ਲੰਗਰ ਲਗਾਏ ਗਏ। ਮਹਾਨ ਨਗਰ ਕੀਰਤਨ ਵਿੱਚ ਪ੍ਰਬੰਧਕ ਸੇਵਾਦਾਰ ਦਿਲਬਾਗ ਕਾਜਲ, ਮਾਸਟਰ ਸੰਜੀਵ ਕੁਮਾਰ, ਮਾਸਟਰ ਬਲਵਿੰਦਰ ਸਿੰਘ, ਅਸ਼ਵਨੀ ਕੁਮਾਰ, ਰਾਜ ਕੁਮਾਰ ਤੋਂ ਇਲਾਵਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ, ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ, ਚੇਅਰਮੈਨ ਹਰਮੀਤ ਸਿੰਘ ਔਲਖ, ਜਿਲਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ , ਅਰਵਿੰਦਰ ਸਿੰਘ ਰਸੂਲਪੁਰ, ਮਨਜੀਤ ਸਿੰਘ ਦਸੂਹਾ, ਕਮਲਜੀਤ ਸਿੰਘ ਕੁਲਾਰ, ਭਾਜਪਾ ਆਗੂ ਜਵਾਹਰ ਖੁਰਾਣਾ, ਯੂਥ ਆਗੂ ਸਰਬਜੀਤ ਸਿੰਘ ਮੋਮੀ, ਡਾ.ਕੇਵਲ ਸਿੰਘ ਕਾਜਲ, ਕੇਸ਼ਵ ਸਿੰਘ ਸੈਣੀ, ਜਗਦੀਸ਼ ਕੁਮਾਰ ਰਿੰਕਾ, ਗੁਰਸੇਵਕ ਮਾਰਸ਼ਲ, ਦਲਜੀਤ ਸਿੰਘ ਸੇਠੀ, ਰਵੀ ਗਾਂਧੀ, ਗੁਰਾਂਦਿੱਤਾ ਸੋਡੀ , ਕੌਂਸਲਰ ਹਰਿਕ੍ਰਿਸ਼ਨ ਸੈਣੀ, ਕੌਂਸਲਰ ਸੁਮਨ ਖੋਸਲਾ, ਦੀਪਕ ਭੀਲ, ਜਗਦੀਸ਼ ਕੁਮਾਰ ਰਿੰਕਾ, ਡਾ. ਨੀਰਜ ਭੱਟੀ, ਡਾਕਟਰ ਜੇ.ਕੇ ਨਾਗਰਥ, ਸੁਰਿੰਦਰ ਜਾਜਾ, ਸੇਠ ਰਾਮ ਸੇਠੀ, ਕੌਂਸਲਰ ਲਖਵਿੰਦਰ ਸਿੰਘ ਮੁਲਤਾਨੀ, ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ ਤੋਂ ਇਲਾਵਾ ਪ੍ਰਧਾਨ ਰਾਜਮਲ ਕੀਮਤੀ ਲਾਲ, ਨੰਬਰਦਾਰ ਜਗਜੀਵਨ ਜੱਗੀ, ਕੌਂਸਲਰ ਸਤਵੰਤ ਜੱਗੀ, ਸੁਖਵਿੰਦਰ ਸਿੰਘ ਅਰੋੜਾ, ਮਾਸਟਰ ਲਸਮਣ ਸਿੰਘ, ਦੀਪਕ ਬਹਿਲ, ਕਿਰਪਾਲ ਸਿੰਘ ਪੰਡੋਰੀ, ਗੁਰਦੀਪ ਸਿੰਘ ਹੈਪੀ, ਸੋਨੂ ਖੰਨਾ, ਜਸਵੀਰ ਸਿੰਘ ਘੇੜਾ, ਸੁਰਜੀਤ ਸਿੰਘ ਭਾਰਦਵਾਜ਼ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਲਗਾਉਂਦੇ ਹੋਏ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਤੇ ਮੁਬਾਰਕਬਾਦ ਦਿੱਤੀ ਅਤੇ ਉਹਨਾਂ ਵੱਲੋਂ ਦਰਸਾਏ ਗਏ ਮਾਰਗ ਤੇ ਚੱਲਣ ਦੀ ਪ੍ਰੇਰਿਤ ਕੀਤਾ।

# ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਖੇ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ




ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪਿੰਡ ਨੈਣੋਵਾਲ ਵੈਦ ਵਿਖੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ. ਪਰਵਿੰਦਰ ਸਿੰਘ ਨੇ ਸਭ ਨੂੰ ਇਸ ਪਵਿੱਤਰ ਦਿਹਾੜੇ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਅਤੇ ਦੱਸਿਆ ਕਿ ਆਪ ਜੀ ਦਾ ਪਿਤਾ ਸ਼੍ਰੀ ਸੰਤੋਖ ਦਾਸ ਅਤੇ ਮਾਤਾ ਕਲਸਾਂ ਜੀ ਦੀ ਕੁੱਖੋਂ ਬਨਾਰਸ ਵਿਖੇ ਹੋਇਆ।

ਆਪ ਜੀ ਦੇ 40 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਆਪ ਜੀ ਨੇ ਬਹੁਤ ਉੱਚੇ ਅਤੇ ਸੁੱਚੇ ਜੀਵਨ ਬਾਰੇ ਸੰਦੇਸ਼ ਦਿੱਤਾ ਹੈ। ਆਪ ਜੀ ਨੇ ਇਹ ਵੀ ਸੰਦੇਸ਼ ਦਿੱਤਾ ਹੈ ਕਿ ਐ ਇਨਸਾਨ, ਨਿਮਰਤਾ ਸਹਿਤ, ਸਹਿਣਸ਼ੀਲ ਹੋ ਕੇ ਅਤੇ ਵਿਕਾਰਾਂ ਰਹਿਤ ਹੋ ਕੇ ਪ੍ਰਮਾਤਮਾ ਭਾਵ ਵਾਹਿਗੁਰੂ ਦਾ ਸਿਮਰਨ ਕਰ, ਤਾਂ ਜੋ ਤੇਰੀ ਆਤਮਾ ਦਾ ਮਿਲਨ ਪ੍ਰਮਾਤਮਾ ਨਾਲ ਹੋ ਸਕੇ ਕਿਉਂਕਿ ਇਕ “ਰੱਬ” ਹੀ ਹੈ, ਜਿਸ ਦਾ ਸਿਮਰਨ ਕਰਨ ਨਾਲ ਉਹ ਇਨਸਾਨ ਨੂੰ ਨੀਵੇਂ ਤੋਂ ਉੱਚਾ ਕਰ ਦਿੰਦਾ ਹੈ। ਆਪ ਜੀ ਨੇ ਕਿਹਾ ਹੈ ਕਿ ਇਨਸਾਨ ਦੀ ਨੀਅਤ ਸਾਫ਼ ਚਾਹੀਦੀ ਹੈ, ਕਿੱਤਾ ਭਾਵੇਂ ਕੋਈ ਵੀ ਹੋਵੇ। ਇਸੇ ਕਰਕੇ ਆਪ ਜੀ ਨੇ ਫਰਮਾਇਆ ਹੈ :

**ਨੀਚਹੁ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ।।**

ਆਪ ਜੀ ਨੇ ਆਪਣੀ ਬਾਣੀ ਵਿਚ ਖਾਸ ਤੌਰ ’ਤੇ ਪ੍ਰਭੂ ਸਿਮਰਨ ਦੇ ਨਾਲ-ਨਾਲ ਆਪਣੀ ਜਾਤੀ ਅਤੇ ਔਜ਼ਾਰ ਜਿਵੇਂ ਆਰੀ, ਰੰਬੀ, ਜੁੱਤੀਆਂ ਗੰਢਣ ਦਾ ਜ਼ਿਕਰ ਕੀਤਾ ਹੈ। ਆਪ ਫਰਮਾਉਂਦੇ ਹਨ ਕਿ ਕੰਮ ਕੋਈ ਵੀ ਹੋਵੇ, ਕੰਮ ਨੀਵਾਂ ਨਹੀਂ ਸਗੋਂ ਇਨਸਾਨ ਦੀ ਮੰਦੀ ਸੋਚ ਨੀਵੀਂ ਹੈ। ਇਸ ਤਰ੍ਹਾਂ ਆਪ ਨੇ ਸੱਚੀ ਕਿਰਤ ਕਰਨ ਦਾ ਉਪਦੇਸ਼ ਵੀ ਦਿੱਤਾ ।

ਇਸ ਮੌਕੇ ’ਤੇ ਵਾਈਸ ਪ੍ਰਿੰਸੀਪਲ ਕੁਲਵੀਰ ਸਿੰਘ, ਵਾਈਸ ਪ੍ਰਿੰਸੀਪਲ ਸਰਬਜੀਤ ਕੌਰ, ਅਧਿਆਪਕ ਮਨਦੀਪ ਸਿੰਘ, ਨੀਲਮਾ ਦੇਵੀ , ਕਿਰਨਦੀਪ ਕੌਰ, ਮਿਸ ਅਮਨਦੀਪ ਕੌਰ, ਦਲਜੀਤ ਕੌਰ, ਇੰਦੂ, ਸਿਮਰਪ੍ਰੀਤ, ਹਰਪ੍ਰੀਤ ਕੌਰ, ਮਿਸਜ਼ ਅਮਨਦੀਪ ਕੌਰ, ਮਨੀਸ਼ਾ, ਗੁਰਪ੍ਰੀਤ ਕੌਰ, ਮੋਨਿਕਾ, ਮਨਦੀਪ ਕੌਰ, ਨਵਨੀਤ ਕੌਰ, ਪਰਮਦੀਪ ਕੌਰ, ਸੰਦੀਪ ਕੌਰ, ਲਖਵਿੰਦਰ ਸਿੰਘ ਆਦਿ ਹਾਜ਼ਰ ਸਨ।

# ਨਸ਼ਾ ਮੁਕਤ ਪੰਜਾਬ ਮਿਸ਼ਨ ਸਮਾਈਲ ਤਹਿਤ ਜਨਤਕ ਥਾਵਾਂ ’ਤੇ ਕਾਊਂਸਲਿੰਗ ਤੇ ਜਾਗਰੂਕਤਾ ਮੁਹਿੰਮ ਸ਼ੁਰੂ

- ਹੈਲਪ ਡੈਸਕਾਂ ਰਾਹੀਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਦਿੱਤੀ ਜਾਵੇਗੀ ਜਾਣਕਾਰੀ
- ਸੇਵਾ ਕੇਂਦਰ ਤੇ ਐਸ.ਡੀ.ਐਮ ਦਫ਼ਤਰ ਵਿਖੇ 200 ਤੋਂ ਵੱਧ ਲੋਕਾਂ ਨੂੰ ਕੀਤਾ ਜਾਗਰੂਕ





ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਸੇਵਾ ਕੇਂਦਰ ਵਿਖੇ ਹੈਲਪ ਡੈਸਕ ਦੀ ਸ਼ੁਰੂਆਤ ਕਰਦੇ ਹੋਏ।

ਹੁਸ਼ਿਆਰਪੁਰ ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਨਸ਼ਾ ਮੁਕਤ ਮਿਸ਼ਨ ਪੰਜਾਬ ਸਮਾਈਲ 2.0 ਤਹਿਤ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਨ ਅਤੇ ਨਸ਼ਿਆਂ ਤੋਂ ਨਿਜਾਤ ਪਾਉਣ ਲਈ ਜਾਣਕਾਰੀ ਦੇਣ ਦੇ ਮਕਸਦ ਨਾਲ ਜ਼ਿਲ੍ਹਾ ਪ੍ਰਸ਼ਾਸਨ ਨੇ ਜਨਤਕ ਥਾਵਾਂ ’ਤੇ ਹੈਲਪ ਡੈਸਕਾਂ ਰਾਹੀਂ ਕਾਊਂਸਲਿੰਗ ਅਤੇ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ।

ਮੁਹਿੰਮ ਤਹਿਤ ਅੱਜ ਸਥਾਨਕ ਸੇਵਾ ਕੇਂਦਰ ਅਤੇ ਐਸ.ਡੀ.ਐਮ. ਦਫ਼ਤਰ ਵਿਖੇ ਜ਼ਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਸੁਸਾਇਟੀ ਵਲੋਂ ਹੈਲਪ ਡੈਸਕ ਲਗਾ ਕੇ 200 ਤੋਂ ਵੱਧ ਲੋਕਾਂ ਨੂੰ ਨਸ਼ਿਆਂ ਦੇ ਸਿਹਤ ਅਤੇ ਸਮਾਜ ਨੂੰ ਨੁਕਸਾਨ ਬਾਰੇ ਜਾਣਕਾਰੀ ਦਿੱਤੀ ਗਈ। ਸੇਵਾ ਕੇਂਦਰ ਵਿਖੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਨੇ ਹੈਲਪ ਡੈਸਕ ਦੀ ਸ਼ੁਰੂਆਤ ਕਰਵਾਈ ਅਤੇ ਮੌਜੂਦ ਲੋਕਾਂ ਨੂੰ ਸੱਦਾ ਦਿੱਤਾ ਕਿ ਨਸ਼ਿਆਂ ਦੀ ਅਲਾਮਤ ਖਿਲਾਫ ਇਕਜੁੱਟ ਹੋ ਕੇ ਇਸ ਦੇ ਜੜੋਂ ਖਾਤਮੇ ਲਈ ਹੰਭਲਾ ਮਾਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਸੈਂਟਰ ਸਫਲਤਾਪੂਰਵਕ ਚੱਲ ਰਿਹਾ ਹੈ ਜਿਥੇ ਨਸ਼ਿਆਂ ਦੇ ਆਦੀ ਲੋਕਾਂ ਦਾ ਇਲਾਜ ਕਰਕੇ ਉਨ੍ਹਾਂ ਨੂੰ ਸਿਹਤਮੰਦ ਜੀਵਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਹੈਲਪ ਡੈਸਕ 28 ਫਰਵਰੀ ਤੱਕ ਜ਼ਿਲ੍ਹੇ ਦੀਆ ਵੱਖ-ਵੱਖ ਜਨਤਕ ਥਾਵਾਂ ’ਤੇ ਲਗਾਏ ਜਾਣਗੇ ਜਿਥੇ ਮਾਹਰਾਂ ਵਲੋਂ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।

ਡਿਪਟੀ ਮੈਡੀਕਲ ਕਮਿਸ਼ਨਰ-ਕਮ-ਮੈਂਬਰ ਸਕੱਤਰ ਜ਼ਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਸੁਸਾਇਟੀ ਡਾ. ਹਰਬੰਸ ਕੌਰ ਨੇ ਦੱਸਿਆ ਕਿ ਇਹ ਮੁਹਿੰਮ 28 ਫਰਵਰੀ ਤੱਕ ਜਾਰੀ ਰਹੇਗੀ ਜਿਸ ਦੌਰਾਨ ਲੋਕਾਂ ਨੂੰ ਜਾਗਰੂਕ ਕਰਦਿਆਂ ਨਸ਼ਿਆਂ ਦੀ ਗ੍ਰਿਫਤ ਵਿਚ ਆ ਚੁੱਕੇ ਵਿਅਕਤੀਆਂ ਨੂੰ ਨਸ਼ਾ ਮੁਕਤੀ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ, ਜੋ ਕਿ 2015 ’ਚ ਸ਼ੁਰੂ ਹੋਇਆ ਸੀ, ਵਿਖੇ ਨਸ਼ੇ ਛੁਡਾਉਣ ਲਈ ਸੁਚੱਜੇ ਪ੍ਰਬੰਧਾਂ ਦੇ ਨਾਲ-ਨਾਲ ਕਿੱਤਾਮੁਖੀ ਕੋਰਸਾਂ ਦੀ ਸਿਖਲਾਈ ਦਿੱਤੀ ਜਾ ਰਹੀ ਹੈ ਤਾਂ ਜੋ ਪ੍ਰਭਾਵਿਤ ਵਿਅਕਤੀ ਨਸ਼ੇ ਛੱਡ ਕੇ ਆਪਣਾ ਰੋਜ਼ਗਾਰ ਚਲਾ ਸਕਣ। ਉਨ੍ਹਾਂ ਦੱਸਿਆ ਕਿ 11 ਫਰਵਰੀ ਨੂੰ ਐਸ.ਡੀ ਦਫ਼ਤਰ ਦਸੂਹਾ ਅਤੇ ਮੁਕੇਰੀਆਂ ਵਿਖੇ ਹੈਲਪ ਡੈਸਕ ਲਗਾਏ ਜਾਣਗੇ ਜਿਥੇ ਸਵੇਰੇ 10 ਵਜੇ ਤੋਂ 12 ਵਜੇ ਤੱਕ ਮਾਹਰਾਂ ਵਲੋਂ ਕਾਊਂਸਲਿੰਗ ਅਤੇ ਜਾਗਰੂਕ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ 13 ਫਰਵਰੀ ਨੂੰ ਐਸ.ਡੀ.ਐਮ ਦਫ਼ਤਰ ਗੜ੍ਹਸ਼ੰਕਰ ਅਤੇ ਟਾਂਡਾ, 14 ਫਰਵਰੀ ਨੂੰ ਨਾਇਬ ਤਹਿਸੀਲਦਾਰ ਦਫ਼ਤਰ ਮਾਹਿਲਪੁਰ, 17 ਫਰਵਰੀ ਨੂੰ ਜੁਡੀਸ਼ੀਅਲ ਕੋਰਟ ਕੰਪਲੈਕਸ ਹੁਸ਼ਿਆਰਪੁਰ, 18 ਫਰਵਰੀ ਨੂੰ ਜੁਡੀਸ਼ੀਅਲ ਕੋਰਟ ਕੰਪਲੈਕਸ ਦਸੂਹਾ ਤੇ ਮੁਕੇਰੀਆਂ, 19 ਫਰਵਰੀ ਨੂੰ ਬੱਸ ਅੱਡਾ ਹੁਸ਼ਿਆਰਪੁਰ, 20 ਫਰਵਰੀ ਨੂੰ ਸਿਵਲ ਹਸਪਤਾਲ ਹੁਸ਼ਿਆਰਪੁਰ, ਸਿਵਲ ਹਸਪਤਾਲ ਦਸੂਹਾ, ਸਿਵਲ ਹਸਪਤਾਲ ਮੁਕੇਰੀਆਂ ਤੇ ਸਿਵਲ ਹਸਪਤਾਲ ਗੜ੍ਹਸ਼ੰਕਰ ਵਿਖੇ ਹੈਲਪ ਡੈਸਕ ਲਗਾਏ ਜਾਣਗੇ। ਇਸੇ ਤਰ੍ਹਾਂ 22 ਫਰਵਰੀ ਨੂੰ ਸਾਰੇ ਓਟ ਕਲੀਨਿਕਾਂ ਅਤੇ ਸੈਂਟਰਲ ਜੇਲ੍ਹ ਹੁਸ਼ਿਆਰਪੁਰ, 24 ਫਰਵਰੀ ਨੂੰ ਏ.ਡੀ.ਸੀ. (ਡੀ) ਦਫ਼ਤਰ, 25 ਫਰਵਰੀ ਨੂੰ ਵੂਮੈਨ ਸੈਲ ਹੁਸ਼ਿਆਰਪੁਰ, 27 ਫਰਵਰੀ ਨੂੰ ਸ਼ਹਿਰੀ ਡਿਸਪੈਂਸਰੀ ਪੁਰਹੀਰਾਂ, 28 ਫਰਵਰੀ ਨੂੰ ਸ਼ਹਿਰੀ ਡਿਸਪੈਂਸਰੀ ਕਨਾਲ ਕਾਲੋਨੀ ਅਤੇ ਸ਼ਹਿਰੀ ਡਿਸਪੈਂਸਰੀ ਅਸਲਾਮਾਬਾਦ ਵਿਖੇ ਹੈਲਪ ਡੈਸਕ ਲਗਾਏ ਜਾਣਗੇ। ਇਸ ਮੌਕੇ ਸਹਾਇਕ ਕਮਿਸ਼ਨਰ (ਅੰਡਰ ਟ੍ਰੇਨਿੰਗ) ਪਰਮਪ੍ਰੀਤ ਸਿੰਘ, ਜ਼ਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਦੇ ਮੈਨੇਜਰ ਨਿਸ਼ਾ ਰਾਣੀ, ਕਾਊਂਸਲਰ ਪ੍ਰਸ਼ਾਂਤ ਆਦਿਆ, ਤਾਨੀਆ ਵੋਹਰਾ ਅਤੇ ਸੰਦੀਪ ਕੁਮਾਰੀ ਆਦਿ ਵੀ ਮੌਜੂਦ ਸਨ।

**10 ਤੋਂ 12 ਸਮਾਂ**
**01882-244636**
**ਹੈਲਪਲਾਈਨ ਨੰਬਰ 9 ਤੋਂ 3**

# ਦੇਸ਼ ਦੀਆਂ ਸਰਹੱਦਾਂ ’ਤੇ ਹਰ ਰੋਜ਼ ਜਾਨਾਂ ਵਾਰ ਰਹੇ ਪੰਜਾਬ ਦੇ ਪੁੱਤ

- ਬਾਰੂਦੀ ਸੁਰੰਗ ਧਮਾਕੇ ’ਚ ਸ਼ਹੀਦ ਜਵਾਨਾਂ ਨੂੰ ਫ਼ੌਜ ਵੱਲੋਂ ਸ਼ਰਧਾਂਜਲੀਆਂ
- ਕੈਪਟਨ ਕਰਮਜੀਤ ਸਿੰਘ ਬਖਸ਼ੀ ਤੇ ਨਾਇਕ ਮੁਕੇਸ਼ ਮਨਹਾਸ ਦੀਆਂ ਦੇਹਾਂ ਘਰਾਂ ਨੂੰ ਭੇਜੀਆਂ





ਜੰਮੂ : ਵ੍ਹਾਈਟ ਨਾਈਟ ਕੋਰ ਦੇ ਜਨਰਲ ਅਫਸਰ ਕਮਾਂਡਿੰਗ (ਜੀਓਸੀ) ਲੈਫਟੀਨੈਂਟ ਜਨਰਲ ਨਵੀਨ ਸਚਦੇਵਾ ਅਤੇ ਫੌਜ ਦੇ ਹੋਰ ਅਧਿਕਾਰੀਆਂ ਨੇ ਜੰਮੂ ਦੇ ਅਖਨੂਰ ਸੈਕਟਰ ਵਿੱਚ ਐਲਓਸੀ ਉੱਤੇ ਇੱਕ ਸ਼ੱਕੀ ਆਈਈਡੀ ਧਮਾਕੇ ਵਿੱਚ ਜਾਨ ਗੁਆਉਣ ਵਾਲੇ ਕੈਪਟਨ ਕਰਮਜੀਤ ਸਿੰਘ ਅਤੇ ਨਾਇਕ ਮੁਕੇਸ਼ ਸਿੰਘ ਮਨਹਾਸ ਦੀਆਂ ਮ੍ਰਿਤਕ ਦੇਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।






ਕੈਪਟਨ ਕਰਮਜੀਤ ਸਿੰਘ ਬਖਸ਼ੀ ਅਤੇ ਨਾਇਕ ਮੁਕੇਸ਼ ਸਿੰਘ ਮਿਨਹਾਸ, ਜੋ ਸ਼ੱਕੀ ਆਈਈਡੀ ਧਮਾਕੇ ਵਿੱਚ ਸ਼ਹੀਦ ਹੋਏ।

ਜੰਮੂ : ਅਖਨੂਰ ਸੈਕਟਰ ’ਚ ਕੰਟਰੋਲ ਰੇਖਾ ’ਤੇ ਭੱਟਲ ਇਲਾਕੇ ’ਚ ਬਾਰੂਦੀ ਸੁਰੰਗ ਧਮਾਕੇ ’ਚ ਲੰਘੇ ਦਿਨ ਕੈਪਟਨ ਸਣੇ ਸ਼ਹੀਦ ਹੋਏ ਦੋ ਜਵਾਨਾਂ ਨੂੰ ਇੱਥੇ ਜੰਮੂ ਅਧਾਰਿਤ ਵ੍ਹਾਈਟ ਨਾਈਟ ਕੋਰ ਦੇ ਜਨਰਲ ਆਫੀਸਰ ਕਮਾਂਡਿੰਗ (ਜੀਓਸੀ) ਲੈਫਟੀਨੈਂਟ ਜਨਰਲ ਨਵੀਨ ਸਚਦੇਵਾ ਦੀ ਅਗਵਾਈ ਹੇਠ ਸ਼ਰਧਾਂਜਲੀ ਭੇਟ ਕੀਤੀ ਗਈ। ਝਾਰਖੰਡ ਦੇ ਰਾਂਚੀ ਦੇ ਕੈਪਟਨ ਕਰਮਜੀਤ ਸਿੰਘ ਬਖਸ਼ੀ ਅਤੇ ਜੰਮੂ ਕਸ਼ਮੀਰ ਦੇ ਸਾਂਬਾ ਦੇ ਨਾਇਕ ਮੁਕੇਸ਼ ਮਨਹਾਸ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਮਾਗਮ ਬਾਅਦ ਦੁਪਹਿਰ 2 ਵਜੇ ਇੱਥੇ ਭਾਰਤੀ ਹਵਾਈ ਸੈਨਾ (ਆਈਏਐੱਫ) ਸਟੇਸ਼ਨ ’ਤੇ ਕਰਵਾਇਆ ਗਿਆ, ਜਿਸ ਮਗਰੋਂ ਸ਼ਹੀਦ ਜਵਾਨਾਂ ਦੀਆਂ ਦੇਹਾਂ ਅੰਤਿਮ ਸੰਸਕਾਰ ਲਈ ਉਨ੍ਹਾਂ ਦੇ ਘਰਾਂ ਲਈ ਰਵਾਨਾ ਕੀਤੀਆਂ ਗਈਆਂ। ਅਧਿਕਾਰੀਆਂ ਨੇ ਦੱਸਿਆ ਕਿ ਲੈਫਟੀਨੈਂਟ ਜਨਰਲ ਸਚਦੇਵਾ ਤੇ ਹੋਰ ਰੈਂਕਾਂ ਦੇ ਅਧਿਕਾਰੀਆਂ ਨੇ ਸ਼ਹੀਦ ਜਵਾਨਾਂ ਦੀਆਂ ਦੇਹਾਂ ਫੁੱਲ ਮਾਲਾਵਾਂ ਭੇਟ ਕੀਤੀਆਂ। ਸਮਾਗਮ ’ਚ ਹਵਾਈ ਫ਼ੌਜ ਤੇ ਪੁਲੀਸ ਸੀਨੀਅਰ ਅਧਿਕਾਰੀਆਂ ਸਣੇ ਜੰਮੂ ਦੇ ਡਵੀਜ਼ਨਲ ਕਮਿਸ਼ਨਰ ਰਮੇਸ਼ ਕੁਮਾਰ, ਏਡੀਜੀਪੀ ਆਨੰਦ ਜੈਨ ਤੇ ਜੰਮੂ ਜ਼ੋਨ ਦੇ ਆਈਜੀਪੀ ਭੀਮ ਸੈਨ ਪ੍ਰਸ਼ਾਸਨਿਕ ਅਧਿਕਾਰੀ ਸ਼ਾਮਲ ਹੋਏ।

ਅਧਿਕਾਰੀਆਂ ਮੁਤਾਬਕ ਸ਼ਰਧਾਂਜਲੀ ਸਮਾਗਮ ਮਗਰੋਂ ਦੋਵਾਂ ਸ਼ਹੀਦਾਂ ਦੀਆਂ ਦੇਹਾਂ ਪੂਰੇ ਸਨਮਾਨ ਨਾਲ ਉਨ੍ਹਾਂ ਦੇ ਘਰਾਂ ਨੂੰ ਭੇਜੀਆਂ ਗਈਆਂ। ਉਨ੍ਹਾਂ ਕਿਹਾ ਕਿ ਕੈਪਟਨ ਬਖਸ਼ੀ ਤੇ ਨਾਇਕ ਮਨਹਾਸ ਦਾ ਵਿਆਹ ਆਉਣ ਵਾਲੇ ਅਪਰੈਲ ਮਹੀਨੇ ਹੋਣਾ ਸੀ।

## ਕੈਮਿਲਾ ਦੇ ਸਰਪੰਚ ਵੱਲੋਂ ਜਵਾਨਾਂ ਦੀ ਸ਼ਹੀਦੀ ਦੇਸ਼ ਲਈ ਵੱਡਾ ਘਾਟਾ ਕਰਾਰ

ਸਾਂਬਾ: ਸਾਂਬਾ ਜ਼ਿਲ੍ਹੇ ’ਚ ਪੈਂਦੇ ਪਿੰਡ ਕੈਮਿਲਾ ਦੇ ਸਰਪੰਚ ਮੁਖਤਾਰ ਸਿੰਘ ਨੇ ਬਾਰੂਦੀ ਸੁਰੰਗ ਧਮਾਕੇ ’ਚ ਆਪਣੇ ਪਿੰਡ ਦੇ ਨਾਇਕ ਮੁਕੇਸ਼ ਮਨਹਾਸ ਸਣੇ ਦੋ ਜਵਾਨਾਂ ਦੀ ਸ਼ਹੀਦੀ ਨੂੰ ‘ਦੇਸ਼ ਲਈ ਵੱਡਾ ਘਾਟਾ’ ਕਰਾਰ ਦਿੱਤਾ ਹੈ। ਨਾਇਕ ਮੁਕੇਸ਼ ਦੀ ਸ਼ਹੀਦੀ ਮਗਰੋਂ ਉਸ ਦੇ ਪਿੰਡ ਕੈਮਿਲਾ ’ਚ ਸੋਗ ਦੀ ਲਹਿਰ ਹੈ। ਮੁਖਤਾਰ ਸਿੰਘ ਨੇ ਕਿਹਾ, “ਉਹ (ਮੁਕੇਸ਼) ਆਪਣੀਆਂ ਛੁੱਟੀਆਂ ਦੌਰਾਨ ਬੱਚਿਆਂ ਨਾਲ ਖੇਡਦਾ ਸੀ। ਉਸ ਦਾ ਛੋਟਾ ਭਰਾ ਵੀ ਫੌਜ ਵਿੱਚ ਹੈ। ਦੋਸ਼ੀਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ।”



ਕੈਪਟਨ ਕਰਮਜੀਤ ਸਿੰਘ ਬਖਸ਼ੀ ਦੀ ਮ੍ਰਿਤਕ ਦੇਹ ਨੂੰ ਸ਼ਰਧਾਂਜਲੀ ਭੇਟ



ਲੈਫਟੀਨੈਂਟ ਜਨਰਲ ਨਵੀਨ ਸਚਦੇਵਾ ਅਤੇ ਹੋਰ ਫੌਜੀ ਅਧਿਕਾਰੀਆਂ ਨੇ ਕੈਪਟਨ ਕਰਮਜੀਤ ਸਿੰਘ ਅਤੇ ਨਾਇਕ ਮੁਕੇਸ਼ ਸਿੰਘ ਮਿਨਹਾਸ ਦੀਆਂ ਮ੍ਰਿਤਕ ਦੇਹਾਂ ਨੂੰ ਸ਼ਰਧਾਂਜਲੀ ਦਿੱਤੀ।



ਅਖਨੂਰ ਸੈਕਟਰ ਵਿੱਚ ਐਲਓਸੀ ਉੱਤੇ ਇੱਕ ਸ਼ੱਕੀ ਆਈਈਡੀ ਧਮਾਕੇ ਵਿੱਚ ਆਪਣੀ ਜਾਨ ਗੁਆਉਣ ਵਾਲੇ ਨਾਇਕ ਮੁਕੇਸ਼ ਸਿੰਘ ਮਨਹਾਸ ਦਾ ਅੰਤਿਮ ਸੰਸਕਾਰ




ਨਾਇਕ ਮੁਕੇਸ਼ ਸਿੰਘ ਮਿਨਹਾਸ ਦਾ ਅੰਤਿਮ ਸੰਸਕਾਰ



ਫੌਜ ਅਧਿਕਾਰੀ ਕਰਮਜੀਤ ਸਿੰਘ ਬਖਸ਼ੀ ਦੇ ਪਰਿਵਾਰਕ ਮੈਂਬਰ ਵਿਰਲਾਪ ਕਰਦੇ ਹੋਏ।

### ਜਾਗਦੇ ਲੋਕਾਂ ਦੀ ਨਿਸ਼ਾਨੀ

### ਜੀਣਾ ਹੈ ਤਾਂ ਮਰਨਾ ਸਿੱਖੋ, ਕਦਮ ਕਦਮ ਤੇ ਲੜਨਾ ਸਿੱਖੋ

# ਉਡੀਸ਼ਾ ਜੀਬੀਕਾ ਮਿਸ਼ਨ ਈਸੀ ਸੰਘਾ ਦੇ ਮੈਂਬਰ ਨੇ ਆਪਣੀਆਂ ਵੱਖ-ਵੱਖ ਮੰਗਾਂ ਦੇ ਸਮਰਥਨ ਵਿੱਚ ਕੀਤਾ ਰੋਸ ਪ੍ਰਦਰਸ਼ਨ





ਭੁਵਨੇਸ਼ਵਰ, (ਸਾਡੇ ਲੋਕ) ਉਡੀਸ਼ਾ ਜੈਬੀਕਾ ਮਿਸ਼ਨ ਈਸੀ ਸੰਘਾ ਦੇ ਮੈਂਬਰਾਂ ਨੇ ਬੁੱਧਵਾਰ ਨੂੰ ਭੁਵਨੇਸ਼ਵਰ ਵਿੱਚ ਆਪਣੀਆਂ ਵੱਖ-ਵੱਖ ਮੰਗਾਂ ਦੇ ਸਮਰਥਨ ਵਿੱਚ ਉਡੀਸ਼ਾ ਵਿਧਾਨ ਸਭਾ (ਉਐਲਏ) ਦੇ ਸਾਹਮਣੇ ਭਾਰਤੀ ਮਜ਼ਦੂਰ ਸੰਘ (ਬੀਐਮਐਸ) ਦੇ ਬੈਨਰ ਹੇਠ ਇੱਕ ਭਾਰੀ ਰੋਸ ਪ੍ਰਦਰਸ਼ਨ ਕੀਤਾ। ਆਪਣੇ ਹੱਕਾਂ ਅਧਿਕਾਰਾਂ ਲਈ ਦਰਿੜਤਾਂ ਨਾਲ ਲੜਨਾ ਹੀ ਜਾਗਦੇ ਲੋਕਾਂ ਦੀ ਨਿਸ਼ਾਨੀ ਹੈ

# ਗੁਆਟੇਮਾਲਾ ਸਿਟੀ ਵਿੱਚ ਬੱਸ ਪੁਲ ਤੋਂ ਡਿੱਗੀ, ਘੱਟੋ-ਘੱਟ 53 ਦੀ ਮੌਤ







ਸੋਮਵਾਰ ਸਵੇਰੇ ਗਵਾਟੇਮਾਲਾ ਦੀ ਰਾਜਧਾਨੀ ਵਿੱਚ ਇੱਕ ਮੁੱਖ ਪੁਲ 'ਤੇ ਬੱਸ ਦੂਜੇ ਵਾਹਨਾਂ ਨਾਲ ਟਕਰਾ ਗਈ, ਇਸ ਤੋਂ ਪਹਿਲਾਂ ਕਿ ਉਹ ਖੱਡ ਵਿੱਚ ਡਿੱਗ ਗਈ।
ਸੋਮਵਾਰ ਨੂੰ ਘੱਟ ਤੋਂ ਘੱਟ 53 ਲੋਕਾਂ ਦੀ ਮੌਤ ਹੋ ਗਈ ਜਦੋਂ ਗੁਆਟੇਮਾਲਾ ਸਿਟੀ ਵਿੱਚ ਇੱਕ ਪੁਲ ਨੂੰ ਪਾਰ ਕਰ ਰਹੀ ਇੱਕ ਬੱਸ ਕਈ ਹੋਰ ਵਾਹਨਾਂ ਨਾਲ ਟਕਰਾ ਗਈ ਅਤੇ ਫਿਰ ਇੱਕ ਖੱਡ ਵਿੱਚ ਡਿੱਗ ਗਈ ਅਤੇ ਸੀਵਰੇਜ ਦੀ ਇੱਕ ਨਦੀ ਵਿੱਚ ਡੁੱਬ ਗਈ ਸੀ। ਪਾਣੀ ਦੇ ਕਿਨਾਰਿਆਂ 'ਤੇ ਸਾਮਾਨ ਅਤੇ ਨਿੱਜੀ ਸਮਾਨ ਖਿੱਲਰਿਆ ਦੇਖਿਆ ਜਾ ਸਕਦਾ ਸੀ।
ਅਧਿਕਾਰੀਆਂ ਨੇ ਦੱਸਿਆ ਕਿ ਹਾਦਸੇ ਤੋਂ ਮਰਨ ਵਾਲਿਆਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ। ਬੱਸ ਦੇ ਡਰਾਈਵਰ ਨੇ ਮਕੈਨੀਕਲ ਖਰਾਬੀ ਕਾਰਨ ਵਾਹਨ ਦਾ ਕੰਟਰੋਲ ਗੁਆ ਦਿੱਤਾ ਹੋ ਸਕਦਾ ਹੈ। ਬੱਸ ਫਿਰ ਦੋ ਹੋਰ ਵਾਹਨਾਂ ਨਾਲ ਟਕਰਾ ਗਈ।
ਬੱਸ ਦੀ ਸੁਰੱਖਿਆ-ਕੈਮਰਿਆਂ ਦੀ ਫੁਟੇਜ ਪ੍ਰਕਾਸ਼ਿਤ ਕੀਤੀ, ਜੋ ਕਿ ਟੱਕਰ ਤੋਂ ਠੀਕ ਪਹਿਲਾਂ ਤੇਜ਼ ਰਫ਼ਤਾਰ ਨਾਲ ਜਾ ਰਹੀ ਸੀ।
ਕਰੈਸ਼ ਦੀ ਖ਼ਬਰ ਨੇ ਰਾਜਧਾਨੀ ਨੂੰ ਹਿਲਾ ਕੇ ਰੱਖ ਦਿੱਤਾ ਅਤੇ ਬਹੁਤ ਸਾਰੇ ਘਰਾਂ ਵਿੱਚ ਜਾਣਕਾਰੀ ਲਈ ਇੱਕ ਬੇਚੈਨ ਖੋਜ ਸ਼ੁਰੂ ਕਰ ਦਿੱਤੀ।
ਫੋਟੋ ਖਬਰ ਧੰਨਵਾਦ ਸਾਹਿਤ ਸੋਸ਼ਲ ਮੀਡੀਆ

## ਖੇਡਾਂ 'ਚ ਪੰਜਾਬ ਦੀ ਸਰਦਾਰੀ ਹਮੇਸ਼ਾ ਕਾਇਮ ਰਹੇ



ਦੇਹਰਾਦੂਨ ਵਿਖੇ ਨੈਸ਼ਨਲ ਗੇਮਜ਼ 2025 ਵਿੱਚ ਪੰਜਾਬ ਦੇ ਖਿਡਾਰੀਆਂ ਦਾ ਬਿਹਤਰ ਪ੍ਰਦਰਸ਼ਨ ਰਿਹਾ। ਸ਼ਾਟਪੁੱਟ 'ਚ ਪੰਜਾਬ ਦੇ ਤੇਜਿੰਦਰ ਪਾਲ ਸਿੰਘ ਤੂਰ ਨੇ ਸੋਨੇ ਅਤੇ ਪ੍ਰਭਕਿਰਪਾਲ ਸਿੰਘ ਕਾਹਲੋਂ ਨੇ ਕਾਂਸੀ ਦਾ ਤਮਗ਼ਾ ਜਿੱਤਿਆ। ਦੋਵਾਂ ਖਿਡਾਰੀਆਂ ਸਮੇਤ ਕੋਚ ਸਹਿਬਾਨ ਨੂੰ ਸਰਕਾਰ ਅਤੇ ਖੇਡ ਪ੍ਰੇਮੀਆਂ ਨੇ ਦਿੱਤੀਆਂ ਢੇਰ ਸਾਰੀਆਂ ਮੁਬਾਰਕਾਂ,ਭਵਿੱਖ ਲਈ ਸ਼ੁੱਭਕਾਮਨਾਵਾਂ ਰੱਬ ਕਰੇ ਖੇਡਾਂ 'ਚ ਪੰਜਾਬ ਦੀ ਸਰਦਾਰੀ ਹਮੇਸ਼ਾ ਕਾਇਮ ਰਹੇ।



ਪੱਛਮੀ ਬੰਗਾਲ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਆਗੂ ਸੁਵੇਂਦੂ ਅਧਿਕਾਰੀ ਨੇ ਵਿਧਾਇਕਾਂ ਨਾਲ ਕੋਲਕਾਤਾ ਵਿੱਚ ਬੁੱਧਵਾਰ ਨੂੰ ਬਜਟ ਸੈਸ਼ਨ ਦੌਰਾਨ ਵਿਧਾਨ ਸਭਾ ਵਿੱਚ ਰੋਸ ਪ੍ਰਦਰਸ਼ਨ ਕੀਤਾ।

# ਟਰੰਪ ਨੇ ਪਲਾਸਟਿਕ ਸਟ੍ਰਾਅ ਦੀ ਵਰਤੋਂ ਤੇ ਦਿੱਤਾ ਜ਼ੋਰ, ਹੁਕਮ ਤੇ ਕੀਤੇ ਦਸਤਖਤ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਉਹ ਸੰਘੀ ਪੱਧਰ 'ਤੇ ਕਾਗਜ਼ ਦੇ ਸਟ੍ਰਾਅ ਦੀ ਵਰਤੋਂ 'ਤੇ ਪਾਬੰਦੀ ਲਗਾ ਰਹੇ ਹਨ, ਕਿਉਂਕਿ ਇਹ 'ਟਿਕਾਊ' ਨਹੀਂ ਹੁੰਦੇ। ਉਨ੍ਹਾਂ ਕਿਹਾ ਕਿ ਇਸ ਦੀ ਬਜਾਏ ਸਾਨੂੰ ਪਲਾਸਟਿਕ ਦੀ ਵਰਤੋਂ ਵੱਲ ਵਧਣਾ ਚਾਹੀਦਾ ਹੈ। ਟਰੰਪ ਨੇ ਸੰਘੀ ਖਰੀਦ ਨੀਤੀਆਂ ਨੂੰ ਉਲਟਾਉਣ ਲਈ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ ਹਨ। ਉਨ੍ਹਾਂ ਨੇ ਉਹ ਨੀਤੀ ਪਲਟ ਦਿੱਤੀ ਹੈ, ਜਿਸ ਤਹਿਤ ਕਾਗਜ਼ ਦੇ ਸਟ ?ਰਾਆ ਦੀ ਖਰੀਦ ਨੂੰ ਉਤਸ਼ਾਹਿਤ ਕੀਤਾ ਜਾਂਦਾ ਸੀ ਅਤੇ ਪਲਾਸਟਿਕ ਦੇ ਸਟ੍ਰਾਅ 'ਤੇ ਪਾਬੰਦੀ ਸੀ।

ਇਹ ਹੁਕਮ ਸੰਘੀ ਏਜੰਸੀਆਂ ਨੂੰ ਕਾਗਜ਼ ਦੇ ਸਟ੍ਰਾਅ ਖਰੀਦਣਾ ਬੰਦ ਕਰਨ ਦਾ ਨਿਰਦੇਸ਼ ਦਿੰਦਾ ਹੈ। ਸਰਕਾਰੀ ਏਜੰਸੀਆਂ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਦਫ਼ਤਰਾਂ ਦੇ ਅੰਦਰ ਕਾਗਜ਼ ਦੇ ਸਟ੍ਰਾਅ ਉਪਲਬਧ ਨਾ ਹੋਣ। ਟਰੰਪ ਲੰਬੇ ਸਮੇਂ ਤੋਂ ਕਾਗਜ਼ ਦੇ ਸਟ੍ਰਾਅ ਦੇ ਵਿਰੁੱਧ ਬੋਲਦੇ ਆ ਰਹੇ ਹਨ। ਰਾਸ਼ਟਰਪਤੀ ਚੋਣ ਮੁਹਿੰਮ ਦੌਰਾਨ ਟਰੰਪ-ਬ੍ਰਾਂਡ ਵਾਲੇ ਮੁੜ ਵਰਤੋਂ ਯੋਗ ਪਲਾਸਟਿਕ ਸਟ ?ਰਾਅ ਵੀ ਵੇਚੇ ਗਏ ਸਨ। ਟਰੰਪ ਦੇ ਇਸ ਹੁਕਮ ਨਾਲ ਸਾਬਕਾ ਰਾਸ਼ਟਰਪਤੀ ਜੋਅ ਬਾਈਡੇਨ ਪ੍ਰਸ਼ਾਸਨ ਦੇ



ਫੈਸਲੇ ਨੂੰ ਪਲਟ ਦਿੱਤਾ ਗਿਆ ਹੈ, ਜਿਸ ਵਿਚ 2027 ਤੱਕ ਫੂਡ ਸਰਵਿਸ ਓਪਰੇਸ਼ਨਾਂ, ਸਮਾਗਮਾਂ ਅਤੇ ਪੈਕੇਜਿੰਗ ਤੋਂ ਸਟ੍ਰਾਅ ਸਮੇਤ ਸਿੰਗਲ-ਯੂਜ਼ ਪਲਾਸਟਿਕ ਦੀ ਸੰਘੀ ਖਰੀਦ ਨੂੰ ਸਮਾਪਤ ਕਰਨਾ ਅਤੇ 2035 ਤੱਕ ਸਾਰੇ ਸੰਘੀ ਓਪਰੇਸ਼ਨਾਂ ਨੂੰ ਸਮਾਪਤ ਕਰਨਾ ਸ਼ਾਮਲ ਸੀ।

ਟਰੰਪ ਨੇ ਹਫਤੇ ਦੇ ਅੰਤ ਵਿੱਚ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਸਾਬਕਾ ਰਾਸ਼ਟਰਪਤੀ ਜੋਅ ਬਾਈਡੇਨ ਦੀ ਨੀਤੀ ਨੂੰ ÷ਮ੍ਰਿਤਕ÷ ਕਰਾਰ ਦਿੱਤਾ। ਪਲਾਸਟਿਕ ਸਟ ?ਰਾਅ ਨੂੰ ਸਮੁੰਦਰਾਂ ਨੂੰ ਪ੍ਰਦੂਸ਼ਿਤ ਕਰਨ ਅਤੇ ਸਮੁੰਦਰੀ ਜੀਵਨ ਨੂੰ ਨੁਕਸਾਨ ਪਹੁੰਚਾਉਣ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ, ਪਰ ਟਰੰਪ ਨੇ ਕਿਹਾ ਕਿ ਉਹ ਸੋਚਦੇ ਹਨ ਕਿ ਇਨ੍ਹਾਂ ਦੀ ਵਰਤੋਂ ਜਾਰੀ ਰੱਖਣਾ 'ਠੀਕ' ਹੈ। ਮੈਨੂੰ ਨਹੀਂ ਲੱਗਦਾ ਕਿ ਪਲਾਸਟਿਕ ਸ਼ਾਰਕ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰਨ ਵਾਲਾ ਹੈ, ਕਿਉਂਕਿ ਉਹ ਸਮੁੰਦਰ ਵਿੱਚੋਂ ਆਪਣਾ ਰਸਤਾ ਬਣਾ ਕੇ ਭੋਜਨ ਖਾਦੀਆਂ ਹਨ। ਕਈ ਅਮਰੀਕੀ ਰਾਜਾਂ ਅਤੇ ਸ਼ਹਿਰਾਂ ਨੇ ਪਲਾਸਟਿਕ ਸਟ੍ਰਾਅ 'ਤੇ ਪਾਬੰਦੀ ਲਗਾ ਦਿੱਤੀ ਹੈ, ਅਤੇ ਕੁਝ ਰੈਸਟੋਰੈਂਟ ਹੁਣ ਉਨ੍ਹਾਂ ਨੂੰ ਗਾਹਕਾਂ ਨੂੰ ਨਹੀਂ ਦਿੰਦੇ ਹਨ।

ਬ੍ਰਹਮਨ ਬੈਸ ਸੂਦ ਅਰੁ ਖਤ੍ਰੀ, ਡੋਮ ਚੰਡਾਰ, ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ, ਆਪ ਤਾਰਿ ਤਾਰੇ ਕੁਲ ਦੋਇ ॥

ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ
ਦੇ 648ਵੇਂ ਪਾਵਨ ਪਵਿੱਤਰ ਪ੍ਰਕਾਸ਼ ਦਿਵਸ
ਦੀਆਂ ਸਮੂਹ ਲੋਕਾਈ ਨੂੰ

# ਲੱਖ-ਲੱਖ ਵਧਾਈਆਂ



# A&I Trucking Co.

## 123 E. Lee Road Watsonville, CA

## Ph: 931-247-4637



ਅਮੋਲਕ ਸਿੰਘ ਗਾਖਲ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



Gurvinder Singh Gakhal



Paramvir Singh Gakhal



Jaskaran Singh Gakhal



Karamvir Singh Gakhal



Amarvir Singh Gakhal

ਆਓ ਸਰਬੱਤ ਦੇ ਭਲੇ ਦੇ ਧਾਰਨੀ ਬਣੀਏ ਸਰਬਸਾਂਝੀ ਗੁਰਬਾਣੀ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ, ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਖੇਡਾਂ ਨੂੰ ਦੁਨੀਆਂ ਭਰ ਵਿਚ ਪ੍ਰਮੋਟ ਕਰਨ ਵਾਲੇ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਸੱਚੇ ਸੇਵਾਦਾਰ ਪੰਜਾਬ ਦੀ ਧਰਤੀ ਉਪਰ ਨਸ਼ਿਆਂ ਵਿਰੁੱਧ ਵਿਆਪਕ ਲਹਿਰ ਛੇੜਨ ਵਾਲੇ ਗੋਲਡਨ ਜਿਮ ਅਤੇ ਏ ਐਂਡ ਆਈ ਟਰੱਕਿੰਗ ਕੈਲੀਫੋਰਨੀਆ ਦੇ ਮਾਲਕ

# ਗਾਖਲ ਬ੍ਰਦਰਜ਼

ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ

# ਭਾਈ ਜਗਤਾਰ ਸਿੰਘ ਜੱਗੀ ਜੌਹਲ ਦੀ ਰਿਹਾਈ ਲਈ ਪਟੀਸ਼ਨ 'ਤੇ 4 ਹਜ਼ਾਰ ਤੋਂ ਵੱਧ ਦਸਤਖ਼ਤ

ਲੰਡਨ : ਭਾਰਤ 'ਚ ਨਜ਼ਰਬੰਦ ਭਾਈ ਜਗਤਾਰ ਸਿੰਘ ਜੱਗੀ ਜੌਹਲ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਇਕ ਪਟੀਸ਼ਨ ਦਾਇਰ ਕੀਤੀ ਗਈ ਹੈ, ਜਿਸ 'ਤੇ ਹੁਣ ਤੱਕ 450 ਸੰਸਦੀ ਮੈਂਬਰਾਂ ਦੇ ਹਲਕਿਆਂ 'ਚੋਂ 4 ਹਜ਼ਾਰ 100 ਤੋਂ ਵੱਧ ਲੋਕ ਦਸਤਖ਼ਤ ਕਰ ਚੁੱਕੇ ਹਨ। ਪਟੀਸ਼ਨ ਕਰਤਾ ਦਬਿੰਦਰਜੀਤ ਸਿੰਘ ਨੇ ਪਟੀਸ਼ਨ 'ਚ ਲਿਖਿਆ ਹੈ ਕਿ ਬਰਤਨਵੀ ਨਾਗਰਿਕ ਨੂੰ ਬਿਨਾਂ ਕਿਸੇ ਦੋਸ਼ ਦੇ ਮਨਮਾਨੇ ਢੰਗ ਨਾਲ ਨਜ਼ਰਬੰਦ ਰੱਖਿਆ ਹੋਇਆ ਹੈ, ਉਸ ਦੇ ਇਲਾਜ ਬਾਰੇ ਕਈ ਚਿੰਤਾਵਾਂ ਹਨ, ਜਿਸ ਲਈ ਯੂ.ਕੇ. ਸਰਕਾਰ ਨੂੰ ਉਸ ਦੀ ਰਿਹਾਈ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਭਾਰਤ ਦੀਆਂ ਜੇਲ੍ਹਾਂ 'ਚ ਬੰਦ ਬਰਤਾਨਵੀ ਨਾਗਰਿਕਾਂ ਦੀ ਰਿਹਾਈ ਦੀ



ਮੰਗ ਕਰਦਿਆਂ ਕਿਹਾ ਗਿਆ ਹੈ ਕਿ ਵਿਦੇਸ਼ਾਂ 'ਚ ਅਤੇ ਭਾਰਤ 'ਚ ਸਿੱਖਾਂ ਨੂੰ ਨਿਸ਼ਾਨਾ ਬਣਾਏ ਜਾਣ ਤੋਂ ਉਹ ਚਿੰਤਤ ਹਨ। ਉਕਤ ਪਟੀਸ਼ਨ ਦੇ ਸੰਬੰਧ 'ਚ ਜਦੋਂ ਕਿਸੇ ਸੰਸਦ ਮੈਂਬਰ ਦੇ ਹਲਕੇ 'ਚੋਂ 100 ਤੋਂ ਵੱਧ ਦਸਤਖ਼ਤ ਹੋ ਜਾਂਦੇ ਹਨ ਤਾਂ ਉਸ ਨੂੰ ਵੀ ਪੱਤਰ ਲਿਖਿਆ ਜਾਂਦਾ ਹੈ, ਹੁਣ ਤੱਕ ਕਈ ਸੰਸਦਾਂ ਨੂੰ ਪੱਤਰ ਲਿਖੇ ਜਾ ਚੁੱਕੇ ਹਨ। ਪਿਛਲੇ ਹਫ਼ਤੇ ਵੀ ਸੰਸਦ ਮੈਂਬਰ ਡਗਲਸ ਮੈਕਐਲਿਸਟਰ ਨੇ ਮੁੜ ਸੰਸਦ 'ਚ ਜੱਗੀ ਜੌਹਲ ਦਾ ਮਾਮਲਿਆ ਉਠਾਇਆ ਸੀ।

### ਟਰੰਪ ਵਲੋਂ ਪੁਤਿਨ ਨਾਲ ਫੋਨ 'ਤੇ ਗੱਲਬਾਤ

# ਰੂਸ-ਯੂਕਰੇਨ ਜੰਗ ਰੋਕਣ 'ਤੇ ਹੋਈ ਚਰਚਾ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਯੂਕਰੇਨ ਜੰਗ ਰੋਕਣ ਲਈ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੁਤਿਨ ਨਾਲ ਫੋਨ 'ਤੇ ਗੱਲਬਾਤ ਕੀਤੀ ਹੈ। ਨਿਊਯਾਰਕ ਪੋਸਟ ਨੇ ਅਮਰੀਕੀ ਸਦਰ ਨਾਲ ਏਅਰ ਫੋਰਸ ਵਨ 'ਚ ਕੀਤੀ ਇੰਟਰਵਿਊ ਦੇ ਹਵਾਲੇ ਨਾਲ ਉਕਤ ਦਾਅਵਾ ਕੀਤਾ ਹੈ। ਉਂਝ ਇੰਟਰਵਿਊ ਦੌਰਾਨ ਟਰੰਪ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਉਨ੍ਹਾਂ ਕੋਲ ਰੂਸ-ਯੂਕਰੇਨ ਜੰਗ ਰੋਕਣ ਲਈ ਠੋਸ ਯੋਜਨਾ ਹੈ। ਟਰੰਪ ਨੇ ਹਾਲਾਂਕਿ ਇਸ ਬਾਰੇ ਬਹੁਤੀ ਤਫ਼ਸੀਲ ਦੇਣ ਤੋਂ ਨਾਂਹ ਕਰ ਦਿੱਤੀ ਹੈ। ਜਦੋਂ ਟਰੰਪ ਨੂੰ ਪੁੱਛਿਆ ਕਿ ਉਨ੍ਹਾਂ ਹੁਣ ਤੱਕ ਕਿੰਨੀ ਵਾਰ ਪੁਤਿਨ ਨਾਲ ਗੱਲ ਕੀਤੀ ਹੈ ਤਾਂ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਇਸ ਬਾਰੇ ਕੁਝ ਵੀ ਨਾ ਕਹਿਣਾ ਚੰਗਾ ਹੋਵੇਗਾ। ਟਰੰਪ ਨੇ ਨਿਊਯਾਰਕ ਪੋਸਟ ਨੂੰ ਦੱਸਿਆ ਕਿ ਉਹ



(ਪੁਤਿਨ) ਹੋਰ ਲੋਕਾਂ ਨੂੰ ਮਰਦੇ ਨਹੀਂ ਦੇਖਣਾ ਚਾਹੁੰਦਾ ਹੈ। ਉਧਰ ਕਰੈਮਲਿਨ ਜਾਂ ਵ੍ਹਾਈਟ ਹਾਊਸ 'ਚੋਂ ਕਿਸੇ ਨੇ ਵੀ ਦੋਵਾਂ ਆਗੂਆਂ ਦਰਮਿਆਨ ਕਿਸੇ ਤਰ੍ਹਾਂ ਦੀ ਗੱਲਬਾਤ ਹੋਣ ਬਾਰੇ ਪੁਸ਼ਟੀ ਨਹੀਂ ਕੀਤੀ ਹੈ। ਉਂਜ ਪਿਛਲੇ ਮਹੀਨੇ ਕਰੈਮਲਿਨ ਦੇ ਤਰਜਮਾਨ ਦਮਿਤਰੀ ਪੇਸਕੋਵ ਨੇ ਕਿਹਾ ਸੀ ਕਿ ਪੁਤਿਨ ਆਪਣੇ ਅਮਰੀਕੀ ਹਮਰੁਤਬਾ ਨਾਲ ਫੋਨ 'ਤੇ ਗੱਲਬਾਤ ਕਰਨ ਲਈ ਤਿਆਰ ਹਨ ਤੇ ਮਾਸਕੋ ਨੂੰ ਵਾਸ਼ਿੰਗਟਨ ਵਲੋਂ ਵੀ ਇਨ੍ਹਾਂ ਸ਼ਬਦਾਂ ਦੀ ਉਡੀਕ ਹੈ ਕਿ ਉਹ ਵੀ ਤਿਆਰ ਹਨੇ ਟਰੰਪ ਨੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਉਹ ਰੂਸ-ਯੂਕਰੇਨ ਜੰਗ ਦੇ ਖਾਤਮੇ 'ਤੇ ਚਰਚਾ ਕਰਨ ਲਈ ਅਗਲੇ ਹਫਤੇ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੂੰ ਮਿਲਣਗੇ। ਰੂਸ, ਯੂਕਰੇਨ ਨਾਲ ਲੱਗੀ ਜੰਗ ਦੀ 24 ਫਰਵਰੀ ਨੂੰ ਤੀਜੀ ਵਰ੍ਹੇਗੰਢ ਮਨਾਏਗਾ। ਇਸ ਜੰਗ ਦੌਰਾਨ ਹਜ਼ਾਰਾਂ ਲੋਕ, ਜਿਨ੍ਹਾਂ 'ਚੋਂ ਬਹੁ-ਗਿਣਤੀ ਯੂਕਰੇਨੀ ਸਨ, ਮਾਰੇ ਗਏ ਹਨ। ਟਰੰਪ ਨੇ ਨਿਊਯਾਰਕ ਪੋਸਟ ਨੂੰ ਦੱਸਿਆ ਕਿ ਉਸ ਦਾ ਪੁਤਿਨ ਨਾਲ ਹਮੇਸ਼ਾ ਚੰਗਾ ਰਿਸ਼ਤਾ ਰਿਹਾ ਹੈ ਤੇ ਉਸ ਕੋਲ ਜੰਗ ਖਤਮ ਕਰਨ ਦੀ ਠੋਸ ਯੋਜਨਾ ਹੈ। ਅਮਰੀਕੀ ਸਦਰ ਨੇ ਹਾਲਾਂਕਿ ਹੋਰ ਵੇਰਵਿਆਂ ਦਾ ਖੁਲਾਸਾ ਨਹੀਂ ਕੀਤਾ।

# ਬਲਤੇਜ ਸਿੰਘ ਢਿੱਲੋਂ ਕੈਨੇਡਾ ਦੇ ਸੈਨੇਟਰ ਬਣੇ

ਐਬਟਸਫੋਰਡ : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਜਾਰੀ ਕੀਤੇ ਗਏ ਬਿਆਨ ਵਿਚ ਦੱਸਿਆ ਗਿਆ ਕਿ ਗਵਰਨਰ ਜਨਰਲ ਮੈਰੀ ਸਾਈਮਨ ਨੇ ਬਲਤੇਜ ਸਿੰਘ ਢਿੱਲੋਂ ਨੂੰ ਸੈਨੇਟ ਲਈ ਬ੍ਰਿਟਿਸ਼ ਕੋਲੰਬੀਆ ਤੋਂ ਆਜ਼ਾਦ ਤੌਰ 'ਤੇ ਕੈਨੇਡਾ ਦਾ ਸੈਨੇਟਰ ਨਿਯੁਕਤ ਕੀਤਾ ਹੈ। ਇਸ ਤੋਂ ਇਲਾਵਾ ਮਾਰਟੀਨ ਗੀਬਰਟ ਨੂੰ ਕਿਊਬਕ ਅਤੇ ਟੌਡ ਲਿਊਵਿਸ਼ ਨੂੰ ਸਸਕੈਚਵਨ ਸੂਬੇ ਤੋਂ ਸੈਨੇਟਰ ਨਿਯੁਕਤ ਕੀਤਾ ਹੈ। ਕੈਨੇਡਾ ਦੀ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਵਿਚ ਭਰਤੀ ਹੋ ਕੇ ਪਹਿਲੇ ਦਸਤਾਰਧਾਰੀ ਸਿੱਖ ਪੁਲਿਸ ਅਧਿਕਾਰੀ ਵਜੋਂ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਆਪਣਾ ਨਾਂਅ ਦਰਜ ਕਰਵਾਉਣ ਵਾਲੇ ਬਲਤੇਜ ਸਿੰਘ ਢਿੱਲੋਂ ਦੀ ਸੈਨੇਟਰ ਵਜੋਂ ਨਿਯੁਕਤੀ ਭਾਈਚਾਰੇ ਲਈ ਬਹੁਤ ਮਾਣ ਵਾਲੀ ਗੱਲ ਹੈ। ਮਲੇਸ਼ੀਆ ਦੇ



ਜੰਮਪਲ ਬਲਤੇਜ ਸਿੰਘ ਢਿੱਲੋਂ 1983 'ਚ ਆਪਣੇ ਮਾਤਾ-ਪਿਤਾ ਨਾਲ ਕੈਨੇਡਾ ਆਏ ਸਨ। ਕਵਾਂਟਲਿਨ ਯੂਨੀਵਰਸਿਟੀ ਤੋਂ ਕ੍ਰਿਮਨੌਲਜ਼ੀ ਦੀ ਡਿਗਰੀ ਕਰਨ ਉਪਰੰਤ 1988 'ਚ ਉਨ੍ਹਾਂ ਨੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ 'ਚ ਭਰਤੀ ਹੋਣ ਲਈ ਅਰਜ਼ੀ ਦਿੱਤੀ ਪਰ ਦਸਤਾਰ ਬੰਨ੍ਹੀ ਹੋਣ ਕਾਰਨ ਉਨ੍ਹਾਂ ਨੂੰ ਪੁਲਿਸ 'ਚ ਭਰਤੀ ਹੋਣ ਲਈ ਕਾਫੀ ਸੰਘਰਸ਼ ਕਰਨਾ ਪਿਆ ਸੀ। ਅਖੀਰ ਕੈਨੇਡਾ ਦੇ ਸਿੱਖ ਭਾਈਚਾਰੇ ਅੱਗੇ ਝੁਕਦਿਆਂ ਬਰਾਇਨ ਮੁਲਰੋਨੀ ਦੀ ਸਰਕਾਰ ਨੇ ਵਿਰੋਧੀ ਧਿਰ ਦੀ ਮਨਜ਼ੂਰੀ ਨਾਲ ਪੁਲਿਸ ਦੇ ਡਰੈੱਸ ਕੋਡ ਵਿਚ ਤਬਦੀਲੀ ਕਰਨ ਦਾ ਬਿੱਲ ਪਾਸ ਕਰ ਦਿੱਤਾ ਤੇ 1991 'ਚ ਉਹ ਪੁਲਿਸ 'ਚ ਭਰਤੀ ਹੋ ਗਏ।

# ਟਰੰਪ ਵਲੋਂ ਸਟੀਲ ਤੇ ਐਲੂਮੀਨੀਅਮ ਦਰਾਮਦ 'ਤੇ 25 ਫੀਸਦੀ ਟੈਕਸ ਲਗਾਉਣ ਦਾ ਐਲਾਨ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੌਨਾਲਡ ਟਰੰਪ ਸੱਤਾ 'ਚ ਆਉਣ ਤੋਂ ਬਾਅਦ ਨਵੇਂ ਨਵੇਂ ਐਲਾਨ ਕਰ ਰਹੇ ਹਨ, ਜਿਨ੍ਹਾਂ ਦਾ ਅਸਰ ਪੂਰੀ ਦੁਨੀਆ 'ਤੇ ਪੈ ਰਿਹਾ ਹੈ। ਹੁਣ ਟਰੰਪ ਨੇ ਨਵਾਂ ਐਲਾਨ ਕੀਤਾ ਹੈ ਕਿ ਉਹ ਸਟੀਲ ਤੇ ਐਲੂਮੀਨੀਅਮ ਦੇ ਆਯਾਤ 'ਤੇ 25 ਫੀਸਦੀ ਟੈਰਿਫ ਲਗਾਉਣਗੇ। ਇਸ ਸੰਬੰਧ 'ਚ ਉਹ ਜਲਦ ਹੀ ਅਧਿਕਾਰਕ ਐਲਾਨ ਕਰਨਗੇ। ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਵੀ ਸਟੀਲ 'ਤੇ 25 ਫੀਸਦੀ ਤੇ ਐਲੂਮੀਨੀਅਮ 'ਤੇ 10 ਫੀਸਦੀ ਟੈਰਿਫ ਲਗਾਇਆ ਸੀ। ਇਹ ਟੈਰਿਫ ਲੱਗਣ ਨਾਲ ਜੋ ਸਭ ਤੋਂ ਵੱਧ ਦੇਸ਼ ਪ੍ਰਭਾਵਿਤ ਹੋਣਗੇ, ਉਨ੍ਹਾਂ 'ਚ ਕੈਨੇਡਾ, ਮੈਕਸੀਕੋ ਤੇ ਬ੍ਰਾਜ਼ੀਲ ਦੇ ਨਾਂਅ ਸ਼ਾਮਿਲ ਹਨ। ਅੰਕੜਿਆਂ ਅਨੁਸਾਰ ਅਮਰੀਕਾ ਆਪਣਾ ਸਭ ਤੋਂ ਵੱਧ ਸਟੀਲ ਕੈਨੇਡਾ, ਬ੍ਰਾਜ਼ੀਲ ਤੇ ਮੈਕਸੀਕੋ ਤੋਂ ਹੀ ਮੰਗਵਾਉਂਦਾ ਹੈ। ਇਸ ਦੇ ਇਲਾਵਾ ਅਮਰੀਕਾ ਦੱਖਣੀ ਕੋਰੀਆ, ਵੀਅਤਨਾਮ ਤੋਂ ਵੀ ਸਟੀਲ ਮੰਗਵਾਉਂਦਾ ਹੈ। ਅਮਰੀਕਾ ਨੇ ਸਾਲ 2024 ਦੇ ਪਹਿਲੇ 11 ਮਹੀਨਿਆਂ 'ਚ ਕੈਨੇਡਾ ਤੋਂ ਆਪਣੀ ਜ਼ਰੂਰਤ ਦਾ ਕਰੀਬ 79 ਫੀਸਦੀ ਸਟੀਲ ਮੰਗਵਾਇਆ ਸੀ, ਉਥੇ ਹੀ ਅਮਰੀਕਾ ਸਭ ਤੋਂ ਜ਼ਿਆਦਾ ਐਲੂਮੀਨੀਅਮ ਮੈਕਸੀਕੋ ਤੋਂ ਮੰਗਵਾਉਂਦਾ ਹੈ। ਜ਼ਿਕਰਯੋਗ ਹਾ ਕਿ ਟਰੰਪ ਨੇ ਕੈਨੇਡਾ ਤੇ ਮੈਕਸੀਕੋ 'ਤੇ ਬੀਤੇ ਦਿਨੀਂ 25 ਫੀਸਦੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਸੀ, ਹਾਲਾਂਕਿ ਟਰੰਪ ਨੇ ਬਾਅਦ 'ਚ ਦੋਵਾਂ ਦੇਸ਼ਾਂ 'ਤੇ ਟੈਰਿਫ ਲਗਾਉਣ ਦੇ ਆਪਣੇ ਫੈਸਲੇ ਨੂੰ 30 ਦਿਨਾਂ ਲਈ ਟਾਲ ਦਿੱਤਾ ਸੀ। ਮੀਡੀਆ



ਰਿਪੋਰਟਾਂ ਅਨੁਸਾਰ ਟਰੰਪ ਫਾਰਮਾਸਿਊਟਿਕਲ, ਤੇਲ ਅਤੇ ਸੈਮੀਕੰਡਕਟਰ ਵਰਗੀਆਂ ਚੀਜ਼ਾਂ 'ਤੇ ਵੀ ਟੈਰਿਫ ਲਗਾ ਸਕਦੇ ਹਨ ਅਤੇ ਫਿਲਹਾਲ ਇਸ 'ਤੇ ਵਿਚਾਰ ਹੋ ਰਿਹਾ ਹੈ। ਟਰੰਪ ਅਮਰੀਕੀ ਅਰਥਵਿਵਸਥਾ ਨੂੰ ਬਿਹਤਰ ਬਣਾਉਣ ਅਤੇ ਵਪਾਰਕ ਘਾਟੇ ਨੂੰ ਦੂਰ ਕਰਨ ਲਈ ਇਹ ਕਦਮ ਚੁੱਕ ਰਹੇ ਹਨ, ਪਰ ਇਨ੍ਹਾਂ ਕਦਮਾਂ ਨਾਲ ਪੂਰੀ ਦੁਨੀਆ 'ਤੇ ਅਸਰ ਹੋ ਰਿਹਾ ਹੈ।

## ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਬਾਰੇ ਗੰਭੀਰ ਹਾਂ

ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਸੁਪਰ ਬਾਊਲ ਪ੍ਰੀ ਸ਼ੋਅ ਦੌਰਾਨ ਇਕ ਇੰਟਰਵਿਊ 'ਚ ਕਿਹਾ ਕਿ ਉਹ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਬਾਰੇ 'ਚ ਗੰਭੀਰ ਹਨ। ਇਸ ਦੌਰਾਨ ਜਦੋਂ ਟਰੰਪ ਤੋਂ ਪੁੱਛਿਆ ਗਿਆ ਕਿ ਕੀ ਕੈਨੇਡਾ ਨੂੰ ਆਪਣੇ ਨਾਲ ਮਿਲਾਉਣ ਦੀ ਉਨ੍ਹਾਂ ਦੀ ਗੱਲ ਸੱਚੀ ਹੈ, ਜਿਵੇਂ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਹਾਲ ਹੀ 'ਚ ਚੇਤਾਵਨੀ ਦਿੱਤੀ ਸੀ, ਤਾਂ ਉਨ੍ਹਾਂ ਕਿਹਾ ਕਿ ਇਹ ਸੱਚ ਹੈ। ਮੈਨੂੰ ਲੱਗਦਾ ਹੈ ਕਿ ਕੈਨੇਡਾ 51ਵਾਂ ਰਾਜ ਬਣ ਕੇ ਬਿਹਤਰ ਹੋਵੇਗਾ, ਕਿਉਂਕਿ ਕੈਨੇਡਾ ਨਾਲ ਅਸੀਂ ਹਰ ਸਾਲ 200 ਅਰਬ ਡਾਲਰ ਗੁਆਉਂਦੇ ਹਾਂ ਅਤੇ ਮੈਂ ਅਜਿਹਾ ਨਹੀਂ ਹੋਣ ਦੇਵਾਂਗਾ। ਟਰੰਪ ਨੇ ਕਿਹਾ ਕਿ ਅਸੀਂ ਹਰ ਸਾਲ ਕੈਨੇਡਾ ਨੂੰ 200 ਅਰਬ ਡਾਲਰ ਦੀ ਸਬਸਿਡੀ ਕਿਉਂ ਦੇ ਰਹੇ ਹਾਂ। ਟਰੰਪ ਨੇ ਕਿਹਾ ਕਿ ਕੈਨੇਡਾ ਅਮਰੀਕਾ ਬਿਨਾਂ ਟਿਕ ਨਹੀਂ ਸਕਦਾ ਤੇ ਉਸ ਨੂੰ ਅਮਰੀਕੀ ਸੁਰੱਖਿਆ 'ਤੇ ਨਿਰਭਰ ਨਹੀਂ ਰਹਿਣਾ ਚਾਹੀਦਾ। ਟਰੰਪ ਨੇ ਕਿਹਾ ਕਿ ਕੈਨੇਡਾ ਆਪਣੀ ਸੈਨਾ 'ਤੇ ਜ਼ਿਆਦਾ ਖਰਚ ਨਹੀਂ ਕਰਦਾ, ਉਸ ਨੂੰ ਲੱਗਦਾ ਹੈ ਕਿ ਅਮਰੀਕਾ ਉਨ੍ਹਾਂ ਦੀ ਰੱਖਿਆ ਕਰੇਗਾ, ਪਰ ਇਹ ਹੁਣ ਸੰਭਵ ਨਹੀਂ ਹੋਵੇਗਾ।

# ਅਮਰੀਕਾ 'ਚ ਸੜਕ ਹਾਦਸੇ ਦੇ ਮਾਮਲੇ 'ਚ ਪੰਜਾਬੀ ਨੂੰ 25 ਸਾਲ ਕੈਦ

ਨਿਊਯਾਰਕ : ਨਿਊਯਾਰਕ 'ਚ ਸ਼ਰਾਬ ਤੇ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਕੇ 150 ਕਿਲੋਮੀਟਰ ਦੀ ਗਤੀ ਨਾਲ ਵਾਹਨ ਚਲਾ ਕੇ ਦੋ ਨਾਬਾਲਗਾ ਨੂੰ ਕੁਚਲਣ ਦੇ ਮਾਮਲੇ 'ਚ ਭਾਰਤੀ ਮੂਲ ਦੇ ਇਕ ਵਿਅਕਤੀ ਨੂੰ 25 ਸਾਲ ਦੀ ਸਜ਼ਾ ਸੁਣਾਈ ਗਈ ਹੈ। ਸੜਕ ਦੁਰਘਟਨਾ ਦਾ ਇਹ ਮਾਮਲਾ 2023 'ਚ ਨਿਊਯਾਰਕ ਦੇ ਲੌਂਗ ਆਈਲੈਂਡ ਦਾ ਹੈ। ਭਾਰਤੀ ਮੂਲ ਦੇ ਨਾਗਰਿਕ ਅਮਨਦੀਪ ਸਿੰਘ ਨੇ ਗਲਤ ਦਿਸ਼ਾ 'ਚ ਗੱਡੀ ਚਲਾਉਂਦੇ ਹੋਏ ਰੋਸਲਿਨ ਮਿਡਲ ਸਕੂਲ ਦੇ 14 ਸਾਲਾ ਵਿਦਿਆਰਥੀ ਏਥਨ ਫਾਲਕੋਵਿਟਜ਼ ਅਤੇ ਡਰਿਊ ਹੈਸਨਬੇਨ ਨੂੰ ਕੁਚਲ ਦਿੱਤਾ ਸੀ, ਜਿਸ ਕਾਰਨ ਦੋਵਾਂ ਦੀ ਮੌਤ ਹੋ ਗਈ ਸੀ ਅਮਨਦੀਪ ਸਿੰਘ ਨੇ ਅਦਾਲਤ 'ਚ ਕਿਹਾ ਕਿ ਮੈਂ ਬਹੁਤ ਵੱਡਾ ਪਾਪ ਕੀਤਾ ਹੈ। ਜੇਕਰ ਕਿਸੇ ਦੀ ਮੌਤ ਹੋਣੀ ਚਾਹੀਦੀ ਸੀ ਤਾਂ ਇਹ ਮੇਰੀ ਹੋਣੀ ਚਾਹੀਦੀ ਸੀ।

# ਜੇਕਰ ਇਜ਼ਰਾਈਲੀ ਬੰਧਕ ਰਿਹਾਅ ਨਾ ਕੀਤੇ ਤਾਂ ਖੋਲ੍ਹ ਦਿਆਂਗੇ ਨਰਕ ਦੇ ਦਰਵਾਜ਼ੇ : ਟਰੰਪ ਦੀ ਹਮਾਸ ਨੂੰ ਧਮਕੀ

ਵਾਸ਼ਿੰਗਟਨ : ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗਬੰਦੀ ਜਾਰੀ ਹੈ। ਇਸ ਜੰਗਬੰਦੀ ਤਹਿਤ ਹਮਾਸ ਲਗਾਤਾਰ ਇਜ਼ਰਾਇਲੀ ਬੰਧਕਾਂ ਨੂੰ ਰਿਹਾਅ ਕਰ ਰਿਹਾ ਹੈ। ਪਰ ਹੁਣ ਹਮਾਸ ਨੇ ਇਜ਼ਰਾਈਲ 'ਤੇ ਇਸ ਜੰਗਬੰਦੀ ਸਮਝੌਤੇ ਦੀ ਉਲੰਘਣਾ ਦਾ ਦੋਸ਼ ਲਗਾਇਆ ਹੈ। ਉਸ ਦਾ ਕਹਿਣਾ ਹੈ ਕਿ ਉਹ ਬੰਧਕਾਂ ਦੀ ਰਿਹਾਈ ਨੂੰ ਰੋਕ ਸਕਦਾ ਹੈ, ਜਿਸ ਬਾਰੇ ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਹੁਣ ਚਿਤਾਵਨੀ ਦਿੱਤੀ ਹੈ। ਟਰੰਪ ਨੇ ਹਮਾਸ ਨੂੰ ਕਿਹਾ ਕਿ ਜੇਕਰ ਗਾਜ਼ਾ 'ਚ ਬੰਧਕ ਬਣਾਏ ਗਏ ਸਾਰੇ ਲੋਕਾਂ ਨੂੰ ਸ਼ਨੀਵਾਰ ਦੁਪਹਿਰ ਤੱਕ ਰਿਹਾਅ ਨਾ ਕੀਤਾ ਗਿਆ ਤਾਂ ਉਹ ਇਜ਼ਰਾਈਲ-ਹਮਾਸ ਜੰਗਬੰਦੀ ਨੂੰ ਖਤਮ ਕਰਨ ਅਤੇ ਹਮਾਸ ਨੂੰ ਖਤਮ ਕਰਨ ਦਾ ਪ੍ਰਸਤਾਵ ਦੇਣਗੇ।

ਸਮਾਚਾਰ ਏਜੰਸੀ ਰਾਇਟਰਸ ਦੀ ਰਿਪੋਰਟ ਮੁਤਾਬਕ ਓਵਲ ਆਫਿਸ 'ਚ ਬੋਲਦੇ ਹੋਏ ਡੌਨਾਲਡ ਟਰੰਪ ਨੇ ਇਹ ਵੀ ਕਿਹਾ ਕਿ ਜੇਕਰ ਜਾਰਡਨ ਅਤੇ ਮਿਸਰ ਗਾਜ਼ਾ ਤੋਂ ਫਲਸਤੀਨੀ ਸ਼ਰਨਾਰਥੀਆਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦੇ ਹਨ ਤਾਂ ਉਹ ਉਨ੍ਹਾਂ ਦੀ ਮਦਦ ਰੋਕ ਸਕਦੇ ਹਨ। ਇਸ ਤੋਂ ਪਹਿਲਾਂ ਦਿਨ ਵਿੱਚ ਉਨ੍ਹਾਂ ਕਿਹਾ ਸੀ ਕਿ ਫਲਸਤੀਨੀਆਂ ਨੂੰ ਉਸ ਦੀ ਪ੍ਰਸਤਾਵਿਤ ਯੂਐੱਸ ਦੀ ਅਗਵਾਈ ਵਾਲੀ ਗਠਜੋੜ ਯੋਜਨਾ ਤਹਿਤ ਗਾਜ਼ਾ ਵਾਪਸ ਜਾਣ ਦਾ ਅਧਿਕਾਰ ਨਹੀਂ ਹੋਵੇਗਾ। ਟਰੰਪ ਨੇ ਇਹ ਟਿੱਪਣੀ ਹਮਾਸ ਵੱਲੋਂ ਕੀਤੇ ਗਏ ਉਸ ਐਲਾਨ ਤੋਂ ਬਾਅਦ ਕੀਤੀ ਹੈ, ਜਿਸ ਵਿੱਚ ਹਮਾਸ ਨੇ ਅਗਲੇ ਨੋਟਿਸ ਤੱਕ ਇਜ਼ਰਾਇਲੀ ਬੰਧਕਾਂ ਦੀ ਰਿਹਾਈ 'ਤੇ ਰੋਕ ਲਗਾ ਦਿੱਤੀ ਹੈ। ਅੱਤਵਾਦੀ ਸੰਗਠਨ ਨੇ ਇਜ਼ਰਾਈਲ 'ਤੇ ਜੰਗਬੰਦੀ ਸਮਝੌਤੇ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਹੈ ਅਤੇ ਚਿੰਤਾ ਪ੍ਰਗਟਾਈ ਹੈ ਕਿ ਸੰਘਰਸ਼ ਮੁੜ ਸ਼ੁਰੂ ਹੋ ਸਕਦਾ ਹੈ। ਹਮਾਸ ਨੇ ਕਿਹਾ ਕਿ ਉਸ ਨੇ ਅਗਲੇ ਨਿਯਤ ਬੰਧਕਾਂ ਦੀ ਰਿਹਾਈ ਤੋਂ ਪੰਜ ਦਿਨ ਪਹਿਲਾਂ ਇਹ ਫੈਸਲਾ ਲਿਆ ਤਾਂ ਜੋ ਵਿਚੋਲਿਆਂ ਨੂੰ ਇਜ਼ਰਾਈਲ 'ਤੇ ਆਪਣੇ ਵਾਅਦੇ ਪੂਰੇ ਕਰਨ ਅਤੇ ਸਮੇਂ ਸਿਰ ਰਿਹਾਈ ਯਕੀਨੀ ਬਣਾਉਣ ਲਈ ਦਬਾਅ ਬਣਾਉਣ ਦਾ ਸਮਾਂ ਦਿੱਤਾ ਜਾ ਸਕੇ।

ਜੰਗਬੰਦੀ ਅਨੁਸਾਰ, ਹਮਾਸ ਨੂੰ ਫਲਸਤੀਨੀ ਕੈਦੀਆਂ ਅਤੇ ਨਜ਼ਰਬੰਦਾਂ ਦੇ ਬਦਲੇ ਸ਼ਨੀਵਾਰ ਨੂੰ ਹੋਰ ਇਜ਼ਰਾਈਲੀ ਬੰਧਕਾਂ ਨੂੰ ਰਿਹਾਅ ਕਰਨ ਦੀ ਉਮੀਦ ਸੀ। ਇਹ ਪ੍ਰਣਾਲੀ ਪਿਛਲੇ ਤਿੰਨ ਹਫ਼ਤਿਆਂ ਤੋਂ ਲਾਗੂ ਸੀ। ਇਸ ਦੇ ਨਾਲ ਹੀ ਹਮਾਸ ਦੇ ਇਸ ਐਲਾਨ ਤੋਂ ਬਾਅਦ ਇਜ਼ਰਾਈਲੀ ਬੰਧਕ ਪਰਿਵਾਰਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਸੋਮਵਾਰ ਰਾਤ ਤੇਲ ਅਵੀਵ ਦੇ ਖੇਤਰ ਨੂੰ ਘੇਰ ਲਿਆ, ਜਿਸ ਨੂੰ ਹੁਣ ਹੋਸਟੇਜ ਸਕੁਆਇਰ ਵਜੋਂ ਜਾਣਿਆ ਜਾਂਦਾ ਹੈ। ਪ੍ਰਦਰਸ਼ਨਕਾਰੀਆਂ ਨੇ ਸਰਕਾਰ 'ਤੇ ਸਮਝੌਤੇ ਨੂੰ ਨਾ ਛੱਡਣ ਲਈ ਦਬਾਅ ਪਾਇਆ। ਪ੍ਰਦਰਸ਼ਨ ਵਿੱਚ 2 ਹਜ਼ਾਰ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ।

**ਪੀਐੱਮ ਨੇ ਸੱਦੀ ਅਹਿਮ ਬੈਠਕ** : ਇਸ ਤੋਂ ਬਾਅਦ ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਕਿਹਾ ਕਿ ਹਮਾਸ ਦੇ ਐਲਾਨ ਨੇ ਜੰਗਬੰਦੀ ਸਮਝੌਤੇ ਦੀ ਉਲੰਘਣਾ ਕੀਤੀ ਹੈ ਅਤੇ ਉਨ੍ਹਾਂ ਨੇ ਗਾਜ਼ਾ ਅਤੇ ਘਰੇਲੂ ਰੱਖਿਆ ਲਈ ਫੌਜ ਨੂੰ ਉੱਚ ਪੱਧਰੀ ਤਿਆਰੀ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਇਜ਼ਰਾਈਲ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਮੰਗਲਵਾਰ ਸਵੇਰੇ ਰੱਖਿਆ, ਐਨਐਸਏ ਅਤੇ ਵਿਦੇਸ਼ ਮੰਤਰੀ ਨਾਲ ਮੀਟਿੰਗ ਕਰਨਗੇ।



ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ਤੇ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥
ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ
ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀਆਂ ਸਮੂਹ ਲੋਕਾਈ ਨੂੰ
ਲੱਖ-ਲੱਖ ਵਧਾਈਆਂ
ਪੁਸ਼ਤਾਂ ਤੋਂ ਖਾਲਸਾ ਪੰਥ ਦੀ ਸੇਵਾ ਕਰਦੇ ਆ ਰਹੇ ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਉਘੇ ਬਿਜ਼ਨਸਮੈਨ,
ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ 'ਤੇ ਕਰਨ ਵਾਲੇ ਗੁਰੂ ਅਤੇ ਪੰਥ ਦੇ ਸੇਵਾਦਾਰ
ਸ. ਜੋਗਾ ਸਿੰਘ ਹੀਰਾ
925-719-4359
ਸ. ਜੀਤ ਸਿੰਘ
510-750-2810


ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ
ਮਹਾਰਾਜ ਦੇ 648ਵੇਂ ਪਾਵਨ ਪਵਿੱਤਰ
ਪ੍ਰਕਾਸ਼ ਦਿਵਸ ਦੀਆਂ ਸਮੂਹ ਲੋਕਾਈ ਨੂੰ
ਲੱਖ-ਲੱਖ ਵਧਾਈਆਂ
ਕਮਿਊਨਟੀ ਦੇ ਨਿਸ਼ਕਾਮ ਸੇਵਕ
ਅਮਰੀਕਾ ਦੇ ਉਘੇ ਨੌਜਵਾਨ ਆਗੂ
ਗਦਰੀ ਬਾਬਿਆਂ ਨੂੰ ਸਮਰਪਿਤ
ਪੰਜਾਬੀ ਮਾਂ ਬੋਲੀ ਦੇ ਸੇਵਾਦਾਰ
United Punjab Front
ਸ੍ਰੀ ਪੰਕਜ ਆਂਸਲ
ਫਾਊਂਡਰ ਯੂਨਾਈਟਿਡ ਪੰਜਾਬ ਫਰੰਟ

# ਅਮਰੀਕਾ 'ਚ ਜਬਰ ਜਨਾਹ ਤੇ ਹੱਤਿਆ ਦੇ ਦੋਸ਼ੀ ਨੂੰ ਨਾਈਟਰੋਜਨ ਗੈਸ ਨਾਲ ਦਿੱਤੀ ਮੌਤ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਅਮਰੀਕਾ ਦੇ ਅਲਾਬਾਮਾ ਰਾਜ ਵਿਚ 41 ਸਾਲਾ ਔਰਤ ਪੌਲਾਈਨ ਬਰਾਊਨ ਨਾਲ ਜਬਰ ਜਨਾਹ ਉਪਰੰਤ ਉਸ ਦੀ ਹੱਤਿਆ ਕਰ ਦੇਣ ਦੇ ਮਾਮਲੇ 'ਚ ਦੋਸ਼ੀ ਕਰਾਰ ਦਿੱਤੇ ਗਏ 52 ਸਾਲਾ ਡੈਮਟਰੀਅਸ ਟੈਰੈਂਸ ਫਰੇਜ਼ੀਅਰ ਨੂੰ ਨਾਈਟਰੋਜਨ ਗੈਸ ਨਾਲ ਮੌਤ ਦਿੱਤੀ ਗਈ। ਜਬਰ ਜਨਾਹ ਤੇ ਹੱਤਿਆ ਦੀ ਇਹ ਘਟਨਾ 1991 ਵਿਚ ਬਰਮਿੰਘਮ ਵਿਚ ਵਾਪਰੀ ਸੀ। ਗਵਰਨਰ ਦੇ ਦਫ਼ਤਰ ਅਨੁਸਾਰ ਫਰੇਜ਼ੀਅਰ ਨੂੰ ਸ਼ਾਮ 6.36 ਵਜੇ ਮ੍ਰਿਤਕ ਐਲਾਨ ਦਿੱਤਾ ਗਿਆ। ਫਰੇਜ਼ੀਅਰ ਨੇ ਆਪਣੇ ਆਖਰੀ ਬਿਆਨ ਵਿਚ ਕਿਹਾ ਕਿ ਸਭ ਤੋਂ ਪਹਿਲਾਂ ਮੈਂ ਪੌਲਾਈਨ ਬਰਾਊਨ ਦੇ ਦੋਸਤਾਂ ਅਤੇ ਪਰਿਵਾਰ ਤੋਂ ਮੁਆਫ਼ੀ ਮੰਗਦਾ ਹਾਂ, ਜੋ ਕੁਝ ਬਰਾਊਨ ਨਾਲ ਹੋਇਆ ਉਹ ਮੁੜ ਕਦੀ ਨਾ ਵਾਪਰੇ। ਮੈਂ ਕਾਲੇ ਭਾਈਚਾਰੇ ਤੋਂ ਵੀ ਮੁਆਫ਼ੀ ਮੰਗਦਾ ਹਾਂ। ਆਖਰੀ ਬਿਆਨ ਵਿਚ ਫਰੇਜ਼ੀਅਰ ਨੇ ਮਿਸ਼ੀਗਨ ਦੇ ਗਵਰਨਰ ਗਰੇਚਨ ਵਾਈਟਮਰ ਦੀ ਵੀ ਮਾਮਲੇ ਵਿਚ ਦਖਲ ਨਾ ਦੇਣ ਲਈ ਨਿੰਦਾ ਕੀਤੀ। ਫਰੇਜ਼ੀਅਰ ਨੂੰ 2011 ਵਿਚ ਮਿਸ਼ੀਗਨ ਤੋਂ ਅਲਾਬਾਮਾ ਤਬਦੀਲ ਕਰ ਦਿੱਤਾ ਗਿਆ ਸੀ, ਜਿਥੇ ਉਹ ਹੱਤਿਆ ਦੇ ਇਕ ਹੋਰ ਮਾਮਲੇ ਵਿਚ ਉਮਰ ਕੈਦ ਕੱਟ ਰਿਹਾ ਸੀ।



### ਟਰੰਪ ਵਲੋਂ ਪੁਤਿਨ ਨਾਲ ਫੋਨ 'ਤੇ ਗੱਲਬਾਤ

# ਰੂਸ-ਯੂਕਰੇਨ ਜੰਗ ਰੋਕਣ 'ਤੇ ਹੋਈ ਚਰਚਾ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੂਕਰੇਨ ਜੰਗ ਰੋਕਣ ਲਈ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੁਤਿਨ ਨਾਲ ਫੋਨ 'ਤੇ ਗੱਲਬਾਤ ਕੀਤੀ ਹੈ। ਨਿਊਯਾਰਕ ਪੋਸਟ ਨੇ ਅਮਰੀਕੀ ਸਦਰ ਨਾਲ ਏਅਰ ਫੋਰਸ ਵਨ 'ਚ ਕੀਤੀ ਇੰਟਰਵਿਊ ਦੇ ਹਵਾਲੇ ਨਾਲ ਉਕਤ ਦਾਅਵਾ ਕੀਤਾ ਹੈ। ਉਂਝ ਇੰਟਰਵਿਊ ਦੌਰਾਨ ਟਰੰਪ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਉਨ੍ਹਾਂ ਕੋਲ ਰੂਸ-ਯੂਕਰੇਨ ਜੰਗ ਰੋਕਣ ਲਈ ਠੋਸ ਯੋਜਨਾ ਹੈ। ਟਰੰਪ ਨੇ ਹਾਲਾਂਕਿ ਇਸ ਬਾਰੇ ਬਹੁਤੀ ਤਫ਼ਸੀਲ ਦੇਣ ਤੋਂ ਨਾਂਹ ਕਰ ਦਿੱਤੀ ਹੈ। ਜਦੋਂ ਟਰੰਪ ਨੂੰ ਪੁੱਛਿਆ ਕਿ ਉਨ੍ਹਾਂ ਹੁਣ ਤੱਕ ਕਿੰਨੀ ਵਾਰ ਪੁਤਿਨ ਨਾਲ ਗੱਲ ਕੀਤੀ ਹੈ ਤਾਂ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਇਸ ਬਾਰੇ ਕੁਝ ਵੀ ਨਾ ਕਹਿਣਾ ਚੰਗਾ ਹੋਵੇਗਾ। ਟਰੰਪ ਨੇ ਨਿਊਯਾਰਕ ਪੋਸਟ ਨੂੰ ਦੱਸਿਆ ਕਿ ਉਹ



(ਪੁਤਿਨ) ਹੋਰ ਲੋਕਾਂ ਨੂੰ ਮਰਦੇ ਨਹੀਂ ਦੇਖਣਾ ਚਾਹੁੰਦਾ ਹੈ। ਉਧਰ ਕਰੈਮਲਿਨ ਜਾਂ ਵ੍ਹਾਈਟ ਹਾਊਸ 'ਚੋਂ ਕਿਸੇ ਨੇ ਵੀ ਦੋਵਾਂ ਆਗੂਆਂ ਦਰਮਿਆਨ ਕਿਸੇ ਤਰ੍ਹਾਂ ਦੀ ਗੱਲਬਾਤ ਹੋਣ ਬਾਰੇ ਪੁਸ਼ਟੀ ਨਹੀਂ ਕੀਤੀ ਹੈ। ਉਂਜ ਪਿਛਲੇ ਮਹੀਨੇ ਕਰੈਮਲਿਨ ਦੇ ਤਰਜਮਾਨ ਦਮਿਤਰੀ ਪੇਸਕੋਵ ਨੇ ਕਿਹਾ ਸੀ ਕਿ ਪੁਤਿਨ ਆਪਣੇ ਅਮਰੀਕੀ ਹਮਰੁਤਬਾ ਨਾਲ ਫੋਨ 'ਤੇ ਗੱਲਬਾਤ ਕਰਨ ਲਈ ਤਿਆਰ ਹਨ ਤੇ ਮਾਸਕੋ ਨੂੰ ਵਾਸ਼ਿੰਗਟਨ ਵਲੋਂ ਵੀ ਇਨ੍ਹਾਂ ਸ਼ਬਦਾਂ ਦੀ ਉਡੀਕ ਹੈ ਕਿ ਉਹ ਵੀ ਤਿਆਰ ਹਨ। ਟਰੰਪ ਨੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਉਹ ਰੂਸ-ਯੂਕਰੇਨ ਜੰਗ ਦੇ ਖ਼ਾਤਮੇ 'ਤੇ ਚਰਚਾ ਕਰਨ ਲਈ ਅਗਲੇ ਹਫ਼ਤੇ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੂੰ ਮਿਲਣਗੇ। ਰੂਸ, ਯੂਕਰੇਨ ਨਾਲ ਲੱਗੀ ਜੰਗ ਦੀ 24 ਫਰਵਰੀ ਨੂੰ ਤੀਜੀ ਵਰ੍ਹੇਗੰਢ ਮਨਾਏਗਾ। ਇਸ ਜੰਗ ਦੌਰਾਨ ਹਜ਼ਾਰਾਂ ਲੋਕ, ਜਿਨ੍ਹਾਂ 'ਚੋਂ ਬਹੁ-ਗਿਣਤੀ ਯੂਕਰੇਨੀ ਸਨ, ਮਾਰੇ ਗਏ ਹਨ। ਟਰੰਪ ਨੇ ਨਿਊਯਾਰਕ ਪੋਸਟ ਨੂੰ ਦੱਸਿਆ ਕਿ ਉਸ ਦਾ ਪੁਤਿਨ ਨਾਲ ਹਮੇਸ਼ਾ ਚੰਗਾ ਰਿਸ਼ਤਾ ਰਿਹਾ ਹੈ ਤੇ ਉਸ ਕੋਲ ਜੰਗ ਖ਼ਤਮ ਕਰਨ ਦੀ ਠੋਸ ਯੋਜਨਾ ਹੈ। ਅਮਰੀਕੀ ਸਦਰ ਨੇ ਹਾਲਾਂਕਿ ਹੋਰ ਵੇਰਵਿਆਂ ਦਾ ਖੁਲਾਸਾ ਨਹੀਂ ਕੀਤਾ।

# ਪੁਲਾੜ ਸਟੇਸ਼ਨ 'ਚ ਫਸੀ ਸੁਨੀਤਾ ਦੀ ਜਲਦ ਹੋਵੇਗੀ ਵਾਪਸੀ

ਕੇਪ ਕੈਨੇਵਰਲ/ਅਮਰੀਕਾ : ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਸਣੇ ਪੁਲਾੜ ਸਟੇਸ਼ਨ 'ਤੇ ਫਸੇ ਨੈਸ਼ਨਲ ਏਅਰੋਨਾਟਿਕਸ ਐਂਡ ਸਪੇਸ ਐਡਮਿਨਿਸਟ੍ਰੇਸ਼ਨ (ਨਾਸਾ) ਦੋ ਪੁਲਾੜ ਯਾਤਰੀਆਂ ਨੂੰ ਨਿਰਧਾਰਤ ਸਮੇਂ ਤੋਂ ਥੋੜ੍ਹਾ ਪਹਿਲਾਂ ਧਰਤੀ 'ਤੇ ਵਾਪਸ ਲਿਆਂਦਾ ਜਾ ਸਕਦਾ ਹੈ। ਨਾਸਾ ਨੇ ਇਹ ਜਾਣਕਾਰੀ ਦਿੱਤੀ। ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਮੰਗਲਵਾਰ ਨੂੰ ਕਿਹਾ ਕਿ ਸਪੇਸਐਕਸ ਆਉਣ ਵਾਲੀਆਂ ਪੁਲਾੜ ਯਾਤਰੀ ਉਡਾਣਾਂ ਲਈ ਕੈਪਸੂਲ ਬਦਲ ਦੇਵੇਗਾ ਤਾਂ ਜੋ ਬੁੱਚ ਵਿਲਮੋਰ ਅਤੇ ਸੁਨੀ (ਸੁਨੀਤਾ) ਵਿਲੀਅਮਜ਼ ਨੂੰ ਮਾਰਚ ਦੇ ਅਖੀਰ ਜਾਂ ਅਪ੍ਰੈਲ ਦੇ ਸ਼ੁਰੂ ਦੀ ਬਜਾਏ ਮਾਰਚ ਦੇ ਅੱਧ ਵਿੱਚ ਵਾਪਸ ਲਿਆਂਦਾ ਜਾ ਸਕੇ। ਉਹ 8 ਮਹੀਨਿਆਂ ਤੋਂ ਵੱਧ ਸਮੇਂ ਤੋਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਫਸੇ ਹੋਏ ਹਨ। ਨਾਸਾ ਦੇ ਕਮਰਸ਼ੀਅਲ ਕਰੂ ਪ੍ਰੋਗਰਾਮ ਦੇ ਮੈਨੇਜਰ ਸਟੀਵ ਸਟਿਚ ਨੇ ਇੱਕ ਬਿਆਨ ਵਿੱਚ ਕਿਹਾ, 'ਪੁਲਾੜ ਯਾਤਰਾ ਅਣਪਛਾਤੀਆਂ ਚੁਣੌਤੀਆਂ ਨਾਲ ਭਰੀ ਹੋਈ ਹੈ।' ਟੈਸਟ ਪਾਇਲਟਾਂ ਦਾ ਜੂਨ ਵਿੱਚ ਬੋਇੰਗ ਦੇ ਸਟਾਰਲਾਈਨਰ ਕੈਪਸੂਲ 'ਤੇ ਵਾਪਸ ਆਉਣਾ ਤੈਅ ਸੀ ਪਰ ਕੈਪਸੂਲ ਨੂੰ ਪੁਲਾੜ ਸਟੇਸ਼ਨ ਤੱਕ ਪਹੁੰਚਣ ਵਿੱਚ ਇੰਨੀ ਮੁਸ਼ਕਲ ਆਈ ਕਿ ਨਾਸਾ ਨੇ ਇਸਨੂੰ ਖਾਲੀ ਵਾਪਸ ਲਿਆਉਣ ਦਾ ਫੈਸਲਾ ਕੀਤਾ।

# ਟਰੰਪ ਵਲੋਂ ਸਟੀਲ ਤੇ ਐਲੂਮੀਨੀਅਮ ਦਰਾਮਦ 'ਤੇ 25 ਫੀਸਦੀ ਟੈਕਸ ਲਗਾਉਣ ਦਾ ਐਲਾਨ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਸੱਤਾ 'ਚ ਆਉਣ ਤੋਂ ਬਾਅਦ ਨਵੇਂ ਨਵੇਂ ਐਲਾਨ ਕਰ ਰਹੇ ਹਨ, ਜਿਨ੍ਹਾਂ ਦਾ ਅਸਰ ਪੂਰੀ ਦੁਨੀਆ 'ਤੇ ਪੈ ਰਿਹਾ ਹੈ। ਹੁਣ ਟਰੰਪ ਨੇ ਨਵਾਂ ਐਲਾਨ ਕੀਤਾ ਹੈ ਕਿ ਉਹ ਸਟੀਲ ਤੇ ਐਲੂਮੀਨੀਅਮ ਦੇ ਆਯਾਤ 'ਤੇ 25 ਫੀਸਦੀ ਟੈਰਿਫ ਲਗਾਉਣਗੇ। ਇਸ ਸੰਬੰਧ 'ਚ ਉਹ ਜਲਦ ਹੀ ਅਧਿਕਾਰਕ ਐਲਾਨ ਕਰਨਗੇ। ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਵੀ ਸਟੀਲ 'ਤੇ 25 ਫੀਸਦੀ ਤੇ ਐਲੂਮੀਨੀਅਮ 'ਤੇ 10 ਫੀਸਦੀ ਟੈਰਿਫ ਲਗਾਇਆ ਸੀ। ਇਹ ਟੈਰਿਫ ਲੱਗਣ ਨਾਲ ਜੋ ਸਭ ਤੋਂ ਵੱਧ ਦੇਸ਼ ਪ੍ਰਭਾਵਿਤ ਹੋਣਗੇ, ਉਨ੍ਹਾਂ 'ਚ ਕੈਨੇਡਾ, ਮੈਕਸੀਕੋ ਤੇ ਬ੍ਰਾਜ਼ੀਲ ਦੇ ਨਾਂਅ ਸ਼ਾਮਿਲ ਹਨ। ਅੰਕੜਿਆਂ ਅਨੁਸਾਰ ਅਮਰੀਕਾ ਆਪਣਾ ਸਭ ਤੋਂ ਵੱਧ ਸਟੀਲ ਕੈਨੇਡਾ, ਬ੍ਰਾਜ਼ੀਲ ਤੇ ਮੈਕਸੀਕੋ ਤੋਂ ਹੀ ਮੰਗਵਾਉਂਦਾ ਹੈ। ਇਸ ਦੇ ਇਲਾਵਾ ਅਮਰੀਕਾ ਦੱਖਣੀ ਕੋਰੀਆ, ਵੀਅਤਨਾਮ ਤੋਂ ਵੀ ਸਟੀਲ ਮੰਗਵਾਉਂਦਾ ਹੈ। ਅਮਰੀਕਾ ਨੇ ਸਾਲ 2024 ਦੇ ਪਹਿਲੇ 11 ਮਹੀਨਿਆਂ 'ਚ ਕੈਨੇਡਾ ਤੋਂ ਆਪਣੀ ਜ਼ਰੂਰਤ ਦਾ ਕਰੀਬ 79 ਫੀਸਦੀ ਸਟੀਲ ਮੰਗਵਾਇਆ ਸੀ, ਉਥੇ ਹੀ ਅਮਰੀਕਾ ਸਭ ਤੋਂ ਜ਼ਿਆਦਾ ਐਲੂਮੀਨੀਅਮ ਮੈਕਸੀਕੋ ਤੋਂ ਮੰਗਵਾਉਂਦਾ ਹੈ। ਜ਼ਿਕਰਯੋਗ ਹਾ ਕਿ ਟਰੰਪ ਨੇ ਕੈਨੇਡਾ ਤੇ ਮੈਕਸੀਕੋ 'ਤੇ ਬੀਤੇ ਦਿਨੀਂ 25 ਫੀਸਦੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਸੀ, ਹਾਲਾਂਕਿ ਟਰੰਪ ਨੇ ਬਾਅਦ 'ਚ ਦੋਵਾਂ ਦੇਸ਼ਾਂ 'ਤੇ ਟੈਰਿਫ ਲਗਾਉਣ ਦੇ ਆਪਣੇ ਫੈਸਲੇ ਨੂੰ 30 ਦਿਨਾਂ ਲਈ ਟਾਲ ਦਿੱਤਾ ਸੀ। ਮੀਡੀਆ ਰਿਪੋਰਟਾਂ ਅਨੁਸਾਰ ਟਰੰਪ ਫਾਰਮਾਸਿਊਟਿਕਲ, ਤੇਲ ਅਤੇ ਸੈਮੀਕੰਡਕਟਰ ਵਰਗੀਆਂ ਚੀਜ਼ਾਂ 'ਤੇ ਵੀ ਟੈਰਿਫ ਲਗਾ ਸਕਦੇ ਹਨ ਅਤੇ ਫਿਲਹਾਲ ਇਸ 'ਤੇ ਵਿਚਾਰ ਹੋ ਰਿਹਾ ਹੈ। ਟਰੰਪ ਅਮਰੀਕੀ ਅਰਥਵਿਵਸਥਾ ਨੂੰ ਬਿਹਤਰ ਬਣਾਉਣ ਅਤੇ ਵਪਾਰਕ ਘਾਟੇ ਨੂੰ ਦੂਰ ਕਰਨ ਲਈ ਇਹ ਕਦਮ ਚੁੱਕ ਰਹੇ ਹਨ, ਪਰ ਇਨ੍ਹਾਂ ਕਦਮਾਂ ਨਾਲ ਪੂਰੀ ਦੁਨੀਆ 'ਤੇ ਅਸਰ ਹੋ ਰਿਹਾ ਹੈ।



## ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਬਾਰੇ ਗੰਭੀਰ ਹਾਂ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੁਪਰ ਬਾਊਲ ਪ੍ਰੀ ਸ਼ੋਅ ਦੌਰਾਨ ਇਕ ਇੰਟਰਵਿਊ 'ਚ ਕਿਹਾ ਕਿ ਉਹ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਬਾਰੇ 'ਚ ਗੰਭੀਰ ਹਨ। ਇਸ ਦੌਰਾਨ ਜਦੋਂ ਟਰੰਪ ਤੋਂ ਪੁੱਛਿਆ ਗਿਆ ਕਿ ਕੀ ਕੈਨੇਡਾ ਨੂੰ ਆਪਣੇ ਨਾਲ ਮਿਲਾਉਣ ਦੀ ਉਨ੍ਹਾਂ ਦੀ ਗੱਲ ਸੱਚੀ ਹੈ, ਜਿਵੇਂ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਹਾਲ ਹੀ 'ਚ ਚੇਤਾਵਨੀ ਦਿੱਤੀ ਸੀ, ਤਾਂ ਉਨ੍ਹਾਂ ਕਿਹਾ ਕਿ ਇਹ ਸੱਚ ਹੈ। ਮੈਨੂੰ ਲੱਗਦਾ ਹੈ ਕਿ ਕੈਨੇਡਾ 51ਵਾਂ ਰਾਜ ਬਣ ਕੇ ਬਿਹਤਰ ਹੋਵੇਗਾ, ਕਿਉਂਕਿ ਕੈਨੇਡਾ ਨਾਲ ਅਸੀਂ ਹਰ ਸਾਲ 200 ਅਰਬ ਡਾਲਰ ਗੁਆਉਂਦੇ ਹਾਂ ਅਤੇ ਮੈਂ ਅਜਿਹਾ ਨਹੀਂ ਹੋਣ ਦੇਵਾਂਗਾ। ਟਰੰਪ ਨੇ ਕਿਹਾ ਕਿ ਅਸੀਂ ਹਰ ਸਾਲ ਕੈਨੇਡਾ ਨੂੰ 200 ਅਰਬ ਡਾਲਰ ਦੀ ਸਬਸਿਡੀ ਕਿਉਂ ਦੇ ਰਹੇ ਹਾਂ। ਟਰੰਪ ਨੇ ਕਿਹਾ ਕਿ ਕੈਨੇਡਾ ਅਮਰੀਕਾ ਬਿਨਾਂ ਟਿਕ ਨਹੀਂ ਸਕਦਾ ਤੇ ਉਸ ਨੂੰ ਅਮਰੀਕੀ ਸੁਰੱਖਿਆ 'ਤੇ ਨਿਰਭਰ ਨਹੀਂ ਰਹਿਣਾ ਚਾਹੀਦਾ। ਟਰੰਪ ਨੇ ਕਿਹਾ ਕਿ ਕੈਨੇਡਾ ਆਪਣੀ ਸੈਨਾ 'ਤੇ ਜ਼ਿਆਦਾ ਖਰਚ ਨਹੀਂ ਕਰਦਾ, ਉਸ ਨੂੰ ਲੱਗਦਾ ਹੈ ਕਿ ਅਮਰੀਕਾ ਉਨ੍ਹਾਂ ਦੀ ਰੱਖਿਆ ਕਰੇਗਾ, ਪਰ ਇਹ ਹੁਣ ਸੰਭਵ ਨਹੀਂ ਹੋਵੇਗਾ।

# 40 ਹਜ਼ਾਰ ਅਮਰੀਕੀ ਸਰਕਾਰੀ ਕਰਮਚਾਰੀ ਰਿਟਾਇਰਮੈਂਟ ਪੈਕੇਜ ਨਾਲ ਅਸਤੀਫ਼ਾ ਦੇਣ ਲਈ ਤਿਆਰ: ਰਿਪੋਰਟ

### ਟਰੰਪ ਸਰਕਾਰ ਨੂੰ ਅਰਬਾਂ ਡਾਲਰ ਦੀ ਹੋਵੇਗੀ ਬਚਤ

ਵਾਸ਼ਿੰਗਟਨ : ਅਮਰੀਕਾ ਦੇ ਘੱਟੋ-ਘੱਟ 40,000 ਸਰਕਾਰੀ ਕਰਮਚਾਰੀ ਅੱਠ ਮਹੀਨਿਆਂ ਦੇ ਰਿਟਾਇਰਮੈਂਟ ਪੈਕੇਜ ਨਾਲ ਅਸਤੀਫ਼ਾ ਦੇਣ ਲਈ ਸਹਿਮਤ ਹੋ ਗਏ ਹਨ। ਇਹ ਜਾਣਕਾਰੀ ਵੀਰਵਾਰ ਨੂੰ ਸੀਐਨਐਨ ਬ੍ਰਾਡਕਾਸਟਰ ਨੇ ਮਾਮਲੇ ਤੋਂ ਜਾਣੂ ਇਕ ਸਰਕਾਰੀ ਅਧਿਕਾਰੀ ਦੇ ਹਵਾਲੇ ਨਾਲ ਦਿੱਤੀ। ਐਨਬੀਸੀ ਨਿਊਜ਼ ਬ੍ਰਾਡਕਾਸਟਰ ਨੇ ਜਨਵਰੀ ਦੇ ਆਖ਼ਰ 'ਚ ਦਸਿਆ ਸੀ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਉਨ੍ਹਾਂ ਸਰਕਾਰੀ ਕਰਮਚਾਰੀਆਂ ਨੂੰ ਅੱਠ ਮਹੀਨਿਆਂ ਰਿਟਾਇਰਮੈਂਟ ਪੈਕੇਜ ਦੀ ਪੇਸ਼ਕਸ਼ ਕੀਤੀ ਸੀ, ਜੋ ਸਵੈ-ਇੱਛਾ ਨਾਲ ਅਸਤੀਫ਼ਾ ਦੇਣ ਲਈ ਤਿਆਰ ਹਨ। ਦਸਿਆ ਜਾ ਰਿਹਾ ਹੈ ਕਿ 10 ਫ਼ੀ ਸਦੀ ਅਮਰੀਕੀ ਅਧਿਕਾਰੀਆਂ ਨੇ ਇਸ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਹੈ, ਜਿਸ ਨਾਲ ਸਰਕਾਰ ਨੂੰ ਅਰਬਾਂ ਡਾਲਰ ਦੀ ਬਚਤ ਹੋਵੇਗੀ। ਬ੍ਰਾਡਕਾਸਟਰ ਨੇ ਕਿਹਾ ਕਿ ਕੁੱਲ ਮਿਲਾ ਕੇ, ਅਮਰੀਕਾ ਵਿਚ ਲਗਭਗ 20 ਲੱਖ ਸਿਵਲ ਸੇਵਕਾਂ ਨੂੰ ਇਹ ਪੇਸ਼ਕਸ਼ ਮਿਲੀ ਹੈ। ਟਰੰਪ ਪ੍ਰਸ਼ਾਸਨ ਦੇ ਇਕ ਅਧਿਕਾਰੀ ਨੇ ਪ੍ਰਸਾਰਕ ਨੂੰ ਦਸਿਆ, "ਸ਼ਰਤਾਂ ਤਹਿਤ ਅਸਤੀਫ਼ਾ ਦੇਣ ਦੇ ਇੱਛੁਕ ਲੋਕਾਂ ਦੀ ਗਿਣਤੀ ਵਧ ਰਹੀ ਹੈ, ਪਰ ਪਰਸੋਨਲ ਮੈਨੇਜਮੈਂਟ ਦਫ਼ਤਰ ਦੀ ਸਮਾਂ ਸੀਮਾ ਤੋਂ ਬਾਅਦ ਅਸਤੀਫ਼ੇ ਜਾਰੀ ਰੱਖਣ ਦੀ ਯੋਜਨਾ ਨਹੀਂ ਹੈ।" ਇਸ ਹਫ਼ਤੇ ਦੇ ਸ਼ੁਰੂ ਵਿਚ, ਮੀਡੀਆ ਨੇ ਰਿਪੋਰਟ 'ਚ ਦਸਿਆ ਕਿ 20,000 ਤੋਂ ਵੱਧ ਸਿਵਲ ਸੇਵਕਾਂ ਨੇ ਪੇਸ਼ਕਸ਼ ਨੂੰ ਸਵੀਕਾਰ ਕਰ ਲਿਆ ਹੈ।

# ਜੇਕਰ ਇਜ਼ਰਾਈਲੀ ਬੰਧਕ ਰਿਹਾਅ ਨਾ ਕੀਤੇ ਤਾਂ ਖੋਲ੍ਹ ਦਿਆਂਗੇ ਨਰਕ ਦੇ ਦਰਵਾਜ਼ੇ : ਟਰੰਪ ਦੀ ਹਮਾਸ ਨੂੰ ਧਮਕੀ

ਵਾਸ਼ਿੰਗਟਨ : ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗਬੰਦੀ ਜਾਰੀ ਹੈ। ਇਸ ਜੰਗਬੰਦੀ ਤਹਿਤ ਹਮਾਸ ਲਗਾਤਾਰ ਇਜ਼ਰਾਈਲੀ ਬੰਧਕਾਂ ਨੂੰ ਰਿਹਾਅ ਕਰ ਰਿਹਾ ਹੈ। ਪਰ ਹੁਣ ਹਮਾਸ ਨੇ ਇਜ਼ਰਾਈਲ 'ਤੇ ਇਸ ਜੰਗਬੰਦੀ ਸਮਝੌਤੇ ਦੀ ਉਲੰਘਣਾ ਦਾ ਦੋਸ਼ ਲਗਾਇਆ ਹੈ। ਉਸ ਦਾ ਕਹਿਣਾ ਹੈ ਕਿ ਉਹ ਬੰਧਕਾਂ ਦੀ ਰਿਹਾਈ ਨੂੰ ਰੋਕ ਸਕਦਾ ਹੈ, ਜਿਸ ਬਾਰੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹੁਣ ਚਿਤਾਵਨੀ ਦਿੱਤੀ ਹੈ। ਟਰੰਪ ਨੇ ਹਮਾਸ ਨੂੰ ਕਿਹਾ ਕਿ ਜੇਕਰ ਗਾਜ਼ਾ 'ਚ ਬੰਧਕ ਬਣਾਏ ਗਏ ਸਾਰੇ ਲੋਕਾਂ ਨੂੰ ਸ਼ਨੀਵਾਰ ਦੁਪਹਿਰ ਤੱਕ ਰਿਹਾਅ ਨਾ ਕੀਤਾ ਗਿਆ ਤਾਂ ਉਹ ਇਜ਼ਰਾਈਲ-ਹਮਾਸ ਜੰਗਬੰਦੀ ਨੂੰ ਖ਼ਤਮ ਕਰਨ ਅਤੇ ਹਮਾਸ ਨੂੰ ਖ਼ਤਮ ਕਰਨ ਦਾ ਪ੍ਰਸਤਾਵ ਦੇਣਗੇ। ਸਮਾਚਾਰ ਏਜੰਸੀ ਰਾਇਟਰਸ ਦੀ ਰਿਪੋਰਟ ਮੁਤਾਬਕ ਓਵਲ ਆਫਿਸ 'ਚ ਬੋਲਦੇ ਹੋਏ ਡੋਨਾਲਡ ਟਰੰਪ ਨੇ ਇਹ ਵੀ ਕਿਹਾ ਕਿ ਜੇਕਰ ਜਾਰਡਨ ਅਤੇ ਮਿਸਰ ਗਾਜ਼ਾ ਤੋਂ ਫਲਸਤੀਨੀ ਸ਼ਰਨਾਰਥੀਆਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦੇ ਹਨ ਤਾਂ ਉਹ ਉਨ੍ਹਾਂ ਦੀ ਮਦਦ ਰੋਕ ਸਕਦੇ ਹਨ। ਇਸ ਤੋਂ ਪਹਿਲਾਂ ਦਿਨ ਵਿੱਚ ਉਨ੍ਹਾਂ ਕਿਹਾ ਸੀ ਕਿ ਫਲਸਤੀਨੀਆਂ ਨੂੰ ਉਸ ਦੀ ਪ੍ਰਸਤਾਵਿਤ ਯੂਐੱਸ ਦੀ ਅਗਵਾਈ ਵਾਲੀ ਗਠਜੋੜ ਯੋਜਨਾ ਤਹਿਤ ਗਾਜ਼ਾ ਵਾਪਸ ਜਾਣ ਦਾ ਅਧਿਕਾਰ ਨਹੀਂ ਹੋਵੇਗਾ। ਟਰੰਪ ਨੇ ਇਹ ਟਿੱਪਣੀ ਹਮਾਸ ਵੱਲੋਂ ਕੀਤੇ ਗਏ ਉਸ ਐਲਾਨ ਤੋਂ ਬਾਅਦ ਕੀਤੀ ਹੈ, ਜਿਸ ਵਿੱਚ ਹਮਾਸ ਨੇ ਅਗਲੇ ਨੋਟਿਸ ਤੱਕ ਇਜ਼ਰਾਈਲੀ ਬੰਧਕਾਂ ਦੀ ਰਿਹਾਈ 'ਤੇ ਰੋਕ ਲਗਾ ਦਿੱਤੀ ਹੈ। ਅੱਤਵਾਦੀ ਸੰਗਠਨ ਨੇ ਇਜ਼ਰਾਈਲ 'ਤੇ ਜੰਗਬੰਦੀ ਸਮਝੌਤੇ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਹੈ ਅਤੇ ਚਿੰਤਾ ਪ੍ਰਗਟਾਈ ਹੈ ਕਿ ਸੰਘਰਸ਼ ਮੁੜ ਸ਼ੁਰੂ ਹੋ ਸਕਦਾ ਹੈ। ਹਮਾਸ ਨੇ ਕਿਹਾ ਕਿ ਉਸ ਨੇ ਅਗਲੇ ਨਿਯਤ ਬੰਧਕਾਂ ਦੀ ਰਿਹਾਈ ਤੋਂ ਪੰਜ ਦਿਨ ਪਹਿਲਾਂ ਇਹ ਫੈਸਲਾ ਲਿਆ ਤਾਂ ਜੋ ਵਿਚੋਲਿਆਂ ਨੂੰ ਇਜ਼ਰਾਈਲ 'ਤੇ ਆਪਣੇ ਵਾਅਦੇ ਪੂਰੇ ਕਰਨ ਅਤੇ ਸਮੇਂ ਸਿਰ ਰਿਹਾਈ ਯਕੀਨੀ ਬਣਾਉਣ ਲਈ ਦਬਾਅ ਬਣਾਉਣ ਦਾ ਸਮਾਂ ਦਿੱਤਾ ਜਾ ਸਕੇ। ਜੰਗਬੰਦੀ ਅਨੁਸਾਰ, ਹਮਾਸ ਨੂੰ ਫਲਸਤੀਨੀ ਕੈਦੀਆਂ ਅਤੇ ਨਜ਼ਰਬੰਦਾਂ ਦੇ ਬਦਲੇ ਸ਼ਨੀਵਾਰ ਨੂੰ ਹੋਰ ਇਜ਼ਰਾਈਲੀ ਬੰਧਕਾਂ ਨੂੰ ਰਿਹਾਅ ਕਰਨ ਦੀ ਉਮੀਦ ਸੀ। ਇਹ ਪ੍ਰਣਾਲੀ ਪਿਛਲੇ ਤਿੰਨ ਹਫ਼ਤਿਆਂ ਤੋਂ ਲਾਗੂ ਸੀ। ਇਸ ਦੇ ਨਾਲ ਹੀ ਹਮਾਸ ਦੇ ਇਸ ਐਲਾਨ ਤੋਂ ਬਾਅਦ ਇਜ਼ਰਾਈਲੀ ਬੰਧਕ ਪਰਿਵਾਰਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਸੋਮਵਾਰ ਰਾਤ ਤੇਲ ਅਵੀਵ ਦੇ ਖੇਤਰ ਨੂੰ ਘੇਰ ਲਿਆ, ਜਿਸ ਨੂੰ ਹੁਣ ਹੋਸਟੇਜ ਸਕੁਆਇਰ ਵਜੋਂ ਜਾਣਿਆ ਜਾਂਦਾ ਹੈ। ਪ੍ਰਦਰਸ਼ਨਕਾਰੀਆਂ ਨੇ ਸਰਕਾਰ 'ਤੇ ਸਮਝੌਤੇ ਨੂੰ ਨਾ ਛੱਡਣ ਲਈ ਦਬਾਅ ਪਾਇਆ। ਪ੍ਰਦਰਸ਼ਨ ਵਿੱਚ 2 ਹਜ਼ਾਰ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ।

**ਪੀਐੱਮ ਨੇ ਸੱਦੀ ਅਹਿਮ ਬੈਠਕ :** ਇਸ ਤੋਂ ਬਾਅਦ ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਕਿਹਾ ਕਿ ਹਮਾਸ ਦੇ ਐਲਾਨ ਨੇ ਜੰਗਬੰਦੀ ਸਮਝੌਤੇ ਦੀ ਉਲੰਘਣਾ ਕੀਤੀ ਹੈ ਅਤੇ ਉਨ੍ਹਾਂ ਨੇ ਗਾਜ਼ਾ ਅਤੇ ਘਰੇਲੂ ਰੱਖਿਆ ਲਈ ਫੌਜ ਨੂੰ ਉੱਚ ਪੱਧਰੀ ਤਿਆਰੀ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਇਜ਼ਰਾਈਲ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਮੰਗਲਵਾਰ ਸਵੇਰੇ ਰੱਖਿਆ, ਐਨਐਸਏ ਅਤੇ ਵਿਦੇਸ਼ ਮੰਤਰੀ ਨਾਲ ਮੀਟਿੰਗ ਕਰਨਗੇ।

# ਦਿੱਲੀ ’ਚ 27 ਸਾਲ ਬਾਅਦ ਖਿੜਿਆ ਕਮਲ

## ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ 70 ’ਚੋਂ 48 ਸੀਟਾਂ ਜਿੱਤੀਆਂ; ਆਮ ਆਦਮੀ ਪਾਰਟੀ ਨੂੰ 22 ਸੀਟਾਂ ਮਿਲੀਆਂ; ਕਾਂਗਰਸ ਦਾ ਲਗਾਤਾਰ ਤੀਜੀ ਵਾਰ ਖਾਤਾ ਨਾ ਖੁੱਲ੍ਹਿਆ; ਕੇਜਰੀਵਾਲ, ਮਨੀਸ਼ ਸਿਸੋਦੀਆ ਸਮੇਤ ਕਈ ਦਿੱਗਜ ਹਾਰੇ; ਮੁੱਖ ਮੰਤਰੀ ਆਤਿਸ਼ੀ ਨੇ ਜਿੱਤੀ ਕਾਲਕਾਜੀ ਵਿਧਾਨ ਸਭਾ ਸੀਟ



ਨਵੀਂ ਦਿੱਲੀ : ਭਾਰਤੀ ਜਨਤਾ ਪਾਰਟੀ ਨੇ ਦਿੱਲੀ ਵਿਧਾਨ ਸਭਾ ਚੋਣਾਂ ’ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਅੱਜ ਆਮ ਆਦਮੀ ਪਾਰਟੀ (ਆਪ) ਨੂੰ ਸੱਤਾ ਤੋਂ ਬਾਹਰ ਕਰਕੇ 27 ਸਾਲ ਬਾਅਦ ਧਮਾਕੇਦਾਰ ਵਾਪਸੀ ਕੀਤੀ ਹੈ। ‘ਆਪ’ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਮੰਤਰੀ ਸੌਰਭ ਭਾਰਦਵਾਜ ਸਮੇਤ ਹਾਕਮ ਧਿਰ ਦੇ ਕਈ ਹੋਰ ਵੱਡੇ ਆਗੂ ਚੋਣ ਹਾਰ ਗਏ ਹਨ। ਹਾਲਾਂਕਿ ਮੁੱਖ ਮੰਤਰੀ ਆਤਿਸ਼ੀ ਮਾਰਲੇਨਾ ਕਾਲਕਾਜੀ ਵਿਧਾਨ ਸਭਾ ਸੀਟ ਤੋਂ ਜਿੱਤ ਗਈ ਹੈ।

ਚੋਣ ਕਮਿਸ਼ਨ ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਭਾਜਪਾ ਦਿੱਲੀ ਦੀਆਂ 70 ’ਚੋਂ 48 ਸੀਟਾਂ ਜਿੱਤ ਗਈ ਹੈ ਜਦਕਿ ‘ਆਪ’ ਨੂੰ 22 ਸੀਟਾਂ ਪ੍ਰਾਪਤ ਹੋਈਆਂ ਹਨ। ਲਗਾਤਾਰ 15 ਸਾਲ ਸ਼ੀਲਾ ਦੀਕਸ਼ਿਤ ਦੀ ਅਗਵਾਈ ਹੇਠ ਦਿੱਲੀ ਸਰਕਾਰ ਚਲਾਉਣ ਵਾਲੀ ਕਾਂਗਰਸ ਨੂੰ ਲਗਾਤਾਰ ਤੀਜੀ ਵਾਰ ਕੋਈ ਵੀ ਸੀਟ ਨਹੀਂ ਮਿਲੀ ਪਰ ਕਾਂਗਰਸੀ ਉਮੀਦਵਾਰਾਂ ਨੇ ਪਾਰਟੀ ਦਾ ਵੋਟ ਫ਼ੀਸਦੀ ਵਧਾ ਕੇ ਆਮ ਆਦਮੀ ਪਾਰਟੀ ਦੀਆਂ ਵੋਟਾਂ ਨੂੰ ਖੋਰਾ ਲਾਇਆ ਹੈ। ਹੁਣ ਤੱਕ ਕੇ ਅੰਕੜਿਆਂ ਅਨੁਸਾਰ ਭਾਜਪਾ ਨੂੰ 45.91 ਫੀਸਦ ਜਦਕਿ ‘ਆਪ’ ਨੂੰ 43.56 ਫੀਸਦ ਵੋਟਾਂ ਮਿਲੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਨੂੰ ‘ਵੱਡਾ ਲੋਕ ਫਤਵਾ’ ਦੱਸਿਆ ਤੇ ਕਿਹਾ ਕਿ ਰਾਜਧਾਨੀ ਦੇ ਚਹੁੰਪੱਖੀ ਵਿਕਾਸ ਤੇ ਲੋਕਾਂ ਦੀ ਜ਼ਿੰਦਗੀ ਬਿਹਤਰ ਬਣਾਉਣ ’ਚ ਕੋਈ ਕਸਰ ਨਹੀਂ ਛੱਡਣਗੇ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਚੋਣ ਨਤੀਜਿਆਂ ’ਤੇ ਟਿੱਪਣੀ ਕਰਦਿਆਂ ਕਿਹਾ ਕਿ ਦਿੱਲੀ ਦੀ ਜਨਤਾ ਨੇ ਝੂਠ, ਧੋਖੇ ਤੇ ਭ੍ਰਿਸ਼ਟਾਚਾਰ ਦੇ ‘ਸ਼ੀਸ਼ ਮਹਿਲ’ ਨੂੰ ਤਬਾਹ ਕਰਕੇ ਦਿੱਲੀ ਨੂੰ ‘ਆਪ-ਦਾ’ ਮੁਕਤ ਕਰ ਦਿੱਤਾ ਹੈ।

ਚੋਣ ਕਮਿਸ਼ਨ ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਅਰਵਿੰਦ ਕੇਜਰੀਵਾਲ ਨੂੰ ਨਵੀਂ ਦਿੱਲੀ ਵਿਧਾਨ ਸਭਾ ਹਲਕੇ ਤੋਂ 4,089 ਵੋਟਾਂ ਦੇ ਫਰਕ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੂੰ ਭਾਜਪਾ ਦੇ ਪਰਵੇਸ਼ ਵਰਮਾ ਨੇ ਹਰਾਇਆ। ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਭਾਜਪਾ ਦੇ ਤਲਵਿੰਦਰ ਸਿੰਘ ਮਰਵਾਹ ਨੇ 675 ਵੋਟਾਂ ਦੇ ਫਰਕ ਨਾਲ ਹਰਾਇਆ। ਸਾਬਕਾ ਮੁੱਖ ਮੰਤਰੀ ਸਾਹਿਬ ਸਿੰਘ ਵਰਮਾ ਦੇ ਪੁੱਤਰ ਪਰਵੇਸ਼ ਵਰਮਾ ਨੇ ਇਸ ਜਿੱਤ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਦਿੱਲੀ ਦੇ ਲੋਕਾਂ ਦੀ ਜਿੱਤ ਕਰਾਰ ਦਿੱਤਾ। ‘ਆਪ’ ਦੇ ਇੱਕ ਹੋਰ ਵੱਡੇ ਆਗੂ ਸੌਰਭ ਭਾਰਦਵਾਜ ਨੂੰ ਵੀ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਉਨ੍ਹਾਂ ਨੂੰ ਗਰੇਟਰ ਕੈਲਾਸ਼ ਤੋਂ ਭਾਜਪਾ ਦੀ ਸ਼ਿਖਾ ਰਾਏ ਨੇ 3,188 ਵੋਟਾਂ ਨਾਲ ਮਾਤ ਦਿੱਤੀ। ਹਾਲਾਂਕਿ ‘ਆਪ’ ਆਗੂ ਗੋਪਾਲ ਰਾਏ, ਮੁਕੇਸ਼ ਅਹਿਲਾਵਤ ਤੇ ਇਮਰਾਨ ਹੁਸੈਨ ਆਪਣੀਆਂ ਸੀਟਾਂ ਬਚਾਉਣ ਵਿੱਚ ਕਾਮਯਾਬ ਰਹੇ। ਹੁਸੈਨ ਨੇ ਬੱਲੀਮਾਰਾਨ ਤੋਂ 29,823, ਰਾਏ ਨੇ ਬਾਬਰਪੁਰ ਤੋਂ 18,994 ਅਤੇ ਅਹਿਲਾਵਤ ਨੇ ਸੁਲਤਾਨਪੁਰ ਮਾਜਰਾ ਤੋਂ 17,126 ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ। ਦਿੱਲੀ ਦੀ ਮੁੱਖ ਮੰਤਰੀ ਆਤਿਸ਼ੀ ਨੇ ਕਾਲਕਾਜੀ ਸੀਟ ਤੋਂ ਭਾਜਪਾ ਦੇ ਰਮੇਸ਼ ਬਿਧੂੜੀ ਨੂੰ ਹਰਾਇਆ। ਦਿੱਲੀ ਦੇ ਸਾਬਕਾ ਮੰਤਰੀ ਸਤੇਂਦਰ ਜੈਨ ਨੂੰ ਭਾਜਪਾ ਦੇ ਕਰਨੈਲ ਸਿੰਘ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ ਜਦਕਿ ਸਾਬਕਾ ਮੰਤਰੀ ਸੋਮਨਾਥ ਭਾਰਤੀ ਮਾਲਵੀਆ ਨਗਰ ਸੀਟ ਬਰਕਰਾਰ ਰੱਖਣ ’ਚ ਨਾਕਾਮ ਰਹੇ। ਭਾਜਪਾ ਵੱਲੋਂ ਜਿੱਤਣ ਵਾਲੇ ਉਮੀਦਵਾਰਾਂ ’ਚ ਮੋਹਨ ਸਿੰਘ ਬਿਸ਼ਟ, ਕਪਿਲ ਮਿਸ਼ਰਾ, ਰੇਖਾ ਗੁਪਤਾ, ਮਨਜਿੰਦਰ ਸਿੰਘ ਸਿਰਸਾ, ਤਿਲਕ ਰਾਮ ਗੁਪਤਾ, ਉਮੰਗ ਬਜਾਜ ਤੇ ਚੰਦਨ ਸਿੰਘ ਚੌਧਰੀ ਸ਼ਾਮਲ ਹਨ ਜਦਕਿ ‘ਆਪ’ ਵੱਲੋਂ ਵੀਰੇਂਦਰ ਸਿੰਘ ਕਾਦੀਆਂ, ਕੁਲਦੀਪ ਕੁਮਾਰ, ਸਾਹੀ ਰਾਮ, ਜਰਨੈਲ ਸਿੰਘ ਨੇ ਜਿੱਤ ਦਰਜ ਕੀਤੀ ਹੈ।ਜ਼ਿਕਰਯੋਗ ਹੈ ਕਿ 1993-1998 ’ਚ ਦਿੱਲੀ ਵਿੱਚ ਭਾਜਪਾ ਨੇ ਸਰਕਾਰ ਬਣਾਈ ਸੀ। ਉਸ ਚੋਣ ਵਿੱਚ ਭਾਜਪਾ ਨੇ 49 ਸੀਟਾਂ ਜਿੱਤੀਆਂ ਸਨ। ਇਸ ਤੋਂ ਬਾਅਦ 2020 ਤੱਕ ਹੋਈਆਂ ਸਾਰੀਆਂ ਚੋਣਾਂ ’ਚ ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਭਾਜਪਾ 2015 ’ਚ ਸਿਰਫ਼ ਤਿੰਨ ਸੀਟਾਂ ’ਤੇ ਸਿਮਟ ਗਈ ਸੀ ਜਦਕਿ 2020 ਦੀਆਂ ਚੋਣਾਂ ’ਚ ਉਸ ਦੀਆਂ ਸੀਟਾਂ ਦੀ ਗਿਣਤੀ ਵੱਧ ਕੇ ਅੱਠ ਹੋ ਗਈ ਸੀ।

### ਦਿੱਲੀ ਵਿਧਾਨ ਸਭਾ ਚੋਣਾਂ 2025




| ਪਾਰਟੀ | ਸੀਟਾਂ |
|---|---|
| ‘ਆਪ’ | 22 |
| ਭਾਜਪਾ | 48 |
| ਕਾਂਗਰਸ | 0 |
| ਹੋਰ | 0 |




## ਜਨਤਾ ਦੀ ਸੇਵਾ ਕਰਦਾ ਰਹਾਂਗਾ: ਕੇਜਰੀਵਾਲ

ਨਵੀਂ ਦਿੱਲੀ : ਦਿੱਲੀ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਹ ਸੱਤਾ ਲਈ ਰਾਜਨੀਤੀ ਵਿੱਚ ਨਹੀਂ ਆਏ, ਸਗੋਂ ਰਾਜਨੀਤੀ ਨੂੰ ਜਨਤਾ ਦੀ ਸੇਵਾ ਦਾ ਸਾਧਨ ਮੰਨਦੇ ਹਨ ਅਤੇ ਸੇਵਾ ਦਾ ਕੰਮ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਉਹ ਦਿੱਲੀ ਦੇ ਲੋਕਾਂ ਦੇ ਫੈਸਲੇ ਨੂੰ ਪੂਰੀ ਨਿਮਰਤਾ ਨਾਲ ਸਵੀਕਾਰ ਕਰਦੇ ਹਾਂ। ਨਾਲ ਹੀ ਭਾਜਪਾ ਨੂੰ ਇਸ ਜਿੱਤ ਲਈ ਵਧਾਈ ਦਿੱਤੀ। ਉਨ੍ਹਾਂ ਉਮੀਦ ਕੀਤੀ ਕਿ ਭਾਜਪਾ ਲੋਕਾਂ ਦੀਆਂ ਉਮੀਦਾਂ ’ਤੇ ਖਰੀ ਉਤਰੇਗੀ।

ਉਨ੍ਹਾਂ ਕਿਹਾ ਕਿ ਪਿਛਲੇ ਦਸ ਸਾਲਾਂ ਵਿੱਚ ‘ਆਪ’ ਨੇ ਸਿੱਖਿਆ, ਸਿਹਤ, ਪਾਣੀ, ਬਿਜਲੀ ਅਤੇ ਹੋਰ ਖੇਤਰਾਂ ਵਿੱਚ ਬਹੁਤ ਸਾਰੇ ਕੰਮ ਕਰਕੇ ਲੋਕਾਂ ਦੀ ਜ਼ਿੰਦਗੀ ਵਿੱਚ ਰਾਹਤ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਅੱਜ ਦਿੱਲੀ ਚੋਣਾਂ ਦੇ ਨਤੀਜੇ ਆ ਗਏ ਹਨ। ਜਨਤਾ ਦਾ ਜੋ ਵੀ ਫ਼ੈਸਲਾ ਹੈ, ਉਸ ਨੂੰ ਪੂਰੀ ਨਿਮਰਤਾ ਨਾਲ ਸਵੀਕਾਰ ਕਰਦੇ ਹਾਂ। ਜਨਤਾ ਦਾ ਫ਼ੈਸਲਾ ਸਿਰ ’ਤੇ ਹੈ। ਉਨ੍ਹਾਂ ਕਿਹਾ ਕਿ 10 ਸਾਲਾਂ ’ਚ ਜਨਤਾ ਨੇ ਉਨ੍ਹਾਂ ਨੂੰ ਜੋ ਮੌਕਾ ਦਿੱਤਾ, ਉਨ੍ਹਾਂ ’ਚ ਬਹੁਤ ਕੰਮ ਕੀਤੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸਿਰਫ਼ ਵਿਰੋਧੀ ਧਿਰ ਦੀ ਭੂਮਿਕਾ ਹੀ ਨਹੀਂ ਨਿਭਾਵੇਗੀ ਸਗੋਂ ਸਮਾਜ ਸੇਵਾ ਤੇ ਲੋਕਾਂ ਦੇ ਸੁੱਖ-ਦੁੱਖ ਵਿੱਚ ਹਮੇਸ਼ਾ ਸਾਥ ਰਹਾਂਗੀ। ਕਿਉਂਕਿ ਉਹ ਕਿਸੇ ਸੱਤਾ ਲਈ ਰਾਜਨੀਤੀ ਵਿੱਚ ਨਹੀਂ ਆਏ ਸਨ। ਕੇਜਰੀਵਾਲ ਨੇ ਕਿਹਾ ਕਿ ਪਾਰਟੀ ਦੇ ਸਾਰੇ ਵਰਕਰਾਂ ਨੇ ਬਹੁਤ ਹੀ ਸ਼ਾਨਦਾਰ ਢੰਗ ਨਾਲ ਚੋਣਾਂ ਲੜੀਆਂ। ਇਸ ਸਾਰੀ ਚੋਣ ਦੌਰਾਨ ਉਨ੍ਹਾਂ ਨੇ ਬਹੁਤ ਮਿਹਨਤ ਕੀਤੀ ਤੇ ਉਨ੍ਹਾਂ ਨੂੰ ਬਹੁਤ ਕੁਝ ਸਹਿਣਾ ਪਿਆ।

# ਦਿੱਲੀ ਵਿਧਾਨ ਸਭਾ ਚੋਣਾਂ ’ਚ ਪੰਜ ਸਿੱਖ ਉਮੀਦਵਾਰ ਜਿੱਤੇ

## ਭਾਜਪਾ ਦੇ ਤਿੰਨ ਅਤੇ ‘ਆਪ’ ਦੇ ਦੋ ਸਿੱਖ ਉਮੀਦਵਾਰ ਰਹੇ ਜੇਤੂ; ਅਰਵਿੰਦਰ ਸਿੰਘ ਲਵਲੀ, ਮਨਜਿੰਦਰ ਸਿੰਘ ਸਿਰਸਾ, ਤਰਵਿੰਦਰ ਸਿੰਘ ਮਾਰਵਾਹ, ਜਰਨੈਲ ਸਿੰਘ ਤੇ ਪੁਨਰਦੀਪ ਸਿੰਘ ਸਾਹਨੀ ਜੇਤੂਆਂ ’ਚ ਸ਼ਾਮਲ



ਨਵੀਂ ਦਿੱਲੀ : ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਅਤੇ ਆਮ ਆਦਮੀ ਪਾਰਟੀ ਵੱਲੋਂ ਕੁੱਲ ਮਿਲਾ ਕੇ ਪੰਜ ਸਿੱਖ ਉਮੀਦਵਾਰ ਜਿੱਤ ਕੇ ਵਿਧਾਨ ਸਭਾ ਵਿਚ ਪੁੱਜਣ ’ਚ ਸਫਲ ਰਹੇ ਹਨ। ਇਨ੍ਹਾਂ ਵਿਚੋਂ ਭਾਜਪਾ ਦੇ ਤਿੰਨ ਅਤੇ ‘ਆਪ’ ਦੇ ਦੋ ਸਿੱਖ ਉਮੀਦਵਾਰ ਜਿੱਤੇ ਹਨ।

ਭਾਜਪਾ ਦੀ ਟਿਕਟ ’ਤੇ ਗਾਂਧੀ ਨਗਰ ਤੋਂ ਅਰਵਿੰਦਰ ਸਿੰਘ ਲਵਲੀ, ਰਾਜੌਰੀ ਗਾਰਡਨ ਤੋਂ ਮਨਜਿੰਦਰ ਸਿੰਘ ਸਿਰਸਾ ਅਤੇ ਜੰਗਪੁਰਾ ਤੋਂ ਤਰਵਿੰਦਰ ਸਿੰਘ ਮਾਰਵਾਹ ਜੇਤੂ ਰਹੇ। ਆਮ ਆਦਮੀ ਪਾਰਟੀ ਵੱਲੋਂ ਤਿਲਕ ਨਗਰ ਤੋਂ ਜਰਨੈਲ ਸਿੰਘ ਤੇ ਚਾਂਦਨੀ ਚੌਕ ਤੋਂ ਪੁਨਰਦੀਪ ਸਿੰਘ ਸਾਹਨੀ ਜਿੱਤੇ ਹਨ।

ਅਰਵਿੰਦਰ ਸਿੰਘ ਲਵਲੀ ਨੇ (56858 ਵੋਟਾਂ) ਨੇ ਆਮ ਆਦਮੀ ਪਾਰਟੀ ਦੇ ਨਵੀਨ ਚੌਧਰੀ (44110 ਵੋਟਾਂ) ਨੂੰ 12748 ਵੋਟਾਂ ਨਾਲ ਹਰਾਇਆ। ਉਹ ਚੌਥੀ ਵਾਰ ਜਿੱਤੇ ਹਨ। ਸ਼ੀਲਾ ਦੀਕਸ਼ਤ ਸਰਕਾਰ ਵਿੱਚ ਉਹ ਦੋ ਵਾਰ ਮੰਤਰੀ ਵੀ ਬਣੇ ਸਨ।

ਮਨਜਿੰਦਰ ਸਿੰਘ ਸਿਰਸਾ (64132 ਵੋਟਾਂ) ਨੇ ‘ਆਪ’ ਦੇ ਧਨਵੰਤੀ ਚੰਦੇਲਾ (45942 ਵੋਟਾਂ) ਨੂੰ 18190 ਵੋਟਾਂ ਦੇ ਫਰਕ ਨਾਲ ਮਾਤ ਦਿੱਤੀ। ਉਹ ਦੂਜੀ ਵਾਰ ਇਸੇ ਹਲਕੇ ਤੋਂ ਜਿੱਤੇ ਹਨ। ਤਰਵਿੰਦਰ ਸਿੰਘ ਮਾਰਵਾਹ (38859 ਵੋਟਾਂ) ਨੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ (38184 ਵੋਟਾਂ) ਨੂੰ 675 ਵੋਟਾਂ ਨਾਲ ਹਰਾਇਆ। ਉਹ ਵੀ ਲਵਲੀ ਵਾਂਗ ਹੀ ਚੌਥੀ ਵਾਰ ਜਿੱਤੇ ਹਨ। ਸ਼ੀਲਾ ਦੀਕਸ਼ਤ ਦੀ ਸਰਕਾਰ ਸਮੇਂ ਉਹ ਤਿੰਨ ਵਾਰ ਜਿੱਤੇ ਅਤੇ ਭਾਜਪਾ ਦੀ ਟਿਕਟ ਉੱਤੇ ਇਸ ਵਾਰ ਜਿੱਤੇ।

ਚਾਂਦਨੀ ਚੌਕ ਹਲਕੇ ਤੋਂ ‘ਆਪ’ ਦੇ ਪੁਨਰਦੀਪ ਸਿੰਘ ਸਾਹਨੀ (38993 ਵੋਟਾਂ) ਨੇ ਭਾਜਪਾ ਦੇ ਸਤੀਸ਼ ਜੈਨ (22421 ਵੋਟਾਂ) ਨੂੰ 16372 ਵੋਟਾਂ ਦੇ ਫਰਕ ਨਾਲ ਹਰਾਇਆ। ਇਸੇ ਹਲਕੇ ਤੋਂ ਸਾਹਨੀ ਦੇ ਪਿਤਾ ਪ੍ਰਹਿਲਾਦ ਸਿੰਘ ਸਾਹਨੀ ਕਾਂਗਰਸ ਵੱਲੋਂ ਤਿੰਨ ਵਾਰ ਅਤੇ ਇੱਕ ਵਾਰ ਆਮ ਆਦਮੀ ਪਾਰਟੀ ਵੱਲੋਂ ਜਿੱਤੇ ਸਨ। ਸਾਹਨੀ ਪਰਿਵਾਰ ਦੀ ਚਾਂਦਨੀ ਚੌਕ ਹਲਕੇ ਵਿੱਚ ਇਹ ਪੰਜਵੀਂ ਜਿੱਤ ਹੈ।

ਤਿਲਕ ਨਗਰ ਤੋਂ ਜਰਨੈਲ ਸਿੰਘ (52134 ਵੋਟਾਂ) ਨੇ ਭਾਜਪਾ ਉਮੀਦਵਾਰ ਸ਼ਵੇਤਾ (40478) ਨੂੰ 11656 ਵੋਟਾਂ ਦੇ ਅੰਤਰ ਨਾਲ ਮਾਤ ਦਿੱਤੀ। ਉਹ ਵੀ ਚੌਥੀ ਵਾਰ ਵਿਧਾਨ ਸਭਾ ਵਿੱਚ ਗਏ ਹਨ। ਹਾਰਨ ਵਾਲੇ ਸਿੱਖ ਉਮੀਦਵਾਰਾਂ ਵਿੱਚ ਜਤਿੰਦਰ ਸਿੰਘ ਸ਼ੰਟੀ ਸ਼ਾਮਲ ਹਨ। ਉਹ ਭਾਜਪਾ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਆਏ ਸਨ।

# ਕ੍ਰਾਂਤੀਕਾਰੀ ਗੁਰੂ ਸ਼੍ਰੀ ਗੁਰੂ ਰਵਿਦਾਸ ਜੀ

ਰਸ਼ਪਾਲ ਸਿੰਘ ਭਾਰਦਵਾਜ




ਸ਼੍ਰੀ ਗੁਰੂ ਰਵਿਦਾਸ ਜੀ ਸੰਤ ਸ਼੍ਰੋਮਣੀ, ਰੱਬ ਦੀ ਭਗਤੀ ਕਰਨੇ ਵਾਲੇ ਭਗਤ ਸਤਿਗੁਰੂ ਰਵਿਦਾਸ ਜੀ, ਜਗਤਗੁਰੂ ਜੀ, ਚਮਾਰਵੰਸ਼ ਦੇ ਪਹਿਲੇ ਅਧਿਆਤਮਕ ਗੁਰੂ ਹੋਏ ਹਨ। ਸ਼੍ਰੀ ਗੁਰੂ ਰਵਿਦਾਸ ਜੀ ਦਾ ਕੋਈ ਵੀ ਅਧਿਆਤਮਕ ਗੁਰੂ ਨਹੀ ਸੀ ਅਤੇ ਗੁਰੂ ਜੀ ਅਕਾਲਪੁਰਖ ਵਿੱਚ ਸਮਾਏ ਹੋਏ,ਇੱਕ ਪ੍ਰਾਣੀ ਵਜੋਂ ਸਨ ਜੋ ਅਕਾਲ ਪੁਰਖ ਦੇ ਹੁਕਮਾਂ ਨੂੰ ਪੂਰਾ ਕਰਨ ਵਾਸਤੇ ਭਾਰਤ ਦੀ ਧਰਤੀ ਤੇ ਪੈਦਾ ਹੋਏ ਸਨ। ਇਸ ਸਮੇਂ ਵਿੱਚ ਬ੍ਰਾਹਮਣਵਾਧੀ ਲੋਕ ਅਤੇ ਮੁਲਮਾਨ ਰਾਜੇ ਆਮ ਲੋਕਾਂ ਨੂੰ ਇੰਨਸਾਨ ਨਹੀ ਸਮਝਦੇ ਸਨ। ਸ਼੍ਰੀ ਗੁਰੂ ਰਵਿਦਾਸ ਜੀ, ਦੁਨਿਆਵੀ ਪੁਰਸ਼ ਦੀ ਤਰ੍ਹਾਂ ਭਾਰਤ ਦੀ ਧਰਤੀ ਉਪਰ ਆਏ ਅਤੇ ਅਕਾਲ ਪੁਰਖ ਦੇ ਹੁਕਮਾਂ ਨੂੰ ਸਾਰੀ ਦੁਨੀਆਂ ਵਿੱਚ ਬਨਾਰਸ ਦੀ ਪਵਿਤਰ ਧਰਤੀ ਤੋਂ ਸਤਿਨਾਮ ਨਾਮ ਦੇ ਜਾਪ ਦੀ ਸ਼ੁਰੂਆਤ ਕੀਤਾ ਸੀ। ਜਿਸ ਸਮੇਂ ਭਾਰਤ ਵਿੱਚ ਬ੍ਰਾਹਮਣਾਂ ਦੇ ਪਾਖੰਡਵਾਧ ਅਤੇ ਜਾਤੀਵਾਧ ਦਾ ਬੋਲਬਾਲਾ ਅੰਤਮ ਛੋਹਾਂ ਉਪਰ ਸੀ।

ਸ਼੍ਰੀ ਗੁਰੂ ਰਵਿਦਾਸ ਜੀ ਵਲੋਂ ਅਕਾਲਪੁਰਖ ਦੇ ਹੁਕਮ ਦਾ ਪਸਾਰਾ ਕਰਕੇ ਸਿੱਖ ਧਰਮ ਦੀ ਸ਼ੁਰੂਆਤ ਕਰਕੇ ਸ਼੍ਰੀਗੁਰੂ ਨਾਨਕ ਜੀ ਨੂੰ ਸਿੱਖ ਧਰਮ ਨੂੰ ਚਲਾਉਣ ਦੀ ਜ਼ੁਮੇਬਾਰੀ ਸੌਂਪੀ ਸੀ।ਸਾਨੂੰ ਇਤਿਹਾਸਕ ਤੱਥਾਂ ਉਪਰ ਵਿਚਾਰ ਕਰਨਾ ਚਾਹੀਦਾ ਕਿ ਤਥਗੱਤ ਬੁੱਧ ਦੀ ਤੋੜ੍ਹੀ ਹੋਈ ਜਾਤੀ-ਪ੍ਰਥਾ ਨੂੰ ਬ੍ਰਾਹਮਣਵਾਧੀ ਲੋਕਾਂ ਅਤੇ ਮੁਲਮਾਨ ਰਜਿਆਂ ਵਲੋਂ ਮੁੜ ਸਥਾਪਿਤ ਕਰ ਦਿੱਤਾ ਸੀ

ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ ਭਾਰਤ ਦੇ ਪ੍ਰਾਂਤ ਉਤੱਰ ਪ੍ਰਦੇਸ਼, ਬਨਾਰਸ ਦੇ ਨੇੜੇ ਪਿੰਡ, ਮੰਡੂਆਡੀਹ ਵਿੱਚ, ਮਾਤਾ ਕਰਮੀ ਦੇਵੀ ਜੀ ਤੇ ਪਿਤਾ ਸ਼੍ਰੀ ਰਘੂਨੰਦ ਜਾਂ ਰਘੂ ਦੇ ਘਰ, ਮਾਘ ਸੁਦੀ ਪੰਦਰਾਸ ਬਿਕਰਮੀ ਸੰਮਤ 1471 ਅਤੇ ਈਸਵੀ 1414 ਦਿਨ ਸ਼ੁਕਰਵਾਰ ਨੂੰ ਹੋਇਆ ਸੀ ਜੋ ਅੱਜ ਦੇ ਇਤਿਹਾਸਕਾਰ ਮੰਨਦੇ ਹਨ। ਸੀਰਗੋਵਰਧਨ ਉਨਾਂ ਦੀ ਕਰਮ ਭੂਮੀ ਮੰਨੀ ਗਈ ਹੈ ਤੇ ਅੱਜ ਦੇ ਸਮੇਂ ਵਿੱਚ ਇਹ ਸਥਾਨ ਸ਼੍ਰੀ ਸੰਤ 108 ਡੇਰਾਬਲਾਂ ਦੇ ਅਧੀਨ ਹੈ।

ਇਤਿਹਾਸਕਾਰ ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ ਜੈਸਵਾਰ ਜਾਤੀ ਵਿੱਚ ਹੋਇਆ ਮੰਨਦੇ ਹਨ। ਸ਼੍ਰੀਮਾਨ ਰੂਪ ਲਾਲ ਰੂਪ ਜੀ ਪੰਜਾਬ ਦੇ ਰਿਟਾਰਇਡ ਜ਼ਿਲਾ ਸਿੱਖਿਆ ਅਫਸਰ ਅਤੇ ਸਟੇਟ ਐਵਾਰਡੀ ਦਾ ਲ਼ਿਖਿਆ ਹੋਇਆ ਗ੍ਰੰਥ "ਗੁਰੂ ਰਵਿਦਾਸ ਪ੍ਰਗਾਸ਼ ਦੀ ਖੋਜ" ਨਵੀ ਖੋਜ਼ ਵਿਸਥਾਰ ਤਹਿਤ ਗੁਰੂ ਜੀ ਦੇ ਮਾਤਾ- ਪਿਤਾ ਦਾ ਨਾਮ ਅਤੇ ਜਨਮ ਸਥਾਨ ਦੀ ਸਹੀ ਪੁਸ਼ਟੀ ਕੀਤੀ ਹੈ।

ਸ਼੍ਰੀ ਗੁਰੂ ਗੰਥ ਸਾਹਿਬ ਵਿੱਚ 40 ਸ਼ਬਦਾਂ ਤੇ ਇੱਕ ਆਰਤੀ, 16 ਰਾਗਾਂ ਵਿੱਚ ਦਰਜ਼ ਹਨ ਜੋ ਮਾਨਵਤਾ ਨੂੰ ਪ੍ਰੇਮ ਭਗਤੀ ਚੋਂ ਉਪਜਿਆਂ ਸੱਚ ਦਾ ਮਾਰਗ ਦੱਸਦੀ ਹੈ ਜੋ ਮਾਨਵਤਾ ਦੇ ਪੰਜ- ਤੰਤਵਾ ਦੇ ਦੋਸ਼ਾਂ ਤੋ ਮੁਕਤੀ ਦਿਵਾਉਂਦੀ ਹੈ। ਸ਼੍ਰੀ ਗੁਰੂ ਰਵਿਦਾਸ ਜੀ ਦੀ ਉਚਾਰੀ ਹੋਈ ਬਾਣੀ 16 ਰਾਗ ਜਿਵੇ: ਸ਼੍ਰੀਰਾਗੁ,ਰਾਗ ਗਾਉੜੀ, ਰਾਗੁ ਆਸਾ, ਰਾਗੁ ਗੁਜਰੀ,ਰਾਗੁ ਸੋਰਿਠ, ਰਾਗੁ ਧਨਾਸਰੀ, ਰਾਗੁ ਜੈਤਸਰੀ, ਰਾਗੁ ਸੂਹੀ, ਰਾਗੁ ਬਿਲਾਵਲੁ, ਰਾਗੁ ਗੌਂਡ, ਰਾਗੁ ਰਾਮ ਕਲੀ, ਰਾਗੁ ਮਾਰੂ, ਰਾਗੁ ਕੇਂਦਾਰਾ, ਰਾਗੁ ਭੈਰਊਂ, ਰਾਗੁ ਬਸੰਤ, ਰਾਗ ਮਲਾਰ ਵਿੱਚ ਉਚਾਰੇ ਜਾਂਦੇ ਹਨ।

ਸ਼੍ਰੀ ਗੁਰੂ ਰਵਿਦਾਸ ਜੀ ਨੇ ਅਨੇਕਾਂ ਸੰਤਸੰਗ ਆਪਣੀਆਂ ਅੱਠ ਉਦਾਸੀਆਂ ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕਰਨ ਵਾਸਤੇ ਕੀਤੀਆਂ। ਉਨ੍ਹਾਂ ਦਾ ਸੰਦੇਸ਼ ਸੀ ਕਿ ਸਾਰੇ ਪ੍ਰਾਣੀ ਪ੍ਰਮਾਤਮਾ ਦੇ ਅੰਸ਼ ਹਨ। ਇੱਕ ਪ੍ਰਮਾਤਮਾ ਹੀ ਸਾਰੇ ਜਗਤ ਦਾ ਪਾਲਣਹਾਰਾ ਹੈ। ਧਰਮ ਅਤੇ ਜਾਤ-ਪਾਤ ਦੀਆਂ ਕੰਧਾਂ ਤਾਂ ਮਾਨੁੰਖਾਂ ਨੇ ਹੀ ਖੜੀਆਂ ਕੀਤੀਆਂ ਹੋਈਆਂ ਹਨ।

ਸ਼੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਵਿੱਚ ਅੱਠ ਉਦਾਸੀਆਂ ਜਗਤ ਕਲਿਆਣ ਵਾਸਤੇ ਕੀਤੀਆਂ ਅਤੇ ਸ਼੍ਰੀਗੁਰੂ ਜੀ ਨੇ ਦੂਜੀ ਉਦਾਸੀ ਸੰਨ 1460-1465 ਈ: ਨੂੰ ਭਜਨ ਮੰਡਲੀ ਨਾਲ ਕਬੀਰ ਸਹਿਬ ਜੀ ਵੀ ਉਨ੍ਹਾਂ ਨਾਲ ਬੋਧ ਗਇਆ ਤੱਕ ਗਏ ਸਨ। ਤ੍ਰਿਪੁਰਸਰ ਅਤੇ ਮਾਤਾ ਪ੍ਰਭਾਵਤੀ ਦੇ ਪੁਤਰ ਗਯਾਸੁਰ ਨੂੰ ਸ਼ੁਕਰ ਅਚਾਰੀਆ ਨੇ ਗਿਆਨ ਦਿੱਤਾ ਸੀ। ਇਸ ਸ਼ਹਿਰ ਦਾ ਨਾ ਗਯਾਸੁਰ ਤੋਂ ਬੋਧ ਗਇਆ ਰੱਖਿਆ ਗਇਆ ਸੀ। ਭਾਰਤੀ ਮੂਲਨਿਵਾਸੀਆਂ ਦੇ ਗੁਰੂ ਸ਼ੁਕਰ ਅਚਾਰੀਆ ਜੀ ਦੇ ਇਸ ਰਮਣੀਕ ਸਥਾਨ ਦੇ ਇੱਕ ਸੰਘਣੇ ਜੰਗਲ ਵਿੱਚ ਆਪਣਾ ਡੇਰਾ ਲਾਗਾਇਆ ਸੀ ਅਤੇ ਇਸ ਸਥਾਨ ਉਪਰ ਸ਼੍ਰੀ ਗੁਰੂ ਸ਼ੂਕਰ ਅਚਾਰੀਆ ਜੀ ਧਰਮ ਸ਼ਕਤੀਵਾਨ ਅਤੇ ਸ਼ਾਸ਼ਤਰ ਵਿਦਿਆ ਦਾ ਗਿਆਨ ਭਾਰਤ ਦੇ ਅਛੂਤ ਲੋਕਾਂ ਨੂੰ ਵੰਡਦੇ ਸਨ ਪਰ ਮੰਨੂਵਾਦੀ ਲ਼ੋਕ ਸ਼ੂਕਰ ਅਚਾਰੀਆ ਜੀ ਨੂੰ ਅਛੂਤਾਂ ਦੇ ਦੈਂਤਾਂ ਦੇ ਨਾਮ ਨਾਲ ਪੁਕਾਰਦੇ ਸਨ।ਇਥੇ ਗੁਰੂ ਜੀ ਨੇ ਸਤਿਨਾਮ ਦੇ ਨਾਮ ਦਾ ਪ੍ਰਚਾਰ ਕੀਤਾ ਤੇ ਪੁਰੀ ਮਾਨਵਤਾ ਨੂੰ ਦੱਸਿਆ ਕਿ ਜੋ ਬ੍ਰਾਹਮਣ ਪਿੰਡ ਦਾਨ ਦੇ ਨਾਮ ਉਪਰ ਬਹੁਤ ਸਾਰੀਆਂ ਵਸਤੂ ਮੰਗਣਾ ਅਤੇ ਕ੍ਰਿਆ ਕਾਡਾਂ ਰਾਹੀ ਲੋਕਾਂ ਨੂੰ ਲੁਟਦੇ ਸਨ। ਗੁਰੂ ਜੀ ਨੇ ਉਨ੍ਹਾਂ ਬ੍ਰਾਹਮਣਾਂ ਲੋਕਾਂ ਨੂੰ ਸਤਿਨਾਮ ਦਾ ਨਾਮ ਜਪਣ ਤੇ ਜ਼ੋਰ ਦਿੱਤਾ ਅਤੇ ਕਰਮ ਕਾਡਾਂ ਤੋਂ ਕਿਨਾਰਾ ਕਰਨੇ ਦਾ ਮਾਰਗ ਦੱਸਿਆ।

ਗੁਰੂ ਜੀ ਨੇ ਬੋਧ ਗਇਆ ਦੇ ਘਰ-ਘਰ ਉਪਦੇਸ਼ ਦੇਂਦੇ ਹੋਏ ਬਿਹਾਰ ਦੇ ਸ਼ਹਿਰ ਸੋਨਪੁਰ ਵਿਖੇ ਗਏ ਜਿਥੇ ਪੰਸ਼ੂਆ ਦਾ ਬਹੁਤ ਵੱਡਾ ਮੇਲਾ ਲੱਗਦਾ ਸੀ ਅਤੇ ਭਾਰਤ ਦਾ ਇਸਲਾਮਿਕ ਬਾਦਸ਼ਾਹ ਅਕਬਰ ਵੀ ਇਸ ਮੰਡੀ ਵਿੱਚੋ ਹਾਥੀ, ਘੋੜੇ ਖ੍ਰੀਦਦਾ ਸੀ। ਗੁਰੂ ਜੀ ਦਾ ਸੋਨਪੁਰ ਵਿੱਚ ਆਉਣ ਦਾ ਇਕ ਬਹੁਤ ਵੱਡਾ ਕਾਰਣ ਸੀ ਕਿ ਸੋਨਪੁਰ ਦੇ ਮੇਲੇ ਵਿੱਚ ਭਾਰਤੀ ਔਰਤਾਂ ਨੂੰ ਵੇਚਿਆ ਜਾਂਦਾ ਸੀ। ਸ਼੍ਰੀ ਗੁਰੂ ਰਵਿਦਾਸ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਅਜਿਹਾ ਕੰਮ ਇੰਨਸਾਨੀਆਤ ਨੂੰ ਸ਼ਰਮਸਾਰ ਕਰਦਾ ਹੈ ਅਤੇ ਗੁਰੂ ਜੀ ਦੇ ਇਸ ਉਪਦੇਸ਼ ਨਾਲ, ਭਾਰਤੀ ਰਾਜਿਆਂ ਨੇ ਔਰਤਾਂ ਖ੍ਰੀਦਣ ਦਾ ਕੰਮ ਬੰਦ ਕਰ ਦਿੱਤਾ ਸੀ।

ਗੁਰੂ ਜੀ ਵਿਸ਼ਾਖਾਪਟਨ ਤੋਂ ਹੁੰਦੇ ਹੋਏ ਹਿੰਦੂਆ ਦੇ ਪ੍ਰਸਿੱਧ ਮੰਦਰ ਜਗਨਨਾਥ ਜੋ ਸ਼੍ਰੀ ਕ੍ਰਿਸ਼ਨ ਜੀ, ਉਨ੍ਹਾਂ ਦੇ ਵੱਡੇ ਭਰਾ ਬਲਾਮ ਅਤੇ ਭੈਣ ਸੁਭੰਦਰਾ ਜੀ ਦੇ ਨਾਮ ਤੇ ਬਣਿਆ ਹੋਇਆ ਹੈ। ਮੰਦਰ ਦੇ ਪੂਜਾਰੀਆਂ ਨੇ ਗੁਰੂ ਜੀ ਨੂੰ ਮੰਦਰ ਵਿੱਚ ਪ੍ਰਵੇਸ਼ ਨਹੀ ਕਰਨ ਦਿੱਤਾ ਸੀ ਜਿਵੇਂ ਕਿ ਅੱਜ ਦੇ ਸਮੇਂ ਵਿੱਚ ਮਾਰਚ, 22,2018 ਨੂੰ ਮਾਣਯੋਗ ਰਾਮਨਾਥ ਕੋਵਿੰਦ ਕੁਮਾਰ ਸਾਬਕਾ ਰਾਸ਼ਟਰਪਤੀ ਤੇ ਉਨਾਂ ਦੀ ਪਤਨੀ ਨੂੰ ਬ੍ਰਾਹਮਣ ਪੁਜਾਰੀਆਂ ਨੇ ਮੰਦਰ ਦੀਆਂ ਪੌੜੀਆਂ ਚੋਂ ਹੀ ਰੋਕ ਦਿੱਤਾ ਸੀ।ਬ੍ਰਾਹਮਣ ਪੁਜਾਰੀ ਵਲੋਂ ਭਾਰਤ ਦੇ ਪਹਿਲੇ ਸਿਟੀਜ਼ਨ ਰਾਸ਼ਟਰਪਤੀ ਨਾਲ ਜਾਤੀ ਸ਼ੋਸ਼ਣ ਕੀਤਾ ਗਿਆ ਸੀ ਸੋ ਇਕ ਆਮ ਇਨਸਾਨ ਨਾਲ ਇਹ ਪੁਜਾਰੀ ਲੋਕ ਕਿਸ ਤਰ੍ਹਾਂ ਦਾ ਵਿਵਹਾਰ ਕਰਦੇ ਹੋਣਗੇ। ਇਥੇ ਦੱਸਣਾ ਬਣਦਾ ਹੈ ਕਿ ਸ਼੍ਰੀ ਕ੍ਰਿਸ਼ਨ ਜੀ ਭਾਰਤ ਦੇ ਪ੍ਰਾਂਤ, ਉਤਰ ਪ੍ਰਦੇਸ਼ ਵਿੱਚ ਯਾਦਵੰਸ਼ੀਆਂ ਜਾਤ ਨਾਲ ਸਬੰਧਤ ਹਨ। ਮੰਨੂਸ੍ਰਿਤੀ ਤਹਿਤ ਝੀਰ ਜਾਤੀ ਨੂੰ ਪੰਜਾਬ ਵਿੱਚ ਸ਼ੂਦਰ ਜਾਤੀ ਵਜੋਂ ਜਾਣਿਆ ਜਾਂਦਾ ਹੈ ਪਰ ਸੋਚਣ ਵਾਲੀ ਗੱਲ ਹੈ ਕਿ ਯਾਦਵ ਜਾਤੀ ਦੇ ਲੋਕਾਂ ਨੂੰ ਅੱਜ ਤੱਕ ਗਿਆਨ ਕਿਉਂ ਨਹੀ ਹੋਇਆ ਕਿ ਬ੍ਰਾਹਮਣਾ ਦਾ ਇਸ ਮੰਦਰ ਤੇ ਕਬਜ਼ਾ ਕਿਉਂ ਹੈ ? ਸ਼੍ਰੀ ਕ੍ਰਿਸ਼ਨ ਜੀ ਦੀ ਜਾਤੀ ਦੇ ਲੋਕਾਂ ਨੂੰ ਸ਼ੁਦਰ ਕਹਿ ਕੇ ਇਸ ਮੰਦਰ ਵਿੱਚ ਪ੍ਰਵੇਸ਼ ਨਹੀ ਕਰਨ ਦਿੱਤਾ ਜਾਂਦਾ॥

ਸ਼੍ਰੀ ਗੁਰੂ ਰਵਿਦਾਸ ਜੀ ਨੇ ਇਸ ਸਥਾਨ ਦੇ ਨਜ਼ਦੀਕ 500 ਮੀਟਰ ਦੂਰੀ ਤੇ ਰੇਤਲੇ ਤੱਟ ਉਪਰ ਆਪਣਾ ਡੇਰਾ ਲਗਾਇਆ ਅਤੇ ਰੰਬ ਦੀ ਬੰਦਗੀ ਕਰਨ ਲੱਗ ਪਏ, ਸ਼ਾਮ ਦਾ ਸਮਾਂ ਸੀ ਗੁਰੂ ਜੀ ਨੇ ਆਪਣੀ ਭਜਨ ਮੰਡਲੀ ਨਾਲ "ਨਾਮੁ ਤੇਰੋ ਆਰਤੀ ਮਜਨੁ ਮੁਰਾਰੇ, ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ"ਦਾ ਗਾਇਨ ਕੀਤਾ ਤਾਂ ਸਾਰੀ ਮਾਨਵਤਾਂ ਅਤੇ ਸਮੁੰਦਰ ਦੀਆ ਲਹਿਰਾਂ ਵੀ ਸ਼ਾਤ ਹੋ ਗਈਆਂ ਸਨ ਅਤੇ ਜਗਨਨਾਥ ਦੇ ਮੰਦਰ ਦੇ ਦਰਵਾਜ਼ੇ ਆਪਣੇ-ਆਪ ਖੁਲ ਗਏ ਸਨ ਅਤੇ ਮੰਦਰ ਦੇ ਪੂਜਾਰੀਆਂ ਨੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਚਰਨਾ ਵਿਚ ਆਪਣੀਆਂ ਕੀਤੀਆਂ ਹੋਈਆਂ ਭੁਲਾਂ ਬਖਸ਼ਾਈਆਂ ਅਤੇ ਉਨਾਂ ਵਲੋਂ ਜਾਤੀ ਪ੍ਰਥਾ ਨੂੰ ਤੋੜ ਕੇ ਪਹਿਲੀ ਬਾਰ ਭੀਲ ਜਾਤੀ ਨੂੰ ਵੀ ਪੁਜਾਰੀ ਬਣਨ ਦਾ ਮੌਕਾ ਦਿੱਤਾ ਸੀ।

ਗੁਰੂ ਜੀ ਤੋਂ ਬਾਅਦ ਵਿੱਚ ਇਸ ਸਥਾਨ ਉਪਰ ਸ਼੍ਰੀ ਗੁਰੂ ਨਾਨਕ ਜੀ ਵੀ ਆਏ ਸਨ ਅਤੇ ਉਨਾਂ ਨੂੰ ਵੀ, ਪੂਜਾਰੀਆਂ ਨੇ ਮੰਦਰ ਅੰਦਰ ਨਹੀ ਜਾਣ ਦਿੱਤਾ ਸੀ। ਇਥੇ ਗੁਰੂ ਨਾਨਕ ਜੀ ਨੇ ਇਨਾਂ ਪੰਡਤਾਂ ਦੀ ਕੀਤੀ ਹੋਈ ਆਰਤੀ ਦਾ ਖੰਡਨ ਕੀਤਾ ਅਤੇ ਆਪਣੀ ਆਰਤੀ ਦਾ ਸ਼ਬਦ ਗਾਇਨ ਕੀਤਾ "ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੈ, ਤਾਰਿਕਾ ਮੰਡਲ, ਜਨਕ ਮੋਤੀ" ਇਸ ਸਥਾਨ ਦੇ ਨਜ਼ਦੀਕ ਹੀ ਸਿਖਾਂ ਦਾ ਗੁਰਦਵਾਰਾ ਸੰਥਾਪਤ ਹੈ।

ਪਿੰਡ ਬਾਲੀ ਮੋਚੀ ਸ਼ਾਹ (ਵੱਡੀ) ਜਗਨਨਾਥ ਮੰਦਰ ਦੇ ਥੋੜੀ ਦੂਰ, ਸ਼੍ਰੀ ਗੁਰੂ ਰਵਿਦਾਸ ਜੀ ਦੇ ਸ਼ਰਧਾਲੂ ਉਥੇ ਰਹਿੰਦੇ ਹਨ ਪਰ ਉਨਾਂ ਨੂੰ ਗੁਰੂ ਜੀ ਬਾਰੇ ਬਹੁਤ ਹੀ ਘੱਟ ਜਾਣਕਾਰੀ ਹੈ ਜਿਸ ਕਰਕੇ ਇਹ ਸਾਰੇ ਲੋਕ ਜ਼ਗਨਨਾਥ ਪੁਰੀ ਦਾ ਨਾਮ ਹੀ ਲ਼ੈਂਦੇ ਹਨ

ਜਗਨਨਾਥ ਪੁਰੀ ਦੇ ਲੋਕਾਂ ਨੂੰ ਤਾਰਦੇ ਹੋਏ ਗੁਰੂ ਜੀ, ਮਦਾਰੀਪੁਰ ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ ਪਹੁੰਚੇ। ਜਿਥੇ ਰੁਕਨਦੀਨ ਬਾਰਬਕ ਦਾ ਰਾਜ ਪ੍ਰਬੰਧ ਸੀ। ਇਥੇ ਗੁਰੂ ਜੀ ਨੇ ਹਿੰਦੂ- ਮੁਸਲਮਾਨਾਂ ਦੇ ਮਨਾਂ ਵਿੱਚ ਆਪਸੀ ਨਫਰਤ ਦੇ ਅਣੂਆਂ ਦੇ ਖਾਤਮੇ ਲਈ ਬਸੰਤ ਰਾਗ ਵਿੱਚ, ਲੋਕਾਂ ਨੂੰ ਸਮਝਾਜਿਆ ਅਤੇ ਇਸ ਤੋਂ ਬਾਅਦ ਵਿੱਚ ਗੁਰੂ ਜੀ ਕਾਮ-ਰੂਪੀ ਯਾਦੂਗਰਾਂ ਦੇ ਦੇਸ਼ ਵਿੱਚ ਗਏ। ਇਸ ਸ਼ਹਿਰ ਵਿੱਚ ਇੱਕ ਨਾਮਬਰ ਯਾਦੂਗਰ ਜ਼ਟਰੀ ਜੈਸਾਂ ਬਹੁਤ ਮਸ਼ਹੂਰ ਸੀ। ਉਸਨੇ ਗੁਰੂ ਜੀ ਉਪਰ ਬਹੁਤ ਸਾਰੇ ਮੰਤਰ ਦਾ ਪ੍ਰਯੋਗ ਕੀਤਾ ਪਰ ਉਸਦੀ ਕੋਈ ਪੇਸ਼ ਨਹੀ ਗਈ ਤਾਂ ਆਖਰ-ਕਰ ਗੁਰੂ ਜੀ ਦੇ ਚਰਨਾਂ ਵਿੱਚ ਡਿਗ ਪਈ ਅਤੇ ਗੁਰੂ ਜੀ ਨੇ ਜ਼ਟਰੀ ਜੈਸਾਂ ਨੂੰ ਸਤਿਨਾਮ ਨਾਮ ਦੇ ਜਾਪ ਦਾ ਉਪਦੇਸ਼ ਦਿੱਤਾ ਅਤੇ ਜ਼ਟਰੀ ਜੈਸਾਂ ਨੇ ਗੁਰੂ ਜੀ ਨਾਲ ਬਚਨ ਕੀਤਾ ਕਿ ਭਵਿੱਖ ਵਿੱਚ ਯਾਦੂ ਵਿਦਿਆ ਤੋਂ ਦੂਰ ਰਹੇਗੀ।ਸੋ ਗੁਰੂ ਜੀ ਜੈਸਾ ਜ਼ਾਟਰੀ ਦੇ ਭਰਮ ਤੋੜ ਕੇ ਅਗਲੀ ਮੰਜਲ, ਗੁਹਾਟੀ, ਕੋਕਰਾਝਾਰ, ਸਿਲੀਗੁੜੀ, ਗੰਗਟੋਕ ਆਦਿ ਹੁੰਦੇ ਹੋਏ ਨੇਪਾਲ ਵਿਚ ਪਹੁੰਚੇ।

ਨੇਪਾਲ ਦੇ ਸ਼ਹਿਰ ਵਿਰਾਟਨਗਰ, ਸਪਤਾਰੀ, ਧੰਨਕੁਟਾ, ਸਰਲਾਹੀ ਤੋਂ ਹੁੰਦੇ ਹੋਏ 1464 ਈ: ਵਿੱਚ ਕਾਠਮੰਡੂ ਦੇ ਬਾਗਮੰਤੀ ਗੰਗਾ ਦੇ ਪ੍ਰਸਿੱਧ ਮੰਦਰ ਪਸ਼ੂਪਤੀ ਨਾਥ ਪਹੁੰਚੇ। ਇਥੇ ਗੁਰੂ ਜੀ ਨੇ ਇਕ ਨੇਤਰਹੀਣ ਦੰਪਤੀ ਜੋੜੇ ਦੀਆਂ ਅੱਖਾਂ ਦੀ ਜੋਤ ਵਾਪਿਸ ਲਿਆਦੀ। ਕਾਠਮੰਡ ਵਿੱਚ ਵੀ ਪੰਡਤਾਂ ਵਲੋਂ ਕਰਮ-ਕਾਡਾਂ ਦੇ ਨਾਮ ਉਪਰ ਲੋਕਾਂ ਦੀ ਲੁਟ-ਕਸੂਟ ਕੀਤੀ ਜਾ ਰਹੀ ਸੀ। ਗੁਰੂ ਜੀ ਨੇ ਉਨਾਂ ਲੋਕਾਂ ਨੂੰ ਵੀ ਸਤਿਨਾਮ ਦਾ ਜਾਪ ਕਰਨ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਦੱਸਿਆ ਕਿ ਸਤਿ ਨਾਮ ਦਾ ਜਾਪ ਕਰਨ ਨਾਲ, ਲੋਕਾਂ ਦੇ ਜਨਮ - ਜਨਮਾਂ ਦੇ ਪਾਪ ਖਤਮ ਹੋ ਜਾਂਦੇ ਹਨ॥

ਸ਼੍ਰੀ ਗੁਰੂ ਰਵਿਦਾਸ ਜੀ ਵਲੋਂ ਤੀਜੀ ਯਾਤਰਾ 1472- 1478 ਈ: ਵਿੱਚ ਸ਼ੁਰੂ ਕੀਤੀ ਸੀ। ਇਸ ਯਾਤਰਾ ਵਿੱਚ ਗੁਰੂ ਜੀ ਦੇ ਨਾਲ ਸਤਿਗੁਰੂ ਨਾਮਦੇਵ, ਕਬੀਰ, ਤਿਰਲੋਚਨ, ਧੰਨਾ ਜੀ ਅਤੇ ਬੇਣੀ ਜੀ ਸਨ ਅਤੇ ਗੁਰੂ ਜੀ ਦੇ ਸ਼ਰਧਾਲੂ, ਸਤਿਗੂਰ ਪੀਪਾ ਜੀ, ਗੁਰਮੁਖ ਦਾਸ, ਸੇਵਾ ਦਾਸ, ਜੀਵਨਦਾਸ ਅਤੇ ਅਨਮੋਲ ਰਾਇ ਜੀ ਵੀ ਨਾਲ ਆਏ ਸਨ। ਗੁਰੂ ਜੀ ਨੇ ਸਾਰੀ ਦੁਨੀਆਂ ਨੂੰ ਸੱਚ ਦਾ ਮਾਰਗ ਦਿਖਾਉਂਦੇ ਹੋਏ ਰੀਵੇ ਸ਼ਹਿਰ ਵਿਖੇ ਪਹੁੰਚੇ। ਇਥੇ ਸੰਤ ਸੈਣ ਜੀ ਨੇ ਆਪਣੀ ਬਾਣੀ ਦਾ ਪ੍ਰਚਾਰ ਪਹਿਲਾ ਹੀ ਅਰੰਭਿਆ ਹੋਇਆ ਸੀ। ਜੋ ਪੇਸ਼ੇ ਵਿੱਚ ਰਾਜੇ ਦੇ ਸ਼ਾਹੀ ਦਰਵਾਰ ਵਿੱਚ,ਸ਼ਾਹੀ ਨਾਈ ਦੇ ਅਹੁੰਦੇ ਤੇ ਕੰਮ ਕਰਦੇ ਸਨ। ਇਸ ਸਥਾਨ ਤੋਂ ਸਤਿਗੂਰ ਕਬੀਰ ਸਾਹਿਬ ਤੇ ਪੀਪਾ ਜੀ ਪ੍ਰਚਾਰ ਕਰਕੇ ਵਾਪਿਸ ਆ ਗਏ ਸਨ। ਸ਼੍ਰੀਗੁਰੂ ਰਵਿਦਾਸ ਜੀ ਦੁਰਗ, ਦਾਂਤੇਵਾੜ ਤੋਂ ਨਾਗਪੁਰ ਵਿੱਚ ਸਾਵਣ ਦੇ ਮਹੀਨੇ ਪਹੁੰਚੇ ਸਨ। ਇਥੇ ਮੁਸਲਮਾਨ ਰਜ਼ਵਾੜੇ ਲੋਕ ਕਿਸਾਨਾਂ ਦੇ ਖੇਤੀ ਬਾੜੀ ਕਰਨੇ ਵਾਲੇ ਬੈਲਾਂ ਨੂੰ ਜਬਰਦਸਤੀ ਖੋ ਕੇ ਲੈ ਜਾਂਦੇ ਸਨ ਅਤੇ ਉਨਾਂ ਦਾ ਗੋਸ਼ਤ ਬਣਾ ਕੇ ਖਾ ਜਾਂਦੇ ਸਨ। ਗੁਰੂ ਜੀ ਨੇ ਸ਼ੁਫੀ ਫਕੀਰਾਂ ਅਤੇ ਰਾਜੇ ਨੂੰ ਸਮਜਾਇਆ ਕਿ ਬੈਲਾਂ ਦੀ ਅਹਿਮੀਅਤ ਦਾ ਮਾਨੁਖੀ ਜੀਵਨ ਉਪਰ ਅਸਰ ਕਿਵੇਂ ਪੈਂਦਾ ਹੈ। ਜਿਸ ਕਰਕੇ ਮੁਸਲਮਾਨ ਰਾਜੇ ਨੂੰ ਸਮਝ ਆ ਗਈ ਅਤੇ ਬਆਦ ਵਿੱਚ ਰਾਜੇ ਨੇ ਬੈਲਾਂ ਨੂੰ ਜਬਰਦਸਤੀ ਖੋ ਕੇ ਲੈ ਜਾਣ ਛੱਡ ਦਿੱਤਾ ਸੀ।

ਗੁਰੂ ਜੀ ਨੇ ਸੰਗਤਾਂ ਨੂੰ ਭਾਦੋਂ ਦੀ ਪਠੋਰੀ ਦੀ ਮੱਸਿਆ ਵਾਲੇ ਦਿਨ ਬੈਲਾਂ ਦੀ ਪੂਜਾ ਕਰਨ ਵਾਸਤੇ ਕਿਹਾ ਕਿਉਂਕਿ ਇਸ ਦਿਨ ਉਪਰ ਚੰਡਿਕਾ ਨਾਮੀ ਅਪਸਰਾ ਨੇ ਆਦਿ ਵਾਸੀ ਰਾਜਾ ਪੋਲਾ (ਪਲਾਸੁਰ) ਦੀ ਧੋਖੇ ਨਾਲ ਹੱਤਿਆ ਕਰ ਦਿੱਤੀ ਸੀ ਕਿਉਂਕਿ ਇਹ ਰਾਜਾ ਜਾਨਵਰਾਂ ਨੂੰ ਬਹੁਤ ਪਿਆਰ ਕਰਦਾ ਸੀ। ਇਤਿਹਾਸਕਾਰ ਲੋਕ ਇਸ ਮੇਲੇ ਨੂੰ "ਪੋਲਾ ਮੇਲੇ" ਵਜੋਂ ਜਾਂਣਦੇ ਹਨ।ਇਸ ਮੇਲੇ ਵਿੱਚ ਬੈਲਾਂ ਨੂੰ ਸਜਾਇਆ ਜਾਂਦਾ ਹੈ ਅਤੇ ਜਿਵੇਂ ਕਿ ਪੰਜਾਬ ਵਿੱਚ ਵੀ ਕਿਸਾਨ ਆਪਣੇ ਬੈਲਾਂ ਨੂੰ ਸਜਾ ਕੇ ਮੇਲਿਆ ਵਿੱਚ ਲਿਆਂਉਦੇ ਹਨ ਅਤੇ ਇਸ ਮੇਲੇ ਨੂੰ "ਗੋਦਾਨ ਮੇਲੇ" ਵਜੋਂ ਮਨਾਉਦੇ ਹਨ॥

ਗੁਰੂ ਜੀ ਨਾਗਪੁਰ ਤੋਂ ਤ੍ਰਿਪੁਰੀ ਪਹੁੰਚੇ ਜਿਥੇ ਹਿੰਦੂਆਂ ਦਾ ਪ੍ਰਸਿਧ ਮੰਦਰ ਤਿਰਪੁਰੀ ਬਾਲਾ ਜੀ ਦਾ ਹੈ ਅਤੇ ਹਿੰਦੂ ਲੋਕ ਆਪਣੇ ਅਤੇ ਬੱਚਿਆ ਦੇ ਸਿਰਾਂ ਦਾ ਮੁਨਣ ਕਰਦੇ ਹਨ। ਇਥੇ ਹੀ ਇਕ ਮੁਲਮਾਨ ਅਲੀ ਨਾਮ ਦਾ ਡਾਕੂ ਰਹਿੰਦਾ ਸੀ ਜੋ ਬਾਲਾ ਜੀ ਦੇ ਸ਼ਰਧਾਲੂਆ ਨੂੰ ਲੁਟ ਲੈਂਦਾ ਸੀ।ਬਾਲਾ ਜੀ ਦੇ ਮੰਦਰ ਨੂੰ ਸੱਤ ਪਹਾੜੀਆ ਚੜ੍ਹ ਕੇ ਜਾਣਾ ਪੈਂਦਾ ਸੀ ਅਤੇ ਗੁਰੂ ਜੀ ਨੇ ਪਹਿਲੀ ਚੜਾਈ ਦੇ ਪੈਰਾਂ ਉਪਰ ਆਪਣਾ ਡੇਰਾ ਲਾ ਲਿਆ ਅਤੇ ਅਲੀ ਨਾਮ ਦਾ ਡਾਕੂ ਗੁਰੂ ਜੀ ਨੂੰ ਲੁਟਣ ਵਾਸਤੇ ਆਇਆ ਸੀ। ਪਰ ਅਲੀ ਡਾਕੂ ਗੁਰੂ ਜੀ ਦਾ ਸਾਹਮਣਾ ਨਾ ਕਰ ਸਕਿਆ ਅਤੇ ਸਦਾ ਵਾਸਤੇ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ ਸੀ। ਇਸ ਸਥਾਨ ਦੇ ਕੋਲ ਇੱਕ ਸਪੈਸ਼ਲ ਰਸਤਾ ਗੁਰੁ ਜੇ ਦੇ ਨਾਮ ਉਪਰ ਬਣਿਆ ਹੋਇਆ ਹੈ ਜਿਥੇ ਗੁਰੂ ਜੀ ਦੀ ਗੱਦੀ ਤੇ ਇੱਕ ਸਮਾਰਗ ਵੀ ਸੰਗਤਾਂ ਵਲੋਂ ਬਣਾਇਆ ਹੋਇਆ ਹੈ। ਅੱਜ ਕੱਲ ਇਹ ਸਥਾਨ ਨਵੇਂ ਬਣੇ ਪ੍ਰਾਂਤ ਤਿਲੰਗਾਨਾ ਦੇ ਹੈਦਰਾਵਾਦ ਦੀਆਂ ਅਲੋਰਾਂ ਵਿੱਚ ਸਥਿਤ ਹੈ ਅਤੇ ਇਥੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਨਾਮ ਉਪਰ ਕੁਡ ਵੀ ਬਣਿਆ ਹੋਇਆ ਹੈ। ਜਦੋਂ ਗੁਰੂ ਜੀ ਇਸ ਸਥਾਨ ਤੋਂ ਜਾਣ ਲਗੇ ਤਾਂ ਸ਼ਰਧਾਲੂਆ ਨੇ ਉਨਾਂ ਦੀ ਖੜਾਵਾਂ ਇਸ ਸਥਾਨ ਉਪਰ ਰੱਖਈਆਂ ਹੋਈਆਂ ਹਨ ਅਤੇ ਸ਼ਰਧਾਲੂ ਇਨਾਂ ਖਾੜਾਵਾਂ ਨੂੰ ਨਮਸਕਾਰ ਕਰਦੇ ਹਨ।

ਗੁਰੂ ਜੀ ਸੰਗਤਾਂ ਨੂੰ ਸਤਿ ਨਾਮ ਨਾਲ ਨਿਹਾਲ ਕਰਦੇ ਹੋਏ ਮਦਰਾਸਪਟਨਮ ਤੋਂ ਮੁਦਰਾਇ ਹੁੰਦੇ ਹੋਏ ਹਿੰਦੂਆਂ ਦੇ ਮੰਦਰ ਰਾਮੇਸ਼ਵਰ ਜੋ ਸ਼੍ਰੀ ਰਾਮਚੰਦਰ ਜੀ ਦਾ ਪਰਮਥਾਮ ਹੈ ਜੋ ਸ਼੍ਰੀਲੰਕਾ ਦੇ ਤੱਟ ਕੋਲ ਹੈ। ਇਸ ਸਥਾਨ ਨੂੰ ਸ਼ੰਖ ਜਾਂ ਧਨੁਸ਼ਕੋਟਿ ਜਾਂ ਧਨੁਸ਼ਕੋਂਡੀ ਵਜੋਂ ਜਾਣਦੇ ਹਨ। ਇਸ ਸਥਾਨ ਉਪਰ ਸੀਤਾ ਮਾਤਾ ਦੀ ਅਗਨੀ ਪ੍ਰਖਿਆ ਵੀ ਕੀਤੀ ਗਈ ਸੀ।

ਇਥੋਂ ਦੇ ਦਰਾਵਿੜ ਲੋਕ ਬ੍ਰਾਹਮਣਵਾਦ ਤੋਂ ਬਹੁਤ ਦੁਖੀ ਰਹਿੰਦੇ ਸਨ ਤੇ ਗੁਰੂ ਜੀ ਨੇ ਇਥੇ, ਸੱਤ ਦਿਨ ਲੋਕਾਂ ਨੂੰ ਸਤਿਨਾਮ ਦਾ ਨਾਮ ਜਪਾਇਆ। ਰਮੇਸ਼ਵਰ ਤੋਂ ਗੁਰੂ ਜੀ ਟੂਟੀਕਰਨ ਗਏ ਜਿਥੇ ਚਮਾਰ ਲੋਕ ਗੁਰੂ ਜੀ ਨੂੰ ਅੱਜ ਵੀ ਯਾਦ ਕਰਦੇ ਹਨ।

ਟੂਟੀਕਰਨ ਤੋਂ ਗੁਰੂ ਜੀ ਮਾਲਵਾਰ ਸ਼ਹਿਰ ਪਹੁੰਚੇ ਤੇ ਇਸਦਾ ਪੁਰਾਣਾ ਨਾਮ ਕੋਜ਼ੀਕੋਡ ਸੀ। ਇਹ ਸਥਾਨ ਉਨ੍ਹਾਂ ਸਮਿਆਂ ਵਿੱਚ ਵਪਾਰ ਦਾ ਇੱਕ ਵੱਡਾ ਕੇਂਦਰ ਸੀ। ਇਕ ਰਸ਼ੀਅਨ ਲੇਖਕ ਅਫਨਾਸੀ ਨਿਕੀਤਮ ਦੇ ਅਨੁੰਸਾਰ ਇਥੇ ਛੋਟੀਆਂ ਜਾਤਾਂ ਵਾਲੇ ਲੋਕਾਂ ਦਾ ਜੀਵਨ ਬ੍ਰਾਹਮਣਾ ਨੇ ਅਤਿਅੰਤ ਦੁਖੀ ਕੀਤਾ ਹੋਇਆ ਸੀ। ਇਨ੍ਹਾਂ ਲੋਕਾਂ ਦੀ ਰੁਜ਼ਾਨਾ ਜਿੰਦਗੀ ਦੇ ਰੁਝੇਵਿਆਂ ਉਪਰ ਟੈਕਸ ਲਗਾਇਆ ਜਾਂਦਾ ਸੀ ਜਿਵੇਂ ਕੀ ਨਹਾਉਣ ਦਾ ਵੀ ਟੈਕਸ ਦੇਣਾ ਪੈਂਦਾ ਸੀ। ਸੱਭ ਤੋਂ ਗੰਦਾ ਅਤੇ ਭੈੜਾ ਟੈਕਸ ਅਛੂਤ ਔਰਤਾਂ ਨੂੰ ਆਪਣੀ ਛਾਤੀ ਢੱਕਣ ਦਾ ਟੈਕਸ ਕੇਰਲਾ ਸਟੇਟ ਨੂੰ ਦੇਣਾ ਪੈਂਦਾ ਸੀ। ਇਸ ਸਥਾਨ ਉਪਰ ਗੁਰੂ ਜੀ ਨੇ ਆਪਣਾ ਆਸਣ ਲਗਾਇਆ ਅਤੇ ਕੀਰਤਨ ਦਾ ਪ੍ਰਭਾਵ ਸੰਗਤ ਉਪਰ ਪੈਣਾ ਸ਼ੁਰੂ ਹੋ ਗਿਆ ਅਤੇ ਰਾਜਾ ਮਾਨ ਵਿਕਰਮ ਮਹਾਨ ਨੂੰ ਲਗਿਆ ਕਿ ਉਸਦੀ ਬਣਾਈ ਹੋਈ ਵਰਣ ਵਿਵੱਸਥਾ ਟੁਟ ਰਹੀ ਹੈ ਤਾਂ ਉਸਨੇ ਗੁਰੂ ਜੀ ਨੂੰ ਕੈਦ ਕਰ ਲਿਆ ਅਤੇ ਜਬਰਨ ਆਟਾ ਪੀਸਣੇ ਵਾਲੀ ਚੱਕੀ ਗੁਰੂ ਜੀ ਤੋਂ ਚਲਵਾਉਣੀ ਸ਼ੁਰੂ ਕਰ ਦਿੱਤੀ। ਜਦੋਂ ਚੱਕੀਆਂ ਆਪਣੇ ਆਪ ਚਲਣ ਲੱਗ ਪਈਆਂ ਤਾ ਰਾਜਾ ਗੁਰੂ ਜੀ ਦੇ ਪੈਰੀ ਪੈ ਗਿਆ ਅਤੇ ਆਪਣੀ ਭੁਲ ਬਖਸ਼ਾਉਣ ਵਾਸਤੇ ਹੀਰੇ ਜਵਾਹਰਾਤ ਗੁਰੂ ਜੀ ਨੂੰ ਭੇਂਟ ਕੀਤੇ। ਪਰ ਗੁਰੂ ਜੀ ਨੇ ਰਾਜੇ ਨੂੰ ਕਿਹਾ ਕਿ ਇਸ ਧੰਨ ਨਾਲ ਸੰਗਤ ਦਾ ਭਲਾ ਕਰੋ। ਰਾਜੇ ਵਿਕਰਮ ਨੂੰ ਸਤਿਨਾਮ ਨਾਮ ਦੀ ਦਾਤ ਦੇ ਕੇ ਸ਼੍ਰੀ ਗੁਰੂ ਰਵਿਦਾਸ ਜੀ ਮੈਸੂਰ ਦੀ ਧਰਤੀ ਵਿਖੇ ਗਏ ਜੋ ਆਦਿਵਾਸੀ ਮਖਿਾਸਰ ਰਾਜੇ ਦਾ ਵਸਾਇਆ ਹੋਇਆ ਸ਼ਹਿਰ ਸੀ। ਜਿਥੇ ਹਿੰਦੂਆਂ ਦੀ ਮਾਤਾ ਚਮੁੰਡੇਸ਼ਵਰੀ ਦੇਵੀ ਦਾ ਮੰਦਰ ਹੈ ਆਦੀਵਾਸੀ ਲੋਕ ਕਹਿੰਦੇ ਹਨ ਕਿ ਜੇ ਕਰ ਉਨ੍ਹਾਂ ਦਾ ਰਾਜਾ ਮਹਿਖਾਸਰ, ਦੁਰਗਾ ਦੀ ਪਹਿਚਾਣ ਕਰ ਲੈਂਦਾ ਤਾਂ ਆਦਿਵਾਸੀ ਲੋਕਾਂ ਦਾ ਰਾਜ ਖਤਮ ਨਹੀ ਹੋਣਾ ਸੀ। ਮਹਿਖਾਸਰ ਦੇ ਰਾਜੇ ਦਾ ਤਖਤਾ ਪਲਟਦੇ ਸਾਰ ਹੀ ਬ੍ਰਾਹਮਣਾ ਨੇ ਅਦਿਵਾਸੀ ਲੋਕਾਂ ਦਾ ਜੀਣਾ ਹਰਾਮ ਕਰ ਦਿੱਤਾ ਸੀ। ਸ਼੍ਰੀਗੁਰੂ ਰਵਿਦਾਸ ਜੀ ਨੇ ਇਥੇ 21 ਦਿਨ ਲਗਾਤਾਰ ਸਤਿਸੰਗ ਦੇ ਪ੍ਰਵਚਨ ਕੀਤੇ ਬ੍ਰਾਹਮਣਾ ਨੂੰ ਸੱਚ ਦਾ ਮਾਰਗ ਦੱਸਿਆ ਕਿ ਤੁਸੀ ਰਾਮ ਨੂੰ ਮੰਦਰਾ ਵਿੱਚ ਕੈਦ ਨਹੀ ਕਰ ਸਕਦੇ ਰਾਮ ਤਾਂ ਕਣ ਕਣ ਵਿੱਚ ਸਮਾਇਆ ਹੋਇਆ ਹੈ॥

ਗੁਰੂ ਜੀ ਮੈਸੂਰ ਤੋਂ ਭਜਿਓਪੁਰ, ਪੂਣੇ, ਪੰਡਰਪੁਰ ਮਾਰਗ ਤੇ ਉਪਦੇਸ਼ ਦਿੰਦੇ ਹੋਏ ਗੁਰੂ ਜੀ ਨਰਸੀ ਨਗਰ ਪਹੁੰਚੇ। ਇਹ ਸਥਾਨ ਸਤਿਗੁਰੂ ਨਾਮ ਦੇਵ ਜੀ ਦੀ ਜਨਮ ਭੂਮੀ ਵਜੋਂ ਜਾਣਿਆ ਜਾਂਦਾ ਹੈ। ਇਥੇ ਗੁਰੂ ਜੀ ਨੇ ਸਤਿਗੁਰ ਨਾਮਦੇਵ ਜੀ ਦੇ ਭਗਤਾਂ ਪਾਸੋਂ ਸਤਿਗੁਰ ਨਾਮ ਦੇਵ ਜੀ ਦੀ ਉਚਾਰੀ ਹੋਈ ਬਾਣੀ ਲਿਖੀ ਅਤੇ ਇਸ ਨੂੰ ਪੋਥੀ ਦਾ ਰੂਪ ਦਿੱਤਾ ਗਿਆ ਅਤੇ ਗੁਰੂ ਜੀ ਇਸ ਪੋਥੀ ਨੂੰ ਬਨਾਰਸ ਲੈ ਕੇ ਆਏ ਸਨ। ਗੁਰੂ ਨਾਨਕ ਜੀ ਆਪਣੀ ਪਹਿਲੀ ਉਦਾਸੀ ਦੌਰਾਨ 1509 ਈ: ਵਿੱਚ ਸ਼੍ਰੀਗੁਰੂ ਰਵਿਦਾਸ ਜੀ ਨੂੰ ਗੁਪਾਲ ਮੰਦਰ ਵਿੱਚ ਮਿਲਣ ਵਾਸਤੇ ਆਏ ਸਨ। ਗੁਰੂਆਂ ਦੀ ਇਸ ਮਿਲਣੀ ਦੌਰਾਨ ਸ਼੍ਰੀ ਗੁਰੂ ਰਵਿਦਾਸ ਜੀ ਨੇ ਪੰਜ ਪੋਥੀਆਂ ਗੁਰੂ ਨਾਨਕ ਜੀ ਨੂੰ ਭੇਂਟ ਕੀਤੀਆਂ ਸਨ ਅਤੇ ਗੁਰੂ ਨਾਨਕ ਜੀ ਨੇ ਸਤਿਨਾਮ ਦਾ ਉਪਦੇਸ਼ ਸਹਿਤ ਪੰਜੇ ਪੋਥੀਆ ਚਾਰੇ ਉਦਾਸੀਆ ਦੁਰਾਨ ਆਪਣੇ ਕੋਲ ਰਖਦੇ ਸਨ ਅਤੇ ਅੱਜ ਵੀ ਇਹ ਪੋਥੀਆਂ ਕਰਤਾਰਪੁਰ, ਜਲੰਧਰ ਵਿਖੇ ਧੀਰਮੱਲੀਆਂ ਦੇ ਡੇਰੇ ਕੋਲ ਹਨ।

ਸ਼੍ਰੀ ਗੁਰੂ ਰਵਿਦਾਸ ਜੀ 1476 ਈ: ਵਿੱਚ ਦੌਲਤਵਾਦ ਪਹੁੰਚੇ ਜਿਥੇ ਮੁਹੰਮਦ ਬਾਹਮਨੀ ਦੂਜਾ ਦਾ ਰਾਜ ਸੀ ਅਤੇ ਇਸ ਰਾਜ ਵਿੱਚ ਉਸ ਸਮੇਂ ਵਿੱਚ ਸੋਕਾ ਚਲ ਰਿਹਾ ਸੀ।ਲੋਕ ਖਾਣੇ-ਪੀਣੇ ਤੋਂ ਬਹੁਤ ਪ੍ਰੇਸ਼ਾਨ ਰਹਿੰਦੇ ਸਨ ਅਤੇ ਲੋਕ ਭੁਖ-ਮਰੀ ਦੇ ਮਾਰੇ ਹੋਏ ਗੁਜਰਾਤ ਤੇ ਮਾਲਵੇ ਵੱਲ ਜਾਣ ਲਗ ਪਏ ਸਨ।ਗੁਰੂ ਜੀ ਦੇ ਇਸ ਸਥਾਨ ਉਪਰ ਚਰਨ ਰੱਖਣ ਨਾਲ ਵਰਖਾ ਪੈਣ ਲੱਗ ਪਈ ਅਤੇ ਦੌਲਤਵਾਧ ਦਾ ਰਾਜਾ ਬਹੁਤ ਪ੍ਰਭਾਵਤ ਹੋਇਆ ਅਤੇ ਰਾਜੇ ਨੇ ਗੁਰੂ ਜੀ ਦਾ ਬਹੁਤ ਮਾਨ-ਸਤਿਕਾਰ ਕੀਤਾ।

ਗੁਰੂ ਜੀ ਨੇ ਦੌਲਤਾਵਾਦ ਸੰਗਤਾਂ ਦਾ ਉਦਾਰ ਕਰਕੇ ਖੁਲਦਵਾਗ ਪਿੰਡ ਵਿੱਚ ਗਏ। ਇਸ ਸਥਾਨ ਸਤਿ ਗੁਰੂ ਕਬੀਰ ਜੀ ਦਾ ਜਨਮ ਸਥਾਨ ਵਜੋਂ ਜਾਣਿਆ ਜਾਂਦਾ ਸੀ। ਇਥੋਂ ਦੇ ਸਾਈਂ ਮਕਦੂਮ ਸੈਜ਼ਦ ਜਿਆਉਦੀਨ ਬਾਇਬਾਨੀ ਗੁਰੂ ਜੀ ਦੇ ਬੱਚਨਾਂ ਨਾਲ ਸਹਿਮਤ ਹੋ ਕੇ ਮੋਮਨ ਬਣ ਗਏ ਸਨ। ਖੁਲਦਵਾਗ ਤੋਂ ਗੁਰੂ ਜੀ ਆਪਣੀ ਮੰਡਲੀ ਨਾਲ 12 ਕਿ:ਮੀ: ਦੂਰ ਅਲੌਰਾਂ ਅਤੇ ਅਜੰਤਾਂ ਦੀਆਂ ਗੁਫਾਵਾਂ ਕੋਲ ਨਿਵਾਸ ਕੀਤਾ। ਇਸ ਸਥਾਨ ਉਪਰ, ਬੁਧ, ਜੈਨ ਅਤੇ ਹਿੰਦੂ ਧਰਮਾਂ ਦੇ ਬਹੁਤ ਸਾਰੇ ਪਵਿੱਤਰ ਸਥਾਨ ਹਨ। ਗੁਰੂ ਜੀ ਨੇ ਬਾਰੂਲ ਪਿੰਡ ਦੇ ਰਮਣੀਕ ਅਸਥਾਨ ਵਿੱਚ ਆਪਣਾ ਆਸਣ ਲਗਾਇਆ ਸੀ ਕਿਉਂਕਿ ਇਹ ਸਥਾਨ ਨਾਗਵੰਸ਼ੀ ਜਾਤੀ ਦੇ ਲੋਕਾਂ ਦੇ ਅਧਾਰਤ ਤੇ ਹੈ। ਮੰਰਾਠੀ ਭਾਸ਼ਾ ਵਿੱਚ ਇਸ ਨੂੰ ਬਰੂਲ, ਨਾਗਵੰਸੀ ਜਾਤੀ ਵਜੋਂ ਜਾਣੇ ਜਾਂਦੇ ਹਨ। ਇਥੋਂ ਦੇ ਬਾਦਸ਼ਾਹ ਯੇਲਦੇਉ ਦੇ ਸਰੀਰ ਵਿੱਚ ਕੀੜੇ ਪਏ ਹੋਏ ਸਨ ਅਤੇ ਰਾਜੇ ਦੇ ਲੋਕ ਉਸਦੇ ਕੋਲ ਨਹੀ ਜਾਂਦੇ ਸਨ। ਬਿਮਾਰੀ ਨਾਲ ਪੀੜਤ ਬਾਦਸ਼ਾਹ ਆਪਣੀ ਫਰਿਆਦ ਲੈ ਕੇ ਗੁਰੂ ਜੀ ਦੇ ਚਰਣਾ ਵਿੱਚ ਢਹਿ-ਢੇਰੀ ਹੋ ਗਿਆ ਅਤੇ ਗੁਰੂ ਜੀ ਨੇ ਉਸਦੀ ਪੀੜਾ ਨੂੰ ਸਮਝ ਦੇ ਹੋਏ ਗੁਰੂ ਜੀ ਨੇ ਯੇਲਗੰਗਾ ਨਦੀ ਤੋਂ ਪਾਣੀ ਮੰਗਵਾਇਆ ਅਤੇ ਇੱਕ ਟੋਆ ਪੁਟ ਕੇ, ਜਲ ਉਸ ਵਿਚ ਪਾ ਦਿਤਾ ਅਤੇ ਬਾਦਸ਼ਾਹ ਨੂੰ ਉਸ ਜਲ ਨਾਲ ਨਹਾਉਣ ਵਾਸਤੇ ਕਿਹਾ ਅਤੇ ਰਾਜੇ ਦੇ ਸਾਰੇ ਦੁਖ ਦੂਰ ਹੋ ਗਏ। ਇਸ ਖੁਸ਼ੀ ਵਿੱਚ ਰਾਜੇ ਨੇ ਇਸ ਸਥਾਨ ਤੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਨਾਮ ਉਪਰ ਕੁਡ ਬਣਾਇਆ ਸੀ। ਪਰ ਬ੍ਰਾਹਣਵਾਧੀ ਲੋਕਾਂ ਨੇ ਇਸ ਕੁਡ ਦਾ ਨਾਮ ਬਦਲ ਕੇ ਪੁਣਯਸ਼ਲੋਕ ਅਹਿੱਲਿਆਬਾਈ ਹੋਲਕਰ ਸ਼ਿਵਾਲਯ ਤੀਰਥ ਕੁਡ ਰੱਖਿਆ ਹੋਇਆ ਹੈ ਇਹ ਸਥਾਨ ਮਹਾਰਾਸ਼ਟਰਾ ( ਅਰੰਗਾਵਾਦ) ਤੋਂ 32 ਕਿ. ਮੀ.ਦੂਰ ਐਲੋਰਾਂ ਦੀਆ ਗੁਫਾਵਾਂ ਤੋਂ ਦੂਰ ਹੈ॥

ਗੁਰੂ ਜੀ, ਇਸ ਸਥਾਨ ਤੋਂ ਕਨਾਡ ਪਹੁੰਚੇ। ਇਹ ਸਥਾਨ ਅੱਜ ਚਮਾਰ ਟੇਕਰੀ ਵਜੋਂ ਜਾਣਿਆ ਜਾਂਦਾ ਹੈ। ਗੁਰੂ ਜੀ ਨੇ ਸੰਗਤ ਨੂੰ ਸਤਿਨਾਮ ਦਾ ਜਾਪ ਕਰਵਾਉਂਦੇ ਹੋਏ ਨਾਸਿਕ ਪਹੁੰਚੇ। ਇਸ ਸਥਾਨ ਉਪਰ ਸੂਰਜ ਅਤੇ ਬ੍ਰਹਿਸਪਤੀ ਸਿੰਘ ਰਾਸ਼ੀ ਵਿੱਚ ਪ੍ਰਵੇਸ ਕਰਦਾ ਹੈ ਇਥੇ ਗੁਦਾਵਰੀ ਨਦੀ ਦੇ ਕਿਨਾਰੇ ਉਪਰ ਕੁੰਭ ਦਾ ਮੇਲਾ ਲਗਦਾ ਹੈ। ਇਥੇ ਬ੍ਰਾਹਮਣਾ ਵਲੋਂ ਕਰਮ ਕਾਡ ਦੁਆਰਾ ਸੰਗਤ ਨੂੰ ਲੁਟਿਆ ਜਾਂਦਾ ਸੀ ਅਤੇ ਗੁਰੂ ਜੀ ਨੇ ਲੋਕਾਂ ਨੂੰ ਸਤਿਨਾਮ ਨਾਲ ਜੋੜ ਕੇ ਸਿਧੇ ਰਾਹ ਪਾਇਆ॥

ਚਮਾਰ ਟੇਕਰੀ ਤੋਂ ਗੁਰੂ ਜੀ ਮਾਂਡੋ ਸ਼ਹਿਰ ਪਹੁੰਚੇ। ਇਸ ਸਥਾਨ ਨੂੰ ਮੁਸਲਮਾਨ ਰਾਜੇ, ਉਲਮਾਂ ਤੇ ਸੂਫੀ ਸੰਤਾ ਨਾਲ ਰਲ ਕੇ ਇੱਕ ਸੁੰਦਰ ਸ਼ਹਿਰ ਬਣਵਾਇਆ ਸੀ। ਗੁਰੂ ਜੀ ਨੇ ਇਥੇ ਚਾਰ ਕੁ ਮੀਲ ਦੁਰ ਮੈਂਦੀ ਖੇੜਾ ਦੇ ਕਾਕੜ ਖੰਡ ਦੇ ਕਿਨਾਰੇ ਉਪਰ ਆਪਣਾ ਡੇਰਾ ਲਗਾਇਆ ਸੀ ਇਥੇ ਸੰਗਤਾਂ ਗੁਰੂ ਜੀ ਦੇ ਬਚਨ ਸੁਣਨ ਆਇਆ ਕਰਦੀਆਂ ਸਨ। ਇਸ ਸਥਾਨ ਨੂੰ ਗੁਰੂ ਜੀ ਦੇ ਚਰਨਛੋਅ ਪ੍ਰਾਪਤ ਸਥਾਨ ਦਾ ਮਾਣ ਹੈ। ਇਥੇ ਗੁਰੂ ਜੀ ਨੇ ਪੂਰੇ 49 ਦਿਨ ਭਜਨ ਬੰਦਗੀ ਵਿੱਚ ਬਤੀਤ ਕੀਤੇ ਅਤੇ ਸਤਿਨਾਮ ਬਾਣੀ ਦਾ ਪ੍ਰਚਾਰ ਕੀਤਾ। ਇਸ ਸਥਾਨ ਉਪਰ ਪਾਣੀ ਦੀ ਬਹੁਤ ਕਿਲਤ ਸੀ ਤੇ ਗੁਰੂ ਜੀ ਨੇ ਇੱਕ ਪੱਥਰ ਦੂਰ ਕਰਕੇ ਇਕ ਮਿੱਠੇ ਪਾਣੀ ਦੇ ਚਸ਼ਮੇਂ ਨੂੰ ਉਜਾਗਰ ਕੀਤਾ ਸੀ।

ਇਸ ਸਥਾਨ ਉਪਰ ਇੱਕ ਅਜੀਵ ਘਟਨਾ ਵਾਪਰੀ ਕਿ ਇਥੇ ਇਕ ਬਹੁਤ ਹੀ ਉਚੇ ਘਰਾਣੇ ਦੀ ਲੜਕੀ ਜੋ ਅਪਸਰਾ ਵਰਗੀ ਸੀ ਤੇ ਜਿਸਦਾ ਨਾਂ ਗੰਗਾ ਜਾਂ ਗੰਗਾ ਨਦੀ ਸੀ। ਗੁਰੂ ਜੀ ਦੇ ਪ੍ਰਬੱਚਨ ਸੁਣਨ ਵਾਸਤੇ ਆਇਆ ਕਰਦੀ ਸੀ ਜਿਸਦਾ ਰੰਗ-ਰੂਪ ਦੂਰ ਤੱਕ ਮਹਿਕਾਂ ਖਲਾਰਦਾ ਸੀ। ਗੰਗਾ ਦੇ ਅਲੌਕਿਕ



ਹੁਸਨ ਦੀਆਂ ਗੱਲਾਂ ਕੰਨੋ -ਕੰਨੀ ਰਾਜਾ ਸੁਲਤਾਨ ਗਿਆਸ ਸ਼ਾਹ ਰਾਜੇ ਕੋਲ ਪਹੁੰਚ ਗਈ ਅਤੇ ਇਹ ਰਾਜਾ ਸ਼ਰਾਬੀ ਕਬਾਬੀ ਸੀ ਜਿਸ ਕੋਲ ਪਹਿਲਾ ਹੀ ਅਨੇਕਾਂ ਸੁੰਦਰੀਆਂ ਸਨ। ਰਾਜੇ ਨੇ ਇਕ ਵਜ਼ੀਰ ਰਾਹੀਂ ਗੁਰੂ ਜੀ ਨੂੰ ਸੰਦੇਸ਼ ਭੇਜਿਆ ਕਿ ਰਾਜਾ ਗੰਗਾ ਨਾਲ ਵਿਆਹ ਕਰਵਾਉਣ ਚਾਹੁੰਦਾ ਹੈ। ਗੁਰੂ ਜੀ ਬੇਚੇਨ ਰਹਿਣ ਲਗ ਪਏ ਅਤੇ ਇਸ ਬੇਚੈਨੀ ਦੀ ਭਿਣਕ ਗੰਗਾ ਨੂੰ ਵੀ ਹੋ ਗਈ। ਗੰਗਾ ਨੇ ਰਾਜੇ ਨਾਲ ਵਿਆਹ ਕਰਵਾਉਣ ਵਾਸਤੇ ਹਾਂ ਕਰ ਦਿੱਤੀ ਪਰ ਇੱਕ ਸ਼ਰਤ ਲਗਾ ਦਿੱਤੀ ਕਿ ਰਾਜਾ ਉਸਦਾ ਡੋਲ੍ਹਾ ਗੁਰੂ ਜੀ ਦੇ ਆਸ਼ਰਮ ਵਿਚੋਂ ਲੇ ਕੇ ਜਾਵੇ।

ਰਾਜਾ ਸਹਿਮਤ ਹੋ ਗਿਆ ਅਤੇ ਆਪਣੀ ਸ਼ਾਹੀ ਬਰਾਤ ਨੂੰ ਹਾਰ ਸ਼ਿਗਾਰ ਲਗਵਾ ਕੇ, ਬੈਂਡ ਵਾਜਿਆਂ ਨਾਲ ਅਸ਼ਰਮ ਵਿੱਚ ਪਹੁੰਚਿਆ। ਗੰਗਾ ਨੇ ਆਸ਼ਰਮ ਵਿੱਚੋਂ ਜਾਣ ਬਾਰੇ ਨਹੀ ਸੋਚਿਆ ਸੀ ਕਿਉਂਕਿ, ਉਸਨੂੰ ਗੁਰੂ ਜੀ ਉਪਰ ਪੂਰਾ ਭਰੋਸਾ ਸੀ। ਵਿਆਹ ਦੀਆ ਸਾਰੀਆਂ ਰਸਮਾਂ ਕੀਤੀਆਂ ਜਾ ਰਹੀਆਂ ਸਨ ਪਰ ਅਚਾਨਕ ਬਹੁਤ ਜ਼ੋਰਾਂ ਦੀ ਮੀਹ ਪੈਂਣ ਲਗ ਪਿਆ ਅਤੇ ਗੰਗਾ ਨੇ ਸ਼ਰਤ ਰੱਖੀ ਕਿ ਉਹ ਕਾਕੜਾ ਤੱਟ ਉਪਰ ਜਾਣਾ ਚਾਹੁੰਦੀ ਹੈ ਗੰਗਾ ਨੇ ਦਰਿਆ ਵਿੱਚ ਸ਼ਾਲ ਮਾਰ ਦਿੱਤੀ ਅਤੇ ਰਾਜੇ ਦੇ ਸਾਰੇ ਬਰਾਤੀ ਗੰਗਾ ਨੂੰ ਲੱਭਣ ਵਿੱਚ ਅਸਮਰਥ ਰਹੇ ਅਤੇ ਆਖਰਕਾਰ ਰਾਜੇ ਨੇ ਸ਼ਰਮਸਾਰ ਹੋ ਕੇ ਗੁਰੂ ਜੀ ਤੋਂ ਮਾਫੀ ਮੰਗੀ। ਇਸ ਕਾਕੜੀ ਤੱਟ ਉਪਰ ਸ਼ਿਵ-ਪਾਰਵਤੀ ਮਾਤਾ ਦਾ ਮੰਦਰ ਹੈ ਅਤੇ ਇਥੇ ਗੁਰੂ ਰਵਿਦਾਸ ਜੀ ਦੇ ਚਰਨ ਛੋ ਸਥਾਨ ਦਾ ਬੋਰਡ ਲੱਗਿਆ ਹੋਇਆ ਹੈ ਜਿਥੇ ਗੰਗਾ ਜੀ ਸ਼ਿਵ ਸਥਾਨ ਤੇ ਸੰਤ ਸ਼੍ਰੋਮਣੀ ਗੁਰੂ ਰਵਿਦਾਸ ਜੀ ਦਾ ਨਾਮ ਲਿਖਿਆ ਹੋਇਆ ਹੈ॥

ਮਾਂਢ ਤੋਂ ਗੁਰੂ ਜੀ ਧਾਰ ਤੋ ਹੁੰਦੇ ਹੋਏ ਸੱਤ ਸਾਗਰ, ਚਾਰ ਧਾਮ ਮੰਦਰ, ਇੱਕ ਸ਼ਕਤੀ ਪੀਠ ਅਤੇ ਅਨੇਕਾਂ ਹਿੰਦੂ ਮੰਦਰਾਂ ਦੀ ਧਰਤੀ ਉਪਰ 1476 ਈ: ਸ਼੍ਰੀ ਗੁਰੂ ਰਵਿਦਾਸ ਜੀ ਉਜੈਨ ਵਿਖੇ ਪਹੁੰਚੇ।

ਗੁਰੂ ਜੀ ਨੇ ਸਿਪਰਾ ਨਦੀ ਵਿੱਚ ਅਸ਼ਨਾਨ ਕੀਤਾ ਅਤੇ ਸੰਗਤਾਂ ਨੂੰ ਸਤਿਨਾਮ ਨਾਮ ਨਾਲ ਨਿਹਾਲ ਕੀਤਾ। ਇਸ ਸਥਾਨ ਨੂੰ ਸ਼੍ਰੀਗੁਰੂ ਰਵਿਦਾਸ ਜੀ ਘਾਟ ਕਹਿੰਦੇ ਹਨ ਜੋ ਰਾਮ ਘਾਟ ਸਥਾਨ ਨਾਲ ਲਗਦਾ ਹੈ ਇਸ ਸਥਾਨ ਉਪਰ ਗੁਰੂ ਜੀ ਦੀ ਮੂਰਤੀ ਵੀ ਸ਼ੁਸ਼ੋਭਤ ਹੈ॥

ਮਾਂਡ ਦੀ ਧਰਤੀ ਤੋਂ ਗੁਰੂ ਜੀ ਬਿੰਦਰਾਬੰਦ ਅਤੇ ਗਵਰਧਨ ਪਹੁੰਚੇ। ਇਸ ਸਥਾਨ ਉਪਰ ਗੁਰੂ ਜੀ ਦੀਆਂ ਨਿਸ਼ਾਨੀਆਂ ਜਿਵੇ: ਗੁਰੂ ਜੀ ਦੇ ਚਰਨਾਂ ਦੀ ਪਾਦੁਕਾ, ਬਸਤਰ, ਤਕੀਆ, ਛੜੀ, ਚਿਮਟਾ ਆਦਿ ਅਜੇ ਤੱਕ ਸੰਗਤਾਂ ਨੇ ਸੰਭਾਲ ਕੇ ਰਖੇ ਹੋਏ ਹਨ।

ਗਵਰਧਨ ਤੋਂ ਗੁਰੂ ਜੀ ਉਜੈਨ ਦੇ ਮਾਲਵੇ ਖੇਤਰ ਵਿੱਚ ਗਏ ਜਿਥੇ ਸੰਤ ਮੋਚਨਾਬਾਈ ਨੂੰ ਲੋਕ ਦੇਵੀ ਵਾਂਗ ਪੂਜ ਦੇ ਸਨ। ਗੁਰੂ ਜੀ ਨੇ ਉਜੈਨ ਤੋਂ ਚਲਕੇ 12 ਕਿ. ਮੀ. ਦੂਰ ਨਹਾਰੀਆ ਪਿੰਡ ਡੇਰਾ ਲਗਾਇਆ ਅਤੇ ਗੁਰੂ ਜੀ ਭੁਪਾਲ, ਵਿਦੀਸ਼ਾ, ਸਾਗਰ ਹੁੰਦੇ ਹੋਏ ਭੂਦੀ ਪਹੁੰਚੇ। ਭੁਪਾਲ ਵਿੱਚ ਬੁੱਧ ਧਮਾਂ ਦੇ ਸਾਂਚੀ ਸਤੂਪਾ ਦੇ ਮੁਤਾਬਿਕ ਭਾਰਤ ਦਾ ਪਾਰਲੀਮੈਂਟ ਹਾਊਸ ਬਿਲਿਡੰਗ ਬਣਾਈ ਗਈ ਸੀ ਭੂਦੀ ਪਿੰਡ ਵਿੱਚ ਇਕ ਧਨਾਡ ਜੋ ਲੋਕਾਂ ਨੂੰ ਠਗ ਕੇ ਬਹੁਤ ਵੱਡਾ ਮਹਿਲ ਪਾ ਕੇ ਬੈਠਾ ਸੀ। ਪਿੰਡ ਦੇ ਲੋਕ ਉਸ ਤੋਂ ਬਹੁਤ ਦੁਖੀ ਸਨ ਕਿਉਂਕਿ ਇਹ ਧਨਾਡ ਗਰੀਬ ਤੇ ਲਚਾਰ ਲੋਕਾਂ ਤੋਂ ਵਿਆਜ ਤੇ ਵਿਆਜ ਲਗਾ ਕੇ ਵਸੂਲਦਾ ਸੀ। ਅਚਾਨਕ ਡਿੱਗਣ ਨਾਲ ਉਸਦੀ ਮੌਤ ਹੋ ਗਈ ਅਤੇ ਪਿੰਡ ਦੇ ਲੋਕ ਸੋਗ ਵਿੱਚ ਬੈਠੇ ਹੋਏ ਸਨ ਤਾਂ ਗੁਰੂ ਜੀ ਨੇ ਇਥੇ ਇਕ ਸ਼ਬਦ ਉਚਾਰਣ ਕੀਤਾ ਕਿ “ਉਚੇ ਮੰਦਰ ਸਾਲ ਰਸੋਈ ! ਏ ਘਰੀ ਫੁਨਿ ਰਹਨੁ ਨਾ ਹੋਈ! ਇਹ ਤਨ ਐਸਾ ਜੈਸੇ ਘਾਸ ਕੀ ਟਾਈ! ਜਲਿ ਗਇਓ ਘਾਸੁ ਰਲ ਗਇਓ ਮਾਟੀ” ਸੰਗਤਾਂ ਨੂੰ ਸਮਜਾਇਆ ਕਿ ਅਜਿਹੇ ਇੰਨਸਾਨ ਦਾ ਸਾਨੂੰ ਦੁਖ ਨਹੀ ਮਨਾਉਣਾ ਚਾਹੀਦਾ ਹੈ॥

ਸ਼੍ਰੀ ਗੁਰੂ ਰਵਿਦਾਸ ਜੀ 1477 ਈ: ਵਿਖੇ ਆਗਰ ਵਿਚ ਪਹੁੰਚੇ ਅਤੇ ਲੋਕਾਂ ਨੂੰ ਜੁਤੀਆ ਬਣਾਉਣ ਦੇ ਕੰਮ ਕਰਨ ਦੀ ਪ੍ਰੇਣਨਾ ਕੀਤੀ। ਆਗਰੇ ਦੀ ਜੁਤੀ ਅੱਜ ਵੀ ਸੰਸਾਰ ਭਰ ਵਿਚ ਮਸ਼ਹੂਰ ਹੈ ਤੇ ਇਥੋ ਦੇ ਚਮਾਰਾਂ ਨੇ ਬਾਦਸ਼ਾਹ ਅਕਬਰ ਦੀਆਂ ਫੌਜਾਂ ਦੀਆਂ ਜੁੱਤੀਆਂ ਬਣਾਉਣ ਦਾ ਠੇਕਾ ਮਿਲਿਆ ਹੋਇਆ ਸੀ। ਜਿਸ ਨਾਲ ਇਥੋਂ ਦੇ ਚਮਾਰ ਅਮੀਰ ਲੋਕਾਂ ਵਜੋਂ ਜਾਣੇ ਜਾਂਦੇ ਹਨ।

ਆਗਰੇ ਵਿੱਚ ਇਕ ਕਰੋੜੀ ਮੱਲ ਖੱਤਰੀ ਰਹਿੰਦਾ ਸੀ ਜਿਸਨੇ ਲੋਕਾਂ ਦਾ ਖੂਨ ਨਿਚੋੜ ਕੇ ਧੰਨ ਇਕਠਾ ਕੀਤਾ ਹੋਇਆ ਸੀ ਤੇ ਲੋਕਾਂ ਉਪਰ ਬਹੁਤ ਜ਼ੁਲਮ ਕਰਿਆ ਕਰਦਾ ਸੀ। ਗੁਰੂ ਜੀ ਨੇ, ਉਸਨੂੰ ਨੀਂਦ ਵਿਚੋਂ ਜਾਗਣ ਦਾ ਸੰਦੇਸ਼ ਦਿੱਤਾ ਪਰ ਉਸਦੀ ਘਰਵਾਲੀ ਗੁਰੂ ਜੀ ਦੇ ਬਚਨਾਂ ਨੂੰ ਪੂਰੀ ਤਰ੍ਹਾਂ ਸਮਝ ਗਈ ਸੀ ਅਤੇ ਬਾਅਦ ਵਿੱਚ ਕਰੋੜੀ ਮੱਲ ਨੇ ਗ੍ਰੀਬ ਲੋਕਾਂ ਵਾਸਤੇ ਬਹੁਤ ਹੀ ਨੇਕੀ ਵਾਲੇ ਕੰਮ ਕੀਤੇ।

ਆਗਰਾ ਤੋਂ ਚਲ ਕੇ ਗੁਰੂ ਜੀ ਮਥੁਰਾ ਵਿਖੇ ਆਏ ਇਥੇ ਪਾਂਡੇ ਲੋਕਾਂ ਨੂੰ ਧਰਮ ਕਾਡਾਂ ਵਿੱਚ ਉਲਝਾ ਕੇ ਲੋਕਾਂ ਨੂੰ ਲੁਟ ਰਹੇ ਸਨ। ਗੁਰੂ ਜੀ ਨੇ ਪਾਡਿਆਂ ਨੂੰ ਸਤਿਨਾਮ ਦੇ ਨਾਮ ਦਾ ਜਾਪ ਕਰਵਾਇਆ ਅਤੇ ਉਨ੍ਹਾਂ ਨੂੰ ਸਿਧੇ ਰਾਹ ਪਾਇਆ। ਗੁਰੂ ਜੀ, ਸੰਗਤਾਂ ਨੂੰ ਤਾਰਦੇ ਹੋਏ ਵਾਪਿਸ ਮੰਥੁਰਾ ਤੋਂ ਮੈਨੀਪੁਰੀ, ਏਟਾਵਾ, ਕਾਨਪੁਰ, ਅਲਾਹਾਬਾਦ ਮਾਰਗ ਹੁੰਦੇ ਹੋਏ 1478 ਈ: ਵਿੱਚ ਵਾਪਿਸ ਆਪਣੇ ਆਸ਼ਰਮ ਕਾਸ਼ੀ ਗੁਪਾਲ ਮੰਦਰ ਵਿੱਚ ਪਹੁੰਚੇ ਜਿਥੇ ਸੰਗਤਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੀਆ ਸਨ।

ਸ਼੍ਰੀ ਗੁਰੂ ਰਵਿਦਾਸ ਜੀ ਦੂਜੀ ਅਤੇ ਤੀਜੀ ਉਦਾਸੀ ਦਾ ਵੇਰਵਾ ਇਸ ਆਰਟੀਕਲ ਵਿੱਚ ਦਿੱਤਾ ਗਿਆ ਹੈ। ਇਸ ਤੋਂ ਪਹਿਲੇ ਆਰਟੀਕਲ ਵਿੱਚ ਪਹਿਲੀ ਅਤੇ ਛੇਵੀਂ ਉਦਾਸੀ ਦਾ ਵੇਰਵਾ ਦਿੱਤਾ ਗਿਆ ਸੀ ਸੋ ਸੰਗਤ ਉਸ ਨੂੰ ਵੀ ਪੜ ਸਕਦੀਆਂ ਹਨ।

ਸਾਡੇ ਗੁਰੂਆਂ ਦੀ ਵਿਚਾਰ ਧਾਰਾ ਨਾਲ ਸਾਂਝ ਰੱਖਣ ਵਾਲੀਆਂ ਸੰਗਤਾਂ ਨੇ ਸ਼੍ਰੀ ਗੁਰੂ ਨਾਨਕ ਜੀ ਦੀ ਜਨਮ ਸਾਖੀ ਬਾਰੇ ਸੁਣਿਆ ਤੇ ਪੜਿਆ ਹੋਵੇਗਾ ਜਿਵੇਂ ਕਿ ਸ਼੍ਰੀਗੁਰੂ ਨਾਨਕ ਜੀ ਦੇ ਜਨਮ ਸਮੇਂ ਉਨ੍ਹਾਂ ਦੇ ਕਮਰੇ ਵਿੱਚ ਪ੍ਰਕਾਸ਼ ਹੋਇਆ ਸੀ “ਮਿੱਟੀ ਧੁੰਦ ਜੱਗ ਚਾਨਣ ਹੋਇਆ”, ਗੁਰੂ ਜੀ ਨੇ ਬਚਪਨ ਤੋਂ ਹੀ ਬ੍ਰਾਹਮਣਵਾਦ ਦਾ ਵਿਰੋਧ ਕੀਤਾ ਜਿਵੇਂ: ਜਨੇਊ ਪਹਿਨਣ ਤੇ ਪਾਂਧੇ ਤੋਂ ਪੜਨ ਤੋਂ ਇਨਕਾਰੀ ਹੋਣਾ, ਸ਼੍ਰੀ ਗੁਰੂ ਰਵਿਦਾਸ ਜੀ ਅਤੇ ਉਨ੍ਹਾਂ ਦੀ ਭਜਨ ਮੰਡਲੀ ਨੂੰ ਲੰਗਰ ਸ਼ਕਾਉਣਾ ਜਿਸਨੂੰ ਸੱਚਾ ਸੌਦੇ ਕਰਕੇ ਜਾਣਿਆ ਜਾਂਦਾ ਹੈ ਅਤੇ ਕਾਲੀ ਬੇਈ ਤੇ ਮੂਲ ਮੰਤਰ ਲੈਣਾ, ਤੇਰਾਂ-ਤੇਰਾਂ ਤੋਲਣਾ, ਚਾਰ ਉਦਾਸੀਆ ਵਿੱਚ ਲੋਕਾਂ ਦੀ ਵਿਗੜੀ ਹੋਈ ਵਿਚਾਰਧਾਰਾ ਦੇ ਪਾਪੀ ਲੋਕ, ਯਾਦੂਗਰਾਂ ਨੂੰ ਸਿੱਧੇ ਰਾਹ ਪਾਉਣਾ, ਇਸਲਾਮਿਕ ਰਾਜੇ ਬਾਬਰ ਨੂੰ ਜ਼ਾਬਰ ਕਹਿਣਾ, ਆਟੇ ਵਾਲੀਆਂ ਚੱਕੀਆਂ ਆਪਣੇ ਚੱਲ ਲੱਗ ਪੈਂਦੀਆ ਸਨ। ਪਵਨ ਅਤੇ ਪਾਣੀ ਦੀ ਮਹੱਤਤਾ ਤੋਂ ਲੋਕਾਂ ਨੂੰ ਜਾਣੂ ਕਰਾਉਣਾ, ਸਿੱਖੀ ਨੂੰ ਸਹੀ ਰਾਹ ਦੇਣ ਵਾਸਤੇ ਆਪਣੀ ਗੁਰਗੱਦੀ ਭਾਈ ਲੇਹਣੈ ਨੂੰ ਬਖਸ਼ਸ ਕਰਨ ਨਾਲ ਇੱਕ ਨਵੀਂ ਸਿੱਖ ਧਰਮ ਵਿੱਚ ਪਿਰਤ ਪਾਈ ਸੀ।

ਭਾਈ ਲਾਲੋ ਦੇ ਘਰ ਕੋਦਰੇ ਦਾ ਰੋਟੀ ਖਾ ਕੇ ਗੁਰੂ ਜੀ ਸਾਬਿਤ ਕੀਤਾ ਕਿ ਗੁਰੂ ਜੀ ਗਰੀਬਾਂ ਦੇ ਨਾਲ ਸਨ, ਗੁਰੂ ਨਾਨਕ ਜੀ, ਭਾਈ ਬਾਲਾ ਜੀ, ਭਾਈ ਮਰਦਾਨਾ ਜੀ ਦੇ ਸਾਥ ਰਹਿਣ ਜਾਤਪਾਤ ਨੂੰ ਨਿਕਾਰਨਾ ਸੀ ਅਤੇ ਭਾਰਤੀ ਔਰਤਾਂ ਦੀ ਇੱਜ਼ਤ ਕਰਨਾ ਗੁਰੂ ਜੀ ਦਾ ਮੁੱਖ ਉਦੇਸ਼ ਸੀ।

ਸ਼੍ਰੀ ਗੁਰੂ ਨਾਨਕ ਜੀ ਨੇ ਜਗਨਨਾਥ ਮੰਦਰ ਵਿੱਚ ਆਰਤੀ ਦਾ ਗਾਇਨ ਕੀਤਾ ਜਿਵੇਂ: “ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ, ਤਾਰਿਕਾ ਮੰਡਲ, ਜਨਕ ਮੋਤੀ” ਜੋ ਉਸ ਸਮੇਂ ਵਿੱਚ ਬ੍ਰਾਹਮਣਵਾਦ ਤੇ ਚੋਟ ਸੀ ਕਿਉਂਕਿ ਗੁਰੂ ਜੀ ਨੂੰ ਪੁਜਾਰੀਆਂ ਨੇ ਮੰਦਰ ਦੇ ਅੰਦਰ ਵੜਨ ਨਹੀਂ ਦਿੱਤਾ ਸੀ।

ਜੇ ਕਰ ਅਸੀ ਸ਼੍ਰੀ ਗੁਰੂ ਰਵਿਦਾਸ ਜੀ ਬਾਰੇ ਵਿਚਾਰ ਗੋਸ਼ਟੀ ਕਰੀਏ ਤਾਂ ਪਤਾ ਚਲਦਾ ਹੈ ਕਿ ਸ਼੍ਰੀ ਗੁਰੂ ਰਵਿਦਾਸ ਜੀ, ਸ਼੍ਰੀ ਗੁਰੂ ਨਾਨਕ ਜੀ ਤੋਂ 55 ਸਾਲ ਵੱਡੇ ਸਨ।ਗੁਰੂ ਜੀ ਦੇ ਜਨਮ ਵੇਲੇ ਕਮਰੇ ਵਿਚ ਵੀ ਪ੍ਰਕਾਸ਼ ਹੋਣਾ, ਪਾਂਧੇ ਤੋਂ ਪੜਨ ਤੋ ਇਨਕਾਰੀ ਹੋਣਾ, ਅਛੂਤਾਂ ਨੂੰ ਕੰਮ ਕਰਨਾ ਦਾ ਮਾਰਗ ਦੱਸਣਾ, ਅਛੂਤ ਹੋਣ ਦੇ ਨਾਤੇ ਗੰਗਾ ਵਿੱਚ ਅਸ਼ਨਾਨ ਕਰਨਾ, ਜੰਜੂ ਤਿਲਕ ਲਗਾ ਕੇ ਰੱਬ ਦੀ ਭਗਤੀ ਕਰਨੀ,

ਰਾਜਾ ਨਾਗਰ ਮੱਲ ਦੇ ਸਾਹਮਣੇ ਸਾਬਿਤ ਕਰਨਾ ਕਿ ਅਛੂਤਾਂ ਨੂੰ ਰੱਬ ਦੀ ਭਗਤੀ ਕਰਨ ਦਾ ਪੂਰਾ ਹੱਕ ਹੈ ਤੇ ਰਾਜੇ ਦੀ ਕਚਿਹਰੀ ਵਿੱਚ ਬਰਾਹਮਣਾ ਨੂੰ ਮਾਤ ਦੇਣੀ, ਰਾਜਪੂਤਾਂ ਦੇ ਬਹੁਤ ਸਾਰੇ ਰਾਜੇ ਅਤੇ ਮੈਵਾੜ ਦੀ ਰਾਣੀ ਝਾਲਾਬਾਈ ਅਤੇ ਮੀਰਾ ਬਾਈ ਗੁਰੂ ਜੀ ਦੇ ਸ਼ਰਧਾਲੂ ਬਣਨਾ, ਪੰਜਾਬੀ ਭਾਸ਼ਾ ਨੂੰ ਉਜਾਗਰ ਕਰਨਾ, ਬੇਗਮਪੁਰ ਸ਼ਹਿਰ ਦਾ ਨਾਹਰਾ ਦੇਣਾ, ਸਮਾਜਿਕ ਨਾ ਬਰਾਬਰਤਾ ਦਾ ਵਿਰੋਧ ਕਰਨਾ ਅਤੇ ਸਾਧੂ- ਸੰਤਾ, ਯੋਗੀਆ -ਰਿਸ਼ੀਆ ਮੁਨੀਆਂ ਬ੍ਰਾਹਮਣਾ ਦੇ ਧਰਮ-ਪੀਠਾ ਨਾਲ ਵਿਚਾਰ ਵਟਾਂਦਰੇ ਕਰਨੇ, ਜਗਨਨਾਥ ਮੰਦਰ ਵਿੱਚ ਪੁਜਾਰੀਆ ਨੂੰ ਦੇਵਦਾਸੀਆਂ ਬਣਾਉਣ ਦੀ ਪ੍ਰਥਾ ਨੂੰ ਰੋਕਣਾ, ਬ੍ਾਹਮਣ ਅਤੇ ਮੁਲਮਾਨ ਰਾਜਿਆ ਦਾ ਵਿਰੋਧ ਕਰਨਾ, ਆਟੇ ਵਾਲੀਆਂ ਚੱਕੀਆਂ ਆਪਣੇ ਚੱਲ ਲੱਗ ਪੈਂਦੀਆ ਸਨ, ਚਮਾਰਾਂ ਨੂੰ ਇਸਲਾਮ ਧਰਮ ਵਿੱਚ ਜਬਰਨ ਬਦਲਣੇ ਦਾ ਵਿਰੋਧ ਕਰਨਾ, ਜਾਤ-ਪਾਤ ਦਾ ਵਿਰੋਧ ਕਰਨਾ, ਸੋਨਪੁਰ ਮੇਲੇ ਵਿੱਚ ਔਰਤਾਂ ਨੂੰ ਮੰਡੀਆਂ ਵਿੱਚ ਵੇਚਣ ਦਾ ਵਿਰੋਧ ਕਰਨਾ, ਕਾਮਰੁਪੀ ਯਾਦੂਗਰ ਜ਼ੈਟਰਾ ਜੈਸੀ ਦਾ ਵਿਰੋਧ ਕਰਨਾ, ਨਾਗਪੁਰ ਵਿੱਚ ਮੁਸਲਮਾਨ ਰਾਜੇ ਵਲੋਂ ਕਿਸਾਨਾਂ ਦੇ ਬੈਲਾਂ ਜਬਰਨ ਚੁੱਕ ਕੇ ਉਨਾ ਦਾ ਗੋਸ਼ਤ ਖਾਣੇ ਦਾ ਵਿਰੋਧ ਕਰਨਾ, ਭਾਰਤ ਦੇ ਕੈਰਲਾ ਪ੍ਰਾਂਤ ਵਿੱਚ ਅਛੂਤ ਔਰਤਾਂ ਦੀ ਛਾਤੀ ਨੰਗੀ ਰੱਖਣ ਤੇ ਟੈਕਸ ਲੈਣ ਦਾ ਵਿਰੋਧ ਕਰਨਾ, ਬਾਦਸ਼ਾਹਾ ਤੇ ਆਮ ਲੋਕਾਂ ਦੇ ਰੋਗਾਂ ਨੂੰ ਦੂਰ ਕਰਨਾ, ਹਿੰਦੂਆਂ ਦੇ ਮੰਦਰਾਂ ਵਿੱਚ ਦੇਵਦਾਸੀਆ, ਕਰਮ ਕਾਡਾਂ, ਪਾਖੰਡਾ, ਜਾਤ-ਪਾਤ ਦੇ ਨਾਲ ਅਛੂਤਾ ਦਾ ਸ਼ੋਸ਼ਣ ਦਾ ਵਿਰੋਧ ਕਰਨਾ।

ਸ਼੍ਰੀ ਗੁਰੂ ਰਵਿਦਾਸ ਜੀ ਸਿੱਖ ਧਰਮ ਦੀ ਨੀਂਵ ਰਖਣ ਵਾਲੇ ਸਤਿਗੁਰੂ ਨਾਮਦੇਵ ਜੀ ਤੋਂ ਬਾਅਦ ਚੋਂ, ਪਹਿਲੇ ਸ਼੍ਰੋਮਣੀ ਸੰਤ ਹੋਏ ਹਨ ਜਿਨਾਂ ਨੇ ਸਿੱਖ ਧਰਮ ਨੂੰ ਸ਼ੁਰੂ ਕਰਕੇ ਸ਼੍ਰੀਗੁਰੂ ਨਾਨਕ ਜੀ ਨੂੰ ਸਿੱਖ ਧਰਮ ਨੂੰ ਚਲਾਉਣ ਦੀ ਜ਼ੁਮੇਬਾਰੀ ਸੋਂਪੀ ਸੀ।

ਸ਼੍ਰੀ ਗੁਰੂ ਰਵਿਦਾਸ ਜੀ ਦੇ 40 ਸ਼ਬਦਾਂ ਤੇ ਇੱਕ ਆਰਤੀ, 16 ਰਾਗਾਂ ਵਿੱਚ ਸ਼੍ਰੀਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ। ਗੁਰੂ ਜੀ ਦੀ ਗੁਰਬਾਣੀ ਸ਼੍ਰੀ ਗੁਰੂ ਗੰਥ ਸਾਹਿਬ ਵਿੱਚ ਮਾਨਵਤਾ ਨੂੰ ਪ੍ਰੇਮ ਭਗਤੀ ਚੋਂ ਉਪਜਿਆਂ ਸੱਚ ਦਾ ਮਾਰਗ ਦੱਸਦੀ ਹੈ ਜੋ ਮਾਨਵਤਾ ਦੇ ਪੰਜ-ਤੰਤਵਾ ਦੇ ਦੋਸ਼ਾ ਤੋ ਮੁਕਤੀ ਦਿਵਾਉਂਦੀ ਹੈ।

**ਬੇਗਮਪੁਰ ਸਹਰ ਕੋ ਨਾਉ॥**
**ਦੂਖ ਅੰਦੋਹੁ ਨਹੀ ਤਿਹਿ ਠਾਉ॥**
**ਨਾਂ ਤਸਵੀਸ ਖਿਰਾਜੁ ਨਾ ਮਾਲੁ॥**
**ਖਉਫੁ ਨ ਖਤਾ ਨ ਤਰਸ ਜਵਾਲੁ॥**
**ਅਬ ਮੋਹਿ ਖੂਬ ਵਤਨ ਗਹ ਪਈ॥**
**ਊਹਾਂ ਖੈਰਿ ਸਦਾ ਮੇਰੇ ਭਾਈ॥**
**ਕਾਇਮ ਦਾਇਮੁ ਸਦਾ ਪਾਤਿਸਾਹੀ॥**
**ਦੋਮ ਨਾ ਸੇਮ ਏਕ ਸੋ ਆਹੀ॥**
**ਅਬਾਦਾਨੁ ਸਦਾ ਮਸਹੂਰ ॥**
**ਊਹਾ ਗਨੀ ਬਸਹਿ ਮਾਮੂਰ॥**
**ਤਿਉ ਤਿਉ ਸੈਲ ਕਰਹਿ ਜਿਉ ਭਾਵੈ॥**
**ਮਰਹਮ ਮਹਲ ਨ ਕੋ ਅਟਕਾਵੈ॥**
**ਕਹਿ ਰਵਿਦਾਸ ਖਲਾਸ ਚਮਾਰਾ॥**
**ਜੋ ਹਮ ਸਹਰੀ ਸੁ ਮਤਿ ਹਮਾਰਾ॥**
**ਸ਼੍ਰੀ ਗੁਰੁ ਗ੍ਰੰਥ ਸਾਹਿਬ, ਪੰਨਾ -੩੪੫**

ਹਿੰਦੂਆਂ ਦੇ ਜਗਨਨਾਥ ਮੰਦਰ ਵਿੱਚ ਜਦੋਂ ਪੁਜਾਰੀਆਂ ਨੇ ਮੰਦਰ ਅੰਦਰ ਜਾਣ ਦੀ ਮਨਾਹੀ ਕੀਤੀ ਤਾਂ ਗੁਰੂ ਜੀ ਨੇ "ਨਾਮੁ ਤੇਰੋ ਆਰਤੀ ਮਜਨੁ ਮੁਰਾਰੇ, ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ" ਸ਼ਬਿਦ ਦਾ ਗਾਇਨ ਕੀਤਾ ਸੀ। ਗੁਰੂ ਜੀ ਦੀ ਉਚਾਰੀ ਹੋਈ ਆਰਤੀ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਹਰ ਘੰਟੇ ਬਾਅਦ ਗਾਇਨ ਕੀਤੀ ਜਾਂਦੀ ਹੈ।

ਭਾਰਤ ਦੇ ਰਵਿਦਾਸੀਆ ਲੋਕਾਂ ਦੀ ਨਵੀਂ ਪੀੜ੍ਹੀ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਬਹੁਤ ਹੀ ਗਰਮ ਜੋਸ਼ੀ ਨਾਲ ਮਨਾਉਂਦੇ ਹਨ। ਪਿੰਡਾਂ ਅਤੇ ਸ਼ਹਿਰਾਂ ਵਿੱਚ ਗੁਰੂ ਜੇ ਦੇ ਜਨਮ ਦਿਨ ਦੇ ਮਹੀਨੇ ਤੋਂ ਪਹਿਲਾ ਹੀ ਲੰਗਰ, ਪ੍ਰਭਾਤ ਫੈਰੀਆ ਸ਼ੁਰੂ ਹੋ ਜਾਂਦੀਆ ਹਨ ਜੋ ਕਿ ਸਰਾਹਨਾ ਯੋਗ ਕਦਮ ਹੈ। ਨੌਜਵਾਨ ਪੀੜ੍ਹੀ ਦੇ ਸੰਗੀਤਕਾਰ ਸ਼੍ਰੀਗੁਰੂ ਰਵਿਦਾਸ ਜੀ ਦੇ ਜਨਮ ਦਿਨ ਉਪਰ ਆਪਣੇ ਅਨੇਕਾਂ ਧਾਰਮਿਕ ਗਾਣੇ ਅਤੇ ਭਜਨ ਰਿਕਾਰਡ ਕਰਵਾਉਂਦੇ ਹਨ। ਸ਼੍ਰੀ ਗੁਰੂ ਰਵਿਦਾਸ ਜੀ ਦੇ ਸੱਭ ਤੋਂ ਵੱਧ ਗਾਣੇ ਅਤੇ ਭਜਨ ਗਾਏ ਜਾਂਦੇ ਹਨ ਸਮਾਜ ਵਿੱਚ ਸਤਿਕਾਰੇ ਜਾਣ ਵਾਲੇ ਗਾਣੇ ਤੇ ਭਜਨ ਨਾਮਵਰ ਗਾਇਕ ਬੀਬੀ ਨਰਿੰਦਰ ਕੌਰ ਬੀਬਾ ਜੀ, ਬੀਬਾ ਨੀਲਮ ਦੇਵੀ, ਪ੍ਰੇਮ ਲਤਾ, ਰਜ਼ਨੀ ਠਕਰੋਵਾਲ, ਗੋਲਡੀ ਮਲਕ, ਕਲੇਰ ਕੰਠ ਅਤੇ ਕੇ.ਐਸ. ਮੱਖਣ ਦੇ ਹਨ ਜੇ ਕਰ ਇਨਾਂ ਅਨੇਕਾਂ ਗੀਤਾਂ ਜਾਂ ਭਜਨਾਂ ਨੂੰ ਜੋੜਿਆ ਜਾਵੇ ਤਾਂ ਸੰਸਾਰ ਦੀ ਗਿੰਨੀ ਬੁਕ ਵਿੱਚ ਇੱਕ ਰਿਕਾਰਡ ਬਣਾਇਆ ਜਾ ਸਕਦਾ ਹੈ। ਸ਼੍ਰੀ ਗੁਰੂ ਰਵਿਦਾਸ ਜੀ ਦੇ ਨਗਰ-ਕੀਰਤਨ ਵਿੱਚ ਅਨੇਕਾਂ ਹੀ ਸ਼ਰਧਾਲੂਆਂ ਦੀ ਸ਼ਮੂਲੀਅਤ ਦੇਖਣ ਨੂੰ ਮਿਲਦੀ ਜੋ ਭਾਰਤ ਦੇ ਚਮਾਰਾਂ ਦੀ ਚੜ੍ਹਦੀ ਕਲਾਂ ਦੀ ਚੜਾਈ ਸਾਬਿਤ ਹੋ ਰਹੀ ਹੈ।

ਪਾਠਕਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾ ਕਿ ਸਿਖ ਧਰਮ ਵਿੱਚ ਜਾਤੀ ਵਿਤਕਰਾ ਕਿਵੇਂ ਪੈਦਾ ਹੋ ਗਿਆ ਜਦੋਂ ਕਿ ਸਿਖ ਧਰਮ ਦਾ ਪੂਰੇ ਜਗਤ ਵਿੱਚ ਪਸਾਰਾ ਹੋਣਾ ਚਾਹੀਦਾ ਸੀ। ਪਰ ਇਹ ਗੁਰੂਆਂ ਦੀ ਵਿਚਾਰਧਾਰਾ ਨੂੰ ਜਾਤ-ਪਾਤ ਵਿੱਚ ਵੰਡਣ ਨਾਲ ਦਿਨ ਪਰ ਦਿਨ ਇਹ ਪਾੜਾ ਵੱਧ ਰਿਹਾ ਹੈ ਜਦੋਂ ਕਿ ਅਸੀ ਸਾਰੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇੱਕ ਗੁਰੂ (ਅਕਾਲਪੁਰਖ) ਕਰਕੇ ਆਪਣਾ ਸੀਸ ਨਿਵਾਉਂਦੇ ਹਾਂ।ਅਸੀ ਦਸ ਗੁਰੂਆਂ ਨੂੰ ਗੁਰੂ ਕਹਿਣ ਵਿਚ ਮਾਣ ਮਹਿਸੂਸ ਕਰਦੇ ਹਾਂ ਪਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਸ ਗੁਰੂਆਂ ਨੂੰ ਮਹੱਲੇ ਨਾਲ ਸੰਬੋਦਨ ਕੀਤਾ ਜਾਂਦਾ ਹੈ ਪਰ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਅਸੀ ਭਗਤ ਹੀ ਕਹਿ ਕੇ, ਕਿਉਂ ਬਲਾਉਂਦੇ ਹਾਂ ਤੇ ਧਰਮ ਦੇ ਠੇਕੇਦਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਾਤੀ ਸ਼ੋਸ਼ਣ ਪੈਦਾ ਕਰਦੇ ਹਨ ਜਦੋਂ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਾਰੇ ਮਹਾਂ ਪੁਰਸ਼ਾ ਦੀ ਗੁਰਬਾਣੀ ਦਰਜ਼ ਹੈ ਸਾਨੂੰ ਸਤਿਕਾਰ ਵਜੋਂ ਸਾਰੇ ਮਹਾਂਪੁਰਸ਼ਾ ਨੂੰ ਗੁਰੂ ਹੀ ਕਹਿਣਾ ਚਾਹੀਦਾ ਹੈ। ਸ਼੍ਰੀ ਗੁਬਿੰਦ ਸਿਘ ਜੀ ਨੇ ਜਾਤਪਾਤ ਦਾ ਖਾਤਮਾ ਕਰਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਅਤੇ ਪੰਜ ਪਿਆਰੇ ਸਾਜੇ ਗਏ ਜਿਨਾਂ ਵਿੱਚ ਭਾਈ ਧਰਮ ਦਾਸ ਜੀ ਸ਼੍ਰੀਗੁਰੂ ਰਵਿਦਾਸ ਜੀ ਦੇ ਪੜ੍ਹ-ਪੋਤੇ ਹਨ ਸ਼੍ਰੀ ਗੁਰੂ ਗੁਬਿੰਦ ਸਿੰਘ ਜੀ ਦੇ ਸਜਾਏ ਹੋਏ ਖਾਲਸਾ ਰਾਜ ਤੋਂ ਬਾਅਦ ਵਿੱਚ ਪੰਜਾਬ ਚੋਂ ਮਹਾਰਾਜਾ ਰਣਜੀਤ ਸਿਘ ਦਾ ਰਾਜ ਸਮੇਂ ਖਾਲਸਾ ਰਾਜ ਵਿੱਚ ਦੋ ਪ੍ਰਮੁੱਖ ਹਸਤੀਆਂ ਸਰਦਾਰ ਹਰੀ ਸਿਘ ਨਲਵਾ ਜਰਨੈਲ ਅਤੇ ਅਕਾਲ ਤਖਤ ਦੇ ਜਥੇਦਾਰ ਅਕਾਲੀ ਸਿਘ ਫੂਲੇ ਸਨ। ਇਤਿਹਾਸਕਾਰ ਦੱਸਦੇ ਹਨ ਕਿ ਇਨਾਂ ਦੋਨਾਂ ਪ੍ਰਮੁੱਖ ਹਸਤੀਆਂ ਨੂੰ ਮਹਾਰਾਜਾ ਰਣਜੀਤ ਸਿਘ ਜੀ ਨੇ ਹੀ ਮਰਵਾਇਆ ਸੀ ਕਿਉਂਕਿ ਇਹ ਯੋਦੇ ਖਾਲਸੇ ਪ੍ਰਤੀ ਵਫਾਦਾਰ ਸਨ।

ਖਾਲਸਾ ਰਾਜ ਤੋਂ ਬਾਅਦ ਖਾਲਸੇ ਪੰਥ ਵਿੱਚ ਜੱਟਵਾਧੀ ਲੋਕਾਂ ਨੇ ਹੋਲੀ ਹੋਲੀ ਧੋਖੇ ਨਾਲ ਖਾਲਸਾ ਪੰਥ ਤੇ ਕਬਜ਼ਾ ਕਰਕੇ ਅਤੇ ਬ੍ਰਹਮਣਵਾਧੀ ਲੋਕਾਂ ਨਾਲ ਰਲ ਕੇ ਸਿਖੀ ਵਿੱਚ ਜਾਤ-ਪਾਤ ਦਾ ਬੋਲ-ਵਾਲਾ ਵਧਾਇਆ ਹੈ ਜੋ ਇੱਕ ਹਾਨੀਕਾਰਕ ਸਥਿਤੀ ਵਿੱਚ ਖਾਲੀਸਤਾਨੀ ਜੱਟਵਾਧੀ ਮੂਵਮੈਂਟ ਕਰਕੇ ਵੱਧ ਰਿਹਾ ਹੈ

ਮੈਨੂੰ ਲਿਖਣ ਵਿੱਚ ਕੋਈ ਝਿੱਜਕ ਨਹੀ ਹੈ ਕਿ ਪੰਜਾਬ ਦੇ ਜੱਟਵਾਧੀ ਲੋਕਾਂ ਨੇ ਸਿੱਖ ਧਰਮ ਵਿੱਚ ਜਾਤਪਾਤ ਨੂੰ ਵਧਾਇਆ ਹੈ ਜਿਸ ਨਾਲ ਸਿੱਖ ਧਰਮ ਗਿਰਾਵਟ ਵੱਲ ਜਾ ਰਿਹਾ ਹੈ। ਜਿਨ੍ਹਾਂ ਜੱਟਵਾਧੀ ਲੋਕਾਂ ਨੂੰ ਲੱਗਦਾ ਹੈ ਕਿ ਇਹ ਗਲਤ ਹੈ। ਪੰਜਾਬ ਦੇ ਹਾਲਾਤਾਂ ਨੂੰ ਉਨਾਂ ਲੋਕਾਂ ਨੂੰ ਚੰਗੀ ਤਰਾਂ ਘੋਖ ਲੈਣ ਚਾਹੀਦਾ ਹੈ।

ਸ਼੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਵਧਾਉਣ ਵਾਸਤੇ ਸਾਨੂੰ, ਗੁਰੂ ਜੀ ਨਾਲ ਸਬੰਧਤ ਸਥਾਨਾਂ ਨੂੰ ਸ਼੍ਰੀ ਗੁਰੂ ਰਵਿਦਾਸ ਜੀ ਦੇ ਨਾਮ ਉਪਰ ਇੱਕ "ਭਾਰਤ ਚੋਂ ਵਿਚ ਸ਼੍ਰੋਮਣੀ ਕਮੇਟੀ" ਬਣਾਈ ਜਾਵੇ ਅਤੇ ਸਾਰੇ ਸਬੰਧਤ ਸੰਥਾਨ ਇਸ ਕਮੇਟੀ ਥੱਲੇ ਹੋਣ ਤਾਂ ਜੋ ਸਾਡਾ ਸਮਾਜ ਧਾਰਮਿਕ ਅਤੇ ਸਮਾਜਿਕ ਤਰੱਕੀ ਕਰ ਸਕੇ। ਜਾਤ- ਪਾਤ ਤੋਂ ਉਪਰ ਉਠ ਕੇ ਸ਼੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਸਿਖੀਏ ਅਤੇ ਸ਼੍ਰੀ ਗੁਰੂ ਗੰਥ ਸਾਹਿਬ ਵਿੱਚ ਸਾਰੇ ਗੁਰੂਆਂ ਦੀ ਬਾਣੀ ਨੂੰ ਗੁਰੂ ਕਰਕੇ ਮੰਨੀਏ ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੋਚ ਹੈ ਅਤੇ ਸਾਰੇ ਜਗਤ ਨੂੰ ਸ਼੍ਰੀ ਗੁਰੁ ਰਵਿਦਾਸ ਜੀ ਦੇ ਜਨਮ ਦਿਨ ਉਪਰ ਬਹੁਤ ਬਹੁਤ ਵਧਾਈਆਂ॥

# ਨਿਰਗੁਣ ਬ੍ਰਹਮ ਦੇ ਉਪਾਸ਼ਕ : ਭਗਤ ਰਵਿਦਾਸ ਜੀ



ਭਗਤ ਰਵਿਦਾਸ ਜੀ ਭਗਤੀ ਲਹਿਰ ਦੇ ਪ੍ਰਮੁੱਖ ਸੰਤਾਂ ਵਿੱਚੋਂ ਇੱਕ ਸਨ। ਉਹ ਭਾਵੇਂ ਅਖੌਤੀ ਸ਼ੂਦਰ ਵਰਗ ਵਿੱਚੋਂ ਸਨ, ਪਰ ਉਹ ਉੱਚ ਕੋਟੀ ਦੇ ਸੰਤ ਸਨ, ਜਿਨ੍ਹਾਂ ਨੇ ਸਮੁੱਚੀ ਮਾਨਵਤਾ ਲਈ ਬਾਣੀ ਰਚੀ। ਰਾਮਾਨੰਦ ਜੀ ਤੇ ਵਲਭਾਚਾਰੀਆ ਨੇ ਜਿਸ ਭਗਤੀ ਲਹਿਰ ਦਾ ਮੁੱਢ ਬੰਨ੍ਹਿਆ, ਉਸ ਨੂੰ ਭਗਤ ਰਵਿਦਾਸ ਜੀ, ਭਗਤ ਕਬੀਰ ਜੀ, ਭਗਤ ਨਾਮਦੇਵ ਜੀ ਆਦਿ ਭਗਤਾਂ ਨੇ ਅੱਗੋਂ ਤੋਰਿਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਖਰ 'ਤੇ ਪਹੁੰਚਾਇਆ।

ਆਪ ਜੀ ਨੇ ਮਾਘ ਸੁਦੀ 15 ਬਿਕ੍ਰਮੀ ਸੰਮਤ 1433 (2 ਜਨਵਰੀ 1377 ਈ.) ਨੂੰ ਅਵਤਾਰ ਧਾਰਿਆ। ਆਪ ਜੀ ਦੇ ਪਿਤਾ ਦਾ ਨਾਂ ਸ੍ਰੀ ਸੰਤੋਖ ਦਾਸ ਮਾਤਾ ਜੀ ਦਾ ਨਾਂ ਬੀਬੀ ਕਲਸੀ ਦੇਵੀ ਸੀ, ਜੋ ਬਨਾਰਸ ਦੇ ਨਜ਼ਦੀਕ ਪਿੰਡ ਸੀਰ ਗੋਵਰਧਨ ਵਿਖੇ ਰਹਿੰਦੇ ਸਨ। ਆਪ ਜੀ ਦਾ ਵਿਆਹ 12-13 ਸਾਲ ਦੀ ਉਮਰ ਵਿੱਚ ਬੀਬੀ ਲੋਨਾ ਨਾਲ ਹੋਇਆ। ਆਪ ਜੀ ਨੇ ਕੋਈ ਗੁਰੂ ਧਾਰਨ ਨਹੀਂ ਕੀਤਾ। ਇਸ ਲਈ ਆਪ ਜੀ ਨੂੰ ਪ੍ਰਮਾਤਮਾ ਦਾ ਭਗਤ ਮੰਨਿਆ ਜਾਂਦਾ ਹੈ। ਆਪ ਜੀ ਦੇ ਸਮੇਂ ਸਮਾਜ ਜਾਤ-ਪਾਤ ਵਿੱਚ ਵੰਡਿਆ ਹੋਇਆ ਸੀ ਤੇ ਪੜ੍ਹਨ-ਪੜ੍ਹਾਉਣ ਤੇ ਪੂਜਾ ਪਾਠ ਦਾ ਹੱਕ ਕੇਵਲ ਉੱਚੀ ਜਾਤਾਂ ਵਾਲਿਆਂ ਨੂੰ ਸੀ, ਇਸ ਲਈ ਆਪ ਜੀ ਨੇ ਕਿਸੇ ਆਸ਼ਰਮ ਵਿੱਚ ਵਿੱਦਿਆ ਪ੍ਰਾਪਤ ਨਹੀਂ ਸੀ ਕੀਤੀ। ਪਰ ਉਨ੍ਹਾਂ ਦੀ ਬਾਣੀ ਵਿੱਚੋਂ ਵੇਦਾਂ, ਪੁਰਾਣਾਂ, ਸਿਮ੍ਰਤੀਆਂ, ਪੌਰਾਣਿਕ ਅਤੇ ਇਤਿਹਾਸਿਕ ਅਤੇ ਮਿਥਿਆਸਕ ਘਟਨਾਵਾਂ ਦੇ ਹਵਾਲੇ ਮਿਲਦੇ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਆਪ ਬਹੁਤ ਹੀ ਗਿਆਨਵਾਨ ਅਤੇ ਅਨੁਭਵੀ ਸ਼ਖਸੀਅਤ ਦੇ ਮਾਲਕ ਸਨ। ਆਪ ਜੀ ਨੇ ਪਿਤਾ-ਪੁਰਖੀ ਕਿੱਤਾ ਢੋਰ ਢੋਣਾ, ਜੁੱਤੀਆਂ ਗੰਢਣਾਂ ਅਪਣਾਇਆ, ਜਿਸ ਦੀ ਗਵਾਹੀ ਆਪ ਜੀ ਦੀ ਬਾਣੀ ਵਿੱਚੋਂ ਮਿਲਦੀ ਹੈ :-

**ਚਮਰਟਾ ਗਾਂਠਿ ਨ ਜਨਈ॥**
**ਲੋਗੁ ਗਠਾਵੈ ਪਨਹੀ॥੧॥ਰਹਾਉ॥**
**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ**
**ਨਿਤਹਿ ਬਨਾਰਸੀ ਆਸਾ ਪਾਸਾ॥**

ਭਾਈ ਗੁਰਦਾਸ ਜੀ ਨੇ ਦਸਵੀਂ ਵਾਰ ਜਿੱਥੇ ਆਪ ਜੀ ਦੀ ਉਸਤਤ ਕੀਤੀ ਹੈ, ਉੱਥੇ ਆਪ ਜੀ ਦੇ ਪੇਸ਼ੇ ਬਾਰੇ ਵੀ ਲਿਖਿਆ :-

**ਭਗਤ ਭਗਤ ਜਗਿ ਵਜਿਆ**
**ਚਹੁ ਚਕਾਂ ਦੇ ਵਿੱਚ ਚਮਰੇਟਾ,**
**ਪਾਣਾ ਗੰਢੇ ਰਾਹ ਵਿਚ ਕੁਲਾ ਧਰਮ ਢੋਇ,**
**ਢੋਰ ਸਮੇਟਾ।**

ਹੋਰਨਾਂ ਭਗਤਾਂ ਵਾਂਗ ਆਪ ਜੀ ਨੇ ਅੰਧੇਰੇ ਵਿੱਚ ਭਟਕ ਰਹੀ ਲੋਕਾਈ ਨੂੰ ਗਿਆਨ ਦਾ ਚਾਨਣ ਵੰਡਣ ਲਈ ਬਿਹਾਰ, ਮਹਾਂਰਾਸ਼ਟਰ, ਮੱਧ ਪ੍ਰਦੇਸ਼, ਗੁਜ਼ਰਾਤ, ਰਾਜਸਥਾਨ ਤੇ ਹੋਰ ਸੂਬਿਆਂ ਦੀ ਯਾਤਰਾ ਕੀਤੀ।ਆਪ ਜੀ ਦੇ 40 ਪਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ ਜੋ ਕਿ 16 ਰਾਗਾਂ ਵਿੱਚ ਹਨ। ਇਨ੍ਹਾਂ ਤੋਂ ਇਲਾਵਾ ਆਪ ਜੀ ਦੁਆਰਾ ਰਚੀ ਬਾਣੀ ਦੇ ਹੱਥ ਲਿਖਤ ਖਰੜੇ ਅਤੇ ਪ੍ਰਕਾਸ਼ਿਤ ਪੁਸਤਕਾਂ ਦੀ ਸੂਚੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਪੁਸਤਕ 'ਭਗਤ ਰਵਿਦਾਸ ਸ੍ਰੋਤ ਪੁਸਤਕ' ਤੋਂ ਵੇਖੀ ਜਾ ਸਕਦੀ ਹੈ।

ਆਪ ਇੱਕ ਤੀਖਣ ਬੁੱਧੀ ਦੇ ਮਾਲਕ ਸਨ। ਆਪ ਜੀ ਨੇ ਸਾਦਗੀ ਭਰੀ ਜ਼ਿੰਦਗੀ ਬਤੀਤ ਕੀਤੀ ਤੇ ਹੱਥੀਂ ਕਿਰਤ ਕਰਕੇ ਨਿਰਬਾਹ ਕੀਤਾ। ਆਪ ਨਿਰਗੁਣ ਬ੍ਰਹਮ ਦੇ ਉਪਾਸ਼ਕ ਸਨ। ਆਪ ਜੀ ਨੇ ਬ੍ਰਹਮ ਨੂੰ ਓਅੰਕਾਰ ਰੂਪ ਵਿੱਚ ਚਿਤਰਿਆ ਹੈ ਜਿਸ ਦਾ ਤਿੰਨ ਲੋਕਾਂ ਵਿੱਚ ਵਾਸਾ ਹੈ :-

**ਬਟਕ ਬੀਜ ਜੈਸਾ ਓਅੰਕਾਰ॥**
**ਪਸਰਿਯੋ ਤੀਨ ਲੋਕ ਵਿਸਤਾਰ॥**
**ਅਖਰ ਅਨਾਦਿ ਏਕ ਉਂਕਾਰਾ॥**
**ਤੀਨ ਲੋਕ ਜਿਨ ਕਿਆ ਪਸਾਰਾ॥**

ਇਹ ਬ੍ਰਹਮ ਮਾਇਆ ਰਹਿਤ ਹੈ, ਜਿਸ ਦਾ ਕੋਈ ਸਰੂਪ ਨਹੀਂ ਤੇ ਨਾ ਹੀ ਕੋਈ ਜਾਤਿ ਹੈ। ਉਸ ਨੂੰ ਸਿਮਰਨ ਕਰਕੇ ਗੁਰੂ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ :-

**ਤੂੰ ਸਰਗੁਣ ਨਿਗੁਣ ਨਿਰਾਮਈ ਨਿਰਵਿਕਾਰ॥**
**ਹਰਿ ਅੰਜਨ ਨਿਰੰਜਨ ਬਿਮਲ ਅਪ੍ਰਮੇਵ॥**
**ਕਹਿ ਰਵਿਦਾਸ ਨਿਰੰਜਨ ਧਯਾਊਂ॥**
**ਗੁਰ ਪ੍ਰਸਾਦਿ ਨਿਰੰਜਨ ਪਾਵਉ॥**

ਭਗਤ ਰਵਿਦਾਸ ਜੀ ਬ੍ਰਹਮ ਨੂੰ ਇਸ ਸੰਸਾਰ ਦਾ ਕਰਤਾ ਮੰਨਦੇ ਹਨ, ਜੋ ਸਾਰਿਆ ਵਿੱਚ ਵੱਸ ਰਿਹਾ ਹੈ :-

**ਬਹੁ ਬਿਧਿ ਨਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ॥**
**ਸਰਬੈ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ॥**

ਪ੍ਰਮਾਤਮਾ ਇੱਕ ਹੀ ਹੈ ਜੋ ਅਨੇਕਾਂ ਰੂਪਾਂ ਵਿੱਚ ਇਸ ਸੰਸਾਰ ਵਿੱਚ ਵਿਚਰ ਰਿਹਾ ਹੈ :-



ਡਾ. ਚਰਨਜੀਤ ਸਿੰਘ ਗੁਮਟਾਲਾ
001-9375739812


**ਏਕ ਹੀ ਏਕ ਅਨੇਕ ਹੋਇ ਬਿਸਥਰਿਓ**
**ਆਨ ਰੇ ਆਨ ਭਰਪੂਰਿ ਸੋਊ॥**

ਇਹ ਜਗਤ ਸਤਿ ਵੀ ਹੈ ਤੇ ਅਸਤਿ ਵੀ। ਪ੍ਰਮਾਤਮਾ ਦੀ ਕਿਰਤ ਹੋਣ ਕਰਕੇ ਜਗਤ ਸਤਿ ਹੈ। ਇਸ ਜਗਤ ਦੀ ਹਰ ਚੀਜ਼ ਨਾਸ਼ਮਾਨ ਹੈ, ਇਸ ਲਈ ਇਹ ਜਗਤ ਅਸਤਿ ਹੈ। ਭਗਤ ਰਵਿਦਾਸ ਜੀ ਜਗਤ ਨੂੰ ਫ਼ਾਨੀ ਦਰਸਾਉਂਦੇ ਹੋਏ ਲਿਖਦੇ ਹਨ :-

**ਜੋ ਦਿਨ ਆਵਹਿ ਸੋ ਦਿਨ ਜਾਹੀ॥**
**ਕਰਨਾ ਕੂਚੁ ਰਹਨੁ ਥਿਰੁ ਨਾਹੀ॥**
**ਸੰਗੁ ਚਲਤ ਹੈ ਹਮ ਭੀ ਚਲਨਾ॥**
**ਦੂਰਿ ਗਵਨੁ ਸਿਰ ਊਪਰਿ ਮਰਨਾ॥1॥**
**ਕਿਆ ਤੂ ਸੋਇਆ ਜਾਗੁ ਇਆਨਾ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ॥1॥ ਰਹਾਉ॥....**
**ਕਹਿ ਰਵਿਦਾਸ ਨਿਦਾਨਿ ਦਿਵਾਨੇ॥**
**ਚੇਤਸਿ ਨਾਹੀ ਦੁਨੀਆ ਫਨ ਖਾਨੇ॥**

ਇਸ ਜਗਤ ਵਿੱਚ ਜੋ ਦਿਸ ਰਿਹਾ ਹੈ, ਸਭ ਨਾਸ਼ਮਾਨ ਹੈ। ਉਹ ਲਿਖਦੇ ਹਨ :

**ਬਿਨ ਦੇਖੈ ਉਪਜੈ ਨਹੀ ਆਸਾ॥**
**ਜੋ ਦੀਜੈ ਸੋ ਹੋਇ ਬਿਨਾਸਾ॥**

ਭਗਤ ਰਵਿਦਾਸ ਜੀ ਅਨੁਸਾਰ ਇਸ ਜਗਤ ਦਾ ਰੰਗ ਕਸੁੰਭੜੇ ਵਾਂਗ ਕੱਚਾ ਭਾਵ ਅਸਥਿਰ ਹੈ ਜਦ ਕਿ ਪ੍ਰਮਾਤਮਾ ਮਜੀਠ ਦੇ ਰੰਗ ਵਾਂਗ ਪੱਕਾ ਜਾਂ ਸਥਿਰ ਹੈ :-

**ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ॥**
**ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥**

ਰਵਿਦਾਸ ਜੀ ਨੇ ਇਸ ਜਗਤ ਨੂੰ ਬਾਜ਼ੀ ਤੇ ਪ੍ਰਮਾਤਮਾ ਨੂੰ ਬਾਜ਼ੀਗਰ ਦੀ ਸੰਗਿਆ ਦਿੱਤੀ ਹੈ। ਇਹ ਸੰਸਾਰ ਬਾਜ਼ੀਗਰ ਰੂਪੀ ਪ੍ਰਮਾਤਮਾ ਦੀ ਬਾਜ਼ੀ ਭਾਵ ਖੇਡ ਹੈ :-

**ਕਹਿ ਰਵਿਦਾਸ ਬਾਜੀ ਜਗੁ ਭਾਈ॥**
**ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ॥**

ਆਪ ਪ੍ਰਮਾਤਮਾ ਨੂੰ ਸਰਬ-ਵਿਆਪਕ ਮੰਨਦੇ ਹਨ, ਜੋ ਅਨੇਕ ਰੂਪ ਬਣਾ ਕੇ ਸਾਰਿਆ ਵਿੱਚ ਵਸਦਾ ਹੈ। ਜੋ ਕੁਝ ਵੀ ਹੋ ਰਿਹਾ ਹੈ, ਉਸ ਦੀ ਰਜਾ ਵਿੱਚ ਹੋ ਰਿਹਾ ਹੈ :-

**ਸਰਬੈ ਏਕ ਅਨੇਕੈ ਸੁਆਮੀ, ਸਭ ਘਟ ਭੁਗਵੈ ਸੋਈ॥**
**ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥**

ਇਸ ਤਰ੍ਹਾਂ ਆਪ ਨਿਰਗੁਣ ਧਾਰਾ ਦੇ ਸੰਤ ਕਵੀ ਸਨ, ਜਿਨ੍ਹਾਂ ਨੇ ਪੂਰਵ ਪ੍ਰਚਲਿਤ ਦਾਰਸ਼ਨਿਕ ਮਾਨਤਾਵਾਂ ਨੂੰ ਆਪਣੇ ਅਨੁਭਵ ਅਨੁਸਾਰ ਮੌਲਿਕ ਰੂਪ ਵਿੱਚ ਪੇਸ਼ ਕੀਤਾ। ਆਪ ਜੀ ਦਾ ਸੰਦੇਸ਼ ਜਨ-ਸਾਧਾਰਨ ਜਨਤਾ ਲਈ ਸੀ, ਜੋ ਅਖੌਤੀ ਭੇਖੀਆਂ, ਅੰਧ-ਵਿਸ਼ਵਾਸੀਆਂ ਤੇ ਧਰਮ ਦੇ ਠੇਕੇਦਾਰਾਂ ਦੀ ਘਿਰਣਾ ਦਾ ਸ਼ਿਕਾਰ ਸੀ।

ਆਪ ਜੀ ਨੇ ਉਸ ਸਮੇਂ ਪ੍ਰਚਲਿਤ ਕਰਮ ਕਾਂਡਾਂ ਦੀ ਥਾਂ 'ਤੇ ਭਗਤੀ ਮਾਰਗ ਨੂੰ ਸਰਵ ਸ੍ਰੇਸ਼ਟ ਦੱਸਿਆ। ਤੀਰਥ ਇਸ਼ਨਾਨ ਨੂੰ ਹਾਥੀ ਦੇ ਇਸ਼ਨਾਨ ਵਾਂਗ ਬਾਹਰਮੁੱਖੀ ਕਰਾਰ ਦਿੱਤਾ। ਆਪ ਜੀ ਦੇ ਅਨੁਸਾਰ ਲੋਕ ਆਪਣੇ ਵੱਲੋਂ ਸੁੱਚਾ ਜਲ, ਦੁੱਧ, ਫ਼ਲ ਆਦਿ ਵਸਤੂਆਂ ਨਾਲ ਦੇਵੀ ਦੇਵਤਿਆਂ ਦੀ ਪੂਜਾ ਕਰਕੇ, ਉਨ੍ਹਾਂ ਨੂੰ ਪ੍ਰਸੰਨ ਕਰਨ ਦਾ ਯਤਨ ਕਰਦੇ ਹਨ ਪਰ ਇਹ ਵਸਤੂਆਂ ਪਹਿਲਾਂ ਹੀ ਜੂਠੀਆਂ ਹੁੰਦੀਆਂ ਹਨ। ਦੁੱਧ ਵੱਛੇ ਦੇ ਥਣਾਂ ਤੋਂ ਜੂਠਾ ਕੀਤਾ ਹੁੰਦਾ ਹੈ, ਫੁੱਲ ਭੌਰੇ ਨੇ ਜੂਠੇ ਕੀਤੇ ਹੁੰਦੇ ਹਨ ਤੇ ਜਲ ਮੱਛਲੀ ਨੇ ਖ਼ਰਾਬ ਕੀਤਾ ਹੁੰਦਾ ਹੈ। ਇਸ ਲਈ ਇਹ ਵਸਤੂਆਂ ਭੇਂਟ ਕਰਨ ਯੋਗ ਨਹੀਂ। ਪੂਜਾ ਦੀਆਂ ਬਾਕੀ ਵਸਤੂਆਂ ਚੰਦਨ, ਧੂਪ, ਦੀਪ, ਨੈਵੇਦਾ ਵੀ ਜੂਠੀਆਂ ਹੁੰਦੀਆਂ ਹਨ। ਚੰਦਨ ਦੇ ਬੂਟੇ ਨੂੰ ਸੱਪ ਚੰਬੜੇ ਹੁੰਦੇ ਹਨ।ਧੂਪ, ਦੀਪ ਤੇ ਨੈਵੇਦਾ ਸੁਗੰਧੀ ਆ ਜਾਣ ਕਰਕੇ ਜੂਠੇ ਹੁੰਦੇ ਹਨ। ਪੂਜਾ ਸਮੇਂ ਦੇਵਤਿਆਂ ਦੀ ਮੂਰਤੀਆਂ ਅੱਗੇ ਆਰਤੀ ਕੀਤੀ ਜਾਂਦੀ ਹੈ। ਇਸ ਕਰਮ-ਕਾਂਡ ਨੂੰ ਆਪ ਜੀ ਨੇ ਅਪ੍ਰਵਾਨ ਕੀਤਾ ਹੈ ਤੇ ਕਿਹਾ ਕਿ ਅਸਲ ਆਰਤੀ ਪ੍ਰਮਾਤਮਾ ਦਾ ਨਾਮ ਹੈ। ਰਾਗ ਧਨਾਸਰੀ ਵਿੱਚ ਉਚਾਰੇ ਸ਼ਬਦ ਤੋਂ ਆਪ ਜੀ ਦੀ ਭਗਤੀ ਸ਼ਪੱਸ਼ਟ ਹੋ ਜਾਂਦੀ ਹੈ। ਆਪ ਜੀ ਅਨੁਸਾਰ ਪ੍ਰਮਾਤਮਾ ਦਾ ਨਾਮ ਹੀ ਆਰਤੀ ਹੈ। ਹਰਿ ਦੇ ਬਿਨਾਂ ਸਾਰੇ ਅਡੰਬਰ ਕੂੜੇ ਹਨ :-

**ਨਾਮ ਤੇਰੋ ਆਰਤੀ ਮਜਨੁ ਮੁਰਾਰੇ॥**
**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ॥**

ਇਸ ਸ਼ਬਦ ਦੇ ਅੰਤ ਵਿੱਚ ਕਹਿੰਦੇ ਹਨ ਕਿ ਹੇ ਪ੍ਰਭੂ! ਤੇਰਾ ਨਾਮ ਹੀ ਮੇਰੇ ਲਈ ਤੇਰੀ ਆਰਤੀ ਹੈ ਤੇ ਸਦਾ ਕਾਇਮ ਰਹਿਣ ਵਾਲੇ ਨਾਮ ਦਾ ਹੀ ਭੋਗ ਮੈਂ ਤੈਨੂੰ ਲਵਾਉਂਦਾ ਹਾਂ:-

**ਕਹੈ ਰਵਿਦਾਸ ਨਾਮ ਤੇਰੋ ਆਰਤੀ॥**
**ਸਤਿ ਨਾਮੁ ਹੈ ਹਰਿ ਭੋਗ ਤੁਹਾਰੈ॥4॥3॥**

ਆਪ ਮੂਰਤੀ ਪੂਜਾ ਦੇ ਵਿਰੁੱਧ ਸਨ। ਆਪ ਜੀ ਅਨੁਸਾਰ ਸਿਮਰਨ ਕਰਨ ਨਾਲ ਹੀ ਮੁਕਤੀ ਮਿਲਦੀ ਹੈ ਤੇ ਨਰਕ ਤੋਂ ਛੁਟਕਾਰਾ ਮਿਲਦਾ ਹੈ। ਆਪ ਜੀ ਸੰਸਾਰਕ ਝਮੇਲਿਆਂ ਵਿੱਚੋਂ ਨਿਕਲ ਕੇ ਐਸੀ ਦੁਨੀਆਂ ਵਿੱਚ ਜਾਣਾ ਲੋਚਦੇ ਹਨ, ਜਿਸ ਨੂੰ ਆਪ ਜੀ ਬੇਗਮਪੁਰਾ ਕਹਿੰਦੇ ਹਨ, ਜਿਥੇ ਨਾ ਕੋਈ ਦੁੱਖ ਹੈ, ਨਾ ਚਿੰਤਾ ਹੈ ਅਤੇ ਨਾ ਹੀ ਕੋਈ ਘਬਰਾਹਟ ਹੈ। ਉੱਥੇ ਦੁਨੀਆਂ ਵਾਲੀ ਜਾਇਦਾਦ ਨਹੀਂ ਅਤੇ ਨਾ ਹੀ ਉਸ ਜਾਇਦਾਦ ਨੂੰ ਕੋਈ ਮਸੂਲ ਹੈ। ਉਸ ਅਵਸਥਾ ਵਿੱਚ ਪਾਪ ਕਰਨ ਦਾ ਕੋਈ ਖ਼ਤਰਾ ਨਹੀਂ, ਕੋਈ ਡਰ ਨਹੀਂ, ਕੋਈ ਗਿਰਾਵਟ ਨਹੀਂ :-

**ਬੇਗਮ ਪੁਰਾ ਸਹਰ ਕੋ ਨਾਉ॥**
**ਦੁਖੁ ਅੰਦੋਹੁ ਨਹੀ ਤਿ ?ਹ ਠਾਉ॥**
**ਨ ਤਸਵੀਸ ਖਿਰਾਜੁ ਨ ਮਾਲੁ॥**
**ਖਉਫੁ ਨ ਖਤਾ ਨ ਤਰਸੁ ਜਵਾਲੁ॥**

ਆਪ 151 ਸਾਲ ਦੀ ਆਯੂ ਭੋਗ ਕੇ 1528 ਈ. ਅਰਥਾਤ 1583 ਬਿਕਰਮੀ ਵਿੱਚ ਪ੍ਰਲੋਕ ਸੁਧਾਰ ਗਏ।


ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ
ਤੇ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥
ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਜੀ
ਮਹਾਰਾਜ ਦੇ 648ਵੇਂ
ਆਗਮਨ ਪੁਰਬ ਦੀਆਂ
ਲੱਖ-ਲੱਖ
ਵਧਾਈਆਂ
ਸੰਤੋਖ ਸਿੰਘ ਸਰੋਆ, ਰਣਜੀਤ ਕੌਰ ਸਰੋਆ ਅਤੇ ਸਮੂਹ ਸਰੋਆ ਪਰਿਵਾਰ


ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ॥ ਕਨਕ ਕਟਿਕ ਜਲ ਤਰੰਗ ਜੈਸਾ ॥
ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ
ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀਆਂ ਸਮੂਹ ਲੋਕਾਈ ਨੂੰ
ਲੱਖ-ਲੱਖ ਵਧਾਈਆਂ
ਬੋਪਾਰਾਏ ਬ੍ਰਦਰਜ਼
ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ
ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ
1033. W Charter Way Stockton CA 95206 (1-5 Hwy4)



ਬ੍ਰਹਮਨ ਬੈਸ ਸੂਦ ਅਰੁ ਖਤ੍ਰੀ, ਡੋਮ ਚੰਡਾਰ, ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ, ਆਪ ਤਾਰਿ ਤਾਰੇ ਕੁਲ ਦੋਇ ॥



ਭਗਤ ਰਵਿਦਾਸ ਜੀ
ਦੇ 648ਵੇਂ
ਆਗਮਨ ਪੁਰਬ ਦੀਆਂ

# ਲੱਖ-ਲੱਖ ਵਧਾਈਆਂ

ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼

## ਸ:ਹਰਮਿੰਦਰ ਸਿੰਘ ਸਮਾਣਾ

(209) 481-7750




# ਲੱਖ-ਲੱਖ ਵਧਾਈਆਂ

ਵਾਹਿਗੁਰੂ ਜੀ ਆਪ ਸਭ ਦੇ ਜੀਵਨ ਵਿਚ ਨਾਮ ਬਾਣੀ ਅਤੇ ਖੁਸ਼ੀਆਂ ਦਾ ਪ੍ਰਕਾਸ਼ ਕਰਨ।



ਕਮਿਊਨਟੀ ਦੇ ਨਿਸ਼ਕਾਮ ਸੇਵਕ,
ਨੌਜਵਾਨ ਸਿੱਖ ਆਗੂ ਅਤੇ
ਸ਼੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ
ਕੈਲੀਫੋਰਨੀਆ ਦੇ
ਸਾਬਕਾ ਜਰਨਲ ਸਕੱਤਰ

# ਸ:ਸੰਤੋਖ ਸਿੰਘ ਝਿੰਗੜਾ

# Baba and the Fakirs

## A story by the great French thinker Voltaire ( written in 1750 ) :



When I was in the city of Benares on the banks of the river Ganges, the ancient land of the Brahmans, I strove to learn.

I understood Hindustani fairly well. I listened much and noted everything.

I was staying with my friend Om. He was a Brahman, the worthiest man I have ever known.

One day we went together to a temple. There we saw several holy men. As is well known, they have a learned language, Sanskrit , in which is written a sacred book they call the Veda.

I passed in front of a holy man who was reading this book. "O wretched infidel " he cried " You have made me forget the number of vowels I was counting. Because of that my soul will go into a rabbit's body when I die, instead of going into a parrot's, as I had every reason to hope it would "

I gave him a rupee to console him.

A few steps from there I had the misfortune to sneeze, which awakened a yogi who was in samadhi.

" Where am I ? " he cried out. " What a calamity ! I can no longer see the end of my nose. The celestial light has disappeared."

" If I am the cause ", I said to him " of your not being able to see the end of your nose, here is a rupee to repair the harm. Now go back to your celestial light ".

**Justice Markandey Katju**
-Former Judge of the Supreme Court of India
-Chief Justice of the Delhi High Court
-Chief Justice of the Madras High Court
-and Former chairperson of the Press Council of India



My friend Om then took me to the cell of the most famous of the holy men, whose name was Baba.

He was naked as a monkey, and around his neck had a chain that weighed over sixty pounds. He was sitting on a chair which had nails penetrating into his buttocks. Many men and women came to consult him. He was the oracle of every family, and enjoyed a very great reputation. Om had a long talk with him.

" Do you believe swamiji " Om said to him " that after seven lives and seven transmigrations of my soul I may reach the abode of Brahma ? "

" That depends on how you live " said Baba.

" I strive " said Om " to be a good citizen, a good husband, a good father, and a good friend. I give money to the poor, and I maintain peace among my neighbours "

" Do you sometimes put nails in your arse ? " asked Baba. " Never, swamiji " replied Om.

" I am sorry, but then you will certainly never reach the abode of Brahma " said Baba

I would not be surprised if in the ongoing Mahakumbh Mela, which commenced on 13th January 2025 and will last till 26th February, and in which it is estimated that 400 million people will take a dip in the holy Sangam ( the confluence of the rivers Ganga and Jamuna) to wash away their sins, there will be many Babas lying naked all day on a bed of nails, to attain moksha

# The truth about Imran Khan

I have supported Imran Khan in several articles I have written, as I believe he is a far lesser evil than the fascist Pakistan army which is in power in Pakistan, and which unleashed a reign of terror after the events of 9th May, 2023, and got the parliamentary elections held on 8th February 2024 rigged on a massive scale.

I also believe Imran Khan to be basically honest, as compared to the PMLN and PPP leaders, who are a gang of dacoits who looted Pakistan ( as the Panama Papers and other materiasl disclosed ).

However, that having been said, I have no illusions about Imran Khan, as many Pakistanis seem to be having. I do not believe he can solve any of the basic problems of Pakistan which are socio-economic, viz, its massive and grinding poverty, massive unemployment, appalling level of child malnutrition, skyrocketing prices of food and other essential commodities, almost total lack of proper healthcare and good education for the masses, etc

The test of every political activity and political system is one, and only one : does it raise the standard of living of the people ? Does it give them better lives ?

From that point of view, I am afraid Imran Khan, even if brought back to power, will do little for the people, if anything at all.

No doubt Imran Khan joined politics In 1996 with the intention to bring about honesty, transparency, and accountability in public life. But after his party, the PTI lost earlier elections, he realised that to win elections he must compromise on his professed principles.



**Justice Markandey Katju**
-Former Judge of the Supreme Court of India
-Chief Justice of the Delhi High Court
-Chief Justice of the Madras High Court

So in the 2018 parliamentary elections he hobnobbed with religious extremists, gave PTI tickets to dubious 'electables' (corrupt sugar barons and other businessmen), and shady figures like Amir Liaquat ( whose one TV show resulted in murder of several Ahmadiyas ), and struck a deal with the army to get its support ( he won only 115 of the 270 seats in the National Assembly ).

After becoming Prime Minister in 2018 he removed the eminent internationally renowned economist Atif Mian from the Pakistan's Economic Advisory Council merely because he was an Ahmadi.

Throughout his tenure as Prime Minister Imran Khan spoke on religious lines, calling his ideal 'Madine ki Riyasat'

Many of his views were thoroughly reactionary, e.g. blaming rapes in Pakistan on the allegedly immodest dress Pakistani women wore, and saying that denying education to women was part of Afghan culture which should be respected.

While claiming to be democratic, soon after he became PM in August 2018 he jailed or got disqualified many political opponents. Wealthy political 'electables' switched sides and joined the PTI. The media began pushing a pro-Imran Khan narrative, and those which didn't were shut down or harrassed.



When a no-confidence motion was brought against him in the National Assembly, instead of allowing a vote on it, Imran Khan told the Dy Speaker Qasam Khan Suri to reject the motion without voting.

He said taking loans from IMF was slavery, but 9 months later took one, and asked Saudi Arabia for a $ 3 billion loan.

One can go on and on about his tenure as PM. He was just a populist and reactionary demagogue, with little in his head.

Pakistanis think all their problems will be solved once Imran Khan is released and he is again made PM after fresh elections. They are like children following a Pied Piper of Hamelin.

It is time some cold water is thrown on their faces, and they are woken up to the world of reality.

# ਚਿੱਤਰ ਕਲਾ ਖੇਤਰ ਦੀ ਸੰਸਾਰ ਪ੍ਰਸਿੱਧ ਸ਼ਖਸੀਅਤ ਸ. ਜਰਨੈਲ ਸਿੰਘ ਆਰਟਿਸਟ ਦਾ ਦੇਹਾਂਤ





















ਪੰਜਾਬੀ ਕਲਾ ਅਤੇ ਸਾਹਿਤ ਖੇਤਰ ਦੇ ਪ੍ਰੇਮੀਆਂ ਲਈ ਇਹ ਦੁਖਦਾਈ ਖਬਰ ਹੈ ਕਿ ਸਰਦਾਰ ਜਰਨੈਲ ਸਿੰਘ ਆਰਟਿਸਟ ਵਿਛੋੜਾ ਦੇ ਗਏ ਹਨ। ਉਹ ਇੰਨੀਂ ਦਿਨੀਂ ਪੰਜਾਬ ਗਏ ਹੋਏ ਸਨ, ਜਿੱਥੇ ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਸਨ ਅਤੇ ਅੱਜ ਇਹ ਦੁਖਦਾਈ ਖਬਰ ਮਿਲੀ ਕਿ ਉਹ ਸੰਸਾਰਕ ਯਾਤਰਾ ਪੂਰੀ ਕਰ ਗਏ ਹਨ। ਪਰਿਵਾਰਿਕ ਸੂਤਰਾਂ ਅਨੁਸਾਰ ਉਹ ਪਿਛਲੇ ਕੁਝ ਦਿਨਾਂ ਤੋਂ ਪ੍ਰਾਈਵੇਟ ਹਸਪਤਾਲ ਚੰਡੀਗੜ੍ਹ ਵਿੱਚ ਦਾਖਲ ਸਨ, ਜਿੱਥੇ 10 ਫਰਵਰੀ ਦੀ ਸਵੇਰ ਨੂੰ ਉਹਨਾਂ ਨੂੰ ਦਿਲ ਦਾ ਦੌਰਾ ਪਿਆ, ਜੋ ਕਿ ਜਾਨ ਲੇਵਾ ਸਾਬਤ ਹੋਇਆ। ਇਸ ਤੋਂ ਪਹਿਲਾਂ ਪੀਲੀਏ ਦੀ ਸ਼ਿਕਾਇਤ ਕਾਰਨ ਉਹ ਹਸਪਤਾਲ ਦਾਖਲ ਹੋਏ, ਜਿਸ ਦਾ ਲਿਵਰ ਤੇ ਕਿਡਨੀ 'ਤੇ ਅਸਰ ਸੀ, ਇਲਾਜ ਮਗਰੋਂ ਉਹਨਾਂ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਸੀ ਅਤੇ ਘਰੇ ਆ ਗਏ ਸਨ। ਪੰਜਾਬ ਫੇਰੀ ਦੌਰਾਨ ਉਨਾਂ ਦੀ ਸੁਪਤਨੀ ਬੀਬੀ ਬਲਜੀਤ ਕੌਰ ਨਾਲ ਸਨ, ਜਦ ਕਿ ਪੁੱਤਰ ਤੇ ਧੀ ਕੈਨੇਡਾ ਤੋਂ ਪੰਜਾਬ ਰਵਾਨਾ ਹੋ ਰਹੇ ਹਨ। ਉਹਨਾਂ ਦਾ ਸਸਕਾਰ ਪਰਿਵਾਰ ਵੱਲੋਂ ਚੰਡੀਗੜ੍ਹ ਵਿਖੇ ਕੀਤਾ ਜਾਵੇਗਾ।

ਜਰਨੈਲ ਸਿੰਘ ਆਰਟਿਸਟ ਦੀ ਉਮਰ 69 ਸਾਲ ਦੀ ਸੀ। ਉਹ ਆਪਣੇ ਪਿੱਛੇ ਸੁਪਤਨੀ, ਪੁੱਤਰ, ਧੀ ਅਤੇ ਵੱਡਾ ਸਾਹਿਤਕ ਪਰਿਵਾਰ ਛੱਡ ਗਏ ਹਨ। ਜਰਨੈਲ ਸਿੰਘ ਮਹਾਨ ਚਿੱਤਰਕਾਰ ਸਰਦਾਰ ਕਿਰਪਾਲ ਸਿੰਘ ਜੀ ਦੇ ਸਪੁੱਤਰ ਸਨ ਅਤੇ ਉਨਾਂ ਨੇ ਸਮੁੱਚੀ ਜ਼ਿੰਦਗੀ ਸਾਹਿਤ ਅਤੇ ਕਲਾ ਖੇਤਰ ਦੀ ਬੇਮਿਸਾਲ ਸੇਵਾ ਕੀਤੀ। ਆਪ ਦਾ ਜਨਮ

ਡਾ. ਗੁਰਵਿੰਦਰ ਸਿੰਘ
604 825 1550



ਸੰਨ 1956 ਵਿਖੇ ਜ਼ੀਰਾ ਸ਼ਹਿਰ ਚ ਹੋਇਆ ਅਤੇ ਆਪਣੇ ਪਿਤਾ ਕਿਰਪਾਲ ਸਿੰਘ ਜੀ ਤੋਂ ਪੇਂਟਿੰਗ ਦਾ ਗਿਆਨ ਹਾਸਲ ਕੀਤਾ। ਇਸ ਤੋਂ ਇਲਾਵਾ ਉਚਕੋਟੀ ਦੇ ਵਿਸ਼ਵ ਵਿਦਿਆਲੇ ਤੋਂ ਇਸ ਸਬੰਧੀ ਮੁਹਾਰਤ ਹਾਸਲ ਕੀਤੀ ਅਤੇ ਆਪਣੀ ਯੋਗਤਾ ਨਾਲ ਦੇਸ਼ ਵਿਦੇਸ਼ ਵਿੱਚ ਨਾਮਣਾ ਖੱਟਿਆ। ਆਪਣਾ ਜੀਵਨ ਦੇ 40 ਸਾਲਾਂ ਤੋਂ ਵੱਧ ਸਮਾਂ ਪੰਜਾਬ ਆਰਟ ਖੇਤਰ ਨੂੰ ਸਮਰਪਿਤ ਕੀਤਾ। ਸ. ਜਰਨੈਲ ਸਿੰਘ ਨੇ ਸਾਨੂੰ 2000 ਵਿੱਚ ਪਰਿਵਾਰ ਸਮੇਤ ਪੱਕੇ ਤੌਰ 'ਤੇ ਕੈਨੇਡਾ ਟਿਕਾਣਾ ਕੀਤਾ। ਕੈਨੇਡਾ ਵਿਖੇ ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਦੇ ਮੁਢਲੇ ਮੈਂਬਰਾਂ ਵਿੱਚੋਂ ਸਨ ਅਤੇ ਇਸ ਦੇ ਪ੍ਰਧਾਨ ਰਹਿ ਚੁੱਕੇ ਸਨ ਤੇ ਅੱਜ-ਕੱਲ ਜਨਰਲ ਸਕੱਤਰ ਦੇ ਅਹੁਦੇ 'ਤੇ ਸਨ। ਇਸ ਤੋਂ ਇਲਾਵਾ ਪੰਜਾਬੀ ਲੇਖਕ ਮੰਚ, ਵੈਨਕੂਵਰ ਵਿਚਾਰ ਮੰਚ ਸਮੇਤ ਕਈ ਸਾਹਿਤਕ ਸੰਸਥਾਵਾਂ ਦੀ ਵੀ ਆਪ ਅਗਵਾਈ ਕਰਦੀ ਰਹੇ। ਆਪ ਸਰੀ ਤੋਂ ਪ੍ਰਕਾਸ਼ਤ ਹੁੰਦੇ ਹਫਤਾਵਾਰੀ ਪੰਜਾਬੀ ਅਖਬਾਰ 'ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਵੀ ਸਨ।

ਚਿੱਤਰਕਾਰ ਜਰਨੈਲ ਸਿੰਘ ਨੇ ਸਿੱਖ ਇਤਿਹਾਸ ਅਤੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਅਨੇਕਾਂ ਚਿੱਤਰ ਬਣਾਏ। ਉਹਨਾਂ ਸਰੀ ਦੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਵਿਖੇ ਗਦਰੀ ਬਾਬਿਆਂ ਦੀਆਂ ਯਾਦਗਾਰੀ ਤਸਵੀਰਾਂ ਬਣਾਈਆਂ, ਜੋ ਪਿੱਛੇ ਜਿਹੇ ਦਰਬਾਰ ਸਾਹਿਬ ਅੰਮ੍ਰਿਤਸਰ ਸਥਿਤ ਸਿੱਖ ਅਜਾਇਬ ਘਰ ਵਿਖੇ ਸੁਸ਼ੋਭਿਤ ਕੀਤੀਆਂ ਗਈਆਂ ਸਨ। ਉਹਨਾਂ ਦੀਆਂ ਗੁਰੂ ਨਾਨਕ ਜਹਾਜ਼ (ਕਾਮਾਗਾਟਾਮਾਰੂ) ਸਬੰਧੀ ਬਣਾਈਆਂ ਪੇਂਟਿੰਗਾਂ ਦੀ ਕੈਨੇਡਾ ਵਿੱਚ ਥਾਂ ਥਾਂ ਪ੍ਰਦਰਸ਼ਨੀ ਅਤੇ ਉਹਨਾਂ ਨੂੰ ਬੇਹਦ ਸਤਿਕਾਰ ਮਿਲਿਆ। ਆਪ ਦੀਆਂ ਆਖਰੀ ਪੇਂਟਿੰਗਾਂ ਵਿੱਚੋਂ ਇੱਕ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਪੇਂਟਿੰਗ ਸੀ, ਜੋ ਮੂਲ ਨਿਵਾਸੀ ਭਾਈਚਾਰੇ ਦੇ ਦਿਹਾੜੇ 'ਤੇ ਰਿਲੀਜ਼ ਕੀਤੀ ਗਈ। ਆਪਣੇ ਕਈ ਕਿਤਾਬਾਂ ਲਿਖੀਆਂ ਜਿਹਨਾਂ ਵਿੱਚ 'ਏ ਜਰਨੀ ਵਿਦ ਦਾ ਐਂਡਲੈਸ ਆਈ', 'ਵਿਸ਼ਵ ਦੇ ਪ੍ਰਸਿੱਧ ਚਿੱਤਰਕਾਰ ਸ਼ਾਹਕਾਰ' ਅਤੇ 'ਪੰਜਾਬੀ ਪੇਂਟਿੰਗਜ਼' ਆਦਿ ਸ਼ਾਮਿਲ ਹਨ। ਪ੍ਰਸਿੱਧ ਲਿਖਾਰੀ ਹਰਭਜਨ ਸਿੰਘ ਹੁੰਦਲ ਵੱਲੋਂ ਆਪ ਬਾਰੇ ਕਿਤਾਬ 'ਚਿੱਤਰਕਾਰ ਜਰਨੈਲ ਸਿੰਘ' ਲਿਖੀ ਗਈ

ਸਰੀ ਵਿੱਚ ਜਰਨੈਲ ਸਿੰਘ ਆਰਟਿਸਟ ਦੀ ਜਰਨੈਲ ਆਰਟਸ ਅਕੈਡਮੀ ਸਾਹਿਤਿਕ ਇਕੱਠਾ ਦਾ ਕੇਂਦਰ ਹੁੰਦੀ, ਜਿੱਥੇ ਵੱਖ ਵੱਖ ਸ਼ਖਸੀਅਤਾਂ ਆਉਂਦੀਆਂ ਅਤੇ ਵਿਚਾਰ ਸਾਂਝੇ ਕਰਦੀਆਂ। ਉਨਾਂ ਦੇ ਮਿਲਾਪੜੇ ਸੁਭਾਅ ਨੇ ਸਾਰਿਆਂ ਦੇ ਦਿਲਾਂ ਨੂੰ ਜੋੜਿਆ ਅਤੇ ਬੇਪਨਾਹ ਮੁਹੱਬਤ ਹਾਸਲ ਕੀਤੀ। ਪੰਜਾਬ ਤੋਂ ਇਲਾਵਾ ਕੈਨੇਡਾ ਵਿੱਚ ਵੀ ਉਨ੍ਹਾਂ ਨੂੰ ਕਲਾ ਖੇਤਰ ਵਿੱਚ ਵੱਡੇ ਸਨਮਾਨ ਮਿਲ ਚੁੱਕੇ ਸਨ ਅਤੇ ਸਭ ਤੋਂ ਵੱਡਾ ਸਨਮਾਨ ਜਰਨੈਲ ਸਿੰਘ ਦਾ ਲੋਕ ਦਿਲਾਂ ਵਿੱਚ ਸਤਿਕਾਰ ਸੀ। ਆਪ ਨੂੰ ਕੈਨੇਡਾ ਸਰਕਾਰ ਵੱਲੋਂ ਕੁਇਨ ਅਲੈਜ਼ਾਬਿਥ ਡਾਇਮੰਡ ਜੁਬਲੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਵੱਖ-ਵੱਖ ਸੰਸਥਾਵਾਂ, ਗਦਰੀ ਬਾਬਿਆਂ ਦੇ ਮੇਲੇ ਅਤੇ ਸਰੀ ਆਰਟਸ ਕੌਂਸਲ ਵੱਲੋਂ ਵੀ ਵਿਸ਼ੇਸ਼ ਅਵਾਰਡ ਦਿੱਤੇ ਗਏ। ਬੀਸੀ ਸਿੱਖ ਕੌਂਸਲ, ਕੈਨੇਡਾ ਵੱਲੋਂ ਸੰਨ 2001 ਵਿੱਚ ਕੌਮਾਂਤਰੀ ਸਿੱਖ ਕਾਨਫਰੰਸ ਮੌਕੇ ਉਹਨਾਂ ਨੂੰ ਵਿਸ਼ੇਸ਼ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਸਰਦਾਰ ਜਰਨੈਲ ਸਿੰਘ ਦਾ ਵਿਛੋੜਾ ਦਰਦਨਾਕ ਹੈ। ਵਾਹਿਗੁਰੂ ਪਰਿਵਾਰ ਅਤੇ ਦੋਸਤਾਂ-ਮਿੱਤਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ!



# ਪਰਾਇਆ ਮੁਲਕ, ਬੇਗਾਨੇ ਲੋਕ



ਜਯੋਤੀ ਮਲਹੋਤਰਾ

ਟੀਐੱਸ ਇਲੀਅਟ (ਅਮਰੀਕੀ-ਅੰਗਰੇਜ਼ ਕਵੀ ਜਿਸ ਨੇ ਆਪਣੀ ਇੱਕ ਮਸ਼ਹੂਰ ਕਵਿਤਾ ਵਿੱਚ ਅਪਰੈਲ ਨੂੰ ਸਭ ਤੋਂ ਵੱਧ ਨਿਰਦਈ ਮਹੀਨਾ ਆਖਿਆ ਸੀ) ਤੋਂ ਖਿਮਾ ਦੀ ਯਾਚਕ ਹਾਂ ਪਰ ਇਹ ਫਰਵਰੀ ਬਹੁਤ ਤੇਜ਼ੀ ਨਾਲ ਭਾਰਤ ਦੀ ਵਿਦੇਸ਼ ਨੀਤੀ ਦੇ ਕੈਲੰਡਰ ਦਾ ਸਭ ਤੋਂ ਵੱਧ ਨਿਰਦਈ ਮਹੀਨਾ ਬਣ ਰਿਹਾ ਹੈ। ਪੂਰਬ ਵੱਲ, ਬੌਲੀਵੁਡ ਦੇ ਫਿਲਮੀ ਗਾਣੇ 'ਮੁੰਨੀ ਬਦਨਾਮ ਹੂਈ' ਦੀ ਧੁਨ 'ਤੇ ਨੱਚਦਿਆਂ ਹੁੜਦੰਗੀ ਨੌਜਵਾਨਾਂ ਨੇ ਢਾਕਾ ਵਿੱਚ ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਦਾ ਜੱਦੀ ਘਰ ਮਲੀਆਮੇਟ ਕਰ ਦਿੱਤਾ। ਇਹੀ ਘਰ ਕਦੇ ਦੋਵਾਂ ਦੇਸ਼ਾਂ ਦੇ ਸਫ਼ਰ ਦਾ ਸ਼ਾਨਦਾਰ ਪੰਨਾ ਬਣਿਆ ਸੀ ਪਰ ਜਦੋਂ ਇਸ 'ਤੇ ਹਜੂਮ ਦਾ ਹਥੌੜਾ ਚੱਲਿਆ ਤਾਂ ਘਰਾਂ ਵਿੱਚ ਬੈਠੇ ਖ਼ੌਫ਼ਜ਼ਦਾ ਭਾਰਤੀ ਦੇਖਦੇ ਰਹਿ ਗਏ; ਹੁਣ ਉਹ ਬੇਵਸੀ ਦੇ ਆਲਮ ਵਿੱਚ ਪੁੱਛ ਰਹੇ ਹਨ ਕਿ ਹੁਣ ਕੀ ਕਰੀਏ?

ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰਾਸ਼ਟਰਪਤੀ ਟਰੰਪ ਨੂੰ ਮਿਲਣ ਲਈ ਅਮਰੀਕਾ ਜਾਣ ਦੀ ਤਿਆਰੀ ਕਰ ਰਹੇ ਹਨ ਤਾਂ ਇਸ ਤੋਂ ਕੁਝ ਦਿਨ ਪਹਿਲਾਂ 104 ਭਾਰਤੀ ਪਰਵਾਸੀਆਂ ਨੂੰ ਹੱਥਕੜੀਆਂ ਅਤੇ ਬੇੜੀਆਂ ਨਾਲ ਜਕੜ ਕੇ ਵਾਪਸ ਭੇਜਣ ਮੁਤੱਲਕ ਬਹੁਤ ਸਾਰੇ ਸਵਾਲ ਕੀਤੇ ਜਾ ਰਹੇ ਹਨ। 487 ਹੋਰ ਭਾਰਤੀਆਂ ਨੂੰ ਵੀ ਵਾਪਸ ਭੇਜਿਆ ਜਾ ਰਿਹਾ ਹੈ। ਮਾਹੌਲ ਵਿੱਚ ਬੇਚੈਨੀ ਸਾਫ਼ ਮਹਿਸੂਸ ਕੀਤੀ ਜਾ ਰਹੀ ਹੈ ਕਿ ਇਸ ਵਕਤ ਪ੍ਰਧਾਨ ਮੰਤਰੀ ਦਾ ਅਮਰੀਕਾ ਜਾਣ ਦਾ ਫ਼ੈਸਲਾ ਕਿੰਨਾ ਕੁ ਸਹੀ ਹੈ।

ਬਹੁਤ ਸਾਰੇ ਲੋਕ ਕਹਿਣਗੇ, ਬਿਨਾਂ ਸ਼ੱਕ ਸਹੀ ਹੈ। ਕੋਵਿਡ-19 ਤੋਂ ਬਾਅਦ ਹਾਲੀਆ ਸਾਲਾਂ ਦੌਰਾਨ ਭਾਵੇਂ ਰੂਸ ਨੇ ਬਹੁਤ ਘੱਟ ਕੀਮਤ 'ਤੇ ਭਾਰਤ ਨੂੰ ਤੇਲ ਸਪਲਾਈ ਕਰਵਾਇਆ ਪਰ ਅੱਜ ਦੇ ਦਿਨ ਭਾਰਤ-ਅਮਰੀਕਾ ਸਬੰਧ, ਵਿਦੇਸ਼ ਨੀਤੀ ਦੇ ਸਭ ਤੋਂ ਮਹੱਤਵਪੂਰਨ ਰਿਸ਼ਤੇ ਬਣੇ ਹੋਏ ਹਨ। ਇਸ ਦਲੀਲ ਦੇ ਹੱਕ ਵਿੱਚ ਕਿਹਾ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਦੇ ਦੌਰੇ ਮੌਕੇ ਵਪਾਰਕ ਖਾਕਾ ਤਿਆਰ ਕੀਤਾ ਜਾ ਰਿਹਾ ਹੈ ਤੇ ਇਹ ਐਲਾਨ ਹੋ ਸਕਦਾ ਹੈ ਕਿ ਭਾਰਤ 17 ਸਾਲਾਂ ਬਾਅਦ ਆਪਣਾ ਸਿਵਲ ਪਰਮਾਣੂ ਖੇਤਰ ਖੋਲ੍ਹ ਦੇਵੇ; ਦਿੱਲੀ ਵੱਲੋਂ ਅਮਰੀਕਾ ਤੋਂ ਹੋਰ ਜ਼ਿਆਦਾ ਫ਼ੌਜੀ ਸਾਜ਼ੋ-ਸਾਮਾਨ ਖਰੀਦਣ ਦੀਆਂ ਗੱਲਾਂ ਜ਼ੋਰ ਫੜ ਰਹੀਆਂ ਹਨ।

ਇਸੇ ਕਰ ਕੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਚਾਰ ਮਹੀਨਿਆਂ ਵਿੱਚ ਤਿੰਨ ਵਾਰ ਅਮਰੀਕਾ ਦਾ ਦੌਰਾ ਕਰ ਚੁੱਕੇ ਹਨ (ਪਹਿਲਾਂ ਸਤੰਬਰ, ਫਿਰ ਦਸੰਬਰ ਤੇ ਹੁਣ ਜਨਵਰੀ ਵਿੱਚ) ਤਾਂ ਕਿ ਮੋਦੀ ਅਤੇ ਟਰੰਪ ਦੀ ਮੀਟਿੰਗ ਕਰਵਾਈ ਜਾ ਸਕੇ। ਉਨ੍ਹਾਂ ਖੁਲਾਸਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਸੱਤਾ ਵਿੱਚ ਆਉਣ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਉਨ੍ਹਾਂ ਨੂੰ ਮਿਲਣ ਵਾਲੇ ਇਜ਼ਰਾਈਲ ਦੇ ਨੇਤਨਯਾਹੂ ਅਤੇ ਜਪਾਨ ਦੇ ਇਸ਼ੀਬਾ ਸਣੇ ਤਿੰਨ ਆਗੂਆਂ ਵਿੱਚ ਸ਼ਾਮਿਲ ਹੋਣਗੇ।

ਮਾੜੀ ਕਿਸਮਤ ਨੂੰ ਮੋਦੀ ਦੇ ਵਾਸ਼ਿੰਗਟਨ ਡੀਸੀ ਵਿੱਚ ਪੈਰ ਪਾਉਣ ਤੋਂ ਹਫ਼ਤਾ ਕੁ ਪਹਿਲਾਂ ਆਈ ਖ਼ਬਰ ਬਹੁਤੀ ਸਵੱਲੀ ਨਹੀਂ। ਫਟੀਆਂ ਪੁਰਾਣੀਆਂ ਜੀਨਾਂ ਤੇ ਚੀਨੀ ਜੁੱਤੇ ਪਹਿਨ ਅਤੇ ਪੈਰਾਂ ਵਿੱਚ ਬੇੜੀਆਂ ਪਾ ਕੇ ਅਮਰੀਕੀ ਫ਼ੌਜੀ ਜਹਾਜ਼ ਵੱਲ ਜਾਂਦੇ ਹੋਏ ਭਾਰਤੀ ਨੌਜਵਾਨਾਂ ਦੀਆਂ ਤਸਵੀਰਾਂ ਨਾਲ ਬਾਕੀ ਦੇਸ਼ ਦਾ ਤਾਂ ਪਤਾ ਨਹੀਂ ਪਰ ਪੂਰੇ ਪੰਜਾਬ ਵਿੱਚ ਸਦਮੇ ਤੇ ਦੁੱਖ ਦੀ ਲਹਿਰ ਫੈਲ ਗਈ ਹੈ। ਬਿਨਾਂ ਸ਼ੱਕ, ਟਰੰਪ ਬਿਲਕੁਲ ਇਹੀ ਚਾਹੁੰਦਾ ਸੀ। ਉਹ ਦੁਨੀਆ ਨੂੰ ਇਹ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਅਮਰੀਕਾ ਦੇ ਦਰਾਂ 'ਤੇ ਆਉਣ ਵਾਲੇ ਹਰੇਕ ਅਣਚਾਹੇ ਸ਼ਖ਼ਸ ਵਿੱਚ ਉਸ ਦੀ ਕੋਈ ਦਿਲਚਸਪੀ ਨਹੀਂ; ਉਨ੍ਹਾਂ ਲਈ ਬੱਸ ਪ੍ਰਤਿਭਾਸ਼ਾਲੀ, ਹੁਨਰਮੰਦ ਅਤੇ ਐੱਚ1ਬੀ ਵੀਜ਼ਿਆਂ ਵਾਲੇ ਮਾਣਮੱਤੇ ਜੱਥੇ ਕਾਫ਼ੀ ਹਨ।

ਅਪਮਾਨ ਤੋਂ ਗੁਰੇਜ਼ ਕਰਨ ਲਈ ਉਸ ਕੋਲ ਵਕਤ ਹੀ ਨਹੀਂ। ਜੇ ਹਫ਼ਤੇ ਬਾਅਦ ਹੀ ਭਾਰਤੀ ਪ੍ਰਧਾਨ ਮੰਤਰੀ ਨੇ ਚੱਲ ਕੇ ਮਿਲਣ ਜਾਣਾ ਹੋਵੇ ਤਾਂ ਤੁਹਾਨੂੰ ਇਹ ਤਵੱਕੋ ਨਹੀਂ ਕਰਨੀ ਚਾਹੀਦੀ ਕਿ ਤੁਹਾਡੀ ਫੇਰੀ ਤੋਂ ਐਨ ਪਹਿਲਾਂ ਆਈ ਇਹ ਕੋਈ ਸ਼ੁਭ ਖ਼ਬਰ ਹੈ। ਟਰੰਪ ਨੇ ਪਿਛਲੇ ਕੁਝ ਹਫ਼ਤਿਆਂ ਵਿੱਚ ਆਲਮੀ ਨਿਜ਼ਾਮ ਦੇ ਨਵੇਂ ਨੇਮ ਘੜ ਦਿੱਤੇ ਹਨ। ਸਾਬਕਾ ਵਿਦੇਸ਼ ਸਕੱਤਰ ਸ਼ਿਆਮ ਸਰਨ ਇਸ ਨੂੰ 'ਅਮਰੀਕਾ ਦਾ ਅਸੱਭਿਅਕ ਵਿਹਾਰ' ਕਰਾਰ ਦਿੰਦੇ ਹਨ। ਮਸਲਾ ਇਹ ਹੈ ਕਿ ਨਵੇਂ ਅਮਰੀਕਾ ਦੀ ਵਿਦੇਸ਼ ਨੀਤੀ ਵਿੱਚ ਇਸ ਕਿਸਮ ਦੀਆਂ ਸੱਭਿਅਕ ਵਿਹਾਰ ਅਤੇ ਨਫ਼ਾਸਤਾਂ ਦੀ ਪਹਿਲਾਂ ਹੀ ਛੁੱਟੀ ਕੀਤੀ ਜਾ ਚੁੱਕੀ ਹੈ। ਜਿਸ ਢੰਗ ਨਾਲ ਟਰੰਪ ਮੱਧ ਪੂਰਬ-ਗਾਜ਼ਾ, ਫ਼ਲਸਤੀਨ ਅਤੇ ਜੌਰਡਨ ਦਾ ਕਾਇਆ ਕਲਪ ਕਰਨ ਲੱਗੇ ਹੋਏ ਹਨ, ਉਸ ਦੀ ਮਿਸਾਲ ਨਹੀਂ ਮਿਲਦੀ। ਭਾਰਤ ਨੇ ਇਸ ਸਭ ਕਾਸੇ ਬਾਰੇ ਚੁੱਪ ਵੱਟੀ ਹੋਈ ਹੈ ਕਿਉਂਕਿ ਅੰਧ-ਯਥਾਰਥਵਾਦੀ ਨੀਤੀਆਂ ਪਿਛਲੇ ਕੁਝ ਅਰਸੇ ਤੋਂ ਇਹ ਪ੍ਰਚਾਰ ਕਰ ਰਹੀਆਂ ਹਨ ਕਿ ਤੁਸੀਂ ਉਦੋਂ ਹੀ ਕੋਈ ਪੰਗਾ ਲਵੋ ਜਦੋਂ ਤੁਹਾਡੇ ਹਿੱਤ ਸਿੱਧੇ ਤੌਰ 'ਤੇ ਪ੍ਰਭਾਵਿਤ ਹੋ ਰਹੇ ਹੋਣ; ਤੇ ਤੁਹਾਨੂੰ ਲਗਦਾ ਹੈ ਕਿ ਗਾਜ਼ਾ, ਫ਼ਲਸਤੀਨ ਅਤੇ ਜੌਰਡਨ ਵਿੱਚ ਤੁਹਾਡੇ ਹਿੱਤ ਸਿੱਧੇ ਤੌਰ 'ਤੇ ਪ੍ਰਭਾਵਿਤ ਨਹੀਂ ਹੋ ਰਹੇ।

ਜਿੱਥੋਂ ਤੱਕ 104 ਪਰਵਾਸੀਆਂ ਦਾ ਤਾਅਲੁਕ ਹੈ ਜਿਨ੍ਹਾਂ ਵਿੱਚ ਕੁਝ ਔਰਤਾਂ ਵੀ ਸ਼ਾਮਿਲ ਸਨ, ਨੂੰ ਨੂੜ ਕੇ ਪਿਛਲੇ ਹਫ਼ਤੇ ਵਾਪਸ ਵਤਨ ਭੇਜਿਆ ਗਿਆ ਸੀ ਤਾਂ ਇਸ ਬਾਰੇ ਨਵੀਂ ਦਿੱਲੀ ਦਾ ਸੰਦੇਸ਼ ਇਹ ਹੈ ਕਿ ਜਿਨ੍ਹਾਂ ਲੋਕਾਂ ਨੇ ਕਾਨੂੰਨ ਤੋੜਿ?ਆ ਹੈ, ਉਨ੍ਹਾਂ ਨੂੰ ਬਣਦੀ ਸਜ਼ਾ ਮਿਲੀ ਹੈ। ਅਮਰੀਕੀ ਬਾਰਡਰ ਪੈਟਰੌਲ ਪੁਲਿਸ ਨੇ ਉਨ੍ਹਾਂ ਨੂੰ ਬੇਗਾਨੇ/ਏਲੀਅਨਜ਼ ਕਰਾਰ ਦਿੱਤਾ ਹੈ ਅਤੇ ਉਹ ਹਨ ਵੀ।

ਫਿਰ ਵੀ ਜਦੋਂ ਡਿਪੋਰਟ ਕੀਤੇ ਭਾਰਤੀਆਂ ਦੇ ਮੁੱਦੇ 'ਤੇ ਜੈਸ਼ੰਕਰ ਪਾਰਲੀਮੈਂਟ ਵਿੱਚ ਬੋਲੇ ਤਾਂ ਉਨ੍ਹਾਂ ਰਿਕਾਰਡ 'ਤੇ ਇਹ ਮੰਨਿਆ ਕਿ 'ਨੌਕਰਸ਼ਾਹੀ ਦੇ ਅੰਕੜਿ?ਆਂ ਦੇ ਲਿਹਾਜ਼ ਨਾਲ' ਉਹ ਸਹੀ ਸਨ ਪਰ ਇਸ 'ਤੇ ਕੋਈ ਹੈਰਾਨ ਹੋਏ ਬਿਨਾਂ ਨਹੀਂ ਰਹਿ ਸਕਦਾ ਸੀ ਕਿ ਜੇ ਇਸ ਤਰ੍ਹਾਂ ਦਾ ਧਰਮ ਸੰਕਟ ਉਨ੍ਹਾਂ ਤੋਂ ਪਹਿਲੀ ਵਿਦੇਸ਼ ਮੰਤਰੀ (ਮਰਹੂਮ) ਸੁਸ਼ਮਾ ਸਵਰਾਜ ਵੇਲੇ ਆਇਆ ਹੁੰਦਾ ਤਾਂ ਆਪਣੇ ਗ਼ਰੀਬ ਅਤੇ ਗ਼ੈਰ-ਹੁਨਰਮੰਦ ਲੋਕਾਂ ਨੂੰ ਬਹੁਤ ਹੀ ਮੂਰਖਤਾਪੂਰਨ ਕਦਮ ਪੁੱਟਣ 'ਤੇ ਇੰਝ ਦੰਡਿਤ ਅਤੇ ਅਪਮਾਨਿਤ ਹੁੰਦਿਆਂ ਦੇਖ ਕੇ ਉਨ੍ਹਾਂ ਕੀ ਆਖਣਾ ਸੀ?

ਬੀਬੀ ਸੁਸ਼ਮਾ ਨੇ ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਨਾਢੂ ਖਾਂ ਅਫਸਰਾਂ ਦੀ ਜ਼ਮੀਰ ਨੂੰ ਹਲੂਣਦਿਆਂ ਦੁਨੀਆ ਭਰ ਵਿੱਚ ਫੈਲੇ ਆਪਣੇ ਮਿਹਨਤਕਸ਼ ਕਾਮਿਆਂ ਪ੍ਰਤੀ ਹਮਦਰਦੀ ਨਾਲ ਪੇਸ਼ ਆਉਣ ਲਈ ਮਜਬੂਰ ਕਰਨਾ ਸੀ। ਪਰਵਾਸੀਆਂ ਦੀ ਰਾਖੀ ਲਈ ਸੁਧਾਰਾਂ ਦੇ ਹੁਕਮ ਦਿੱਤੇ ਜਾਣੇ ਸਨ, ਵਿਦੇਸ਼ ਵਿੱਚ ਕੰਮ ਕਰਨ ਦੇ ਚਾਹਵਾਨਾਂ ਲਈ ਕਾਨੂੰਨ ਸਖ਼ਤ ਕੀਤੇ ਜਾਂਦੇ, ਇਮੀਗ੍ਰੇਸ਼ਨ ਏਜੰਟਾਂ ਨੂੰ ਵਾਹਣੀਂ ਪਾਇਆ ਹੋਣਾ ਸੀ। ਐਸਾ ਨਹੀਂ ਕਿ ਉਹ ਸਮੁੱਚੇ ਨਿਜ਼ਾਮ ਦੀ ਸਫ਼ਾਈ ਕਰ ਦਿੰਦੀ ਪਰ ਉਸ ਨੇ ਯਤਨ ਜ਼ਰੂਰ ਕਰਨੇ ਸਨ। ਉਸ ਨੂੰ ਪਤਾ ਹੋਣਾ ਸੀ ਕਿ ਉਸ ਦੇ ਹਮਵਤਨ ਬਹੁਤੀ ਵਾਰ ਵਿਦੇਸ਼ੀ ਕਾਨੂੰਨ ਤੋਂ ਗਲ਼ਤ ਪਾਸੇ ਖੜ੍ਹੇ ਹੁੰਦੇ ਹਨ, ਫਿਰ ਵੀ ਉਸ ਨੇ ਉਨ੍ਹਾਂ ਖਾਤਿਰ ਹਮਦਰਦੀ ਦੇ ਬੋਲ ਆਖਣੇ ਸਨ ਤੇ ਜਦੋਂ ਨੇਮ ਤੋੜਨ 'ਤੇ ਉਹ ਫੜੇ ਜਾਂਦੇ ਤਾਂ ਉਸ ਨੇ ਉਨ੍ਹਾਂ ਦੇ ਹੰਝੂ ਪੂੰਝਣ ਲਈ ਹੱਥ ਵਧਾਉਣੇ ਸਨ।

ਇਸ ਸਮੇਂ ਮੋਦੀ ਸਰਕਾਰ ਇਨ੍ਹਾਂ ਬਦਕਿਸਮਤਾਂ ਨੂੰ ਨੇਮ ਪੜ੍ਹਾਉਣ ਡਹੀ ਹੈ। ਇਹੀ ਨਹੀਂ, ਵਿਦੇਸ਼ ਮਾਮਲਿਆਂ ਬਾਰੇ ਮੰਤਰਾਲਾ ਇਹ ਇਸ਼ਾਰੇ ਕਰ ਰਿਹਾ ਹੈ ਕਿ ਆਪਣਾ ਅਮਰੀਕੀ ਸੁਫਨਾ ਪੂਰਾ ਕਰਨ ਲਈ 45-45 ਲੱਖ ਰੁਪਏ ਖਰਚ ਕਰਨ ਵਾਲੇ ਇਹ ਪੰਜਾਬੀ ਅਸਲ ਵਿੱਚ ਗ਼ਰੀਬ ਨਹੀਂ ਹਨ। ਬੇਸ਼ੱਕ, ਮੰਤਰਾਲਾ ਸਹੀ ਹੈ। ਇਨ੍ਹਾਂ 104 ਮਰਦਾਂ ਤੇ ਔਰਤਾਂ ਨੇ ਜਾਣਦਿਆਂ ਹੋਇਆਂ ਹੀ ਇੱਕ ਪਾਸੇ ਦੀ ਅਮਰੀਕੀ ਟਿਕਟ ਖਰੀਦੀ ਸੀ ਤੇ ਉਹ ਇਹ ਵੀ ਜਾਣਦੇ ਸਨ ਕਿ 'ਡੰਕੀ' ਰੂਟ ਕਿਹੋ ਜਿਹਾ ਹੁੰਦਾ ਹੈ, ਫਿਰ ਵੀ ਉਹ ਤੁਰ ਪਏ ਸਨ। ਸਮੱਸਿਆ ਇਹ ਹੈ ਕਿ ਜੇ ਮੌਕਾ ਮਿਲਿਆ ਤਾਂ ਉਹ ਫਿਰ ਚਲੇ ਜਾਣਗੇ ਕਿਉਂਕਿ ਉਨ੍ਹਾਂ ਪਰਿਵਾਰਾਂ ਸਿਰ ਚੜ੍ਹਿਆ ਕਰਜ਼ਾ ਲਾਹੁਣ ਦਾ ਹੋਰ ਕੋਈ ਚਾਰਾ ਨਹੀਂ ਹੈ ਜਿਹੜਾ ਉਨ੍ਹਾਂ ਅਮਰੀਕਾ ਪਹੁੰਚਣ ਲਈ ਚੁੱਕਿਆ ਸੀ।

ਚਲੋ ਹੁਣ ਵਾਪਸ ਮੋਦੀ ਤੇ ਟਰੰਪ ਅਤੇ ਭਾਰਤ ਤੇ ਅਮਰੀਕਾ ਰਿਸ਼ਤਿਆਂ ਦੀ ਅਹਿਮੀਅਤ 'ਤੇ ਆਉਂਦੇ ਹਾਂ। ਪ੍ਰਧਾਨ ਮੰਤਰੀ ਵੱਲੋਂ ਰਾਸ਼ਟਰਪਤੀ ਟਰੰਪ ਨਾਲ ਛੇਤੀ ਨੇੜਤਾ ਬਣਾਉਣ ਦੀ ਉਤਸੁਕਤਾ ਤੋਂ ਇਲਾਵਾ ਵੀ ਤੱਥ ਇਹ ਹੈ ਕਿ ਦੋਹਾਂ ਦੇਸ਼ਾਂ ਨੇ ਇੱਕ ਦੂਜੇ ਅੰਦਰ ਕਾਫ਼ੀ ਤੇਜ਼ੀ ਨਾਲ ਨਿਵੇਸ਼ ਕੀਤਾ ਹੈ। ਸੂਹੀਆ ਵਟਾਂਦਰੇ ਤੋਂ ਲੈ ਕੇ ਰੱਖਿਆ ਅਤੇ ਤਕਨਾਲੋਜੀ ਭਿਆਲੀਆਂ ਤੱਕ ਪਿਛਲੇ 25 ਸਾਲਾਂ ਤੋਂ ਸਹੀਬੰਦ ਕੀਤੇ ਗਏ ਜੀਸੋਮੀਆ, ਲੈਮੋਆ, ਕੌਮਕਾਸਾ, ਬੈਕਾ ਜਿਹੇ ਫ਼ੌਜੀ ਮੁਆਹਦਿਆਂ ਦੀ ਵਰਣਮਾਲਾ ਜ਼ਰੀਏ ਭਾਰਤ ਅਮਰੀਕਾ ਨਾਲ ਐਨਾ ਨੇੜਿ?ਓਂ ਜੁੜ ਚੁੱਕਿਆ ਹੈ ਕਿ ਹੁਣ ਇਸ ਨੂੰ 'ਗ਼ੈਰ-ਰਸਮੀ ਭਿਆਲ' ਆਖਣਾ ਕੁਥਾਂ ਨਹੀਂ ਹੋਵੇਗਾ।

ਅਮਰੀਕਾ ਵਿੱਚ ਭਾਰਤੀ ਮੂਲ ਦੇ ਕਰੀਬ 50 ਲੱਖ ਨਾਗਰਿਕ ਹਨ ਜੋ ਪ੍ਰਭਾਵਸ਼ਾਲੀ ਸਮੂਹ ਹੈ। ਅਸੀਂ ਉਨ੍ਹਾਂ ਸਾਰਿਆਂ ਨੂੰ ਲੈ ਕੇ ਖ਼ੁਸ਼ੀ ਮਨਾਉਂਦੇ ਹਾਂ। ਅਸੀਂ ਸੁੰਦਰ ਪਿਚਾਈ, ਸਤਿਆ ਨਡੇਲਾ, ਇੰਦਰਾ ਨੂਈ ਅਤੇ ਅਜੈ ਬੰਗਾ ਦੀਆਂ ਪ੍ਰਾਪਤੀਆਂ ਦੀਆਂ ਸਿਫ਼ਤਾਂ ਕਰਦੇ ਨਹੀਂ ਥੱਕਦੇ ਜਿਵੇਂ ਉਹ ਸਾਡੇ ਹੀ ਪਰਿਵਾਰ ਦਾ ਹਿੱਸਾ ਹੋਣ ਪਰ ਜਦੋਂ ਦੋਆਬੇ ਦੇ ਪੰਜਾਬੀ, ਕੈਥਲ ਦੇ ਹਰਿਆਣਵੀ ਅਤੇ ਗਾਂਧੀਨਗਰ ਦੇ ਗੁਜਰਾਤੀ ਸਾਰੇ ਇਕੱਠੇ ਹੱਥਕੜੀਆਂ ਵਿੱਚ ਜਾਂਦੇ ਨਜ਼ਰ ਆਉਂਦੇ ਹਨ ਤਾਂ ਇਹ ਸੋਹਣੀ ਤਸਵੀਰ ਤਿੜਕ ਜਾਂਦੀ ਹੈ। ਸਭ ਤੋਂ ਮਾੜੀ ਗੱਲ ਇਹ ਹੈ ਕਿ ਉਨ੍ਹਾਂ ਦੇ ਆਪਣੇ ਪਰਿਵਾਰਾਂ ਤੋਂ ਇਲਾਵਾ ਉਨ੍ਹਾਂ ਨੂੰ ਗਲ ਨਾਲ ਲਾਉਣ ਲਈ ਹੋਰ ਕੋਈ ਵੀ ਅੱਗੇ ਨਹੀਂ ਆਉਂਦਾ, ਜਿਵੇਂ ਉਹ ਕਿਸੇ ਪਰਾਏ ਮੁਲਕ ਤੋਂ ਆਏ ਬੇਗਾਨੇ ਲੋਕ ਬਣ ਗਏ ਹਨ।

## ਗ਼ੈਰ-ਕਾਨੂੰਨੀ ਪ੍ਰਵਾਸ

ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਗਏ 104 ਭਾਰਤੀਆਂ ਨੂੰ ਟਰੰਪ ਪ੍ਰਸ਼ਾਸਨ ਵਲੋਂ ਹਥਕੜੀਆਂ ਵਿਚ ਜਕੜ ਕੇ ਫੌਜੀ ਜਹਾਜ਼ ਰਾਹੀਂ ਵਾਪਸ ਭੇਜਣ ਨਾਲ ਦੇਸ਼ ਭਰ ਵਿਚ ਗ਼ੈਰ-ਕਾਨੂੰਨੀ ਪ੍ਰਵਾਸ ਦਾ ਮੁੱਦਾ ਇਕ ਵਾਰ ਫਿਰ ਭਖ ਪਿਆ ਹੈ। ਅਮਰੀਕਾ ਦੇ ਫ਼ੌਜੀ ਜਹਾਜ਼ ਰਾਹੀਂ ਅੰਮ੍ਰਿਤਸਰ ਪੁੱਜੇ ਇਨ੍ਹਾਂ ਭਾਰਤੀਆਂ ਵਿਚ 30 ਵਿਅਕਤੀ ਪੰਜਾਬ ਨਾਲ ਵੀ ਸੰਬੰਧਿਤ ਸਨ। ਵਾਪਸ ਆ ਕੇ ਇਨ੍ਹਾਂ ਵਿਅਕਤੀਆਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਆਪੋ-ਆਪਣੀ ਦਾਸਤਾਨ ਬਿਆਨ ਕੀਤੀ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਕਿਸ ਤਰ੍ਹਾਂ ਉਹ ਰੋਟੀ-ਰੋਜ਼ੀ ਦੀ ਭਾਲ ਵਿਚ ਏਜੰਟਾਂ ਨੂੰ 40 ਤੋਂ 50 ਲੱਖ ਤੱਕ ਰੁਪਏ ਦੇ ਕੇ ਗ਼ੈਰ-ਕਾਨੂੰਨੀ ਢੰਗ ਨਾਲ ਵੱਖ-ਵੱਖ ਦੇਸ਼ਾਂ ਤੋਂ ਹੁੰਦੇ ਹੋਏ ਅਮਰੀਕਾ ਪੁੱਜੇ ਸਨ, ਜਿਥੇ ਕਿ ਅਮਰੀਕੀ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਅਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਜਬਰੀ ਵਾਪਸ ਭੇਜ ਦਿੱਤਾ ਗਿਆ। ਇਸ ਸਾਰੇ ਘਟਨਾਕ੍ਰਮ ਵਿਚ ਪੰਜਾਬ ਦੇ ਉਨ੍ਹਾਂ ਟਰੈਵਲ ਏਜੰਟਾਂ ਦੀ ਭੂਮਿਕਾ ਵੀ ਸਾਹਮਣੇ ਆਈ ਹੈ ਜੋ ਵਿਦੇਸ਼ੀ ਏਜੰਟਾਂ ਨਾਲ ਮਿਲੀਭੁਗਤ ਕਰਕੇ ਪੰਜਾਬ ਦੇ ਨੌਜਵਾਨਾਂ ਨੂੰ ਵੱਡੇ-ਵੱਡੇ ਸੁਫ਼ਨੇ ਦਿਖਾ ਕੇ ਗ਼ੈਰ ਕਾਨੂੰਨੀ ਢੰਗ ਨਾਲ ਦੂਜੇ ਦੇਸ਼ਾਂ ਨੂੰ ਜਾਣ ਲਈ ਪ੍ਰੇਰਿਤ ਕਰਦੇ ਹਨ। ਵਾਪਸ ਆਏ ਨੌਜਵਾਨਾਂ ਨੇ ਇਹ ਵੀ ਦੋਸ਼ ਲਾਇਆ ਹੈ ਕਿ ਉਨ੍ਹਾਂ ਨਾਲ ਏਜੰਟਾਂ ਨੇ ਕਾਨੂੰਨੀ ਢੰਗ ਨਾਲ ਬਾਹਰ ਭੇਜਣ ਦਾ ਵਾਅਦਾ ਕੀਤਾ ਸੀ, ਪਰ ਪੈਸੇ ਲੈਣ ਤੋਂ ਬਾਅਦ ਉਨ੍ਹਾਂ ਨੂੰ ਗ਼ੈਰ ਕਾਨੂੰਨੀ ਢੰਗ ਨਾਲ ਵਿਦੇਸ਼ ਜਾਣ ਲਈ ਮਜਬੂਰ ਕਰ ਦਿੱਤਾ।

ਪੰਜਾਬ ਵਿਚ ਗ਼ੈਰ ਕਾਨੂੰਨੀ ਢੰਗ ਨਾਲ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦੇ ਧੰਦੇ ਵਿਚ ਲੱਗੇ ਟਰੈਵਲ ਏਜੰਟਾਂ ਦਾ ਇਹ ਮੁੱਦਾ ਪਹਿਲੀ ਵਾਰ ਸਾਹਮਣੇ ਨਹੀਂ ਆਇਆ, ਸਗੋਂ ਪਿਛਲੇ ਕਈ ਦਹਾਕਿਆਂ ਤੋਂ ਇਸ ਸੰਬੰਧੀ ਚਰਚਾ ਹੁੰਦੀ ਰਹੀ ਹੈ। 2014 ਵਿਚ ਅਜਿਹੇ ਟ?ਰੈਵਲ ਏਜੰਟਾਂ ਦੀਆਂ ਸਰਗਰਮੀਆਂ 'ਤੇ ਕਾਬੂ ਪਾਉਣ ਲਈ ਅਤੇ ਸਹੀ ਢੰਗ ਨਾਲ ਇਹ ਕੰਮ ਕਰਨ ਵਾਲੇ ਏਜੰਟਾਂ ਦੇ ਕੰਮਕਾਰ ਨੂੰ ਨਿਯਮਿਤ ਕਰਨ ਲਈ 'ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ' ਬਣਾਇਆ ਗਿਆ ਸੀ। ਇਸ ਕਾਨੂੰਨ ਮੁਤਾਬਕ ਟ?ਰੈਵਲ ਏਜੰਟਾਂ ਵਜੋਂ ਕੰਮ ਕਰਨ ਲਈ ਸਰਕਾਰ ਕੋਲ ਰਜਿਸਟਰੇਸ਼ਨ ਕਰਵਾਉਣੀ ਲਾਜ਼ਮੀ ਕੀਤੀ ਗਈ ਸੀ। ਇਸ ਕਾਨੂੰਨ ਦੀ ਉਲੰਘਣਾ ਕਰਨ ਵਾਲੇ, ਭਾਵ ਦੋ ਨੰਬਰ ਦੇ ਢੰਗ ਤਰੀਕਿਆਂ ਨਾਲ ਨੌਜਵਾਨਾਂ ਨੂੰ ਗੁੰਮਰਾਹ ਕਰਕੇ ਵਿਦੇਸ਼ਾਂ ਨੂੰ ਭੇਜਣ ਵਾਲੇ ਏਜੰਟਾਂ ਨੂੰ ਸੱਤ ਸਾਲ ਦੀ ਕੈਦ ਅਤੇ ਪੰਜ ਲੱਖ ਦਾ ਜੁਰਮਾਨਾ ਕਰਨ ਦੀ ਸਜ਼ਾ ਦੀ ਵਿਵਸਥਾ ਵੀ ਕੀਤੀ ਗਈ ਸੀ। ਪਰ ਇਸ ਦੇ ਬਾਵਜੂਦ ਗ਼ੈਰ-ਕਾਨੂੰਨੀ ਢੰਗ ਨਾਲ ਨੌਜਵਾਨਾਂ ਨੂੰ ਵਿਦੇਸ਼ ਭੇਜਣ ਵਾਲੇ ਏਜੰਟਾਂ ਦੀਆਂ ਸਰਗਰਮੀਆਂ ਵਿਚ ਕੋਈ ਬਹੁਤੀ ਕਮੀ ਨਹੀਂ ਆਈ। ਤਾਜ਼ਾ ਘਟਨਾਕ੍ਰਮ ਨੇ ਇਸ ਮਸਲੇ ਨੂੰ ਹੋਰ ਵੀ ਗੰਭੀਰ ਰੂਪ ਵਿਚ ਸਾਹਮਣੇ ਲਿਆਂਦਾ ਹੈ। ਇਸ ਸਥਿਤੀ ਨੂੰ ਮੁੱਖ ਰਖਦਿਆਂ ਹੀ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਸ਼ਾਮਿਲ ਕਰਕੇ ਇਕ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕੀਤਾ ਹੈ ਜੋ ਮੌਜੂਦਾ ਘਟਨਾਕ੍ਰਮ ਵਿਚ ਟ?ਰੈਵਲ ਏਜੰਟਾਂ ਦੀ ਭੂਮਿਕਾ ਦੀ ਜਾਂਚ ਕਰਕੇ ਉਨ੍ਹਾਂ ਵਿਰੁੱਧ ਕਾਰਵਾਈ ਕਰੇਗੀ ਤੇ ਆਉਣ ਵਾਲੇ ਸਮੇਂ ਵਿਚ ਵੀ ਅਜਿਹੇ ਏਜੰਟਾਂ ਦੀਆਂ ਕਾਰਵਾਈਆਂ ਨੂੰ ਰੋਕਣ ਲਈ ਸਰਗਰਮ ਭੂਮਿਕਾ ਨਿਭਾਏਗੀ।

ਪਰ ਇਹ ਆਉਣ ਵਾਲੇ ਸਮੇਂ ਵਿਚ ਹੀ ਪਤਾ ਲੱਗੇਗਾ ਕਿ ਬਣਾਈ ਗਈ ਇਸ ਵਿਸ਼ੇਸ਼ ਜਾਂਚ ਟੀਮ ਟ?ਰੈਵਲ ਏਜੰਟਾਂ ਦੀਆਂ ਗੈਰ ਕਾਨੂੰਨੀ ਸਰਗਰਮੀਆਂ ਨੂੰ ਰੋਕਣ ਵਿਚ ਕਿੱਥੋਂ ਤਕ ਕਾਮਯਾਬ ਹੁੰਦੀ ਹੈ। ਪਰ ਇਸ ਦੇ ਨਾਲ ਹੀ ਅਸੀਂ ਪੰਜਾਬ ਦੇ ਨੌਜਵਾਨਾਂ ਅਤੇ ਖ਼ਾਸ ਕਰਕੇ ਉਨ੍ਹਾਂ ਦੇ ਮਾਪਿਆਂ ਨੂੰ ਵੀ ਇਹ ਅਪੀਲ ਕਰਨਾ ਚਾਹੁੰਦੇ ਹਾਂ ਕਿ ਜੇਕਰ ਉਹ ਆਪਣੇ ਬੱਚਿਆਂ ਨੂੰ ਰੋਟੀ-ਰੋਜ਼ੀ ਲਈ ਜਾਂ ਸਿੱਖਿਆ ਹਾਸਲ ਕਰਨ ਲਈ ਵਿਦੇਸ਼ ਭੇਜਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਲੱਖਾਂ ਰੁਪਏ ਏਜੰਟਾਂ ਨੂੰ ਦੇ ਕੇ ਬਾਹਰ ਨਾ ਭੇਜਣ। ਇਸ ਤਰ੍ਹਾਂ ਕਰਨ ਨਾਲ ਜਿਥੇ ਵਿਦੇਸ਼ਾਂ ਵਿਚ ਨੌਜਵਾਨਾਂ ਦੇ ਫੜੇ ਜਾਣ ਅਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਜਬਰੀ ਵਾਪਸ ਭੇਜੇ ਜਾਣ ਦੇ ਜ਼ੋਖ਼ਮ ਪੈਦਾ ਹੁੰਦੇ ਹਨ, ਉਥੇ ਗੈਰ-ਕਾਨੂੰਨੀ ਢੰਗ ਨਾਲ ਜੰਗਲਾਂ, ਪਹਾੜਾਂ ਅਤੇ ਸਮੁੰਦਰਾਂ ਵਿਚੋਂ ਲੰਘਦਿਆਂ ਨੌਜਵਾਨਾਂ ਦੀਆਂ ਜਾਨਾਂ ਜਾਣ ਦਾ ਵੀ ਖ਼ਤਰਾ ਬਣਿਆ ਰਹਿੰਦਾ ਹੈ। ਪ੍ਰਸਿੱਧ ਮਾਲਟਾ ਕਾਂਡ ਤੋਂ ਬਾਅਦ ਵੀ ਅਨੇਕਾਂ ਵਾਰ ਗੈਰ ਕਾਨੂੰਨੀ ਢੰਗ ਨਾਲ ਵਿਦੇਸ਼ਾਂ ਨੂੰ ਜਾਂਦੇ ਨੌਜਵਾਨਾਂ ਦੇ ਡੁੱਬਣ, ਜੰਗਲਾਂ ਵਿਚ ਭਟਕਦਿਆਂ ਮਰਨ ਤੇ ਫੜੇ ਜਾਣ ਅਤੇ ਵਿਦੇਸ਼ੀ ਜੇਲ੍ਹਾਂ ਵਿਚ ਸਾਲਾਂ ਤੱਕ ਸੜਨ ਦੀਆਂ ਖ਼ਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ।

ਲੋਕ ਸਭਾ ਵਿਚ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਇਹ ਜਾਣਕਾਰੀ ਦਿੱਤੀ ਹੈ ਕਿ ਇਸ ਸਮੇਂ 86 ਦੇਸ਼ਾਂ ਦੀਆਂ ਜੇਲ੍ਹਾਂ ਵਿਚ 10 ਹਜ਼ਾਰ ਤੋਂ ਵੱਧ ਭਾਰਤੀ ਨਜ਼ਰਬੰਦ ਹਨ, ਜੋ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਗਏ ਸਨ। ਜਿਨ੍ਹਾਂ ਦੇਸ਼ਾਂ ਵਿਚ ਇਹ ਭਾਰਤੀ ਨਜ਼ਰਬੰਦ ਹਨ, ਉਨ੍ਹਾਂ ਵਿਚ ਸਾਊਦੀ ਅਰਬ, ਕੁਵੈਤ, ਸੰਯੁਕਤ ਅਰਬ ਅਮੀਰਾਤ, ਕਤਰ, ਨਿਪਾਲ, ਪਾਕਿਸਤਾਨ, ਅਮਰੀਕਾ, ਸ੍ਰੀਲੰਕਾ, ਸਪੇਨ, ਰੂਸ, ਇਜ਼ਰਾਈਲ, ਚੀਨ, ਬੰਗਲਾ ਦੇਸ਼ ਅਤੇ ਅਰਜਨਟਾਈਨਾ ਆਦਿ ਦੇਸ਼ ਸ਼ਾਮਿਲ ਹਨ। ਸੰਭਵ ਹੈ ਕਿ ਕਈ ਹੋਰ ਦੇਸ਼ਾਂ ਵਿਚ ਵੀ ਅਜਿਹੇ ਭਾਰਤੀ ਨਜ਼ਰਬੰਦ ਹੋਣ।

ਇਸ ਸੰਦਰਭ ਵਿਚ ਆਪਣੇ ਦੇਸ਼ ਦੀ ਕੇਂਦਰੀ ਸਰਕਾਰ ਅਤੇ ਖ਼ਾਸ ਕਰਕੇ ਪੰਜਾਬ ਦੀ ਸਰਕਾਰ ਨੂੰ ਵੀ ਇਹ ਕਹਿਣਾ ਚਾਹੁੰਦੇ ਹਾਂ ਕਿ ਕਾਨੂੰਨੀ ਤੇ ਗ਼ੈਰ-ਕਾਨੂੰਨੀ ਢੰਗ ਨਾਲ ਨੌਜਵਾਨ ਬੇਰੁਜ਼ਗਾਰੀ ਕਾਰਨ ਹੀ ਵਿਦੇਸ਼ਾਂ ਨੂੰ ਜਾਣ ਲਈ ਮਜਬੂਰ ਹੁੰਦੇ ਹਨ। ਸ਼ੌਕ ਨਾਲ ਆਪਣਾ ਦੇਸ਼ ਛੱਡ ਕੇ ਕੋਈ ਵਿਦੇਸ਼ ਨਹੀਂ ਜਾਂਦੇ। ਇਸ ਲਈ ਸਰਕਾਰਾਂ ਨੂੰ ਆਪਣੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਚਾਹੀਦੇ ਹਨ, ਤਾਂ ਜੋ ਆਪਣੇ ਦੇਸ਼ ਵਿਚ ਹੀ ਉਹ ਸਨਮਾਨਜਨਕ ਢੰਗ ਨਾਲ ਜ਼ਿੰਦਗੀ ਗੁਜ਼ਾਰ ਸਕਣ।

# ਅੰਨਦਾਤੇ ਬਾਰੇ ਬੇਰੁਖ਼ੀ ਵਾਲੀ ਪਹੁੰਚ ਬਦਲਣ ਦੀ ਲੋੜ



ਮੋਹਨ ਸਿੰਘ (ਡਾ.)

ਸਰਕਾਰ ਦੀ ਬੇਰੁਖ਼ੀ ਕਾਰਨ ਪੰਜਾਬ ਦਾ ਕਿਸਾਨ ਗੰਭੀਰ ਸੰਕਟ ਵਿੱਚ ਫਸਿਆ ਹੋਇਆ ਹੈ। ਕਿਸਾਨਾਂ ਮਜ਼ਦੂਰਾਂ ਸਿਰ ਕਰਜ਼ਾ ਵਧ ਰਿਹਾ ਹੈ। 1997 ਵਿਚ ਇਹ ਕਰਜ਼ਾ 5700 ਕਰੋੜ ਰੁਪਏ ਸੀ ਜੋ 2022-23 ਵਿੱਚ 73673 ਕਰੋੜ ਰੁਪਏ ਹੋ ਗਿਆ। ਆਰਥਿਕ ਵਿਕਾਸ ਅੰਕਾਂ ਦੀ ਤਾਜ਼ਾ ਰਿਪੋਰਟ ਵਿੱਚ ਪੰਜਾਬ ਸਾਰੇ ਰਾਜਾਂ ਨਾਲੋਂ ਫਾਡੀ ਰਹਿ ਗਿਆ ਹੈ। ਪੰਜਾਬ ਦੀਆਂ ਕੁੱਲ ਖੁਦਕੁਸ਼ੀਆਂ ਵਿਚੋਂ 87 ਪ੍ਰਤੀਸ਼ਤ ਕਿਸਾਨਾਂ ਨੇ ਕਰਜ਼ੇ ਕਰ ਕੇ ਕੀਤੀਆਂ। ਇਨ੍ਹਾਂ ਵਿਚੋਂ 76 ਪ੍ਰਤੀਸ਼ਤ ਛੋਟੇ ਕਿਸਾਨ (5 ਏਕੜ ਤੋਂ ਘੱਟ) ਜ਼ਮੀਨ ਵਾਲੇ ਕਿਸਾਨ ਹਨ। ਪੰਜਾਬ ਦੇ ਵੱਡੇ ਕਾਸ਼ਤਕਾਰ ਕੰਬਾਈਨਾਂ, ਟਰੈਕਟਰਾਂ, ਬਿਜਲੀ ਮੋਟਰਾਂ ਤੇ ਆਧੁਨਿਕ ਸੰਦਾਂ ਦੇ ਮਾਲਕ ਹਨ; ਸਬਸਿਡੀਆਂ ਦਾ ਵੱਡਾ ਫਾਇਦਾ ਵੀ ਇਨ੍ਹਾਂ ਨੂੰ ਹੁੰਦਾ ਹੈ। ਇਨ੍ਹਾਂ ਵੱਡੇ ਕਾਸ਼ਤਕਾਰ ਵਿੱਚੋਂ ਬਹੁਤੇ ਵੱਡੀ ਜ਼ਮੀਨ ਦੇ ਮਾਲਕ ਹਨ ਅਤੇ ਇਨ੍ਹਾਂ ਨੇ ਖੇਤੀਬਾੜੀ ਵਿੱਚੋਂ ਮੁਨਾਫ਼ੇ ਖੱਟ ਕੇ ਕੇ ਮੈਰਿਜ ਪੈਲਸਾਂ, ਟਰਾਂਸਪੋਰਟ ਅਤੇ ਰੀਅਲ ਐਸਟੇਟ ਵਿੱਚ ਪੈਸੇ ਲਾਏ ਹੋਏ ਹਨ। ਪੰਜਾਬ ਦੇ ਦੋ-ਤਿਹਾਈ ਲੋਕ ਅਜੇ ਵੀ ਪਿੰਡਾਂ ਵਿੱਚ ਵਸਦੇ ਹਨ ਜੋ ਮੁੱਖ ਤੌਰ ’ਤੇ ਖੇਤੀਬਾੜੀ ’ਤੇ ਨਿਰਭਰ ਹਨ ਪਰ ਖੇਤੀਬਾੜੀ ਖੇਤਰ 1971 ਵਿੱਚ 63 ਪ੍ਰਤੀਸ਼ਤ ਲੋਕਾਂ ਨੂੰ ਰੁਜ਼ਗਾਰ ਦਿੰਦਾ ਸੀ, 2011 ਤੋਂ ਇਹ ਸਿਰਫ 35.6 ਪ੍ਰਤੀਸ਼ਤ ਲੋਕਾਂ ਨੂੰ ਹੀ ਰੁਜ਼ਗਾਰ ਮੁਹੱਈਆ ਕਰਦਾ ਹੈ। 1947 ਤੋਂ ਬਾਅਦ ਭਾਰਤੀ ਹਕੂਮਤਾਂ ਦੀਆਂ ਕਾਰਪੋਰੇਟਾਂ ਨੂੰ ਹੁਲਾਰਾ ਦੇਣ ਵਾਲੀਆਂ ਨੀਤੀਆਂ ਕਾਰਨ ਕਿਸਾਨਾਂ ਮਜ਼ਦੂਰਾਂ ਨੂੰ ਨਿਚੋੜਿਆ ਜਾ ਰਿਹਾ ਹੈ। ਧਨਾਢਾਂ ਦੀ ਜਾਇਦਾਦ ਕਈ ਵਧੀ ਹੈ। ਭਾਰਤ ਦੇ ਇਕ ਪ੍ਰਤੀਸ਼ਤ ਵੱਡੇ ਘਰਾਣਿਆਂ ਦੇ ਹੱਥਾਂ ਵਿੱਚ ਦੇਸ਼ ਦੀ 73 ਪ੍ਰਤੀਸ਼ਤ ਸੰਪਤੀ ਕੇਂਦਰਤ ਹੋ ਗਈ ਹੈ।

ਕਿਸਾਨੀ ਦੇ ਆਰਥਿਕ ਸੰਕਟ ਨੂੰ ਹੋਰ ਗਹਿਰਾ ਕਰਨ ਵਿੱਚ ਸੂਦਖੋਰੀ ਵਾਲੇ ਸਿਸਟਮ ਦਾ ਵੀ ਰੋਲ ਹੈ। ਪੰਜਾਬ ਵਿੱਚ ਲਗਭਗ 20232 ਆੜ੍ਹਤੀਏ ਹਨ ਜਿਨ੍ਹਾਂ ਦੀ ਕਿਸਾਨਾਂ ਦੇ ਵੱਡੇ ਹਿੱਸੇ ਦੀ ਆਰਥਿਕਤਾ ਉਪਰ ਜਕੜ ਹੈ। ਆੜ੍ਹਤੀਏ ਸਿਰਫ਼ ਕਰਜ਼ੇ ਉਪਰ ਵੱਧ ਵਿਆਜ ਲਗਾ ਕੇ ਹੀ ਕੰਟਰੋਲ ਨਹੀਂ ਕਰਦੇ ਸਗੋਂ ਪੇਂਡੂ ਖੇਤਰ ਨਾਲ ਸਬੰਧਿਤ ਮੰਡੀ ਨੂੰ ਕੰਟਰੋਲ ਕਰ ਕੇ ਦੋਹਰੀ ਲੁੱਟ ਕਰਦੇ ਹਨ। ਉਨ੍ਹਾਂ ਦੇ ਖੇਤੀ ਲਾਗਤਾਂ, ਬੀਜ, ਖਾਦਾਂ, ਕੀੜੇਮਾਰ ਦਵਾਈਆਂ, ਸਪੇਅਰ ਪਾਰਟਸ, ਤੇਲ ਆਦਿ ਅਤੇ ਘਰੇਲੂ ਸਮਾਨ ਇੱਟਾਂ, ਕੱਪੜੇ, ਰਸੋਈ ਵਿਚ ਵਰਤੇ ਜਾਣ ਵਾਲੇ ਸਮਾਨ ਦੇ ਸਟੋਰ ਵੀ ਆਪਣੇ ਹੁੰਦੇ ਹਨ। ਆੜ੍ਹਤੀਏ ਖੇਤੀ ਵਿਚੋਂ 2407 ਕਰੋੜ ਰੁਪਏ ਸਾਲਾਨਾ ਕਮਾਈ ਕਰਦੇ ਹਨ। ਉਨ੍ਹਾਂ ਦੀ ਇਹ ਕਮਾਈ ਕਿਸਾਨਾਂ ਮਜ਼ਦੂਰਾਂ ਦੀ ਲੁੱਟ ਕਰ ਕੇ ਹੀ ਹੁੰਦੀ ਹੈ। ਸਰਕਾਰ ਵੱਲੋਂ ਵਿਕਸਤ ਦੇਸ਼ਾਂ ਦੇ ਮੁਕਾਬਲੇ ਦਿੱਤੀਆਂ ਜਾ ਰਹੀਆਂ ਨਿਗੂਣੀਆਂ ਸਬਸਿਡੀਆਂ ਦਾ ਬਹੁਤਾ ਫਾਇਦਾ ਸੰਕਟ ਗ੍ਰਸਤ ਛੋਟੀ ਕਿਸਾਨੀ ਦੀ ਬਜਾਇ ਵੱਡੇ ਭੂਮੀਪਤੀਆਂ ਨੂੰ ਦਿੱਤਾ ਜਾ ਰਿਹਾ ਹੈ। ਪੰਜਾਬ ਸਰਕਾਰ ਨੇ 2017-18 ਵਿੱਚ ਬਿਜਲੀ ਦੀ 5977 ਕਰੋੜ ਰੁਪਏ ਦੀ ਸਬਸਿਡੀ ਦਿੱਤੀ। ਪੰਜਾਬ ਦੇ 34 ਪ੍ਰਤੀਸ਼ਤ ਛੋਟੇ ਕਿਸਾਨ ਪਰਿਵਾਰਾਂ ਨੂੰ ਕੁੱਲ ਸਬਸਿਡੀ ਵਿੱਚੋਂ ਕੇਵਲ 7 ਪ੍ਰਤੀਸ਼ਤ ਪ੍ਰਾਪਤ ਹੋਇਆ ਹੈ। ਇਕ ਹਜ਼ਾਰ ਕਰੋੜ ਦੀ ਨਹਿਰੀ ਪਾਣੀ ਮਾਲੀਏ ਦੀ ਸਬਸਿਡੀ ਵਿੱਚੋਂ 8 ਪ੍ਰਤੀਸ਼ਤ ਅਤੇ ਰਸਾਇਣਕ ਖਾਦਾਂ ਦੀ ਇਕ ਹਜ਼ਾਰ ਕਰੋੜ ਰੁਪਏ ਦੀ ਸਬਸਿਡੀ ਵਿੱਚੋਂ ਵੀ 8 ਪ੍ਰਤੀਸ਼ਤ ਹੀ ਛੋਟੇ ਕਿਸਾਨਾਂ ਨੂੰ ਮਿਲਦੀ ਹੈ। ਖੇਤੀ ਮਸ਼ੀਨਰੀ, ਬੀਜ, ਡੇਅਰੀ, ਪੋਲਟਰੀ ਅਤੇ ਹੋਰ ਸਹਾਇਕ ਧੰਦਿਆਂ ਨੂੰ ਦਿੱਤੀ ਜਾ ਰਹੀ ਸਬਸਿਡੀ ਵੀ ਵੱਡੇ ਭੂਮੀਪਤੀ ਲੈ ਜਾਂਦੇ ਹਨ। 1960ਵਿਆਂ ਅਤੇ 1991 ਵਿਚ ਸਾਮਰਾਜੀ ਦਿਸ਼ਾ ਨਿਰਦੇਸ਼ਾਂ ਤਹਿਤ ਪਹਿਲਾਂ ‘ਹਰੇ ਇਨਕਲਾਬ’ ਅਤੇ ਫਿਰ ਨਵ-ਉਦਾਰਵਾਦੀ ਨੀਤੀਆਂ ਨਾਲ ਵਪਾਰਕ ਸ਼ਰਤਾਂ ਖੇਤੀ ਦੇ ਹੋਰ ਵੀ ਵਿਰੁੱਧ ਹੋ ਗਈਆਂ ਹਨ। ਸਰਕਾਰ ਨੇ ਖੇਤੀ ਬਜਟ ਅਤੇ ਖੇਤੀ ਸਬਸਿਡੀਆਂ ਘਟਾ ਦਿੱਤੀਆਂ ਗਈਆਂ ਹਨ।

ਕਿਸਾਨਾਂ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਮੁੱਖ ਕਾਰਨ ਸਨਅਤ ਅਤੇ ਖੇਤੀ ਵਿਚਕਾਰ ਵਪਾਰਕ ਸ਼ਰਤਾਂ ਖੇਤੀ ਦੇ ਉਲਟ ਹੋਣਾ, ਘੱਟੋ-ਘੱਟ ਸਮਰਥਨ ਮੁੱਲ ਦਾ ਖੇਤੀਬਾੜੀ ਲਾਗਤਾਂ ਨਾਲੋਂ ਘੱਟ ਹੋਣਾ, ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਜ਼ਮੀਨ ਮਹਿੰਗੇ ਲਗਾਨ ’ਤੇ ਮਿਲਣਾ, ਮਜ਼ਦੂਰਾਂ ਕਿਸਾਨਾਂ ਦੀ ਆਮਦਨ ਨਾਲੋਂ ਖ਼ਰਚਾ ਵਧ ਹੋਣਾ ਆਦਿ ਹਨ।

ਭਾਰਤ ਸਰਕਾਰ ਨੇ ਨਵੀਂ ਮੰਡੀਕਰਨ ਨੀਤੀ ਨਾਲ ਪੰਜਾਬ, ਹਰਿਆਣਾ ਅਤੇ ਯੂਪੀ ਦੇ ਹਿੱਸਿਆਂ ਅੰਦਰ ਮੌਜੂਦ ਏਪੀਐੱਮਸੀ ਪ੍ਰਬੰਧਨ ਖ਼ਤਮ ਕਰਨ ਦੀ ਤਿਆਰੀ ਕਰ ਰਹੀ ਹੈ। ਭਾਰਤ ਅੰਦਰ ਕੁੱਲ ਖੇਤੀ ਉਤਪਾਦਨ ਦੇ 65 ਪ੍ਰਤੀਸ਼ਤ ਹਿੱਸੇ ਨੂੰ ਸਟੋਰ ਕਰਨ ਦੀ ਸਮਰੱਥਾ ਹੀ ਹੈ ਪਰ ਵਿਸ਼ਵ ਵਪਾਰ ਸੰਸਥਾ ਦੇ ਦਬਾਅ ਅਧੀਨ ਕੇਂਦਰ ਸਰਕਾਰ ਸ਼ਾਂਤਾ ਕਮੇਟੀ ਦੀਆਂ ਸਿਫ਼ਾਰਿਸ਼ਾਂ ਲਾਗੂ ਕਰ ਕੇ ਐੱਫਸੀਆਈ ਵਰਗੀਆਂ ਸਰਕਾਰੀ ਖਰੀਦ ਏਜੰਸੀਆਂ ਦਾ ਭੋਗ ਪਾਉਣਾ ਚਾਹੁੰਦੀ ਹੈ। ਕਿਸਾਨਾਂ ਮਜ਼ਦੂਰਾਂ ਵੱਲੋਂ ਔਖੇ ਹੋ ਕੇ ਬੱਚਿਆਂ ਨੂੰ ਪੜ੍ਹਾਉਣ ਦੇ ਬਾਵਜੂਦ ਰੁਜ਼ਗਾਰ ਨਹੀਂ ਮਿਲ ਰਿਹਾ। ਕਿਸਾਨਾਂ ਵੱਲੋਂ ਉੱਚੀਆਂ ਵਿਆਜ ਦਰਾਂ ’ਤੇ ਲਏ ਕਰਜ਼ੇ ਦੀ ਭਾਰੀ ਪੰਡ ਤੋਂ ਸੁਰਖਰੂ ਹੋਣਾ ਮੁਸ਼ਕਿਲ ਹੋ ਰਿਹਾ ਹੈ। ਇਸੇ ਕਰ ਕੇ ਕਿਸਾਨ ਅਤੇ ਮਜ਼ਦੂਰ ਖੁਦਕਸ਼ੀਆਂ ਲਈ ਮਜਬੂਰ ਹੋ ਰਹੇ ਹਨ।

ਕਿਸਾਨਾਂ ਦੀਆਂ ਫ਼ਸਲਾਂ ਦਾ ਖਰੀਦ ਮੁੱਲ ਤੈਅ ਕਰਨ ਦੇ ਕਈ ਫਾਰਮੂਲੇ ਹਨ। ਏ-2 ਆਰਥਿਕ ਲਾਗਤਾਂ ਦੇ ਫਾਰਮੂਲੇ ਅਨੁਸਾਰ, ਕਿਸਾਨ ਦੁਆਰਾ ਕੀਤੇ ਆਰਥਿਕ ਖ਼ਰਚੇ ਜਿਵੇਂ ਬੀਜ, ਖਾਦ, ਤੇਲ, ਰਸਾਇਣ, ਕਿਰਤ, ਸਿੰਜਾਈ ਦੀ ਕੀਮਤ, ਸੰਦਾਂ ਦੀ ਟੁੱਟ-ਭੱਜ ਤੇ ਘਸਾਈ, ਫ਼ਸਲਾਂ ਦੀ ਸਾਂਭ-ਸੰਭਾਲ ਆਦਿ ਸ਼ਾਮਿਲ ਕੀਤੇ ਹੁੰਦੇ ਹਨ। ਸੀ-2 ਵਿੱਚ ਏ-2 ਵਾਲੇ ਸਾਰੇ ਖ਼ਰਚਿਆਂ ਤੋਂ ਇਲਾਵਾ ਆਪਣੀ ਜ਼ਮੀਨ ਦਾ ਠੇਕਾ, ਖੇਤੀ ਵਿੱਚ ਲੱਗੀ ਸਥਿਰ ਪੂੰਜੀ ਉਪਰ ਵਿਆਜ, ਪਰਿਵਾਰਕ ਕਿਰਤ ਆਦਿ ਸ਼ਾਮਿਲ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਡਾ. ਰਮੇਸ਼ ਚੰਦ ਕਮੇਟੀ ਦੀਆਂ ਸਿਫਾਰਿਸ਼ਾਂ ਅਨੁਸਾਰ, ਏ-2 ਵਿਚ ਪਰਿਵਾਰ ਦੇ ਮੁਖੀ ਨੂੰ ਟੈਕਨੀਕਲ ਲੇਬਰ ਮੰਨ ਕੇ ਉਸ ਦੀ ਲੇਬਰ, ਪੂਰੇ ਫ਼ਸਲੀ ਸੀਜ਼ਨ ਦਾ ਵਿਆਜ, ਜ਼ਮੀਨ ਦਾ ਪ੍ਰਚਲਤ ਮੰਡੀ ਠੇਕਾ, ਫ਼ਸਲ ਦੀ ਸਾਫ ਸਫ਼ਾਈ ਤੇ ਢੋਅ-ਢੁਆਈ, ਪੈਕਿੰਗ ਖ਼ਰਚੇ ਤੋਂ ਇਲਾਵਾ 10 ਪ੍ਰਤੀਸ਼ਤ ਦਾ ਬੋਨਸ ਦੇਣ ਦੀ ਸਿਫਾਰਿਸ਼ ਕੀਤੀ ਗਈ ਸੀ ਪਰ ਮੌਜੂਦਾ ਸਮੇਂ ਕਣਕ 2020-21 ਦੇ ਭਾਅ 1925 ਰੁਪਏ ਕੁਇੰਟਲ ਖਰੀਦੀ ਜਾ ਰਹੀ ਸੀ; ਰਮੇਸ਼ ਚੰਦ ਕਮੇਟੀ ਦੀਆਂ ਸਿਫਾਰਿਸ਼ਾਂ ਅਨੁਸਾਰ, ਕਿਸਾਨਾਂ ਨੂੰ ਉਸ ਦੀ ਕਣਕ ਦਾ ਅਸਲੀ ਰੇਟ ਖੇਤੀ ਨੀਤੀ 2023 ਅਨੁਸਾਰ 2787 ਰੁਪਏ ਪ੍ਰਤੀ ਕੁਇੰਟਲ ਮਿਲਣਾ ਚਾਹੀਦਾ ਸੀ। ਕਿਸਾਨਾਂ ਨੂੰ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ ਮਿਲਣ ਕਰ ਕੇ ਪੰਜਾਬ ਅੰਦਰ ਝੋਨੇ ਦੀ ਕਾਸ਼ਤ ਵਧ ਗਈ ਹੈ। ਝੋਨਾ ਪੰਜਾਬ ਦੀ ਰਵਾਇਤੀ ਫ਼ਸਲ ਨਹੀਂ ਅਤੇ ਇਸ ਦੇ ਬਹੁਤਾ ਪਾਣੀ ਪੀਣ ਕਰ ਕੇ ਪੰਜਾਬ ਦੇ ਬਹੁਤ ਸਾਰੇ ਬਲਾਕ ਡਾਰਕ ਜ਼ੋਨ ਬਣ ਗਏ ਹਨ। ਇਸ ਕਰ ਕੇ ਭਵਿੱਖ ਵਿੱਚ ਪੰਜਾਬ ਅੰਦਰ ਪਾਣੀ ਦਾ ਬਹੁਤ ਗੰਭੀਰ ਸੰਕਟ ਪੈਦਾ ਹੋ ਸਕਦਾ ਹੈ।

ਪੰਜਾਬ ਅੰਦਰ ਹਰੇ ਇਨਕਲਾਬ ਤੋਂ ਪਹਿਲਾਂ ਵਾਲੀ ਫ਼ਸਲੀ ਵੰਨ-ਸਵੰਨਤਾ ਬਹਾਲ ਕਰਨ ਲਈ ਪੰਜਾਬ ਸਰਕਾਰ ਦੀ ਖੇਤੀ ਨੀਤੀ-2023 ਦੇ ਖਰੜੇ ਅੰਦਰ ਕਈ ਸਿਫਾਰਿਸ਼ਾਂ ਕੀਤੀਆਂ ਗਈਆਂ ਹਨ। ਇਸ ਸਮੇਂ ਪੰਜਾਬ ਦੇ ਅਰਥਚਾਰੇ ਵਿੱਚ ਜਮਾਤੀ ਟੁੱਟ-ਭੱਜ ਤੇਜ਼ ਹੋ ਗਈ ਹੈ। ਗਰੀਬ ਕਿਸਾਨਾਂ ਅਤੇ ਮਜ਼ਦੂਰਾਂ ਸਿਰ ਕਰਜ਼ਾ ਚੜ੍ਹ ਰਿਹਾ ਹੈ। ਇਉਂ ਪੰਜਾਬ ਦਾ ਖੇਤੀ ਅਰਥਚਾਰਾ ਗੰਭੀਰ ਸੰਕਟ ਵਿੱਚ ਫਸਿਆ ਹੋਇਆ ਹੈ। ਖੇਤੀ ਨੂੰ ਇਸ ਸੰਕਟ ਵਿਚੋਂ ਕੱਢਣ ਲਈ ਭਾਰਤ ਅੰਦਰ ਕਈ ਕਿਸਾਨ ਸੰਗਠਨ ਬਣੇ ਹੋਏ ਹਨ। ਇਨ੍ਹਾਂ ਸੰਗਠਨਾਂ ਦੀਆਂ ਮੰਗਾਂ ਭਾਵੇਂ ਇੱਕ ਸਮਾਨ ਹਨ ਅਤੇ ਦਿੱਲੀ ਕਿਸਾਨ ਅੰਦੋਲਨ ਸਮੇਂ ਇਹ ਸੰਗਠਨ ਇੱਕ ਸਨ ਪਰ ਇਸ ਵੇਲੇ ਪੰਜਾਬ ਅੰਦਰ ਇਹ ਸੰਯੁਕਤ ਕਿਸਾਨ ਮੋਰਚਾ, ਕਿਸਾਨ ਮਜ਼ਦੂਰ ਮੋਰਚਾ ਅਤੇ ਸੰਯਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਤੌਰ ’ਤੇ ਸਰਗਰਮ ਹਨ। ਸੰਘਰਸ਼ ਅਤੇ ਅੰਦੋਲਨ ਦੇ ਰੂਪਾਂ ਨੂੰ ਲੈ ਕੇ ਇਨ੍ਹਾਂ ਅੰਦਰ ਸਮਾਨਤਾ ਨਹੀਂ। ਜਿਥੇ ਜਗਜੀਤ ਸਿੰਘ ਡੱਲੇਵਾਲ ਨੇ ਮੰਗਾਂ ਮੰਨਵਾਉਣ ਲਈ ਮਰਨ ਵਰਤ ਰੱਖ ਲਿਆ ਹੈ, ਉਥੇ ਸਰਵਣ ਸਿੰਘ ਪੰਧੇਰ ਦਾ ਕਿਸਾਨ ਮਜ਼ਦੂਰ ਮੋਰਚਾ ਟਰੈਕਟਰ ਮਾਰਚ ਆਦਿ ਰਾਹੀਂ ਮੰਗਾਂ ਮੰਨਵਾਉਣ ਦੀ ਕੋਸ਼ਿਸ ਕਰ ਰਿਹਾ ਹੈ। ਇਹ ਸੰਗਠਨ ਭਾਵੇਂ ਏਕਤਾ ਦੀ ਗੱਲ ਕਰ ਰਹੇ ਹਨ ਪਰ ਇਨ੍ਹਾਂ ਅੰਦਰ ਮਤਭੇਦ ਹਨ।

ਨਾਰੀਅਲ, ਪਟਸਨ ਅਤੇ ਗੰਨੇ ਨੂੰ ਛੱਡ ਕੇ ਬਾਕੀ ਘੱਟੋ-ਘੱਟ ਸਮਰਥਨ ਵਾਲੀਆਂ 23 ਫ਼ਸਲਾਂ ਦੇ ਕੁੱਲ ਮੰਡੀ ਭਾਅ ਵਿਚਕਾਰ 27 ਹਜ਼ਾਰ ਕਰੋੜ ਰੁਪਏ ਦਾ ਫ਼ਰਕ ਹੈ। ਭਾਰਤ ਸਰਕਾਰ ਜੇ ਚਾਹੇ ਤਾਂ ਇਹ ਫ਼ਰਕ ਪੂਰਾ ਕਰ ਕੇ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਕਰ ਸਕਦੀ ਹੈ ਪਰ ਵਿਸ਼ਵ ਵਪਾਰਕ ਸੰਸਥਾ ਦੇ ਦਬਾਅ ਕਾਰਨ ਕੇਂਦਰ ਸਰਕਾਰ ਕਿਸਾਨਾਂ ਦੀ ਇਹ ਨਿਗੂਣੀ ਮੰਗ ਪੂਰੀ ਨਹੀਂ ਕਰ ਰਹੀ। ਇੱਕ ਅਖ਼ਬਾਰ ਦੀ ਤਾਜ਼ਾ ਰਿਪੋਰਟ ਅਨੁਸਾਰ, ਇਹ ਫ਼ਰਕ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਦਾ ਕੇਵਲ 0.1 ਪ੍ਰਤੀਸ਼ਤ ਹੈ ਅਤੇ ਸੀ-2 ਫਾਰਮੂਲੇ ਮੁਤਾਬਿਕ ਵੀ ਇਹ ਅੰਤਰ 1.68 ਲੱਖ ਕਰੋੜ ਰੁਪਏ ਦਾ ਹੀ ਹੈ। ਜੇ ਸਰਕਾਰ ਉਦਯੋਗਪਤੀਆਂ ਦਾ 2.08 ਲੱਖ ਕਰੋੜ ਰੁਪਏ ਕਰਜ਼ ਮੁਆਫ਼ ਕਰ ਸਕਦੀ ਹੈ ਅਤੇ 1.09 ਲੱਖ ਕਰੋੜ ਟੈਕਸ ਛੋਟਾਂ ਦੇ ਸਕਦੀ ਹੈ ਤਾਂ ਕੇਂਦਰ ਸਰਕਾਰ ਭਾਰਤ ਦੇ ਅੰਨਦਾਤੇ ਕਿਸਾਨਾਂ ਨੂੰ ਆਰਥਿਕ ਸੰਕਟ ਵਿੱਚੋਂ ਉਭਾਰਨ ਲਈ ਇਹ ਛੋਟੀ ਰਾਸ਼ੀ ਜੁਟਾ ਸਕਦੀ ਹੈ।

# ਪੰਜਾਬ ਵਿਚ ਨਹੀਂ ਪੈ ਰਹੀ ਨਸ਼ਿਆਂ ਨੂੰ ਠੱਲ ?

ਦੋ ਕੁ ਸਾਲ ਪਹਿਲਾਂ ਇਕ ਰਿਪੋਰਟ ਆਈ ਸੀ ਜਿਸ ਤੋਂ ਖ਼ੁਲਾਸਾ ਹੋਇਆ ਸੀ ਕਿ ਪੰਜਾਬ ਵਿਚ ਸੂਬੇ ਦਾ ਹਰ ਤੀਜਾ ਬਸ਼ਿੰਦਾ ਨਸ਼ੇ ਦਾ ਸ਼ਿਕਾਰ ਹੋ ਰਿਹਾ ਹੈ। ਅਜਿਹਾ ਕੋਈ ਵੀ ਜ਼ਿਲ੍ਹਾ ਨਹੀਂ ਬਚਿਆ ਹੈ, ਜਿੱਥੇ ਨਸ਼ਿਆਂ ਕਾਰਨ ਮੌਤਾਂ ਜਾਂ ਲੋਕਾਂ ਦੇ ਪ੍ਰਭਾਵਤ ਹੋਣ ਦਾ ਮਾਮਲਾ ਸਾਹਮਣੇ ਨਹੀਂ ਆਇਆ ਹੈ। ਨਸ਼ੇ ਨਾਲ ਘਰਾਂ ਦੇ ਘਰ ਬਰਬਾਦ ਹੋ ਰਹੇ ਹਨ ਤੇ ਸਰਕਾਰਾਂ ਵੀ ਦਾਅਵੇ ਕਰ ਰਹੀਆਂ ਹਨ ਕਿ ਨਸ਼ਿਆਂ ਦਾ ਖ਼ਾਤਮਾ ਕੀਤਾ ਜਾਵੇਗਾ। ਦੂਜੇ ਪਾਸੇ ਚਿੰਤਾ ਵਾਲੀ ਗੱਲ ਇਹ ਹੈ ਕਿ ਨਸ਼ਿਆਂ ਕਾਰਨ ਪੰਜਾਬ ਦੀ ਜਵਾਨੀ ਦੇ ਨਾਲ-ਨਾਲ ਬਚਪਨ ਵੀ ਖ਼ਰਾਬ ਹੋ ਰਿਹਾ ਹੈ। ਹੁਣ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਵੀ ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਟਿੱਪਣੀ ਕੀਤੀ ਗਈ ਹੈ ਕਿ ਡਰੱਗ ਤਸਕਰੀ ਕਿਸੇ ਦੀ ਹੱਤਿਆ ਕਰਨ ਨਾਲੋਂ ਵੀ ਵੱਡਾ ਅਪਰਾਧ ਹੈ। ਇਸ ਕਾਰਨ ਪੰਜਾਬ ਦੀ ਜਵਾਨੀ ਬਰਬਾਦ ਹੋ ਰਹੀ ਹੈ। ਅਦਾਲਤ ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਸੂਬੇ ਵਿਚ ਹੈਰੋਇਨ ਦੀ ਤਸਕਰੀ ਅਚਾਨਕ ਵਧ ਗਈ ਹੈ ਜਿਸ ਕਾਰਨ ਨਸ਼ਾ ਜਵਾਨੀ ਨੂੰ ਘੁਣ ਵਾਂਗ ਖਾ ਰਿਹਾ ਹੈ। ਅਦਾਲਤ ਦਾ ਕਹਿਣਾ ਹੈ ਕਿ ਨਸ਼ਾ ਖ਼ਤਮ ਨਾ ਹੋਣ ਪਿੱਛੇ ਸਰਕਾਰ ਦੀ ਢਿੱਲ੍ਹ ਵੀ ਇਕ ਕਾਰਨ ਹੈ। ਅਦਾਲਤ ਦੀਆਂ ਇਹ ਟਿੱਪਣੀਆਂ ਬੇਹੱਦ ਅਹਿਮ ਹਨ। ਪੰਜਾਬ ਵਿਚ ਨਸ਼ਿਆਂ ਖ਼ਿਲਾਫ਼ ਆਵਾਜ਼ ਚੁੱਕਣ ਵਾਲਿਆਂ ਨੂੰ ਵੀ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਠਿੰਡਾ ’ਚ ਸ਼ਿਕਾਇਤ ਕਰਨ ਵਾਲਿਆਂ ਦੇ ਘਰਾਂ ਨੂੰ ਅੱਗ ਲਗਾ ਦਿੱਤੀ ਗਈ। ਚੰਡੀਗੜ੍ਹ ’ਚ ਤਸਕਰਾਂ ਨੇ ਆਪਣੇ ਸਾਥੀ ਨੂੰ ਪੁਲਿਸ ਦੀ ਹਿਰਾਸਤ ’ਚੋਂ ਛੁਡਾ ਲਿਆ। ਹਾਈ ਕੋਰਟ ਨੇ ਕਿਹਾ ਕਿ ਇਨ੍ਹਾਂ ਘਟਨਾਵਾਂ ਅਤੇ ਨਸ਼ੇ ਦੇ ਵਧਦੇ ਮਾਮਲਿਆਂ ਤੋਂ ਅੱਕੇ ਹੋਏ ਲੋਕਾਂ ਨੂੰ ਆਪਣੇ ਪੱਧਰ ’ਤੇ ਫ਼ੈਸਲੇ




ਕਰਨੇ ਪੈ ਰਹੇ ਹਨ। ਪਿੰਡਾਂ ਦੀਆਂ ਜੂਹਾਂ ’ਤੇ ਪਹਿਰੇ ਤੱਕ ਲਗਾਉਣੇ ਪੈ ਰਹੇ ਹਨ ਤਾਂ ਜੋ ਨਸ਼ਾ ਸਪਲਾਈ ਕਰਨ ਆਏ ਤਸਕਰਾਂ ਨੂੰ ਨੱਪਿਆ ਜਾ ਸਕੇ। ਇਸ ਤਰ੍ਹਾਂ ਦੇ ਮਾਮਲੇ ਵੀ ਸਾਹਮਣੇ ਆਏ ਹਨ ਜਿੱਥੇ ਨਸ਼ਾ ਤਸਕਰਾਂ ਨੂੰ ਜ਼ਮਾਨਤਾਂ ਮਿਲ ਗਈਆਂ ਤੇ ਉਨ੍ਹਾਂ ਵੱਲੋਂ ਮੁੜ ਆਪਣੇ ਗ਼ਲਤ ਕੰਮ ਸ਼ੁਰੂ ਕਰ ਲਏ ਗਏ। ਸਰਹੱਦ ਪਾਰ ਤੋਂ ਵੀ ਨਸ਼ਾ ਸਪਲਾਈ ਹੋਣ ਦੀਆਂ ਘਟਨਾਵਾਂ ਨਹੀਂ ਰੁਕ ਰਹੀਆਂ ਹਨ। ਪਾਕਿਸਤਾਨ ਤੋਂ ਡਰੋਨਾਂ ਤੇ ਪਾਈਪਾਂ ਰਾਹੀਂ ਤਾਰ ਲਾਗੇ ਖੇਤਾਂ ਵਿਚ ਹੈਰੋਇਨ ਸੁੱਟੀ ਜਾ ਰਹੀ ਹੈ ਜਿਸ ਨੂੰ ਬੀਐੱਸਐੱਫ ਵੱਲੋਂ ਜ਼ਬਤ ਵੀ ਕੀਤਾ ਜਾ ਰਿਹਾ ਹੈ। ਖੇਤਾਂ ਵਿਚ ਡਿੱਗੀਆਂ ਹੈਰੋਇਨ ਦੀਆਂ ਖੇਪਾਂ ਕਾਰਨ ਸਰਹੱਦੀ ਇਲਾਕਿਆਂ ’ਚ ਕੰਮ ਕਰਨ ਵਾਲੇ ਕਿਸਾਨ ਵੀ ਸ਼ੱਕ ਦੇ ਘੇਰੇ ’ਚ ਆ ਰਹੇ ਹਨ ਤੇ ਉਨ੍ਹਾਂ ਦਾ ਕੰਮ ਵੀ ਪ੍ਰਭਾਵਤ ਹੋ ਰਿਹਾ ਹੈ। ਮਸਲਾ ਇਹ ਨਹੀਂ ਹੈ ਕਿ ਵੱਡੇ ਮਗਰਮੱਛ ਫੜੇ ਨਹੀਂ ਜਾ ਰਹੇ ਸਗੋਂ ਇਸ ਗੱਲ ਦੀ ਵੀ ਚਿੰਤਾ ਹੋਣੀ ਚਾਹੀਦੀ ਹੈ ਕਿ ਨੌਜਵਾਨਾਂ ਦਾ ਨਸ਼ਿਆਂ ਵੱਲ ਰੁਝਾਨ ਰੁਕਣ ਦਾ ਨਾਂ ਕਿਉਂ ਨਹੀਂ ਲੈ ਰਿਹਾ ਹੈ। ਸਮਾਜ ਵਿਰੋਧੀ ਅਨਸਰਾਂ ਨੂੰ ਕਾਨੂੰਨ ਨਾਲ ਹੀ ਡੱਕਿਆ ਜਾ ਸਕਦਾ ਹੈ। ਹੁਣ ਸਮਾਂ ਆ ਗਿਆ ਹੈ ਕਿ ਬਿਨਾਂ ਦੇਰੀ ਨੌਜਵਾਨੀ ’ਤੇ ਧਿਆਨ ਕੇਂਦਰਿਤ ਕਰ ਕੇ ਉਨ੍ਹਾਂ ’ਚ ਵਧ ਰਹੀ ਨਸ਼ਿਆਂ ਦੀ ਬਿਰਤੀ ਨੂੰ ਰੋਕਣ ਲਈ ਕਦਮ ਚੁੱਕੇ ਜਾਣ। ਨਸ਼ਿਆਂ ਨੂੰ ਠੱਲ੍ਹ ਤਾਂ ਪਾਈ ਹੀ ਜਾਣੀ ਚਾਹੀਦੀ ਹੈ, ਨਾਲ ਹੀ ਇਹ ਵੀ ਚਿੰਤਨ-ਮੰਥਨ ਹੋਣਾ ਚਾਹੀਦਾ ਹੈ ਕਿ ਉਹ ਕਿਹੜੇ ਕਾਰਨ ਹਨ ਜਿਨ੍ਹਾਂ ਕਾਰਨ ਨੌਜਵਾਨ ਜਾਂ ਹੋਰ ਵਰਗ ਨਸ਼ਿਆਂ ਵੱਲ ਖਿੱਚੇ ਚਲੇ ਜਾਂਦੇ ਹਨ। ਨੌਜਵਾਨਾਂ ਨੂੰ ਮਾਨਸਿਕ ਪੱਖੋਂ ਮਜ਼ਬੂਤ ਬਣਾਉਣ ਲਈ ਸਰਕਾਰ ਨੂੰ ਅਸਰਦਾਰ ਨੀਤੀਆਂ ਘੜਨ ਦੀ ਲੋੜ ਹੈ। ਰੁਜ਼ਗਾਰ ਦੇ ਮੌਕੇ ਪੈਦਾ ਹੋਣੇ ਚਾਹੀਦੇ ਹਨ ਤੇ ਨੌਜਵਾਨਾਂ ਨੂੰ ਹੁਨਰਮੰਦ ਬਣਾਉਣ ਲਈ ਪਿੰਡ-ਪਿੰਡ, ਸ਼ਹਿਰ-ਸ਼ਹਿਰ ਤੇ ਕਸਬਿਆਂ ’ਚ ਵੱਡੇ ਉਪਰਾਲੇ ਕਰਨੇ ਚਾਹੀਦੇ ਹਨ।

ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ॥ ਕਨਕ ਕਟਿਕ ਜਲ ਤਰੰਗ ਜੈਸਾ ॥




# ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀਆਂ ਸਮੂਹ ਲੋਕਾਈ ਨੂੰ



Late : S. Kashmir Singh Sahota

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।

# ਲੱਖ-ਲੱਖ ਵਧਾਈਆਂ



Jugraj Singh Sahota
President United Sports Club USA



Narinder Singh Sahota
Joint Finance Secretary
United Sports Club USA

# J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪ੍ਰੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

# ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ

# ਹਿੰਦੂ ਧਰਮ ਬਨਾਮ ਗਊ ਮਾਤਾ

## ਜੋ ਇੱਕ ਮਨੁੱਖ ਦੇ ਨਾਮ ਤੋਂ ਜਾਨਵਰ ਤੇ ਤਬਦੀਲ ਕੀਤਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਇਤਿਹਾਸਕ ਰਿਕਾਰਡ :** ਪੁਜਾਰੀ ਗੌਮਾਤਾ ਮਾਗੀ ਬ੍ਰਾਹਮਣ ਦਾ ਜੀਵਨ ਅਤੇ ਧਰਮ ਪਰਿਵਰਤਨ ਕਈ ਇਤਿਹਾਸਕ ਗ੍ਰੰਥਾਂ ਵਿੱਚ ਦਰਜ ਹੈ, ਜਿਸ ਵਿੱਚ ਸ਼ਾਮਲ ਹਨ:

1. **ਅਵੇਸਤਾ:** ਅਵੇਸਤਾ ਪਾਰਸੀ ਧਰਮ ਦਾ ਪਵਿੱਤਰ ਗ੍ਰੰਥ ਹੈ ਅਤੇ ਇਸ ਵਿੱਚ ਗੌਮਾਤਾ ਦੇ ਜੀਵਨ ਅਤੇ ਸਿੱਖਿਆਵਾਂ ਦੇ ਕਈ ਹਵਾਲੇ ਹਨ।
2. **ਗਾਥਾ:** ਗਾਥਾ ਭਜਨਾਂ ਅਤੇ ਪ੍ਰਾਰਥਨਾਵਾਂ ਦਾ ਸੰਗ੍ਰਹਿ ਹੈ ਜੋ ਜ਼ਰਥੁਸਤਰਾ ਨੂੰ ਦਿੱਤੇ ਗਏ ਹਨ। ਇਹਨਾਂ ਵਿੱਚ ਗੌਮਾਤਾ ਅਤੇ ਪਾਰਸੀ ਧਰਮ ਵਿੱਚ ਉਸਦੇ ਧਰਮ ਪਰਿਵਰਤਨ ਦੇ ਕਈ ਹਵਾਲੇ ਹਨ।
3. **ਸ਼ਾਹਨਾਮਾ:** ਸ਼ਾਹਨਾਮਾ ਇੱਕ ਫਾਰਸੀ ਮਹਾਂਕਾਵਿ ਹੈ ਜੋ ਫਾਰਸੀ ਰਾਜਿਆਂ ਦੀ ਕਹਾਣੀ ਦੱਸਦੀ ਹੈ,ਇਸ ਵਿੱਚ ਗੌਮਾਤਾ ਅਤੇ ਪਾਰਸੀ ਧਰਮ ਦੇ ਵਿਕਾਸ ਵਿੱਚ ਉਸਦੀ ਭੂਮਿਕਾ ਦੇ ਕਈ ਹਵਾਲੇ ਹਨ ।
4. **ਬੁੰਦਾਹਿਸ਼ਨ:** ਬੁੰਦਾਹਿਸ਼ਨ ਇੱਕ ਪਾਰਸੀ ਪਾਠ ਹੈ ਜਿਸ ਵਿੱਚ ਗੌਮਾਤਾ ਦੇ ਜੀਵਨ ਅਤੇ ਸਿੱਖਿਆਵਾਂ ਦੇ ਕਈ ਹਵਾਲੇ ਹਨ ।

ਮੈਨੂੰ ਉਮੀਦ ਹੈ ਕਿ ਗੌਮਾਤਾ ਦੇ ਜੀਵਨ ਅਤੇ ਧਰਮ ਪਰਿਵਰਤਨ ਦਾ ਇਹ ਵਿਸਤ੍ਰਿਤ ਬਿਰਤਾਂਤ ਇਸ ਦਿਲਚਸਪ ਇਤਿਹਾਸਕ ਸ਼ਖਸੀਅਤ ਦੀ ਡੂੰਘੀ ਸਮਝ ਪ੍ਰਦਾਨ ਕਰਨ ਵਿੱਚ ਸਹਾਇਤਾ ਕਰੇਗਾ।

**ਇੱਕ ਦਿਲਚਸਪ ਅਤੇ ਗੁੰਝਲਦਾਰ ਕਹਾਣੀ**

ਪੁਜਾਰੀ ਗੌਮਾਤਾ ਮਾਗੀ ਬ੍ਰਾਹਮਣ ਜੋ ਕਿ ਜਾਦੂਈ ਪੁਜਾਰੀ ਸੀ, ਉਸ ਨੇ ਰਾਜਾ ਕੁਰੂ, ਕੁਰਾਸ ਕਾਮਬੋਜਿਆ ਸਾਇਰਸ ਮਹਾਨ ਦੇ ਪੁੱਤਰ, ਬਰਦੀਆ ਨੂੰ ਮਾਰਨ ਤੋਂ ਬਾਅਦ, ਆਪ ਉਸ ਨੇ ਮ੍ਰਿਤਕ ਰਾਜਕੁਮਾਰ ਦੀ ਪਛਾਣ ਖੁਦ ਅਪਣਾ ਲਈ ਤੇ ਆਪਣੇ ਆਪ ਨੂੰ ਰਾਜਾ ਸਾਇਰਸ ਮਹਾਨ ਦਾ ਪੁੱਤਰ 'ਬਰਦੀਆ' ਕਹਿੰਦੇ ਹੋਏ ਅਚਮੇਨੀਡ ਸਾਮਰਾਜ ਉੱਤੇ ਰਾਜ ਕਰਨਾ ਸ਼ੁਰੂ ਕਰ ਦਿੱਤਾ, ਇੱਥੇ ਵਾਪਰੀਆਂ ਘਟਨਾਵਾਂ ਦਾ ਵਿਸਤ੍ਰਿਤ ਵੇਰਵਾ ਹੈ:



ਸਰਬਜੀਤ ਸਿੰਘ ਵੰਸਜ ਵਰਲਡ ਰਾਜਾ ਕਰਾਸ ਕੰਮਬੋਜਿਆ।

**ਰਾਜਾ ਬਰਦੀਆ ਕੁਰਾਸ ਕਾਮਬੋਜਿਆ ਦਾ ਕਤਲ:**

ਗੌਮਾਤਾ ਮਾਗੀ ਪੁਜਾਰੀ ( ਬ੍ਰਾਹਮਣ ) ਜੋ ਕਿ ਰਾਜਾ ਕੁਰਾਸ ਕਾਮਬੋਜਿਆ ਸਾਇਰਸ ਮਹਾਨ ਦਾ ਇੱਕ ਭਰੋਸੇਮੰਦ ਸਲਾਹਕਾਰ ਸੀ, ਰਾਜਾ ਸਾਇਰਸ ਦੀ ਮੌਤ ਤੋਂ ਬਾਅਦ ਆਪਣੇ ਲਈ ਗੱਦੀ ਲੈਣ ਦੀ ਸਾਜ਼ਿਸ਼ ਰਚ ਰਿਹਾ ਸੀ,ਉਸਨੇ ਅਜਿਹਾ ਕਰਨ ਦਾ ਇੱਕ ਮੌਕਾ ਦੇਖਿਆ ਜਦੋਂ ਰਾਜਾ ਕੁਰਾਸ ਕਾਮਬੋਜਿਆ



ਭਾਈ ਸੁਖਵਿੰਦਰ ਸਿੰਘ ਨਾਗੋਕੇ
ਹਜ਼ੂਰੀ ਰਾਗੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ।

ਸਾਇਰਸ ਮਹਾਨ ਦਾ ਇੱਕ ਪੁੱਤਰ ਕਾਮਬੋਜਿਆ ਮਿਸਰ ਵਿੱਚ ਆਪਣੀਆਂ ਫ਼ੌਜਾਂ ਸਮੇਤ ਲਾਪਤਾ ਹੋ ਗਈਆ ਸੀ ਜੋ ਕਿ ਆਪਣੇ ਸਕੇ ਭਰਾ ਬਰਦੀਆ ਕੁਰਾਸ ਕਾਮਬੋਜਿਆ ਨੂੰ ਸਾਮਰਾਜ ਦਾ ਇੰਚਾਰਜ ਛੱਡਕੇ ਮਿਸਰ ਵੱਲ ਇੱਕ ਫੌਜੀ ਮੁਹਿੰਮ 'ਤੇ ਗਿਆ ਸੀ ।

ਗੌਮਾਤਾ ਪੁਜਾਰੀ ਜੋ ਆਪਣੀ ਚਲਾਕੀ ਅਤੇ ਬੁੱਧੀ ਲਈ ਜਾਣਿਆ ਜਾਂਦਾ ਸੀ, ਨੇ ਅਫਵਾਹਾਂ ਫੈਲਾਉਣੀਆਂ ਸ਼ੁਰੂ ਕਰ ਦਿੱਤੀਆਂ ਕਿ 'ਰਾਜਾ ਬਰਦੀਆ' ਆਪਣੇ ਪਿਤਾ ਸਾਇਰਸ ਮਹਾਨ ਦੇ ਰਾਜ ਦੇ ਕਾਬਲ ਨਹੀਂ ਹੈ ਦਾ ਪ੍ਰਚਾਰ ਕਰਦੇ ਹੋਏ ਉਹ ਆਪਣੇ ਲਈ ਗੱਦੀ ਲੈਣ ਦੀ ਯੋਜਨਾ ਬਣਾ ਰਿਹਾ ਸੀ, ਉਸਨੇ ਬਹੁਤ ਸਾਰੇ ਪਤਵੰਤਿਆਂ ਅਤੇ ਅਧਿਕਾਰੀਆਂ ਨੂੰ ਯਕੀਨ ਦਿਵਾਇਆ ਕਿ ਬਰਦੀਆ ਸਾਮਰਾਜ ਲਈ ਖ਼ਤਰਾ ਸੀ ਅਤੇ ਉਸਨੂੰ ਖਤਮ ਕਰਨ ਦੀ ਜ਼ਰੂਰਤ ਸੀ ।

ਇੱਕ ਰਾਤ, ਗੌਮਾਤਾ ਪੁਜਾਰੀ ਅਤੇ ਉਸਦੇ ਵਫ਼ਾਦਾਰ ਪੈਰੋਕਾਰਾਂ ਦਾ ਇੱਕ ਸਮੂਹ ਮਹਿਲ ਵਿੱਚ ਘੁਸਪੈਠ ਕਰ ਗਿਆ ਅਤੇ ਜਦੋਂ ਰਾਜਾ ਬਰਦੀਆਂ ਨੀਂਦ ਵਿੱਚ ਸੀ ਉਸ ਨੂੰ ਮਾਰ ਦਿੱਤਾ ਗਿਆ, ਫਿਰ ਉਹ ਉਸਦੀ ਲਾਸ਼ ਲੈ ਗਏ ਅਤੇ ਇਸਨੂੰ ਇੱਕ ਗੁਪਤ ਸਥਾਨ 'ਤੇ ਦਫ਼ਨਾ ਦਿੱਤਾ, ਜਿੱਥੇ ਇਹ ਨਹੀਂ ਮਿਲੇਗਾ।

**ਗੌਮਾਤਾ ਮਾਗੀ ਪੁਜਾਰੀ (ਬ੍ਰਾਹਮਣ) ਵੱਲੋਂ ਰਾਜਾ ਬਰਦੀਆ ਕੁਰਾਸ ਕਾਮਬੋਜਿਆ ਦਾ ਰੂਪ ਧਾਰਨ ਕਰਨਾ :** ਬਰਦੀਆ ਨੂੰ ਮਾਰਨ ਤੋਂ ਬਾਅਦ, ਗੌਮਾਤਾ ਨੇ ਰਾਜਾ ਬਰਦੀਆ ਦੀ ਪਛਾਣ ਖੁਦ ਅਪਣਾ ਲਈ ਅਤੇ ਸਾਮਰਾਜ 'ਤੇ ਇਸ ਤਰ੍ਹਾਂ ਰਾਜ ਕਰਨਾ ਸ਼ੁਰੂ ਕਰ ਦਿੱਤਾ ਜਿਵੇਂ ਉਹ ਅਸਲੀ ਰਾਜਕੁਮਾਰ ਹੋਵੇ, ਉਹ ਯਕੀਨਨ ਬਰਦੀਆ ਦਾ ਰੂਪ ਧਾਰਨ ਕਰਨ ਦੇ ਯੋਗ ਸੀ, ਕਿਉਂਕਿ ਉਹ ਰਾਜਕੁਮਾਰ ਦਾ ਨਜ਼ਦੀਕੀ ਸਲਾਹਕਾਰ ਰਿਹਾ ਸੀ ਅਤੇ ਉਸਦੇ ਤੌਰ-ਤਰੀਕਿਆਂ ਅਤੇ ਵਿਵਹਾਰ ਦਾ ਅਧਿਐਨ ਕੀਤਾ ਸੀ ।

Gadinashin Sarabjit Singh Descendant King of the World Kuras Kambujiyah Cyrus the Great



ਗੌਮਾਤਾ, ਜੋ ਹੁਣ ਬਰਦੀਆ ਹੋਣ ਦਾ ਦਿਖਾਵਾ ਕਰ ਰਿਹਾ ਸੀ, ਨੇ ਫੈਸਲੇ ਲੈਣੇ ਅਤੇ ਕਾਰਵਾਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਜੋ ਉਸਦੀ ਸ਼ਕਤੀ ਨੂੰ ਮਜ਼ਬੂਤ ਕਰਨ ਅਤੇ ਉਸਦੇ ਸ਼ਾਸਨ ਲਈ ਕਿਸੇ ਵੀ ਸੰਭਾਵੀ ਖਤਰੇ ਨੂੰ ਖਤਮ ਕਰਨ ਲਈ ਤਿਆਰ ਕੀਤੀਆਂ ਗਈਆਂ ਸਨ, ਉਸਨੇ ਰਾਜਾ ਸਾਇਰਸ ਦੇ ਵਫ਼ਾਦਾਰ ਰਹੇ ਬਹੁਤ ਸਾਰੇ ਰਈਸਾਂ ਅਤੇ ਅਧਿਕਾਰੀਆਂ ਨੂੰ ਖਤਮ ਕਰਕੇ ਸ਼ੁਰੂਆਤ ਕੀਤੀ, ਅਤੇ ਉਨ੍ਹਾਂ ਦੀ ਥਾਂ ਆਪਣੇ ਪੈਰੋਕਾਰਾਂ ਨੂੰ ਲੈ ਲਿਆ।

(ਚਲਦਾ)

# ਕੀ ਸੰਸਾਰ 2025 'ਚ ਆਰਥਿਕ ਨਿਘਾਰ ਵਿੱਚੋਂ ਉਭਰ ਸਕੇਗਾ ?

ਆਰਥਿਕ ਤੌਰ 'ਤੇ ਕੋਵਿਡ-19 ਮਹਾਮਾਰੀ ਦਾ ਭੰਨਿਆ ਵਿਸ਼ਵ ਅਜੇ ਤੱਕ ਨਿਘਾਰ ਦੀ ਜਿੱਲ੍ਹਣ ਵਿੱਚੋਂ ਉੱਭਰ ਨਹੀਂ ਸਕਿਆ ਹੈ। ਵਿਸ਼ਵ ਦੇ ਕੁਝ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਨੇ ਇਸ ਆਰਥਿਕ ਨਿਘਾਰ ਨੂੰ 2007-08 ਵਾਲੀ ਆਰਥਿਕ ਮੰਦੀ ਜਿਹੀ ਆਫ਼ਤ ਬਣਨ ਤੋਂ ਰੋਕਣ ਲਈ ਹਰ ਖੇਤਰ ਨੂੰ ਜੀਵਤ ਰੱਖਣ, ਲੋਕਾਂ ਦੇ ਕਾਰੋਬਾਰ, ਵਪਾਰ, ਸਨਅਤ ਨੂੰ ਠੁੰਮਣਾ ਦੇਣ ਲਈ ਖ਼ੂਬ ਧਨ ਵਹਾਇਆ ਪਰ ਹਕੀਕਤ ਵਿੱਚ ਪਿਛਲੇ ਅੱਧੇ ਦਹਾਕੇ ਵਿਚ ਵਿਸ਼ਵ ਦੇ ਵੱਖ-ਵੱਖ ਵਰਗਾਂ ਵਿੱਚ ਸਿਮਟੇ ਦੇਸ਼ ਜਿਵੇਂ ਵਿਕਸਤ, ਵਿਕਾਸਸ਼ੀਲ, ਪੱਛੜੇ ਆਦਿ ਆਰਥਿਕ ਮੰਦਹਾਲੀ ਦੇ ਦੌਰ ਵਿੱਚ ਬਾਹਰ ਨਹੀਂ ਨਿਕਲ ਸਕੇ।

ਹਕੀਕਤ ਇਹ ਵੀ ਹੈ ਕਿ ਸਾਲ 2025 ਵਿੱਚ ਵੀ ਇਨ੍ਹਾਂ ਦੇ ਆਰਥਿਕ ਨਿਘਾਰ ਦੀ ਜਿੱਲ੍ਹਣ ਵਿਚੋਂ ਉੱਭਰਨ ਦੇ ਆਸਾਰ ਨਜ਼ਰ ਨਹੀਂ ਆ ਰਹੇ। ਭੁੱਖਮਰੀ, ਬੇਰੁਜ਼ਗਾਰੀ, ਉਤਪਾਦਨ ਵਿਚ ਵਾਧਾ ਨਾ ਹੋ ਸਕਣਾ, ਵਿਸ਼ਵ ਦੇ ਵੱਖ-ਵੱਖ ਖਿੱਤਿਆਂ ਵਿੱਚ ਅੰਦਰੂਨੀ ਤੇ ਬਾਹਰੀ ਜੰਗਾਂ ਜਿਵੇਂ ਅਫਗਾਨਿਸਤਾਨ, ਕਾਂਗੋ, ਸੂਡਾਨ, ਇਥੋਪੀਆ, ਬੁਰਕੀਨਾ ਫਾਸੋ, ਚਾਡ, ਸੋਮਾਲੀਆ, ਯਮਨ, ਕੈਮਰੂਨ, ਮਿਆਂਮਾਰ ਆਦਿ ਵਿੱਚ ਗ੍ਰਹਿ ਯੁੱਧ, ਫ਼ਲਸਤੀਨ ਤੇ ਇਜ਼ਰਾਈਲ, ਯੂਕਰੇਨ ਤੇ ਰੂਸ ਦਰਮਿਆਨ ਭਿਅੰਕਰ ਯੁੱਧ, ਅਮਰੀਕਾ ਤੇ ਚੀਨ ਤੋਂ ਇਲਾਵਾ ਹੋਰ ਅਨੇਕ ਦੇਸ਼ਾਂ ਵਿਚਕਾਰ ਵਪਾਰਕ ਯੁੱਧ, ਤਕਨੀਕੀ ਅਤੇ ਸਾਇੰਸੀ ਖੋਜ ਗਤੀ ਵਿਚ ਖੜੋਤ, ਵਿਸ਼ਵ ਭਰ ਵਿਚ ਲਗਾਤਾਰ ਉੱਭਰ ਰਿਹਾ ਕਿਸਾਨੀ ਸੰਕਟ ਆਦਿ ਐਸੇ ਕਾਰਨ ਹਨ ਜੋ ਆਰਥਿਕ ਬਹਾਲੀ ਅੱਗੇ ਦੀਵਾਰ ਬਣ ਕੇ ਖੜ੍ਹੇ ਹਨ। ਵਿਸ਼ਵ 'ਚ ਕੋਵਿਡ-19 ਮਹਾਮਾਰੀ ਦੀ ਮਾਰ ਨੇ ਮਾਨਵ ਦੀਆਂ ਅਗਲੀਆਂ ਪੀੜ੍ਹੀਆਂ ਦੇ ਮਾਨਸਿਕ, ਸਰੀਰਕ ਅਤੇ ਬੌਧਿਕ ਵਿਕਾਸ 'ਤੇ ਵੱਡਾ ਮਾਰੂ ਅਸਰ ਪਾਇਆ ਹੈ। ਫਲਸਰੂਪ, ਪੂਰੇ ਵਿਸ਼ਵ ਵਿੱਚ ਵਿਦਿਆਰਥੀਆਂ ਅੰਦਰ ਮਾਨਸਿਕ, ਬੌਧਿਕ ਅਤੇ ਸਰੀਰਕ ਅਪੰਗਤਾ ਨੋਟ ਕੀਤੀ ਗਈ ਹੈ ਜਿਸ ਕਰ ਕੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਪੜ੍ਹਨ ਵਾਲਿਆਂ ਦੀ ਗਿਣਤੀ ਵਿੱਚ ਕਮੀ ਆਈ ਹੈ। ਬੇਰੁਜ਼ਗਾਰੀ ਵਿੱਚ ਵਾਧਾ ਹੋਇਆ ਹੈ। ਗਲੋਬਲ ਪੱਧਰ 'ਤੇ ਆਰਥਿਕ ਅਤੇ ਵਪਾਰਕ ਸਪਲਾਈ ਲਾਈਨ ਡਾਵਾਂਡੋਲ ਹੋ ਕੇ ਰਹਿ ਗਈ ਹੈ। ਹਰ ਦੇਸ਼ ਵਿੱਚ ਮਹਿੰਗਾਈ ਅਤੇ ਭੁੱਖਮਰੀ ਸਿਰ ਚੜ੍ਹ ਕੇ ਬੋਲਣ ਲੱਗੀ ਹੈ, ਬੇਘਰਿਆਂ ਦੀ ਤਦਾਦ ਵਧਣ ਲੱਗੀ ਹੈ, ਜਲਵਾਯੂ ਤਬਦੀਲੀ ਕਰ ਕੇ ਮੌਸਮ ਵਿੱਚ ਉਤਰਾਅ-ਚੜ੍ਹਾਅ ਤਕਲੀਫਦੇਹ ਸਿੱਧ ਹੋਣ ਲੱਗੇ ਹਨ।

2024 ਹੁਣ ਤੱਕ ਦਾ ਸਭ ਤੋਂ ਗਰਮ ਸਾਲ ਰਿਹਾ ਹੈ। ਗਰਮੀ ਕਰ ਕੇ ਚੀਨ, ਯੂਰੋਪ ਅਤੇ ਹੋਰ ਥਾਵਾਂ 'ਤੇ ਹੜ੍ਹ, ਯੂਰੋਪ ਤੋਂ ਅਫਰੀਕਾ, ਦੱਕਣੀ ਅਮਰੀਕਾ ਵਿੱਚ ਸੋਕੇ ਪਏ, ਅਮਰੀਕਾ-ਚੀਨ ਵਿੱਚ ਮੁਕਾਬਲੇਬਾਜ਼ੀ ਵਧੀ, ਆਰਥਿਕ ਤੇ ਵਪਾਰਕ ਸਪਲਾਈ ਚੇਨ ਵਿੱਚ ਰੋਕਾਂ ਅਤੇ ਬ੍ਰੇਕਾਂ ਦੇਖੀਆਂ ਗਈਆਂ। ਗਲੋਬਲ ਭੂ-ਆਰਥਿਕਤਾ ਵਿੱਚ ਵੱਡੀਆਂ ਦੁਸ਼ਵਾਰੀਆਂ ਪੈਦਾ ਹੋਈਆਂ। ਵਪਾਰਕ ਰੋਕਾਂ ਵਿੱਚ ਤਿੱਗਣਾ ਵਾਧਾ ਹੋਇਆ। 2024 ਵਿੱਚ ਲਗਭਗ ਹਰ ਦੇਸ਼ 'ਚ ਕਰਜ਼ਿਆਂ ਵਿੱਚ ਵਾਧਾ ਦੇਖਣ ਨੂੰ ਮਿਲਿਆ। ਸਾਲ 2024 ਗਲੋਬਲ ਪੱਧਰ 'ਤੇ 'ਵੋਟਰ ਸਾਲ' ਵਜੋਂ ਸਥਾਪਿਤ ਹੋਇਆ। ਕਰੀਬ 70 ਦੇਸ਼ਾਂ ਵਿੱਚ ਚੋਣਾਂ ਹੋਈਆਂ। ਵਿਸ਼ਵ ਦੀ ਅੱਧੀ ਵਸੋਂ ਨੇ ਇਨ੍ਹਾਂ ਵਿੱਚ ਭਾਗ ਲਿਆ। ਮਹਿੰਗਾਈ, ਬੇਰੁਜ਼ਗਾਰੀ, ਭੁੱਖਮਰੀ, ਅਸੁਰੱਖਿਆ, ਜੀਵਨ ਮਿਆਰ ਨੂੰ ਲਗਾਤਾਰ ਖੋਰਾ ਲੱਗਣ, ਸੱਤਾ ਖ਼ਾਤਰ ਮੁਫ਼ਤਖੋਰੀਆਂ ਦਾ ਸਹਾਰਾ ਲੈਣ, ਆਮ ਆਦਮੀ ਦੀ ਖਰੀਦ ਸ਼ਕਤੀ ਘਟਣ, ਧੁੰਦਲੇ ਆਰਥਿਕ ਭਵਿੱਖ ਦੀ ਦਸਤਕ ਆਦਿ ਕਰ ਕੇ ਵੋਟਰਾਂ ਨੇ ਭਾਰਤ ਤੋਂ ਦੱਖਣੀ ਅਫਰੀਕਾ, ਯੂਰੋਪ ਤੋਂ ਅਮਰੀਕਾ ਤੱਕ ਸੱਤਾਧਾਰੀ ਆਗੂਆਂ ਨੂੰ ਕਾਂਬੇ ਭਰਿਆ ਰਾਜਨੀਤਕ ਹਲੂਣਾ ਦਿੰਦੇ ਹਰਾਇਆ। ਅਮਰੀਕਾ ਵਿੱਚ ਡੋਨਲਡ ਟਰੰਪ ਵਰਗਾ ਗੁਨਾਹਗਾਰ ਜਿੱਤ ਗਿਆ। ਟਰੰਪ ਦੀ ਅਮਰੀਕੀ ਰਾਸ਼ਟਰਪਤੀ ਵਜੋਂ ਮੁੜ ਵਾਪਸੀ ਵਾਕਿਆ ਹੀ ਵਿਲੱਖਣ ਰਾਜਨੀਤਕ ਘਟਨਾ ਹੈ।

ਸਭ ਤੋਂ ਚਿੰਤਾਜਨਕ ਸਥਿਤੀ ਇਹ ਰਹੀ ਹੈ ਕਿ ਕਈ ਦੇਸ਼ਾਂ ਵਿੱਚ ਰਾਜਨੀਤਕ ਖੜੋਤ ਦੇਖਣ ਨੂੰ ਮਿਲੇ ਹਨ। ਰੈਡੀਕਲ ਅਤੇ ਧੁਰ ਸੱਜੇ ਪੱਖੀ ਪਾਰਟੀਆਂ ਤੇ ਗਰੁੱਪ ਕੌਮੀ ਪੱਧਰ 'ਤੇ ਭਾਰੂ ਹੁੰਦੇ ਦੇਖੇ ਜਾ ਰਹੇ ਹਨ। ਜਰਮਨੀ ਅਤੇ ਫਰਾਂਸ ਅੰਦਰ ਇਨ੍ਹਾਂ ਕਰ ਕੇ ਫੈਦਾ ਹੋਈ ਖੜੋਤ ਪੂਰੇ ਯੂਰੋਪ ਨੂੰ ਪ੍ਰਭਾਵਤ ਕਰ ਰਹੀ ਹੈ। ਬੰਗਲਾਦੇਸ਼ ਅੰਦਰ ਅਵਾਮੀ ਲੀਗ ਆਗੂ ਸ਼ੇਖ ਹਸੀਨਾ ਦਾ ਸ਼ਾਸਨ ਮੂਲਵਾਦੀ ਸ਼ਕਤੀਆਂ ਵੱਲੋਂ ਪਲਟਣ ਕਰ ਕੇ ਭਾਰਤੀ ਉੱਪ ਮਹਾਂਦੀਪ ਅੰਦਰ ਟਕਰਾਓ ਭਰੀਆਂ ਸਥਿਤੀਆਂ ਉੱਭਰ ਰਹੀਆਂ ਹਨ। ਵਿਸ਼ਵ ਬੈਂਕ ਅਨੁਸਾਰ ਗਰੀਬ ਅਤੇ ਪੱਛੜੇ ਦੇਸ਼ ਪਿਛਲੇ ਦੋ ਦਹਾਕਿਆਂ ਤੋਂ ਬਹੁਤ ਭੈੜੀ ਆਰਥਿਕ

**ਦਰਬਾਰਾ ਸਿੰਘ ਕਾਹਲੋਂ**

ਦੁਰਦਸ਼ਾ ਵਿਚੋਂ ਗੁਜ਼ਰ ਰਹੇ ਹਨ। ਕਮਜ਼ੋਰ ਵਪਾਰ, ਆਰਥਿਕ ਪਾਬੰਦੀਆਂ, ਫੰਡਾਂ ਅਤੇ ਮੁੱਢਲੇ ਢਾਂਚੇ ਦੀ ਘਾਟ ਉਨ੍ਹਾਂ ਨੂੰ ਹੋਰ ਬੁਰੀ ਤਰ੍ਹਾਂ ਲਤਾੜ ਰਹੀ ਹੈ। ਯੂਰੋਪੀਅਨ ਸੈਂਟਰਲ ਬੈਂਕ ਪ੍ਰੈਜ਼ੀਡੈਂਟ ਕ੍ਰਿਸਟੀਨ ਲਗਾਰਡ ਅਨੁਸਾਰ, 2025 ਵਿੱਚ ਵੀ ਅਨਿਸਚਿਤਤਾ ਰਹਿਣੀ ਹੈ।

ਆਰਥਿਕ ਮਿਲਵਰਤਣ ਅਤੇ ਵਿਕਾਸ ਸੰਸਥਾ (ਓਈਸੀਡੀ) ਅਤੇ ਗੋਲਡਮੈਨ ਸਾਚਸ ਖੋਜ ਸੰਸਥਾ ਦੀਆਂ ਤਾਜ਼ੀਆਂ ਰਿਪੋਰਟਾਂ ਸਾਲ 2025 ਵਿੱਚ ਗਲੋਬਲ ਆਰਥਿਕ ਸਥਿਤੀਆਂ ਦੇ ਕੁਝ ਸੰਭਾਲਣ ਦਾ ਸੰਕੇਤ ਦੇ ਰਹੀਆਂ ਹਨ। ਓਈਸੀਡੀ ਦੀ ਤਾਜ਼ਾ ਰਿਪੋਰਟ ਦਰਸਾਉਂਦੀ ਹੈ ਕਿ 2025 ਅਤੇ 2026 ਵਿੱਚ ਗਲੋਬਲ ਜੀਡੀਪੀ ਵਿਕਾਸ ਦਰ 3.3 ਪ੍ਰਤੀਸ਼ਤ ਰਹੇਗੀ। 2024 ਵਿੱਚ ਇਹ 3.2 ਪ੍ਰਤੀਸ਼ਤ ਸੀ।

2025 ਅਤੇ 2026 ਵਿਚ ਜੀ-20 ਦੇਸ਼ਾਂ ਵਿੱਚ ਸਭ ਤੋਂ ਉੱਚੀ ਵਿਕਾਸ ਦਰ ਭਾਰਤ ਦੀ 6.8 ਤੋਂ 6.9 ਪ੍ਰਤੀਸ਼ਤ ਰਹੇਗੀ। ਇੰਡੋਨੇਸ਼ੀਆ ਦੀ 5.1, ਚੀਨ ਦੀ 4.9, ਰੂਸ ਦੀ 3.9, ਤੁਰਕੀ ਦੀ 3.5, ਬ੍ਰਾਜ਼ੀਲ ਦੀ 3.2, ਸਪੇਨ ਦੀ 3, ਅਮਰੀਕਾ ਦੀ 2.8, ਦੱਖਣੀ ਕੋਰੀਆ ਦੀ 2.3, ਮੈਕਸਿਕੋ 1.4, ਕੈਨੇਡਾ 1.1, ਆਸਟਰੇਲੀਆ ਦੀ 1 ਪ੍ਰਤੀਸ਼ਤ, ਜਪਾਨ ਦੀ 0.3, ਜਰਮਨੀ ਦੀ ਜ਼ੀਰੋ ਅਤੇ ਯੂਕੇ ਦੀ 0.9 ਪ੍ਰਤੀਸ਼ਤ ਰਹੇਗੀ। ਲੇਬਰ ਮਾਰਕੀਟ ਵਿਚ ਸੁਧਾਰ ਦੇਖਣ ਨੂੰ ਮਿਲੇਗਾ। ਇਤਿਹਾਸਕ ਸਟੈਂਡਰਡ ਤੋਂ ਬੇਰੁਜ਼ਗਾਰੀ ਘੱਟ ਰਹੇਗੀ, ਮਹਿੰਗਾਈ ਵਿਚ ਸਾਹ ਸੌਖਾ ਹੋਣ ਨੂੰ ਮਿਲੇਗਾ ਜਿਸ ਨਾਲ ਘਰੇਲੂ ਆਮਦਨ ਵਧੇਗੀ ਲੇਕਿਨ ਖਪਤ ਵਿਚ ਨਿਘਾਰ ਰਹਿ ਸਕਦਾ ਹੈ ਜਿਸ ਕਰ ਕੇ ਖਪਤਕਾਰ ਵਿਚ ਉਤਸ਼ਾਹ ਦੇਖਣ ਨੂੰ ਨਹੀਂ ਮਿਲੇਗਾ। ਫਿਰ ਵੀ ਗਲੋਬਲ ਵਪਾਰ ਵਿੱਚ ਸੁਧਾਰ ਦੇਖਣ ਨੂੰ ਮਿਲੇਗਾ ਜੋ 3.6 ਪ੍ਰਤੀਸ਼ਤ ਦਰ ਤੱਕ ਵਧੇਗਾ। ਅਮਰੀਕੀ ਜੀਡੀਪੀ ਜੋ 2025 ਵਿੱਚ 2.8 ਰਹੇਗੀ, 2026 ਵਿੱਚ ਘਟ ਕੇ 2.4 ਪ੍ਰਤੀਸ਼ਤ ਹੋ ਸਕਦੀ ਹੈ। ਯੂਰੋਪ ਵਿੱਚ ਘਰੇਲੂ ਆਮਦਨ ਅਤੇ ਲੇਬਰ ਖੇਤਰ ਵਿੱਚ ਕਸਾਅ ਰਹੇਗਾ। ਨੀਤੀਗਤ ਵਿਆਜ ਦਰ ਵਿਚ ਕਟੌਤੀ ਦੇਖਣ ਨੂੰ ਮਿਲ ਸਕਦੀ ਹੈ। ਯੂਰੋ ਖੇਤਰ ਦੀ ਜੀਡੀਪੀ 2025 ਵਿੱਚ 1.3 ਅਤੇ 2026 ਵਿਚ 1.5 ਪ੍ਰਤੀਸ਼ਤ ਰਹੇਗੀ। ਚੀਨ ਦੀ 2025 ਵਿੱਚ 4.9 ਮੁਕਾਬਲੇ 2026 ਵਿੱਚ 4.4 ਪ੍ਰਤੀਸ਼ਤ ਰਹੇਗੀ। ਓਈਸੀਡੀ ਸਕੱਤਰ ਜਨਰਲ ਮਾਥੀਅਜ਼ ਕੋਰਮਨ ਅਨੁਸਾਰ, ਗਲੋਬਲ ਆਰਥਿਕਤਾ 2025 ਵਿਚ ਲਚਕਦਾਰ ਰਹੇਗੀ। ਵਿਕਾਸ ਸਥਿਰ ਰਹੇਗਾ। ਮਹੱਤਵਪੂਰਨ ਚੁਣੌਤੀਆਂ ਰਹਿਣਗੀਆਂ। ਭੂ-ਰਾਜਨੀਤਕ ਟਕਰਾਅ ਜਾਰੀ ਰਹਿਣਗੇ, ਜਨਤਕ ਕਰਜ਼ ਔਸਤ ਉੱਚੀ ਰਹੇਗੀ। ਮੱਧਕਾਲੀ ਵਿਕਾਸ ਸੰਭਵ ਨਹੀਂ ਹੋਵੇਗਾ। ਮਹਿੰਗਾਈ ਦੇ ਦਬਾਅ 'ਤੇ ਲਗਾਮ ਜਾਰੀ ਰਹੇਗੀ ਪਰ ਖ਼ਰਚਿਆਂ ਦਾ ਭਾਰ ਮਹਿਸੂਸ ਹੋਵੇਗਾ।

ਗੋਲਡਮੈਨ ਸਾਚਸ ਖੋਜ ਅਨੁਸਾਰ, 2025 ਆਰਥਿਕ ਵਿਕਾਸ ਵਾਲਾ ਸਾਲ ਸਿੱਧ ਹੋਵੇਗਾ। ਅਮਰੀਕਾ ਵਿਕਾਸ ਕਰੇਗਾ ਪਰ ਇਸ ਵੱਲੋਂ ਦਰਾਮਦ 'ਤੇ ਟੈਰਿਫ ਵਧਾਉਣ ਕਰ ਕੇ ਯੂਰੋਪੀਅਨ ਯੂਨੀਅਨ ਪ੍ਰਭਾਵਤ ਹੋਵੇਗੀ। ਮਿੱਥੀ ਗਈ ਅਮਰੀਕੀ ਵਿਕਾਸ ਦਰ 1.9 ਤੋਂ ਵਾਧਾ ਦਰਜ ਕਰ ਕੇ 2.5 ਪ੍ਰਤੀਸ਼ਤ ਹੋ ਸਕਦੀ ਹੈ। ਯੂਰੋਪ ਦੀ ਮਿੱਥੀ ਹੋਈ ਵਿਕਾਸ ਦਰ 1.2 ਤੋਂ ਘਟ ਕੇ 0.8 ਪ੍ਰਤੀਸ਼ਤ ਰਹਿ ਸਕਦੀ ਹੈ। ਗੋਲਡਮੈਨ ਸਾਚਸ ਦੇ ਮੁੱਖ ਅਰਥ ਸ਼ਾਸਤਰੀ ਜਨ ਹੈਤਜ਼ਇਸ ਅਨੁਸਾਰ, ਗਲੋਬਲ ਬਾਜ਼ਾਰ ਮੁੜ ਤੋਂ ਸੰਤੁਲਿਤ ਕੀਤਾ ਗਿਆ ਹੈ। ਮਹਿੰਗਾਈ ਘਟੇਗੀ ਅਤੇ ਕੇਂਦਰੀ ਬੈਂਕ ਦੇ ਟੀਚੇ ਦੇ ਕੰਟਰੋਲ ਵਿਚ ਰਹੇਗੀ। ਬਹੁਤੇ ਕੇਂਦਰੀ ਬੈਂਕ ਵਿਆਜ ਦਰਾਂ ਵਿੱਚ ਕਟੌਤੀ ਕਰ ਸਕਣਗੇ। ਅਮਰੀਕਾ ਵੱਲੋਂ ਦੂਸਰੀ ਵੱਡੀ ਆਰਥਿਕਤਾ ਚੀਨ ਦੇ ਦਰਾਮਦ 'ਤੇ 60 ਪ੍ਰਤੀਸ਼ਤ ਟੈਰਿਫ ਠੋਕਣ ਨਾਲ ਉਸ ਦੀ ਵਿਕਾਸ ਦਰ 0.7 ਪ੍ਰਤੀਸ਼ਤ ਘਟ ਸਕਦੀ ਹੈ। ਗੋਲਡਮੈਨ ਸਾਚਸ ਇਹ ਘਾਟਾ 0.2 ਪ੍ਰਤੀਸ਼ਤ ਨਿਸਚਤ ਕਰਦਾ ਹੈ।

ਇਹ ਗਲੋਬਲ ਪੂੰਜੀਵਾਦੀ ਕਾਰਪੋਰੇਟ ਪ੍ਰਭਾਵਤ ਸੰਸਥਾਵਾਂ ਦੀਆਂ ਰਿਪੋਰਟਾਂ ਜੋ ਮਰਜ਼ੀ ਆਰਥਿਕ ਸ਼ੀਸ਼ਾ ਦਿਖਾਉਣ, ਡਰ ਇਹ ਹੈ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਮਨਮਾਨੀਆਂ ਅਤੇ ਇੱਲਤਾਂ ਕਰ ਕੇ ਸੰਨ 2025 ਗਲੋਬਲ ਆਰਥਿਕਤਾ 'ਤੇ ਭਾਰੂ ਪੈ ਸਕਦਾ ਹੈ। ਦਰਾਮਦ 'ਤੇ ਟੈਰਿਫ ਵਾਧਾ ਵਪਾਰਕ ਜੰਗ ਛੇੜ ਸਕਦਾ ਹੈ; ਇਉਂ ਮਹਿੰਗਾਈ ਵਧੇਗੀ, ਗਲੋਬਲ ਪੱਧਰ 'ਤੇ ਖੜੋਤ ਆਏਗੀ, ਬੇਰੁਜ਼ਗਾਰੀ ਵਧੇਗੀ।

ਯੂਕਰੇਨ, ਮੱਧ-ਪੂਰਬ ਜੰਗਾਂ, ਜਰਮਨੀ ਤੇ ਫਰਾਂਸ ਵਿੱਚ ਰਾਜਨੀਤਕ ਉੱਥਲ-ਪੁਥਲ, ਚੀਨ ਦੀ ਆਰਥਿਕਤਾ 'ਤੇ ਉੱਭਰ ਰਹੇ ਕਾਲੇ ਬੱਦਲ, ਜਲਵਾਯੂ ਤਬਦੀਲੀ ਵਿਸ਼ਵਵਿਆਪੀ ਆਰਥਿਕਤਾ ਅਤੇ ਵਿਕਾਸ ਲਈ ਘਾਤਕ ਸਿੱਧ ਹੋ ਸਕਦੇ ਹਨ।

ਗਲੋਬਲ ਆਰਥਿਕਤਾ ਸੰਭਾਲਣ ਲਈ ਵਿਸ਼ਵ ਦੀਆਂ 25 ਮੁੱਖ ਸੰਸਥਾਵਾਂ ਦੇ 40 ਆਰਥਿਕ ਮਾਹਿਰਾਂ ਦੇ ਗਰੁੱਪ ਦੇ ਬੈਂਕਾਂ, ਟੈਕਸ ਸਿਸਟਮ, ਗਲੋਬਲ ਵਿੱਤੀ ਸੁਰੱਖਿਆ, ਜਲਵਾਯੂ ਸੰਭਾਲ ਸਬੰਧੀ ਸੁਧਾਰਾਂ 'ਤੇ ਜੋ ਜ਼ੋਰ ਦਿੱਤਾ ਗਿਆ ਹੈ, ਉਸ 'ਤੇ ਅਮਲ ਕਰਨ ਦੀ ਲੋੜ ਹੈ। ਸਥਾਨਕ, ਕੌਮੀ ਅਤੇ ਕੌਮਾਂਤਰੀ ਵਿਦਿਅਕ ਈਕੋ ਸਿਸਟਮ ਮਜ਼ਬੂਤ ਕਰਨ ਲਈ ਗਲੋਬਲ ਸਾਂਝੇਦਾਰੀ, ਮਾਨਸਿਕ, ਬੌਧਿਕ ਅਤੇ ਸਰੀਰਕ ਤੌਰ 'ਤੇ ਅਪੰਗ ਹੋਏ ਵਿਦਿਆਰਥੀਆਂ ਵੱਲ ਧਿਆਨ ਕੇਂਦਰਤ ਕਰਨ ਦੀ ਲੋੜ ਹੈ। ਵਿਸ਼ਵ ਮੁਦਰਾ ਕੋਸ਼ ਨੇ ਵਿਸ਼ਵ ਆਰਥਿਕ ਖਾਕੇ ਵਿੱਚ ਸਪਸ਼ਟ ਕਿਹਾ ਹੈ ਕਿ ਅਨਿਸ਼ਚਿਤ ਜੋਖ਼ਿਮ ਲਈ ਤਿਆਰ ਰਹੋ।

# ਦੁਬਈ ਫਾਉਂਟੇਨ ਸ਼ੋਅ ਦੇ ਲਵੋ ਨਜ਼ਾਰੇ







ਅੱਜ ਰਾਤ ਦੇ ਸਮੇਂ ਦੁਬਈ ਫਾਉਂਟੇਨ ਦੀਆਂ ਹਰਕਤਾਂ ਦਾ ਨਾ ਭੁੱਲਣ ਵਾਲਾ ਆਪਣੇ ਪਰਿਵਾਰ ਦੇ ਨਾਲ ਨਜ਼ਾਰਾ ਲਿਆ। ਦੁਬਈ ਫਾਉਂਟੇਨ ਸ਼ੋਅ ਦੁਨੀਆ ਦਾ ਸੱਭ ਤੋਂ ਚਮਕਦਾਰ ਅਤੇ ਪ੍ਰਭਾਵਸ਼ਾਲੀ ਝਰਨੇ ਦੇ ਪ੍ਰਦਰਸ਼ਨਾਂ ਵਿੱਚੋਂ ਇੱਕ ਹੈ। ਡਾਊਨਟਾਊਨ ਦੁਬਈ ਮਨੂ ਨੂੰ ਮੋਹ ਲੈਣ ਵਾਲਾ ਸੰਗੀਤ, ਰੌਸ਼ਨੀ ਅਤੇ ਪਾਣੀ ਦਾ ਸੰਗਮ, ਯਾਨਿ ਦੁਬਈ ਫਾਊਂਟੇਨ ਦੀਆਂ ਹਰਕਤਾਂ ਕੁੱਝ ਟਾਈਮ ਲਈ ਦੇਖਣ ਵਾਲੇ ਨੂੰ ਲਾੱਕ ਕਰ ਦਿੰਦੀਆਂ ਹਨ। ਇਹ ਫਾਊਨਟੇਂਨ ਦੁਨੀਆ ਦਾ ਸੱਭ ਤੋਂ ਉੱਚਾ ਪ੍ਰਦਰਸ਼ਨ ਕਰਨ ਵਾਲਾ ਫੁਹਾਰਾ ਹੈ। 900 ਫੁੱਟ ਤੋਂ ਵੱਧ ਦੀ ਲੰਬਾਈ 'ਤੇ-2 ਫੱਟਬਾਲ ਪਿੱਚਾਂ ਦੇ ਬਰਾਬਰ- ਦੁਬਈ ਫਾਊਨਟੇਂਨ 30 ਏਕੜ ਬੁਰਜ ਝੀਲ ਤੇ ਸਥਿਤ ਹੈ ਅਤੇ ਵੱਖ-ਵੱਖ ਧੁਨਾਂ ਦੀ ਸਲੈਕਸ਼ਨ ਕਰਦਾ ਹੈ। ਫਾਉਂਟੇਨ ਦਾ ਇੱਕ ਵਿਲੱਖਣ ਡਿਜ਼ਾਈਨ ਹੈ ਜਿਸ ਵਿੱਚ ਵੱਖੋ-ਵੱਖ ਅਕਾਰਾਂ ਦੇ ਪੰਜ ਚੱਕਰ ਅਤੇ 2 ਆਰਕਸ ਸ਼ਾਮਲ ਹਨ ਅਤੇ ਇਸ 'ਚ ਸ਼ਕਤੀਸ਼ਾਲੀ ਪਾਣੀ ਦੀਆਂ ਨੋਜ਼ਲਾਂ ਹਨ ਜੋ ਪਾਣੀ ਨੂੰ ਪ੍ਰਭਾਵਸ਼ਾਲੀ ਉਚਾਈਆਂ ਤੱਕ ਮਾਰਦੀਆਂ ਹਨ। 6,600 ਤੋਂ ਵੱਧ ਵੈੱਟ ਸੁਪਰ ਲਾਈਟਾਂ ਅਤੇ 25 ਰੰਗੀਨ ਪ੍ਰੋਜੈਕਟਰ 1,000 ਤੋਂ ਵੱਧ ਵੱਖ-ਵੱਖ ਪਾਣੀ ਦੇ ਸਮੀਕਰਨਾਂ ਦਾ ਇੱਕ ਵਿਜ਼ੁਅਲ ਸਪੈਕਟ੍ਰਮ ਬਣਾਉਂਦੇ ਹਨ। ਜਦੋਂ ਕਿ 50 ਕਲਰ ਪ੍ਰੋਜੈਕਟਰ ਕੁੱਲ 1.5 ਮਿਲੀਅਨ ਲੂਮੇਨ ਦੇ ਕੁੱਲ ਆਉਟਪੁੱਟ ਦੇ ਨਾਲ ਰੰਗ ਦਾ ਇੱਕ ਪੂਰਾ ਸਪੈਕਟ੍ਰਮ ਪ੍ਰਦਾਨ ਕਰਦੇ ਹਨ। ਇਹ ਫਾਉਂਟੇਨ ਕਲਾਸੀਕਲ ਤੋਂ ਲੈ ਕੇ ਸੱਮਕਾਲੀ ਅਰਬੀ ਅਤੇ ਵਿਸ਼ਵ ਸੰਗੀਤ ਤੱਕ ਵੱਖ-ਵੱਖ ਗੀਤਾਂ ਦੀ ਇੱਕ ਸ਼੍ਰੇਣੀ 'ਚ ਪ੍ਰਦਰਸ਼ਨ ਕਰਦਾ ਹੈ। ਜਦੋਂ ਚਾਲੂ ਹੁੰਦਾ ਹੈ, ਤਾਂ ਫੁਹਾਰੇ 'ਚ ਕਿਸੇ ਵੀ ਸਮੇਂ ਹਵਾ 'ਚ 22,000 ਗੈਲਨ ਤੋਂ ਵੱਧ ਪਾਣੀ ਹੁੰਦਾ ਹੈ। ਇਹ ਫੁਹਾਰਾ ਕੈਲੀਫੋਰਨੀਆ ਦੀ ਕੰਪਨੀ ਡਬਲਯੂਈਟੀ ਦੁਆਰਾ ਬਣਾਇਆ ਗਿਆ ਸੀ। ਜਿਸਨੇ ਲਾਸ ਵੇਗਾਸ 'ਚ ਬੇਲਾਜੀਓ ਹੋਟਲ ਦੇ ਸਾਹਮਣੇ ਸੰਗੀਤਕ ਫੁਹਾਰਾ ਵੀ ਡਿਜ਼ਾਇਨ ਕੀਤਾ ਸੀ।

8 ਮਈ 2009 ਨੂੰ ਦੁਬਈ ਮਾਲ ਦੇ ਉਦਘਾਟਨ ਸਮਾਰੋਹ ਦੇ ਨਾਲ ਸ਼ੁਰੂ ਕੀਤਾ ਗਿਆ ਸੀ। ਦੁਬਈ ਫਾਉਂਟੇਨ ਦਾ ਨਿਰਮਾਣ ਏਮਾਰ ਕੰਪਨੀ ਦੁਆਰਾ ਜੂਨ 2008 ਸ਼ੁਰੂ ਹੋਇਆ, ਅਤੇ 1 ਸਾਲ ਤੋਂ ਵੀ ਘੱਟ ਸਮੇਂ 'ਚ ਤਿਆਰ ਹੋ ਗਿਆ।

## ਟੋਰਾਂਟੋ ਤੋਂ ਦੁਬਈ ਟੂਰ



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਦੁਬਈ ਫਾਊਂਟੇਨ 'ਚ ਬਹੁਤ ਸਾਰੇ ਉੱਚ-ਪ੍ਰੈਸ਼ਰ ਵਾਟਰ ਜੈੱਟ ਹਨ, ਜਿਸ 'ਚ ਨਿਸ਼ਾਨੇਬਾਜ਼, ਓਰਸਮੈਨ ਅਤੇ ਵਾਟਰ ਰੋਬੋਟ ਸ਼ਾਮਲ ਹਨ। ਵਾਟਰ ਰੋਬੋਟ ਪਾਣੀ ਨੂੰ ਨੱਚਣ ਤੇ ਲਾ ਦਿੰਦਾ ਹੈ ਜਦੋਂ ਕਿ ਵੈਟ ਸ਼ੂਟਰ ਪਾਣੀ ਨੂੰ ਉੱਪਰ ਵੱਲ ਸ਼ੂਟ ਕਰਦੇ ਹਨ। ਸੁਪਰ ਸ਼ੂਟਰ, ਜੋ ਹਵਾ 'ਚ 73 ਮੀਟਰ ਤੱਕ ਜ਼ਿਆਦਾ ਦਬਾਅ ਹੇਠ ਪਾਣੀ ਨੂੰ ਸ਼ੂਟ ਕਰਦੇ ਹਨ ਅਥੈ ਐਕਸਟ੍ਰੀਮ ਸ਼ੂਟਰ, ਜੋ ਹਵਾ 'ਚ ਸੱਭ ਤੋਂ ਵੱਧ ਦਬਾਅ ਹੇਠ ਪਾਣੀ ਨੂੰ 500 ਫੁੱਟ ਤੱਕ ਸ਼ੂਟ ਕਰ ਸਕਦੇ ਹਨ। ਇਹ ਵੈਟ ਸ਼ੂਟਰ ਪਾਣੀ ਦੇ ਬਾਹਰ ਨਿਕਲਣ ਤੋਂ ਬਾਅਦ ਇੱਕ ਉੱਚੀ "ਬੂਮ" ਸ਼ੋਰ ਪੈਦਾ ਕਰਦੇ ਹਨ। ਹਰ ਸ਼ੋਅ ਦੌਰਾਣ ਐਕਸਟ੍ਰੀਮ ਸ਼ੂਟਰਾਂ ਦੀ ਘੱਟ ਤੋਂ ਘੱਟ ਵਰਤੋਂ ਕੀਤੀ ਜਾਂਦੀ ਹੈ ਕਿਉ ਕਿ ਹਵਾ 'ਚ ਪਾਣੀ ਨੂੰ ਸ਼ੂਟ ਕਰਨ ਲਈ ਲੋੜੀਂਦਾ ਦਬਾਅ ਅਤੇ ਊਰਜਾ ਬਣਾਉਣ 'ਚ ਬਹੁਤ ਸਮਾਂ ਲੱਗਦਾ ਹੈ।

- ਫਾਉਂਟੇਨ ਸ਼ੋਅ ਰੋਜ਼ਾਨਾ ਸ਼ਾਮ 6 ਵਜੇ ਤੋਂ ਰਾਤ 11 ਵਜੇ ਤੱਕ ਹਰ 30 ਮਿੰਟਾਂ 'ਤੇ ਚੱਲਦਾ ਹੈ। ਸ਼ੋਅ ਦਾ ਸਮਾਂ ਆਨਲਾਈਨ ਵੀ ਚੈਕ ਕੀਤਾ ਜਾ ਸਕਦਾ ਹੈ।
- ਦੁਨੀਆ ਭਰ 'ਚ ਮਸ਼ਹੂਰ ਇਸ ਦੁਬਈ ਫਾਊਂਟੇਨ ਸ਼ੋਅ ਨੂੰ ਬੱਚਿਆਂ ਤੋਂ ਲੈ ਕੇ ਹਰ ਉਮਰ ਦਾ ਵਿਅਕਤੀ ਅਨੰਦ ਲੈਂਦਾ ਹੈ ਅਤੇ ਇਹ ਸ਼ੋਅ ਜ਼ਿੰਦਗੀ ਭਰ ਲਈ ਯਾਦਗਾਰ ਬਣ ਜਾਂਦਾ ਹੈ।
- ਸ਼ੋਅ ਦੇ ਦੌਰਾਣ ਤੁਸੀਂ ਪਹਿਲਾਂ ਹੀ ਟਿਕਟ ਖਰੀਦ ਕੇ ਬੁਰਜ ਝੀਲ 'ਤੇ ਸਮੁੰਦਰੀ ਸਫਰ ਤੈਅ ਕਰਦੇ ਹੋਏ, ਦੁਬਈ ਫਾਊਂਟੇਨ ਲੇਕ ਰਾਈਡ ਦੇ ਨਾਲ ਵੀ ਇਸ ਸ਼ੋਅ ਦੇ ਸੁਨਹਿਰੀ ਪੱਲਾਂ ਦਾ ਅਨੰਦ ਲੈ ਸਕਦੇ ਹੋ। ਇਹ ਸਫਰ ਅਬਰਾ ਯਾਨਿ ਰਵਾਇਤੀ ਲੱਕੜ ਦੀ ਬਣੀ ਕਿਸ਼ਤੀ 'ਚ ਬੈਠ ਕੇ ਨਜ਼ਾਰੇ ਲੈ ਸਕਦੇ ਹੋ।
- ਦੁਬਈ ਫਾਊਂਟੇਨ ਸ਼ੋਅ ਦੀ ਕੋਈ ਟਿਕਟ ਨਹੀਂ ਹੈ। ਦੁਬਈ ਫਾਊਂਟੇਨ ਬੋਰਡਵਾਕ 'ਤੇ ਟੂਰਿਸਟ ਸੈਰ ਕਰਦੇ ਹੋਏ ਵੀ ਫਾਊਂਟੇਨ ਸ਼ੋਅ ਦਾ ਮਜ਼ਾ ਲਿਅ ਜਾ ਸਕਦਾ ਹੈ।
- ਕਿਹਾ ਜਾ ਸਕਦਾ ਹੈ ਕਿ ਦੁਬਈ ਫਾਊਂਟੇਨ ਸ਼ੋਅ ਕਦੇ ਨਾ ਭੁੱਲਣ ਵਾਲਾ ਅਨੁਭਵ ਦੇ ਕੇ ਜਾਂਦਾ ਹੈ।

# ਸਾਡੀ ਰੂਹ ਕੌਣ ਲੈ ਗਿਆ

ਹਾਲ ਹੀ ਵਿੱਚ ਕ੍ਰਿਕਟਰ ਆਰ. ਅਸ਼ਿਵਨ ਨੇ ਜਦੋਂ ਇਹ ਕਹਿ ਦਿੱਤਾ ਸੀ ਕਿ ਹਿੰਦੀ ਭਾਰਤ ਦੀ ਰਾਸ਼ਟਰ ਭਾਸ਼ਾ ਨਹੀਂ ਹੈ ਤਾਂ ਦੇਸ਼ ਵਿੱਚ ਤੂਫ਼ਾਨ ਖੜ੍ਹਾ ਹੋ ਗਿਆ ਸੀ। ਭਾਰਤੀ ਸੰਵਿਧਾਨ ਦੀ ਧਾਰਾ 343 ਤਹਿਤ ਦੇਵਨਾਗਰੀ ਲਿਪੀ ਵਿੱਚ ਲਿਖੀ ਜਾਂਦੀ ਹਿੰਦੀ ਨੂੰ ਕੇਂਦਰ ਅਤੇ ਸੂਬਿਆਂ ਵਿਚਕਾਰ ਸੰਚਾਰ ਦੇ ਮਾਧਿਅਮ ਵਜੋਂ ਇੱਕ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ ਨਾ ਕਿ ਰਾਸ਼ਟਰ ਭਾਸ਼ਾ ਵਜੋਂ। ਸਿਰਫ਼ ਹਿੰਦੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦੇਣ ਖ਼ਿਲਾਫ਼ ਦੱਖਣੀ ਸੂਬਿਆਂ ਅੰਦਰ ਰੋਸ ਮੁਜ਼ਾਹਰੇ ਹੋਣ ਤੋਂ ਬਾਅਦ ਅੰਗਰੇਜ਼ੀ ਨੂੰ ਇਸ ਸੂਚੀ ਵਿੱਚ ਦੂਜੀ ਸਰਕਾਰੀ ਭਾਸ਼ਾ ਵਜੋਂ ਸ਼ਾਮਿਲ ਕੀਤਾ ਗਿਆ ਸੀ। ਇਸ ਵਖਰੇਵੇਂ, ਜਿਸ ਨੂੰ ਅਮੂਮਨ ਗ਼ਲਤ ਢੰਗ ਨਾਲ ਸਮਝਿਆ ਜਾਂਦਾ ਰਿਹਾ ਹੈ, ਦੀਆਂ ਜੜ੍ਹਾਂ ਸੰਵਿਧਾਨ ਉੱਪਰ ਹੋਈਆਂ ਇਤਿਹਾਸਕ ਬਹਿਸਾਂ ਵਿੱਚ ਪਈਆਂ ਹਨ। ਪ੍ਰੋਫੈਸਰ ਪ੍ਰੀਤਮ ਸਿੰਘ ਨੇ ਭਾਰਤੀ ਸੰਵਿਧਾਨ ਉੱਪਰ ਆਪਣੇ ਕਾਰਜ ਵਿੱਚ ਵੇਰਵੇ ਦਿੱਤੇ ਹਨ ਕਿ ਕਿਵੇਂ 1949 ਵਿੱਚ ਇੱਕ ਹਿੰਦੂ ਸੰਨਿਆਸਣ ਨੇ ਹਿੰਦੀ ਨੂੰ ਰਾਸ਼ਟਰ ਭਾਸ਼ਾ ਦਾ ਦਰਜਾ ਦਿਵਾਉਣ ਅਤੇ ਇੰਡੀਆ ਦਾ ਨਾਂ 'ਭਾਰਤ' ਰੱਖਣ ਲਈ ਵਰਤ ਰੱਖਿਆ ਸੀ। ਭਾਵੇਂ ਹਿੰਦੀ ਨੂੰ ਰਾਸ਼ਟਰ ਭਾਸ਼ਾ ਦਾ ਦਰਜਾ ਕਦੇ ਵੀ ਨਾ ਮਿਲ ਸਕਿਆ, ਪਰ ਇਸ ਦੇ ਦਬਦਬੇ ਨੇ ਬਹੁਤ ਸਾਰੀਆਂ ਖੇਤਰੀ ਭਾਸ਼ਾਵਾਂ ਦੀ ਜੱਖਣਾ ਪੁੱਟ ਦਿੱਤੀ ਜਿਨ੍ਹਾਂ 'ਚ ਪੰਜਾਬੀ ਵੀ ਸ਼ਾਮਿਲ ਹੈ।

ਭਾਸ਼ਾ ਵਿਗਿਆਨੀ ਨੌਮ ਚੌਮਸਕੀ ਨੇ ਇਸ ਦੀ ਘੋਖ ਕੀਤੀ ਹੈ ਕਿ ਭਾਸ਼ਾਵਾਂ ਦਾ ਉਥਾਨ ਕਿੰਝ ਹੁੰਦਾ ਹੈ ਅਤੇ ਭਾਸ਼ਾਈ ਵਿਰਾਸਤਾਂ ਕਿਵੇਂ ਸਿਰਜੀਆਂ ਜਾਂਦੀਆਂ ਹਨ। ਹਾਲਾਂਕਿ ਉਨ੍ਹਾਂ ਦਾ ਧਿਆਨ ਯੂਰਪੀ ਭਾਸ਼ਾਵਾਂ 'ਤੇ ਕੇਂਦਰਿਤ ਸੀ ਪਰ ਉਨ੍ਹਾਂ ਦੀਆਂ ਲੱਭਤਾਂ ਦੀ ਗੂੰਜ ਉਪ ਮਹਾਦੀਪ ਵਿੱਚ ਵੀ ਸੁਣਾਈ ਦਿੰਦੀ ਹੈ ਜਿੱਥੇ ਸੱਤਾ ਨੂੰ ਗਤੀ ਦੇਣ ਵਾਲੇ ਕਾਰਕ ਭਾਸ਼ਾਈ ਧਾਰਨਾਵਾਂ ਨੂੰ ਘੜਦੇ ਹਨ। ਮਿਸਾਲ ਦੇ ਤੌਰ 'ਤੇ ਪਾਕਿਸਤਾਨ ਵਿੱਚ ਉਰਦੂ ਦੇ ਗ਼ਲਬੇ ਨੇ ਪੰਜਾਬੀ ਨੂੰ ਨੱਪ ਲਿਆ ਸੀ ਹਾਲਾਂਕਿ ਹੁਣ ਪੱਛਮੀ ਪੰਜਾਬ ਵਿੱਚ ਪੰਜਾਬੀ 'ਚ ਰੁਚੀ ਵਧ ਰਹੀ ਹੈ। ਪੂਰਬੀ ਪੰਜਾਬ ਵਿੱਚ ਭਾਵੇਂ 1966 ਤੋਂ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਮਿਲਿਆ ਹੋਇਆ ਹੈ ਪਰ ਫਿਰ ਵੀ ਵੱਡੇ ਸ਼ਹਿਰੀ ਖੇਤਰਾਂ ਵਿੱਚ ਹਿੰਦੀ ਦਾ ਪ੍ਰਭਾਵ ਵਧ ਰਿਹਾ ਹੈ। ਇਸ ਤੋਂ ਹੀ ਮੈਨੂੰ ਭਾਸ਼ਾ, ਸੱਭਿਆਚਾਰ ਅਤੇ ਸਮਾਜਿਕ ਨੁਹਾਰ ਦੀਆਂ ਤ੍ਰਿਵੇਣੀਆਂ ਦੀ ਤਲਾਸ਼ ਕਰਨ ਲਈ ਪ੍ਰੇਰਨਾ ਮਿਲੀ, ਜਿਸ ਨਾਲ ਪੰਜਾਬੀ ਦੀ ਅਹਿਮੀਅਤ ਪ੍ਰਤੀ ਮੇਰੀ ਸਮਝ ਪੁਖ਼ਤਾ ਹੋਈ।

ਪੰਜਾਬ ਨਾਲ ਮੇਰਾ ਨੇਹੁ ਉਦੋਂ ਹੋਰ ਗੂੜ੍ਹਾ ਹੁੰਦਾ ਚਲਿਆ ਗਿਆ ਜਦੋਂ ਮੈਂ ਇਹ ਜਾਣਿਆ ਕਿ ਕਿਵੇਂ ਭਾਸ਼ਾ ਸਾਨੂੰ ਆਪਣੀ ਪਛਾਣ, ਇਤਿਹਾਸ ਅਤੇ ਕਦਰਾਂ-ਕੀਮਤਾਂ ਨਾਲ ਜੋੜਦੀ ਹੈ। ਧਨਬਾਦ (ਝਾਰਖੰਡ) ਦੇ ਇੱਕ ਪੰਜਾਬੀ ਖੱਤਰੀ ਪਰਿਵਾਰ ਵਿੱਚ ਮੇਰਾ ਜਨਮ ਹੋਇਆ ਅਤੇ ਆਪਣੀ ਪੜ੍ਹਾਈ ਅਤੇ ਕੰਮ ਦਿੱਲੀ ਵਿੱਚ ਕੀਤਾ ਹੈ। ਮੈਂ ਅਕਸਰ ਰੋਜ਼ਮਰ੍ਹਾ ਜੀਵਨ ਵਿੱਚ ਹਿੰਦੀ ਦੇ ਦਬਦਬੇ ਦੇ ਬੋਝ ਅਤੇ ਪੰਜਾਬੀ ਨੂੰ ਹੌਲੀ-ਹੌਲੀ ਲੱਗ ਰਹੇ ਖੋਰੇ ਨੂੰ ਮਹਿਸੂਸ ਕੀਤਾ ਹੈ। ਪੰਜਾਬ ਵਿੱਚ ਵਸਦੇ ਮੇਰੇ ਬਹੁਤੇ ਰਿਸ਼ਤੇਦਾਰ ਪੰਜਾਬੀ ਦੀ ਬਜਾਏ ਹਿੰਦੀ ਬੋਲਣ ਨੂੰ ਤਰਜੀਹ ਦਿੰਦੇ ਹਨ। ਜ਼ੀਰਕਪੁਰ ਵਿੱਚ ਰਹਿੰਦੀ ਆਪਣੀ ਦਸ ਸਾਲ ਦੀ ਭਤੀਜੀ ਨੂੰ ਜਦੋਂ ਮੈਂ ਪੁੱਛਿਆ ਕਿ ਉਹ ਪੰਜਾਬੀ ਦੀ ਬਜਾਏ ਹਿੰਦੀ ਕਿਉਂ ਬੋਲਦੀ ਹੈ ਤਾਂ ਉਸ ਦਾ ਜਵਾਬ ਸੀ "ਕਿਉਂਕਿ ਮੈਂ ਇੰਡੀਅਨ ਹੂੰ"। ਇਸ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਨਵੀਂ ਪੀੜ੍ਹੀ ਹਿੰਦੀ ਨੂੰ ਰਾਸ਼ਟਰੀ ਪਛਾਣ ਨਾਲ ਜੋੜ ਕੇ ਵੇਖਦੀ ਹੈ ਤੇ ਪੰਜਾਬੀ ਨੂੰ ਕਿਵੇਂ ਵਿਸਾਰ ਰਹੀ ਹੈ।

ਸ਼ਹਿਰੀ ਪੰਜਾਬੀ ਹਿੰਦੂਆਂ ਅਤੇ ਕੁਝ ਸਿੱਖਾਂ ਅੰਦਰ ਪੰਜਾਬੀ ਤੋਂ ਬੇਮੁੱਖਤਾ ਬਹੁਤ ਤਿੱਖੇ ਰੂਪ ਵਿੱਚ ਨਜ਼ਰ ਆਉਂਦੀ ਹੈ। ਆਜ਼ਾਦੀ ਤੋਂ ਬਾਅਦ ਸ਼ਹਿਰੀ ਮੱਧਵਰਗੀ ਪੰਜਾਬੀਆਂ ਅੰਦਰ ਪੰਜਾਬੀ ਦੀ ਥਾਂ ਹਿੰਦੀ ਨੇ ਲੈਣੀ ਸ਼ੁਰੂ ਕਰ ਦਿੱਤੀ ਸੀ ਤੇ ਇਸ ਨੂੰ ਹਿੰਦੀ ਨਾਲ ਰਾਸ਼ਟਰਵਾਦ ਜੋੜੇ ਜਾਣ ਤੋਂ ਹੱਲਾਸ਼ੇਰੀ ਮਿਲਣ ਲੱਗੀ। ਮੇਰੀ ਮਾਂ (66 ਸਾਲ) ਜਿਸ ਨੇ ਲੁਧਿਆਣੇ ਵਿੱਚ ਪੜ੍ਹਾਈ ਕੀਤੀ ਸੀ, ਨੇ ਦੱਸਿਆ ਕਿ ਸਿਰਫ਼ ਇੱਕ ਸਾਲ ਪੰਜਾਬੀ ਦੀ ਪੜ੍ਹਾਈ ਕਰਵਾਈ ਜਾਂਦੀ ਸੀ ਜਦੋਂਕਿ ਹਿੰਦੀ ਦੀ ਪੜ੍ਹਾਈ ਪਹਿਲੀ ਤੋਂ ਹੀ ਲਾਜ਼ਮੀ ਕਰ ਦਿੱਤੀ ਜਾਂਦੀ ਸੀ। ਜ਼ੀਰਕਪੁਰ ਵਿੱਚ ਕੁਝ ਸਕੂਲਾਂ ਵਿੱਚ ਕਿੰਡਰਗਾਰਟਨ ਤੋਂ ਹੀ ਹਿੰਦੀ ਪੜ੍ਹਾਈ ਜਾਂਦੀ ਹੈ ਜਦੋਂਕਿ ਪੰਜਾਬੀ ਆਮ ਤੌਰ 'ਤੇ ਪੰਜਵੀਂ ਕਲਾਸ ਤੋਂ ਬਾਅਦ ਪੜ੍ਹਾਉਣੀ ਸ਼ੁਰੂ ਕੀਤੀ ਜਾਂਦੀ ਹੈ। ਮੇਰੀ ਭਤੀਜੀ ਦੇ ਸਕੂਲ ਵਿੱਚ ਇਉਂ ਹੀ ਹੈ, ਭਾਵੇਂ ਕੁਝ ਹੋਰ ਸਕੂਲਾਂ ਦੀਆਂ ਨੀਤੀਆਂ ਵਿੱਚ ਫ਼ਰਕ ਸੰਭਵ ਹੈ।



ਪੰਜਾਬੀ ਭਾਸ਼ਾ ਨੂੰ ਲੱਗ ਰਹੇ ਖੋਰੇ ਦੀ ਕਹਾਣੀ ਵਿਅਕਤੀਗਤ ਤਜਰਬਿਆਂ ਤੱਕ ਸੀਮਤ ਨਹੀਂ ਹੈ ਸਗੋਂ ਇਹ ਇਸ ਤੋਂ ਕਿਤੇ ਅਗਾਂਹ ਦਾ ਵਰਤਾਰਾ ਹੈ। ਆਮ ਦੇਖਣ ਵਿੱਚ ਆਉਂਦਾ ਹੈ ਕਿ ਸਕੂਲਾਂ ਵਿੱਚ ਕਿਵੇਂ ਵਿਦਿਆਰਥੀਆਂ ਦੇ ਮਨਾਂ ਅੰਦਰ ਉਨ੍ਹਾਂ ਦੀ ਮਾਤ ਭਾਸ਼ਾ (ਪੰਜਾਬੀ) ਬਾਰੇ ਹੀਣਤਾ ਭਰੀ ਜਾਂਦੀ ਹੈ। ਅੰਗਰੇਜ਼ੀ ਅਤੇ ਹਿੰਦੀ ਵਿੱਚ ਪ੍ਰਬੀਨਤਾ ਨੂੰ ਹੱਲਾਸ਼ੇਰੀ ਦੇਣ ਦੀ ਗੱਲ ਅਹਿਮ ਹੈ ਪਰ ਇਸ ਵਾਸਤੇ ਪੰਜਾਬੀ ਦੀ ਬਲੀ ਨਹੀਂ ਦਿੱਤੀ ਜਾਣੀ ਚਾਹੀਦੀ।

ਨਿਸ਼ਠਾ ਸੂਦ

ਵੰਡ ਅਤੇ ਭਾਸ਼ਾ ਦੀ ਸਿਆਸਤ ਨੇ ਪੰਜਾਬੀ ਨੂੰ ਬਹੁਤ ਖ਼ੋਰਾ ਲਾਇਆ। ਉਂਝ, ਸੱਭਿਆਚਾਰਕ ਰਹੁ-ਰੀਤਾਂ ਵਿੱਚ ਪੰਜਾਬੀ ਪਛਾਣ ਕੇਂਦਰੀ ਬਣੀ ਹੋਈ ਹੈ। ਵਿਆਹ ਜਿਹੇ ਖ਼ੁਸ਼ੀ ਦੇ ਮੌਕਿਆਂ 'ਤੇ ਸਾਡੇ ਰਿਸ਼ਤੇਦਾਰ, ਭਾਵੇਂ ਹਿੰਦੀ ਵਿੱਚ ਹੀ ਸਹੀ ਆਪਣੀ ਪੰਜਾਬੀ ਪਛਾਣ ਨੂੰ ਦਰਸਾਉਂਦੇ ਹਨ ਪਰ ਗਿੱਧਾ ਤੇ ਭੰਗੜਾ ਉਹ ਪੰਜਾਬੀ ਗਾਣਿਆਂ 'ਤੇ ਹੀ ਪਾਉਂਦੇ ਹਨ। ਫਿਰ ਇਹ ਸੱਭਿਆਚਾਰਕ ਮਾਣ ਉਨ੍ਹਾਂ ਦੇ ਨਿੱਤ ਦੇ ਕਾਰ-ਵਿਹਾਰ ਨਾਲ ਬਿਲਕੁਲ ਮੇਲ ਨਹੀਂ ਖਾਂਦਾ। ਵਿਆਹ ਦੇ ਸੱਦਾ ਪੱਤਰ ਹਿੰਦੀ ਵਿੱਚ ਛਪਵਾਏ ਜਾਂਦੇ ਹਨ ਅਤੇ ਗੱਲਬਾਤ ਵਿੱਚ ਕਦੇ ਕਦਾਈਂ ਹੀ ਪੰਜਾਬੀ ਸ਼ਬਦ ਆਉਂਦੇ ਹਨ। ਨਵੀਂ ਪੀੜ੍ਹੀ ਵਿੱਚ ਇਹ ਪਾੜ੍ਹਾ ਹੋਰ ਵਧ ਰਿਹਾ ਹੈ। ਮਹਾਨਗਰਾਂ ਵਿੱਚ ਰਹਿਣ ਵਾਲੇ ਪੰਜਾਬੀ ਆਪਣੇ ਬੱਚਿਆਂ ਨਾਲ ਬਹੁਤਾ ਹਿੰਦੀ ਵਿੱਚ ਹੀ ਗੱਲਬਾਤ ਕਰਦੇ ਹਨ ਅਤੇ ਇੰਝ ਉਨ੍ਹਾਂ ਦੇ ਘਰਾਂ 'ਚੋਂ ਮਾਤ ਭਾਸ਼ਾ ਮਨਫ਼ੀ ਹੋ ਰਹੀ ਹੈ। 62 ਸਾਲ ਦੇ ਮੇਰੇ ਇੱਕ ਰਿਸ਼ਤੇਦਾਰ ਦੀ 38 ਸਾਲਾ ਧੀ ਆਪਣੇ ਬੱਚਿਆਂ ਨਾਲ ਹਿੰਦੀ ਵਿੱਚ ਗੱਲ ਕਰਦੀ ਹੈ। ਮੇਰੇ ਦੋਵੇਂ ਭਤੀਜੇ ਪੰਜਾਬੀ ਵਿੱਚ ਗੱਲਬਾਤ ਕਰਨ ਤੋਂ ਅਸਮੱਰਥ ਹਨ। ਜਦੋਂ ਮੈਂ ਆਪਣੀ ਭਤੀਜੀ ਸਾਹਮਣੇ 'ਡੱਡੂ' ਸ਼ਬਦ ਬੋਲ ਬੈਠੀ ਤਾਂ ਉਸ ਨੇ ਪੁੱਛਿਆ "ਵਟ ਇਜ਼ ਡੱਡੂ ?"। ਆਖ਼ ?ਰ ਮੈਨੂੰ ਹਿੰਦੀ ਦਾ ਸ਼ਬਦ 'ਮੇਂਡਕ' ਵਰਤ ਕੇ ਉਸ ਨੂੰ 'ਡੱਡੂ' ਦਾ ਅਰਥ ਸਮਝਾਉਣਾ ਪਿਆ।

ਸਿਤਮਜ਼ਰੀਫ਼ੀ ਹੈ ਕਿ ਮੇਰੇ ਕੁਝ ਰਿਸ਼ਤੇਦਾਰ ਆਪਣੀ ਪੰਜਾਬੀ ਪਛਾਣ ਨੂੰ ਮਾਣ ਨਾਲ ਪ੍ਰਗਟ ਕਰਦੇ ਹਨ ਤੇ ਨਾਲ ਹੀ ਬਿਹਾਰ ਤੋਂ ਆਏ ਲੋਕਾਂ ਨੂੰ ਨੀਵਾਂ ਸਮਝਦੇ ਹਨ, 'ਬਿਹਾਰੀ' ਵਰਗੇ ਸ਼ਬਦ ਨੂੰ ਵੀ ਅਪਮਾਨਜਨਕ ਢੰਗ ਨਾਲ ਵਰਤਦੇ ਹਨ। ਫਿਰ ਵੀ ਆਪਣੀ ਭਾਸ਼ਾ ਨੂੰ ਅਪਣਾਉਣ ਲੱਗਿਆਂ ਝਿਜਕ ਮਹਿਸੂਸ ਕਰਦੇ ਹਨ। ਇਹ ਵਿਰੋਧਾਭਾਸ, ਪਛਾਣ ਘੜਨ 'ਚ ਭਾਸ਼ਾਈ ਵਰਗੀਕਰਨ ਤੇ ਸਮਾਜਿਕ ਰੀਤਾਂ ਦੇ ਪ੍ਰਭਾਵ ਨੂੰ ਦਰਸਾਉਂਦਾ ਹੈ।

ਕੁਲੀਨ ਵਰਗ ਦੀਆਂ ਭਾਸ਼ਾਈ ਤਰਜੀਹਾਂ ਇਸ ਵੰਡ ਨੂੰ ਹੋਰ ਗਹਿਰਾ ਕਰਦੀਆਂ ਹਨ। ਐੱਸਓਏਐੱਸ 'ਚ ਮੇਰੇ ਅਧਿਆਪਕ ਪ੍ਰੋਫੈਸਰ ਡੇਵ, ਦਲੀਲ ਦਿੰਦੇ ਹਨ ਕਿ ਕਿਸੇ ਭਾਸ਼ਾ ਦੀ ਹੋਂਦ ਕੁਲੀਨਾਂ ਵੱਲੋਂ ਇਸ ਨੂੰ ਅਪਨਾਉਣ 'ਤੇ ਨਿਰਭਰ ਕਰਦੀ ਹੈ। ਸ਼ਹਿਰੀ ਪੰਜਾਬ 'ਚ, ਜ਼ਿਆਦਾਤਰ ਕੁਲੀਨ ਵਰਗ ਪੰਜਾਬੀ ਨੂੰ ਪਹਿਲ ਨਹੀਂ ਦਿੰਦਾ। ਰੋਜ਼ਾਨਾ ਦੀ ਗੱਲਬਾਤ 'ਚ ਇਹ ਦਿਸਦਾ ਹੈ। ਇੱਕ ਵਾਰ ਚੰਡੀਗੜ੍ਹ ਦੇ ਕਿਸੇ ਮਹਿੰਗੇ ਕੈਫੇ ਵਿੱਚ, ਮੈਂ ਇੱਕ ਔਰਤ ਨੂੰ ਇਹ ਕਹਿੰਦਿਆਂ ਸੁਣਿਆ, "ਮੇਰੇ ਹਸਬੈਂਡ ਪੰਜਾਬੀ ਬੋਲਤੇ ਹੈਂ, ਪਰ ਮੈਂ ਹਿੰਦੀ ਬੋਲਤੀ ਹੂੰ, ਇਸੀ ਲੀਏ ਮੇਰੀ ਬੇਟੀ ਭੀ ਹਿੰਦੀ ਬੋਲਤੀ ਹੈ"। ਭਾਵੇਂ ਕੁਲੀਨਾਂ ਨੂੰ ਅਕਸਰ ਅੰਗਰੇਜ਼ੀ 'ਚ ਗੱਲਬਾਤ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਪਰ ਮੱਧਵਰਗ ਤੇ ਨਿਮਨ ਮੱਧਵਰਗ ਬਹੁਤਾ ਕਰ ਕੇ ਹਿੰਦੀ ਹੀ ਬੋਲਦਾ ਹੈ ਕਿਉਂਕਿ ਅੰਗਰੇਜ਼ੀ ਬੋਲਣੀ ਉਨ੍ਹਾਂ ਨੂੰ ਮੁਸ਼ਕਿਲ ਲੱਗਦੀ ਹੈ।

ਚੰਡੀਗੜ੍ਹ ਤੇ ਜ਼ੀਰਕਪੁਰ 'ਚ, ਜਾਪਦਾ ਹੈ ਕਿ ਗ਼ੈਰ-ਰਸਮੀ ਤੌਰ 'ਤੇ, ਰੱਜੇ-ਪੁੱਜੇ ਇਲਾਕਿਆਂ 'ਚ ਪੰਜਾਬੀ 'ਤੇ ਰੋਕ ਲੱਗੀ ਹੋਈ ਹੈ। ਇੱਥੇ ਜ਼ਿਕਰਯੋਗ ਹੈ ਕਿ ਮਾਲਵੇ ਤੇ ਮਾਝੇ ਵਿੱਚ ਹਿੰਦੀ ਦਾ ਓਨਾ ਬੋਲਬਾਲਾ ਨਹੀਂ ਹੈ ਜਿੰਨਾ ਦੋਆਬੇ 'ਚ ਮਹਿਸੂਸ ਹੁੰਦਾ ਹੈ। ਜਲੰਧਰ ਵਰਗੇ ਸ਼ਹਿਰਾਂ ਵਿੱਚ ਵੀ, ਇਹ ਦੇਖਿਆ ਗਿਆ ਹੈ ਕਿ ਆਮ ਤੌਰ 'ਤੇ ਮਾਵਾਂ ਆਪਣੇ ਬੱਚਿਆਂ ਨਾਲ ਹਿੰਦੀ ਬੋਲਦੀਆਂ ਹਨ।

ਜਿਹੜੀ ਚੀਜ਼ ਨਿਰਾਸ਼ਾਜਨਕ ਹੈ, ਉਹ ਹੈ ਭਾਸ਼ਾ ਤੇ ਅਮੀਰ ਵਿਰਾਸਤ ਦਾ ਨੁਕਸਾਨ ਹੋਣਾ ਤੇ ਮਿਟਦੇ ਜਾਣਾ। ਪੰਜਾਬੀ ਬੁੱਲ੍ਹੇ ਸ਼ਾਹ ਦੀ ਭਾਸ਼ਾ ਹੈ ਜਿਨ੍ਹਾਂ ਰੂਹਾਨੀ ਇਸ਼ਕ ਦਾ ਪਾਠ ਪੜ੍ਹਾਇਆ; ਇਹ ਹੀਰ ਨੂੰ ਅਮਰ ਕਰ ਦੇਣ ਵਾਲੇ ਵਾਰਿਸ ਸ਼ਾਹ ਦੀ ਭਾਸ਼ਾ ਹੈ ਜੋ ਆਪਣੇ ਸਮਿਆਂ ਦੀ ਉੱਘੀ ਨਾਰੀਵਾਦੀ ਹਸਤੀ ਸੀ; ਸੰਤ ਰਾਮ ਉਦਾਸੀ ਦੀ ਵੀ ਜਿਨ੍ਹਾਂ ਜਾਤ-ਪਾਤ ਦੇ ਵਰਗੀਕਰਨ ਨੂੰ ਲਲਕਾਰਿਆ; ਅਤੇ ਸ਼ਿਵ ਕੁਮਾਰ ਬਟਾਲਵੀ ਦੀ ਵੀ ਜੋ ਬੇਸ਼ੱਕ ਵੀਹਵੀਂ ਸਦੀ ਦੇ ਸਭ ਤੋਂ ਪ੍ਰਸਿੱਧ ਪੰਜਾਬੀ ਕਵੀ ਹਨ। ਫਿਰ ਵੀ ਬਹੁਤੇ ਪੰਜਾਬੀ ਇਸ ਅਮੀਰੀ ਦੀ ਕਦਰ ਪਾਉਣ 'ਚ ਨਾਕਾਮ ਰਹੇ ਹਨ। ਉਹ ਇੱਕ ਵਿਆਪਕ ਵਿਚਾਰਧਾਰਕ ਯੋਜਨਾ ਦੇ ਸ਼ਿਕਾਰ ਹਨ-ਜਿਸ ਨੂੰ ਮੈਂ 'ਹਿੰਦੀ-ਹਿੰਦੂ-ਹਿੰਦੂਤਵ' ਏਜੰਡੇ ਦਾ ਨਾਂ ਦਿਆਂਗੀ - ਜੋ ਭਾਰਤੀ ਹੋਣ ਨੂੰ ਹਿੰਦੀ ਨਾਲ ਜੋੜਦੀ ਹੈ ਜਦੋਂਕਿ ਬਾਕੀ ਖੇਤਰੀ ਭਾਸ਼ਾਵਾਂ ਨੂੰ ਨੀਵਾਂ ਦਿਖਾਉਂਦੀ ਹੈ।

ਅਖ਼ੀਰ 'ਚ ਮੈਂ ਖ਼ੁਦ ਲੋਪ ਹੋਣ ਕੰਢੇ ਪੁੱਜੀ ਅਵਾਰ ਭਾਸ਼ਾ 'ਚ ਲਿਖੇ ਰਸੂਲ ਹਮਜ਼ਾਤੋਵ ਦੇ ਨਾਵਲ ਦੀ ਇੱਕ ਗਹਿਰੀ ਸਤਰ ਦਾ ਜ਼ਿਕਰ ਕਰਨਾ ਚਾਹਾਂਗੀ: "ਜਦੋਂ ਲੋਕ ਆਪਣੀ ਭਾਸ਼ਾ ਨੂੰ ਵਿਸਾਰ ਦਿੰਦੇ ਹਨ ਤਾਂ ਉਹ ਆਪਣੀ ਰੂਹ ਵੀ ਗੁਆ ਬਹਿੰਦੇ ਹਨ।" ਆਪਣੇ ਰਿਸ਼ਤੇਦਾਰਾਂ ਨੂੰ ਅਜਿਹੀ ਜੜ੍ਹਹੀਣ ਜ਼ਿੰਦਗੀ ਜਿਊਂਦੇ ਦੇਖ ਮੇਰੇ ਮਨ 'ਚ ਉਨ੍ਹਾਂ ਪ੍ਰਤੀ ਤਰਸ, ਕ੍ਰੋਧ ਤੇ ਨਿਰਾਸ਼ਾ ਦੇ ਭਾਵ ਪੈਦਾ ਹੁੰਦੇ ਹਨ, ਭਾਵੇਂ ਮੈਂ ਸਮਝਦੀ ਹਾਂ ਕਿ ਉਹ ਇਸ ਖ਼ੋਰੇ ਦੇ ਹੀ ਸ਼ਿਕਾਰ ਹਨ। ਜੇ ਹਾਲਾਤ ਬਦਲ ਗਏ ਤਾਂ ਉਹ ਵੀ ਢਲ ਹੀ ਜਾਣਗੇ। ਹਾਲਾਂਕਿ, ਪੰਜਾਬੀ ਦੀ ਹੋਣੀ ਕੇਵਲ ਨੀਤੀਆਂ ਘੜਨ 'ਤੇ ਨਹੀਂ ਬਲਕਿ ਆਪਣੀ ਅਮੀਰ ਵਿਰਾਸਤ ਨੂੰ ਮੁੜ ਦਿਲੋਂ ਅਪਨਾਉਣ ਤੇ ਇਸ ਦਾ ਜਸ਼ਨ ਮਨਾਉਣ ਦੀ ਸਾਂਝੀ ਵਚਨਬੱਧਤਾ ਉੱਤੇ ਨਿਰਭਰ ਕਰਦੀ ਹੈ।

(ਲੇਖਕਾ ਲੰਡਨ ਯੂਨੀਵਰਸਿਟੀ ਦੇ ਸਕੂਲ ਆਫ ਓਰੀਐਂਟਲ ਐਂਡ ਅਫਰੀਕਨ ਸਟੱਡੀਜ਼ ਵਿੱਚ ਮੱਧ ਅਤੇ ਦੱਖਣੀ ਏਸ਼ੀਆ ਬਾਰੇ ਅਧਿਐਨ ਕਰ ਰਹੀ ਹੈ।)

# ਪਾਣੀ ਵਾਰ ਬੰਨੇ ਦੀਏ ਮਾਏ



ਰੀਤੀ ਰਿਵਾਜ ਅਤੇ ਰਸਮਾਂ ਕਿਸੇ ਵੀ ਸਮਾਜ ਦਾ ਸ਼ੀਸ਼ਾ ਹੁੰਦੀਆਂ ਹਨ। ਇਨ੍ਹਾਂ ਵਿੱਚੋਂ ਉਸ ਸਮੇਂ ਦੇ ਸਮਾਜ ਦੀ ਧਾਰਮਿਕ, ਆਰਥਿਕ ਅਤੇ ਸਮਾਜਿਕ ਹਾਲਤ ਦਾ ਵੀ ਪਤਾ ਲੱਗਦਾ ਹੈ ਅਤੇ ਲੋਕਾਂ ਦੀਆਂ ਲੋੜਾਂ, ਰੁਚੀਆਂ, ਡਰ, ਝੁਕਾਅ, ਪਸੰਦ ਅਤੇ ਨਾ ਪਸੰਦ ਦਾ ਵੀ ਗਿਆਨ ਹੁੰਦਾ ਹੈ। ਪੰਜਾਬੀ ਲੋਕਧਾਰਾ ਵਿੱਚ ਅਸੀਂ ਜਨਮ ਤੋਂ ਮਰਨ ਤੱਕ ਬੇਅੰਤ ਕਿਸਮ ਦੇ ਰੀਤੀ ਰਿਵਾਜਾਂ ਬਾਰੇ ਪੜ੍ਹਦੇ ਸੁਣਦੇ ਹਾਂ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਰੀਤੀ ਰਿਵਾਜ ਕੁਝ ਉਸੇ ਰੂਪ ਵਿੱਚ ਤੇ ਕੁਝ ਰੂਪ ਵਟਾ ਕੇ ਅੱਜ ਵੀ ਪ੍ਰਚੱਲਿਤ ਹਨ ਕਿਉਂਕਿ ਇਹ ਰਿਵਾਜ ਆਪਣੇ ਸਮੇਂ ਦੀਆਂ ਲੋੜਾਂ ਅਤੇ ਬਿਰਤੀਆਂ ਵਿੱਚੋਂ ਪੈਦਾ ਹੋਏ ਹੁੰਦੇ ਹਨ।

ਲੜਕੇ ਦੇ ਵਿਆਹ ਨਾਲ ਸਬੰਧਿਤ ਬਹੁਤ ਸਾਰੀਆਂ ਪ੍ਰਚੱਲਿਤ ਰਸਮਾਂ ਵਿੱਚੋਂ ਇੱਕ ਰਸਮ ਹੈ - ਪਾਣੀ ਵਾਰਨਾ। ਇਹ ਰਸਮ ਉਦੋਂ ਕੀਤੀ ਜਾਂਦੀ ਹੈ ਜਦੋਂ ਲਾੜਾ ਵਿਆਹ ਕਰਵਾ ਕੇ ਡੋਲੀ ਲੈ ਕੇ ਘਰ ਆਉਂਦਾ ਹੈ। ਉਸ ਸਮੇਂ ਲੜਕੇ ਦੀ ਮਾਂ ਨਵ ਵਿਆਹੀ ਜੋੜੀ ਦੇ ਸਿਰ ਉੱਪਰੋਂ ਪਾਣੀ ਵਾਰ ਕੇ ਪੀਂਦੀ ਹੈ। ਇੱਕ ਗੜਵੀ ਵਿੱਚ ਮਿੱਠਾ ਪਾਣੀ ਤਿਆਰ ਕੀਤਾ ਜਾਂਦਾ ਹੈ। ਪਿੱਪਲ ਦੀ ਪੰਜ, ਸੱਤ ਜਾਂ ਨੌਂ ਪੱਤਿਆਂ ਵਾਲੀ ਇੱਕ ਟਾਹਣੀ, ਇਸ ਵਿੱਚ ਰੱਖੀ ਜਾਂਦੀ ਹੈ। ਨਾਲ ਹੀ ਦੁੱਧ ਰਿੜਕਣ ਵਾਲੀ ਮਧਾਣੀ ਦੀ ਨੇਤੀ ਲਈ ਜਾਂਦੀ ਹੈ। ਇੱਕ ਥਾਲੀ ਵਿੱਚ ਤਿੰਨੇ ਵਸਤਾਂ ਯਾਨੀ ਮਿੱਠੇ ਪਾਣੀ ਵਾਲੀ ਗੜਵੀ, ਪਿੱਪਲ ਦੀ ਟਾਹਣੀ ਅਤੇ ਨੇਤੀ ਰੱਖੀ ਜਾਂਦੀ ਹੈ। ਥਾਲੀ ਲਾਗਣ ਨੂੰ ਫੜਾਈ ਜਾਂਦੀ ਹੈ। ਲਾੜਾ ਲਾੜੀ ਚੌਂਕੀ 'ਤੇ ਚੜ੍ਹਦੇ ਵੱਲ ਨੂੰ ਮੂੰਹ ਕਰਕੇ ਖੜ੍ਹੇ ਹੁੰਦੇ ਹਨ। ਲਾੜੇ ਦੀ ਮਾਂ ਜੋੜੀ ਦੇ ਸਿਰ ਦੁਆਲੇ ਪਿੱਪਲ ਦੀ ਟਾਹਣੀ ਅਤੇ ਨੇਤੀ ਨੂੰ ਘੁੰਮਾਉਂਦੀ ਹੈ ਅਤੇ ਫਿਰ ਗੜਵੀ ਨੂੰ ਜੋੜੀ ਦੇ ਸਿਰ ਉੱਪਰੋਂ ਘੁਮਾ ਕੇ ਪਾਣੀ ਪੀਣ ਲੱਗਦੀ ਹੈ। ਕਈ ਵਾਰ ਨੇਤੀ ਗੜਵੀ ਦੇ ਮੂੰਹ ਨੂੰ ਬੰਨ੍ਹ ਲਈ ਜਾਂਦੀ ਹੈ ਅਤੇ ਪਿੱਪਲ ਵਾਲੀ ਟਾਹਣੀ ਵੀ ਗੜਵੀ ਵਿੱਚ ਹੀ ਰੱਖ ਲਈ ਜਾਂਦੀ ਹੈ। ਮਾਂ ਜਦੋਂ ਪਾਣੀ ਪੀਣ ਲੱਗਦੀ ਹੈ ਤਾਂ ਮੁੰਡਾ ਆਪਣੀ ਮਾਂ ਨੂੰ ਹੋਰ ਪਾਣੀ ਪੀਣ ਤੋਂ ਰੋਕਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿੱਚ ਲਿਖਦੇ ਹਨ, "ਸਿਰ ਉੱਪਰ ਦੀ ਪਾਣੀ ਫੇਰ ਕੇ ਪੀਣਾ। ਭਾਵ ਇਸ ਦਾ ਇਹ ਹੁੰਦਾ ਹੈ ਕਿ ਪਾਣੀ ਵਾਰਨ ਵਾਲਾ ਆਪਣੇ ਪਿਆਰੇ ਸਬੰਧੀ ਪੁਰ ਆਉਣ ਵਾਲੀ ਬਿਪਤਾ ਨੂੰ ਆਪ ਗ੍ਰਹਿਣ ਕਰਨ ਦਾ ਭਾਵ ਪ੍ਰਗਟ ਕਰਦਾ ਹੈ।"

ਸਪੱਸ਼ਟ ਹੈ ਕਿ ਨਵੀਂ ਬਹੂ ਦਾ ਸਵਾਗਤ ਕਰਨ ਦੇ ਨਾਲ ਨਾਲ ਮਾਂ ਵੱਲੋਂ ਆਪਣੇ ਪੁੱਤ ਅਤੇ ਨੂੰਹ ਦੀਆਂ ਬਲਾਵਾਂ ਆਪਣੇ ਸਿਰ ਲੈਣ ਦੀ ਭਾਵਨਾ ਵਿਅਕਤ ਕੀਤੀ ਜਾਂਦੀ ਹੈ ਅਤੇ ਇਹੀ ਕਾਰਨ ਹੈ ਕਿ ਪੁੱਤਰ ਅਤੇ ਨੂੰਹ ਵੱਲੋਂ ਪਾਣੀ ਪੀ ਰਹੀ ਮਾਂ ਨੂੰ ਵਿੱਚੋਂ ਪਾਣੀ ਪੀਣ ਤੋਂ ਰੋਕਿਆ ਵੀ ਜਾਂਦਾ ਹੈ। ਭਾਵ ਇਹ ਕਿ ਪੁੱਤਰ ਅਤੇ ਨੂੰਹ ਨਹੀਂ ਚਾਹੁੰਦੇ ਕਿ ਉਨ੍ਹਾਂ 'ਤੇ ਆਈ ਹਰ ਬਿਪਤਾ ਮਾਂ ਹੀ ਝੱਲੇ। ਉਹ ਆਪ ਹਰ ਚੰਗੇ ਮਾੜੇ ਸਮੇਂ ਦਾ ਮਿਲਜੁਲ ਕੇ ਸਾਹਮਣਾ ਕਰਨਗੇ, ਇੱਕਲੀ ਮਾਂ ਹੀ ਕਿਉਂ?

ਗੁਰੂ ਨਾਨਕ ਦੇਵ ਜੀ ਆਸਾ ਰਾਗ ਵਿੱਚ 'ਜਿਨ ਸਿਰਿ ਸੋਹਨਿ ਪਟੀਆ' ਵਾਲੇ ਸ਼ਬਦ ਵਿੱਚ ਇਸ ਰਸਮ ਦਾ ਜ਼ਿਕਰ ਕਰਦੇ ਹਨ;

**ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥**
**ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥**
**ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥**

ਇਸ ਸ਼ਬਦ ਵਿੱਚ ਪਹਿਲਾਂ ਉਹ ਹੁਸਨ ਅਤੇ ਜਵਾਨੀ ਨੂੰ ਸੰਸਾਰ ਵਿੱਚ ਮਿਲਦੇ ਹੋਏ ਮਾਣ ਦਾ ਜ਼ਿਕਰ ਕਰਦੇ ਹਨ। ਜਦੋਂ ਇਹ ਸੁੰਦਰ ਇਸਤਰੀਆਂ ਵਿਆਹ ਕਰਵਾ ਕੇ ਡੋਲੀ ਚੜ੍ਹ ਕੇ ਆਈਆਂ ਸਨ ਤਾਂ ਉਨ੍ਹਾਂ ਦੇ ਕਿੰਨੇ ਚਾਅ ਕੀਤੇ ਗਏ ਸਨ। ਕਿੰਨਾ ਮਾਣ ਸਤਿਕਾਰ ਦਿੱਤਾ ਗਿਆ ਸੀ, ਉਨ੍ਹਾਂ ਦੇ ਸਿਰਾਂ ਤੋਂ ਪਾਣੀ ਵੀ ਵਾਰਿਆ ਗਿਆ ਸੀ ਅਤੇ ਝਲਮਲ ਝਲਮਲ ਕਰਦੇ ਪੱਖੇ ਐਨ ਉਨ੍ਹਾਂ ਉੱਤੇ ਫੇਰੇ ਜਾਂਦੇ ਸਨ, ਪਰ ਬਾਬਰ ਦੇ ਹਮਲੇ ਕਾਰਨ ਉਨ੍ਹਾਂ ਦੇ ਗਲ਼ਾਂ ਦੁਆਲੇ ਰੱਸੇ ਪਾਏ ਗਏ ਸਨ ਅਤੇ ਉਨ੍ਹਾਂ ਦੀਆਂ ਮੋਤੀਆਂ ਦੀਆਂ ਲੜੀਆਂ ਟੁੱਟ ਗਈਆਂ ਸਨ। ਉਨ੍ਹਾਂ ਦਾ ਧਨ ਅਤੇ ਜੋਬਨ ਹੀ ਉਨ੍ਹਾਂ ਦਾ ਦੁਸ਼ਮਣ ਬਣ ਗਿਆ ਸੀ।

ਵਹੁਟੀ ਦੇ ਘਰ ਦਾਖਲੇ ਸਮੇਂ ਉਸ ਦਾ ਸਵਾਗਤ ਗੀਤਾਂ ਰਾਹੀਂ ਕੀਤਾ ਜਾਂਦਾ ਹੈ। ਲੰਮੀ ਲੈਅ ਉੱਠਦੀ ਹੈ;

**ਉਤਰ ਭਾਬੋ ਡੋਲਿਓਂ ਤੂੰ ਦੇਖ ਸਹੁਰੇ ਦਾ ਬਾਰ।**
**ਕੰਧਾਂ ਚਿੱਟ ਮਚਿੱਟੀਆਂ ਕੋਈ ਕਲੀ ਚਮਕਦਾ ਬਾਰ।**

ਫਿਰ ਪਾਣੀ ਵਾਰਨ ਦੀ ਰਸਮ ਪੂਰੀ ਕੀਤੀ ਜਾਂਦੀ ਹੈ ਤਾਂ ਲਾੜੇ ਦੀਆਂ ਭੈਣਾਂ, ਭੂਆਂ ਆਦਿ ਮਿਲ

**ਜਸਵਿੰਦਰ ਸਿੰਘ ਰੁਪਾਲ**

ਕੇ ਗੀਤ ਗਾਉਂਦੀਆਂ ਹਨ;

**ਪਾਣੀ ਵਾਰ ਬੰਨੇ ਦੀਏ ਮਾਏ**
**ਬੰਨਾ ਬੰਨੀ ਬਾਹਰ ਖੜ੍ਹੇ।**
**ਸੁੱਖਾਂ ਸੁੱਖਦੀ ਨੂੰ ਇਹ ਦਿਨ ਆਏ**
**ਬੰਨਾ ਬੰਨੀ ਬਾਹਰ ਖੜ੍ਹੇ।**

***

**ਅਰਸ਼ਾਂ ਤੋਂ ਬਣ ਕੇ ਜੋੜੀ**
**ਹੈ ਆਈ**
**ਸਾਕ ਸਬੰਧੀ ਤੈਨੂੰ ਦੇਣ**
**ਨੀ ਵਧਾਈ**
**ਤੈਨੂੰ ਭਾਗ ਨੇ ਸਤਿਗੁਰ**
**ਨੇ ਲਾਏ**
**ਬੰਨਾ ਬੰਨੀ ਬਾਹਰ ਖੜ੍ਹੇ।**
**ਪਾਣੀ ਵਾਰ ਬੰਨੇ ਦੀਏ**
**ਮਾਏ**
**ਬੰਨਾ ਬੰਨੀ ਬਾਹਰ ਖੜ੍ਹੇ।**

***

**ਲਾਵਾਂ ਦੋਹਾਂ ਦੇ ਮੂੰਹ ਨੂੰ**
**ਮੈਂ ਚੂਰੀ।**
**ਦਿਲ ਵਾਲੀ ਰੀਝ ਕੀਤੀ**
**ਰੱਬ ਜੀ ਨੇ ਪੂਰੀ।**
**ਦਿਨ ਸਾਰਿਆਂ ਨੂੰ ਰੱਬ ਇਹ ਦਿਖਾਏ**
**ਬੰਨਾ ਬੰਨੀ ਬਾਹਰ ਖੜ੍ਹੇ।**
**ਪਾਣੀ ਵਾਰ ਬੰਨੇ ਦੀਏ ਮਾਏ**
**ਬੰਨਾ ਬੰਨੀ ਬਾਹਰ ਖੜ੍ਹੇ।**

ਪਾਣੀ ਵਾਰਨ ਦੀ ਰਸਮ ਪਿੱਛੋਂ ਲਾੜਾ ਅਤੇ ਲਾੜੀ ਆਪਣੀ ਮਾਂ/ ਸੱਸ ਦੇ ਪੈਰੀਂ ਹੱਥ ਲਗਾਉਂਦੇ ਹਨ ਅਤੇ ਉਹ ਸਿਰ ਪਲੋਸ ਕੇ ਘੁੱਟ ਕੇ ਗਲਵੱਕੜੀ ਵਿੱਚ ਲੈ ਕੇ ਪਿਆਰ ਦਿੰਦੀ ਹੈ ਅਤੇ ਬੇਸ਼ੁਮਾਰ ਅਸੀਸਾਂ ਵੀ ਦਿੰਦੀ ਹੈ। ਜੇਕਰ ਲਾੜਾ ਪੈਰੀਂ ਹੱਥ ਲਗਾਉਣ ਵਿੱਚ ਜ਼ਰਾ ਵੀ ਦੇਰ ਕਰ ਦੇਵੇ ਤਾਂ ਉਸ ਦੀਆਂ ਭੈਣਾਂ ਗੀਤਾਂ ਰਾਹੀਂ ਵਿਅੰਗਮਈ ਟਕੋਰ ਕਰਦੀਆਂ ਹਨ;

**ਅੰਦਰ ਲਿੱਪਾਂ ਬਾਹਰ ਲਿੱਪਾਂ**
**ਵਿਹੜੇ ਕਰਾਂ ਛਿੜਕਾਅ।**
**ਤੈਨੂੰ ਮੱਥਾ ਟੇਕਣਾ ਭੁੱਲ ਗਿਆ**
**ਵੇ ਤੈਨੂੰ ਨਵੀਂ ਬੰਨੋ ਦਾ ਚਾਅ।**

ਭੈਣਾਂ ਹੋਰ ਗੀਤਾਂ ਰਾਹੀਂ ਕੁਝ ਮਜ਼ਾਕ ਵੀ ਕਰਦੀਆਂ ਹਨ;

**ਅੱਠ ਛੰਨੇ ਨੌਂ ਥਾਲੀਆਂ,**
**ਵੀਰਾ ਨਾਲ ਨਾ ਲਿਆਇਆ ਸਾਲੀਆਂ।**

ਉਹ ਫਿਰ ਵੀਰ ਵੱਲੋਂ ਵੀ ਆਪ ਹੀ ਜਵਾਬ ਦਿੰਦੀਆਂ ਹਨ;

**ਅੱਠ ਛੰਨੇ ਨੌਂ ਥਾਲੀਆਂ,**
**ਭੈਣੇ ਸਾਲੀਆਂ ਖਸਮਾਂ ਵਾਲੀਆਂ।**

ਅਜੋਕੇ ਸਮੇਂ ਵਿੱਚ ਇਨ੍ਹਾਂ ਰਸਮਾਂ ਦੀ ਮਹੱਤਤਾ ਬੇਸ਼ੱਕ ਸਭ ਨਹੀਂ ਜਾਣਦੇ ਹੁੰਦੇ, ਪਰ ਇਨ੍ਹਾਂ ਰਸਮਾਂ ਦੀ ਪੂਰਤੀ ਕਰਨਾ ਹਰ ਵਰਗ ਦੇ ਲੋਕ ਜ਼ਰੂਰੀ ਮੰਨਦੇ ਹਨ। ਮੰਡੀ ਦੇ ਦੌਰ ਵਿੱਚ ਅਤੇ ਮੂਵੀ ਦੀ ਚਕਾਚੌਂਧ ਕਾਰਨ ਇਹ ਚੀਜ਼ਾਂ ਵੀ ਵਪਾਰਕ ਹੋ ਗਈਆਂ ਹਨ। ਚੌਂਕੀ ਬਣੀ ਬਣਾਈ ਮਿਲਣ ਲੱਗ ਪਈ ਹੈ। ਪਾਣੀ ਵਾਰਨ ਵਾਲੀ ਗੜਵੀ ਆਦਿ ਵੀ ਮੁੱਲ ਮਿਲਦੀ ਹੈ ਕਿਉਂਕਿ ਅਜੋਕੀ ਪੀੜ੍ਹੀ ਨੂੰ ਸਬੰਧਿਤ ਗੀਤ ਆਦਿ ਵੀ ਨਹੀਂ ਯਾਦ ਹੁੰਦੇ।

ਇਸ ਘਾਟ ਨੂੰ ਪੂਰਾ ਕਰਨ ਲਈ ਵੀ ਮਲਵਈ ਗਿੱਧੇ ਦੀਆਂ ਕੁਸ਼ਲ ਟੀਮਾਂ ਮਿਲ ਜਾਂਦੀਆਂ ਹਨ, ਜਿਹੜੀਆਂ ਇਨ੍ਹਾਂ ਰਸਮਾਂ ਨਾਲ ਸਬੰਧਿਤ ਗੀਤ ਆਦਿ ਪੁਰਾਣੇ ਲੋਕ-ਸਾਜ਼ਾਂ ਨਾਲ ਗਾ ਕੇ ਰੰਗ ਬੰਨ੍ਹ ਦਿੰਦੀਆਂ ਹਨ। ਭਾਵੇਂ ਅੱਜ ਸਭ ਕੁਝ ਮਾਇਆ ਖ਼ਰਚ ਕੇ ਖਰੀਦਿਆ ਅਤੇ ਪੇਸ਼ ਕੀਤਾ ਜਾ ਰਿਹਾ ਹੈ, ਪਰ ਉਨ੍ਹਾਂ ਰਸਮਾਂ ਨੂੰ ਜਿਊਂਦੇ ਰੱਖਣਾ, ਉਨ੍ਹਾਂ ਭਾਵਨਾਵਾਂ ਨੂੰ ਹੰਢਾਉਣਾ ਆਪਣੇ ਅਮੀਰ ਸੱਭਿਆਚਾਰ ਦੀ ਬੜੀ ਵੱਡੀ ਸੇਵਾ ਹੈ ਅਤੇ ਪੰਜਾਬੀ ਇਸ ਕੰਮ ਨੂੰ ਬਹੁਤ ਖ਼ੂਬਸੂਰਤ ਤਰੀਕੇ ਨਾਲ ਕਰ ਰਹੇ ਹਨ।


CJ Singh
Broker License # 24012019
206-295-5993
Cjs@realtorcjs.com
HOMESMART
ONE REALTY





Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
HomeSmart One Realty
16329 Cascadian Way
Bothell, WA 98012
Each brokerage independently owned and operated

SINGHS TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ
ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast
Ph:- 01886-502532
Mob:- 94634-04595

# ਦਸ ਸਾਲਾਂ ’ਚ ਧੀਆਂ ਦਾ ਹਾਲ



ਬੇਟੀ ਬਚਾਓ, ਬੇਟੀ ਪੜ੍ਹਾਓ ਮੁਹਿੰਮ ਦੇ ਦਸ ਸਾਲ ਪੂਰੇ ਹੋਣ ’ਤੇ ਆਦਰਸ਼ ਬਾਲ ਲਿੰਗ ਅਨੁਪਾਤ ਵੱਲ ਸੇਧਿਤ ਇਸ ਪ੍ਰੋਗਰਾਮ ਦਾ ਲੇਖਾ-ਜੋਖਾ ਕਰਨਾ ਬਣਦਾ ਹੈ ਕਿ ਇਸ ਨਾਲ ਲੜਕੀਆਂ ਕਿੰਨੀਆਂ ਕੁ ਸਮਰੱਥ ਬਣੀਆਂ ਹਨ ਅਤੇ ਇਨ੍ਹਾਂ ਦੀ ਸਿੱਖਿਆ ਵਿੱਚ ਕਿੰਨਾ ਕੁ ਸੁਧਾਰ ਹੋਇਆ ਹੈ। ‘ਬੇਟੀ ਬਚਾਓ ਬੇਟੀ ਪੜ੍ਹਾਓ’ ਪ੍ਰੋਗਰਾਮ ਦੀ ਦਸਵੀਂ ਵਰ੍ਹੇਗੰਢ ਮੌਕੇ ਜਾਰੀ ਸਰਕਾਰੀ ਬਿਆਨ ਅਨੁਸਾਰ ਜਨਮ ਸਮੇਂ ਲਿੰਗਕ ਅਨੁਪਾਤ 918 (2014-15) ਤੋਂ ਸੁਧਰ ਕੇ (2023-24) ਵਿੱਚ 930 ਹੋ ਗਿਆ। ਇਸੇ ਅਰਸੇ ਦੌਰਾਨ ਸੈਕੰਡਰੀ ਸਿੱਖਿਆ ਵਿੱਚ ਲੜਕੀਆਂ ਦਾ ਦਾਖ਼ਲਾ 75.5% ਤੋਂ ਵਧ ਕੇ 78% ਹੋ ਗਿਆ। ਇਨ੍ਹਾਂ ਤੋਂ ਇਲਾਵਾ ਔਰਤਾਂ ਨੂੰ ਹੁਨਰਮੰਦ ਸਿਖਲਾਈ, ਆਰਥਿਕ ਪਹਿਲਕਦਮੀਆਂ ਅਤੇ ਵਿਆਪਕ ਸਮੁਦਾਇਕ ਵਾਬਸਤਗੀ ਰਾਹੀਂ ਸਮਰੱਥ ਬਣਾਇਆ ਗਿਆ।

ਇਹ ਪ੍ਰਾਪਤੀਆਂ ਸ਼ਲਾਘਾਯੋਗ ਹਨ ਪਰ ਔਰਤਾਂ ਦੀ ਜ਼ਿੰਦਗੀ ਵਿੱਚ ਆਏ ਚੰਗੇ ਜਾਂ ਮਾੜੇ ਬਦਲਾਓ ਨੂੰ ਸਮਝਣ ਲਈ ਇਨ੍ਹਾਂ ਪੈਮਾਨਿਆਂ ਤੋਂ ਪਰੇ ਜਾਣਾ ਪਵੇਗਾ। ਤੁਲਨਾ ਲਈ ਅੰਕੜਿਆਂ ਦੀ ਲੋੜ ਪੈਂਦੀ ਹੈ ਅਤੇ ਭਾਰਤ ਵੱਖ-ਵੱਖ ਸਰਵੇਖਣਾਂ ਤੇ ਡੇਟਾ ਆਧਾਰਾਂ ’ਤੇ ਟੇਕ ਰੱਖਦਾ ਹੈ। ਇਨ੍ਹਾਂ ਵਿੱਚ ਸਿਵਲ ਰਜਿਸਟ੍ਰੇਸ਼ਨ ਪ੍ਰਣਾਲੀ (ਸਾਲਾਨਾ) ਅਤੇ ਕੌਮੀ ਪਰਿਵਾਰ ਸਿਹਤ ਸਰਵੇਖਣ (ਐੱਨਐੱਫਐੱਚਐੱਸ) ਸ਼ਾਮਿਲ ਹਨ। ਐੱਨਐੱਫਐੱਚਐੱਸ ਸਰਵੇਖਣ 2015-16 ਅਤੇ 2019-21 ਵਡੇਰੇ ਮੁੱਦਿਆਂ ਦੇ ਤੁਲਨਾਤਮਿਕ ਅਧਿਐਨ ਅਤੇ ਟੀਕਾ ਟਿੱਪਣੀ ਕਰਨ ਲਈ ਸਭ ਤੋਂ ਵੱਧ ਭਰੋਸੇਮੰਦ ਸਰੋਤ ਹਨ ਕਿਉਂ ਜੋ ਇਹ ਜਾਣਕਾਰੀ ਦਾ ਅਮੀਰ ਸਰੋਤ ਮੁਹੱਈਆ ਕਰਾਉਂਦੇ ਹਨ। ਸਾਰੇ ਅੰਕੜੇ ਆਉਣ ਤੋਂ ਬਾਅਦ ਔਰਤਾਂ ਦੀ ਤਰੱਕੀ ਦਾ ਸਹੀ ਪੈਮਾਨਾ ਇਹ ਹੁੰਦਾ ਹੈ ਕਿ ਸਮਾਜ ਵਿੱਚ ਔਰਤਾਂ ਦਾ ਦਰਜਾ ਕੀ ਹੈ।

ਇਸ ਦੀ ਪੈਮਾਇਸ਼ ਕਰਦਿਆਂ ਕੁਝ ਚੀਜ਼ਾਂ ਹੋਰਨਾਂ ਦੇ ਮੁਕਾਬਲੇ ਜ਼ਿਆਦਾ ਮਾਇਨੇ ਰੱਖਦੀਆਂ ਹਨ। ਇਨ੍ਹਾਂ ਅਹਿਮ ਨਿਰਧਾਰਕਾਂ ’ਚੋਂ ਇੱਕ ਇਹ ਹੈ ਕਿ ਵਿਆਹ ਸਮੇਂ ਉਸ ਦੀ ਉਮਰ ਕਿੰਨੀ ਹੁੰਦੀ ਹੈ। ਇਹ ਇਸ ਲਈ ਹੁੰਦਾ ਕਿਉਂਕਿ ਗਰਭ ਧਾਰਨ ਕਰਨ ਅਤੇ ਬੱਚੇ ਨੂੰ ਪਾਲਣ ਲਈ ਲੜਕੀ ਦੀ ਸਿਹਤ ਅਤੇ ਸਮਝਦਾਰੀ ਦਾ ਪੀੜ੍ਹੀ ਦੀ ਸਿਹਤ ਉੱਪਰ ਅਸਰ ਪੈਂਦਾ ਹੈ।

ਬੇਟੀ ਬਚਾਓ ਬੇਟੀ ਪੜ੍ਹਾਓ ’ਚੋਂ ਪਹਿਲਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਲੜਕੀਆਂ ਦੇ ਵਿਆਹ ਦੀ ਉਮਰ ਉੱਪਰ ਵੱਲ ਗਈ ਹੈ ਅਤੇ ਕੀ ਨਾਬਾਲਗ ਲੜਕੀਆਂ ਦੇ ਗਰਭ ਧਾਰਨ ਕਰਨ ਵਿੱਚ ਕਮੀ ਆਈ ਹੈ? ਜਿਹੜੀਆਂ ਲੜਕੀਆਂ ਘੱਟ ਉਮਰ ਵਿੱਚ ਵਿਆਹ ਦਿੱਤੀਆਂ ਜਾਂਦੀਆਂ ਹਨ, ਉਹ ਸਮਾਜਿਕ ਤੌਰ ’ਤੇ ਅਲੱਗ-ਥਲੱਗ ਹੋ ਕੇ ਰਹਿ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਸਿੱਖਿਆ ਦੇ ਫ਼ਲ ਹਾਸਿਲ ਕਰਨ ਤੋਂ ਵਾਂਝੇ ਕਰ ਦਿੱਤਾ ਜਾਂਦਾ ਹੈ। ਬਾਲ ਵਿਆਹ ਰੋਕਥਾਮ ਐਕਟ-2006 ਦੇ ਬਾਵਜੂਦ ਅਜੇ ਵੀ ਬਾਲ ਵਿਆਹਾਂ ਦੀ ਪ੍ਰਥਾ ਵੱਡੇ ਪੱਧਰ ’ਤੇ ਚੱਲ ਰਹੀ ਹੈ। ਐੱਨਐੱਫਐੱਚਐੱਸ ਦੇ ਅੰਕੜਿਆਂ ਵਿੱਚ ਬਾਲ ਵਿਆਹਾਂ ’ਚ ਕਮੀ ਦਾ ਖੁਲਾਸਾ ਹੋਇਆ ਪਰ ਅਜੇ ਵੀ ਇਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਬਾਲ ਵਿਆਹ 2005-06 ਵਿੱਚ 47% ਤੋਂ ਘਟ ਕੇ ਅਗਲੇ ਦਸ

**ਸ਼ੈਲਜਾ ਚੰਦਰਾ**

ਸਾਲਾਂ ਵਿੱਚ 26% ’ਤੇ ਆ ਗਏ ਸਨ; ਇਸ ਤੋਂ ਅਗਲੇ ਪੰਜ ਸਾਲਾਂ ਵਿੱਚ ਇਹ ਹੋਰ ਘਟ ਕੇ 23% ਰਹਿ ਗਏ। ਦੇਸ਼ ਦੀ ਆਬਾਦੀ ਦੇ ਆਕਾਰ ਨੂੰ ਦੇਖਦਿਆਂ 23% ਦਾ ਅੰਕੜਾ ਕਾਫ਼ੀ ਜ਼ਿਆਦਾ ਹੈ।

ਇਹ ਠੀਕ ਹੈ ਕਿ ਜ਼ਿਆਦਾ ਬੱਚੀਆਂ ਨੂੰ ਕੁੱਖ ਵਿੱਚ ਮਾਰ ਦੇਣ ਤੋਂ ਬਚਾਇਆ ਗਿਆ ਹੈ ਪਰ ਜਿਹੜੀਆਂ ਬੱਚੀਆਂ ਨੂੰ 18 ਸਾਲ ਤੋਂ ਪਹਿਲਾਂ ਹੀ ਵਿਆਹ ਦਿੱਤਾ ਜਾਂਦਾ ਹੈ, ਉਨ੍ਹਾਂ ’ਚੋਂ ਜ਼ਿਆਦਾਤਰ ਨੂੰ ਪੋਸ਼ਣ ਅਤੇ ਪੜ੍ਹਾਈ ਦੇ ਲਾਭ ਨਹੀਂ ਮਿਲਦੇ ਕਿਉਂਕਿ ਹੋਰਨਾਂ ਕਾਰਕਾਂ ਤੋਂ ਇਲਾਵਾ ਲੜਕੀਆਂ ਵਿੱਚ ਇਨ੍ਹਾਂ ਸਾਲਾਂ ਵਿੱਚ ਖ਼ੂਨ ਦੀ ਘਾਟ ਸਭ ਤੋਂ ਵੱਧ ਹੁੰਦੀ ਹੈ; ਇਸ ਨਾਲ ਮਰੀਜ਼ ਦੀ ਸਿਹਤ ਉੱਪਰ ਦੂਰਗਾਮੀ ਪ੍ਰਭਾਵ ਪੈਂਦਾ ਹੈ।

ਬੇਟੀ ਬਚਾਓ ਬੇਟੀ ਪੜ੍ਹਾਓ ਦਾ ਦੂਜਾ ਅਹਿਮ ਟੀਚਾ ਜੋ ਬਿਲਕੁਲ ਸਹੀ ਸੀ, ਕੁੱਖ ਵਿੱਚ ਬੱਚੀਆਂ ਨੂੰ ਮਾਰਨ ਦੀ ਪ੍ਰਥਾ ਖ਼ਤਮ ਕਰਨ ’ਤੇ ਕੇਂਦਰਿਤ ਸੀ। ਇਸ ਦੀ ਸਥਿਤੀ ਕੀ ਹੈ? ਵਿਸ਼ਵ ਸਿਹਤ ਸੰਸਥਾ ਮੁਤਾਬਿਕ, 1000 ਲੜਕਿਆਂ ਪਿੱਛੇ 950 ਲੜਕੀਆਂ ਦੇ ਅੰਕੜੇ ਨੂੰ ਆਦਰਸ਼ਕ ਬਾਲ ਲਿੰਗਕ ਅਨੁਪਾਤ ਗਿਣਿਆ ਜਾਂਦਾ ਹੈ। ਹਾਲੀਆ ਐੱਨਐੱਫਐੱਚਐੱਸ-5 ਦੇ ਅੰਕਡਿ ?ਆਂ ਮੁਤਾਬਿਕ, ਜਨਮ ਲੈਣ ਵਾਲੇ ਹਰ 1000 ਲੜਕਿਆਂ ਪਿੱਛੇ ਲੜਕੀਆਂ ਦੀ ਗਿਣਤੀ 919 ਤੋਂ ਵਧ ਕੇ 929 ਹੋ ਗਈ ਹੈ। ਇਹ ਚੰਗੀ ਪ੍ਰਾਪਤੀ ਹੈ ਪਰ ਕਈ ਸੂਬਿਆਂ ਦਾ ਅੰਕੜਾ ਅਜੇ ਸੰਤੁਸ਼ਟੀ ਦੇ ਪੱਧਰ ਤੋਂ ਕਾਫ਼ੀ ਹੇਠਾਂ ਹੈ।

ਹਰਿਆਣਾ ਸਰਕਾਰ ਦੇ ਅੰਕਡਿ ?ਆਂ ਮੁਤਾਬਿਕ, 2024 ਦੇ ਪਹਿਲੇ ਦਸ ਮਹੀਨਿਆਂ ਵਿੱਚ ਪ੍ਰਤੀ 1000 ਲੜਕਿਆਂ ਪਿੱਛੇ 905 ਲੜਕੀਆਂ ਦੀ ਗਿਣਤੀ ਦਰਜ ਹੋਈ ਹੈ। ਸਭ ਤੋਂ ਮਾੜੀ ਕਾਰਗੁਜ਼ਾਰੀ ਵਾਲੇ ਜ਼ਿਲ੍ਹਿਆਂ ਵਿੱਚ ਗੁਰੂਗ੍ਰਾਮ (859), ਰਿਵਾੜੀ (868), ਚਰਖੀ ਦਾਦਰੀ (873), ਰੋਹਤਕ (880), ਪਾਣੀਪਤ (890) ਅਤੇ ਮਹਿੰਦਰਗੜ੍ਹ (896) ਹਨ ਜਿਨ੍ਹਾਂ ਸਾਰਿਆਂ ਅੰਦਰ ਲਿੰਗਕ ਅਨੁਪਾਤ 900 ਤੋਂ ਘੱਟ ਹੈ। ਆਰਥਿਕ ਪ੍ਰਗਤੀ ਦੇ ਬਾਵਜੂਦ ਜ਼ਿਆਦਾਤਰ ਹਰਿਆਣਵੀ ਅਜੇ ਵੀ ਪੁੱਤਰ ਹੀ ਚਾਹੁੰਦੇ ਹਨ। ਕੁੱਲ ਮਿਲਾ ਕੇ ਸਿਰਫ਼ ਨਾਅਰੇ ਲਾਉਣ ਨਾਲ ਬੱਚੀਆਂ ਨੂੰ ਬਚਾਉਣ ਦੀ ਦਸ਼ਾ ਨਹੀਂ ਸੁਧਰੇਗੀ। ਲਿੰਗਕ ਅਨੁਪਾਤ ਵਿੱਚ ਗਿਰਾਵਟ ਦਾ ਮਤਲਬ ਹੈ ਕਿ ਬੱਚੀਆਂ ਨੂੰ ਅਜੇ ਵੀ ਕੁੱਖ ਵਿੱਚ ਮਾਰਿਆ ਜਾ ਰਿਹਾ ਹੈ।

ਐੱਨਐੱਫਐੱਚਐੱਸ-5 ਮੁਤਾਬਿਕ, ਕਈ ਹੋਰਨਾਂ ਸੂਬਿਆਂ ਵਿੱਚ ਵੀ ਬਾਲ ਲਿੰਗ ਅਨੁਪਾਤ 932 ਤੋਂ ਘੱਟ ਹੈ। ਇਨ੍ਹਾਂ ਵਿੱਚ ਰਾਜਸਥਾਨ, ਝਾਰਖੰਡ, ਪੰਜਾਬ, ਤਿਲੰਗਾਨਾ, ਮਹਾਰਾਸ਼ਟਰ, ਬਿਹਾਰ, ਗੋਆ, ਹਿਮਾਚਲ ਪ੍ਰਦੇਸ਼, ਉੜੀਸਾ ਅਤੇ ਤਾਮਿਲ ਨਾਡੂ ਸ਼ਾਮਿਲ ਹਨ। ਹੋਰ ਤਾਂ ਹੋਰ ਦਿੱਲੀ ਅਤੇ ਚੰਡੀਗੜ੍ਹ ਵਿੱਚ ਵੀ ਲਿੰਗਕ ਅਨੁਪਾਤ ਸਹੀ ਨਹੀਂ। ਇਹ ਦਰਸਾਉਂਦਾ ਹੈ ਕਿ ਭਾਵੇਂ ਕੁਝ ਵੀ ਹੋਵੇ, ਸਿੱਖਿਆ ਤੇ ਸਰਮਾਇਆ, ਲਿੰਗ ਨਿਰਧਾਰਨ ਦੀ ਮੰਗ ਵਧਾਉਂਦਾ ਹੈ ਜਿਸ ਤੋਂ ਪੁੱਤਰਾਂ ਦੀ ਚਾਹ ਉੱਭਰ ਕੇ ਸਾਹਮਣੇ ਆਉਂਦੀ ਹੈ।

ਇਸੇ ਦੌਰਾਨ ਆਂਧਰਾ ਪ੍ਰਦੇਸ਼, ਉੱਤਰ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼ ਤੇ ਪੱਛਮੀ ਬੰਗਾਲ ਵਰਗੇ ਰਾਜਾਂ ਵਿੱਚ ਪ੍ਰਤੱਖ ਸੁਧਾਰ ਆਇਆ ਹੈ। ਉਹ ਸੰਸਾਰ ਸਿਹਤ ਅਦਾਰੇ ਦੇ ਆਦਰਸ਼ ਮਾਪਦੰਡਾਂ ਨੇੜੇ-ਤੇੜੇ ਘੁੰਮ ਰਹੇ ਹਨ। ਇਹ ਦਰਸਾਉਂਦਾ ਹੈ ਕਿ ਸੂਬਾਈ ਲੀਡਰਸ਼ਿਪ ਕਿੰਨਾ ਸੁਧਾਰ ਲਿਆ ਸਕਦੀ ਹੈ। ਇਕ ਸਹੀ ਸੋਚ ਵਾਲਾ ਮੁੱਖ ਮੰਤਰੀ ਬੇਟੀ ਬਚਾਓ, ਬੇਟੀ ਪੜ੍ਹਾਓ ਤੇ ਸਬੰਧਿਤ ਸਿਹਤ ਪ੍ਰੋਗਰਾਮਾਂ ਨੂੰ ਪਹਿਲ ਦੇ ਕੇ ਕ੍ਰਿਸ਼ਮਾ ਕਰ ਸਕਦਾ ਹੈ।

ਰਾਹਤ ਦੀ ਗੱਲ ਹੈ ਕਿ ਸਿਹਤ ਮੰਤਰਾਲੇ ਨੇ ਕੌਮੀ ਸਿਹਤ ਮਿਸ਼ਨ ਨੂੰ ਪੰਜ ਸਾਲਾਂ ਲਈ ਵਧਾ ਦਿੱਤਾ ਹੈ। 2005 ਵਿੱਚ ਸ਼ੁਰੂ ਹੋਏ ਸਿਹਤ ਮਿਸ਼ਨ ਨੇ ਔਰਤਾਂ ਦੇ ਸਿਹਤ ਸੂਚਕਾਂ ਨੂੰ ਸੁਧਾਰਨ ’ਚ ਕਿਸੇ ਵੀ ਹੋਰ ਪ੍ਰੋਗਰਾਮ ਨਾਲੋਂ ਵੱਧ ਯੋਗਦਾਨ ਪਾਇਆ ਹੈ।

ਔਰਤਾਂ ਦੇ ਦਰਜੇ ਦੇ ਪ੍ਰਸੰਗ ਵਿੱਚ ਹਾਸਿਲ ਢ_ੱ ਕ ਵ ੀ ਅ ਾਂ ਉਪਲਬਧੀਆਂ ’ਚ ਭਾਰਤ ਦੀ ਜਣਨ ਦਰ ਦੇ ਡਿੱਗ ਕੇ ਵਟਾਂਦਰਾ ਦੇ ਪੱਧਰ ਤੋਂ ਹੇਠਾਂ ਜਾਣਾ ਵੀ ਸ਼ਾਮਿਲ ਹੈ। ਇਹ ਭਾਵੇਂ ਨਵੀਂ ਚਿੰਤਾ ਦਾ ਵਿਸ਼ਾ ਹੈ ਕਿ ਉਨ੍ਹਾਂ ਰਾਜਾਂ ਦਾ ਕੀ ਹੋਵੇਗਾ ਜਿਹੜੇ ਬੁਢਾਪੇ ਵੱਲ ਵਧ ਰਹੇ ਹਨ ਪਰ ਚੰਗੀ ਗੱਲ ਇਹ ਹੈ ਕਿ ਪਛਾਣੇ ਗਏ ਜ਼ਿਲ੍ਹਿਆਂ ਨੂੰ ਛੱਡ ਕੇ, ਮੁੱਖ ਤੌਰ ’ਤੇ ਉੱਤਰ ਪ੍ਰਦੇਸ਼ ਤੇ ਬਿਹਾਰ ’ਚ ਅਣਚਾਹਿਆ ਤੇ ਵਾਰ-ਵਾਰ ਬੱਚਾ ਜੰਮਣ ਦੇ ਦਿਨ ਲੱਦ ਚੁੱਕੇ ਹਨ। ਇਹ ਔਰਤਾਂ ਲਈ ਵੱਡੀ ਬਰਕਤ ਹੈ। ਇਸ ਦੇ ਨਾਲ-ਨਾਲ ਸੰਸਥਾਈ ਜਨਮ, ਮਤਲਬ, ਮੈਡੀਕਲ ਨਿਗਰਾਨੀ ’ਚ ਹੋਣ ਵਾਲੇ ਜਨਮ ਕਾਫ਼ੀ ਵਧੇ ਹਨ। ਸੰਸਥਾਈ ਜਣਨ ਨਾਲ ਔਰਤਾਂ ਨੂੰ ਬਹੁਤ ਲਾਭ ਹੁੰਦਾ ਹੈ ਕਿਉਂਕਿ ਇਸ ਨਾਲ ਉਨ੍ਹਾਂ ਦੀ ਜਣੇਪੇ ਤੋਂ ਪਹਿਲਾਂ ਦੀ ਜਾਂਚ-ਪੜਤਾਲ ਯਕੀਨੀ ਬਣਦੀ ਹੈ ਤੇ ਉਹ ਅਗਲੇ ਜਣੇਪੇ ’ਚ ਰੱਖੇ ਜਾਣ ਵਾਲੇ ਸਮੇਂ ਦੇ ਅੰਤਰ ਬਾਰੇ ਜਾਗਰੂਕ ਹੋਣ ਦੇ ਨਾਲ-ਨਾਲ ਪਹਿਲਾਂ ਨਾਲੋਂ ਵੱਧ ਕੁਸ਼ਲ ਬਣਦੀਆਂ ਹਨ ਜਿਸ ਨਾਲ ਅਣਚਾਹਾ ਗਰਭ ਠਹਿਰਨ ਤੋਂ ਵੀ ਬਚਾਅ ਰਹਿੰਦਾ ਹੈ। ਨਤੀਜੇ ਵਜੋਂ ਜੱਚਾ-ਬੱਚਾ ਦੀ ਮੌਤ ਦਰ ਕਾਫ਼ੀ ਘਟ ਗਈ ਹੈ। ਸਾਫ਼-ਸੁਥਰੇ ਪੀਣ ਵਾਲੇ ਪਾਣੀ ਤੱਕ ਗ਼ਰੀਬ ਪਰਿਵਾਰਾਂ ਦੀ ਪਹੁੰਚ ਵਧਣ, ਪਖ਼ਾਨਿਆਂ ਤੇ ਸਫ਼ਾਈ ’ਚ ਹੋਏ ਸੁਧਾਰ ਅਤੇ ਖਾਣਾ ਪਕਾਉਣ ਵਾਲੇ ਸਾਫ਼ ਈਂਧਨ ਨੇ ਵੀ ਔਰਤਾਂ ਦੀ ਜ਼ਿੰਦਗੀ ਸੁਧਾਰੀ ਹੈ। ਇਹ ਪੱਖ ਭਾਵੇਂ ‘ਬੇਟੀ ਬਚਾਓ, ਬੇਟੀ ਪੜ੍ਹਾਓ’ ਨਾਲ ਸਿੱਧੇ ਤੌਰ ’ਤੇ ਜੁੜੇ ਨਹੀਂ ਹੋ ਸਕਦੇ, ਫਿਰ ਵੀ ਤਸੱਲੀ ਦਾ ਵੱਡਾ ਕਾਰਨ ਬਣੇ ਹਨ।

ਮਹੱਤਵਪੂਰਨ ਸੂਚਕਾਂ ਨੂੰ ਧਿਆਨ ਵਿਚ ਰੱਖਦਿਆਂ ਅਤੇ ਬੇਟੀ ਬਚਾਓ, ਬੇਟੀ ਪੜ੍ਹਾਓ ਨੂੰ ਵੱਖਰੀ ਬਰਾਬਰ ਇਕਾਈ ਬਣਾਏ ਬਿਨਾਂ ਸਪੱਸ਼ਟ ਹੈ ਕਿ ਔਰਤਾਂ ਦੇ ਦਰਜੇ ਵਿੱਚ ਸੁਧਾਰ ਆਇਆ ਹੈ। ਸਵਾਲ ਇਹ ਹੈ ਕਿ ਕਿੰਨਾ ਤੇ ਕਿਸ ਪੱਖ ਤੋਂ ਸੁਧਾਰ ਹੋਇਆ ਹੈ? ਵਿਆਹ ਦੀ ਕਾਨੂੰਨੀ ਉਮਰ ਦਾ ਪਾਲਣ ਕਰਵਾਉਣ ਅਤੇ 20 ਸਾਲਾਂ ਦੀ ਉਮਰ ਤੋਂ ਬਾਅਦ ਹੀ ਜਣੇਪੇ ਨੂੰ ਉਤਸ਼ਾਹਿਤ ਕਰਨ ਵੱਲ ਹੋਰ ਧਿਆਨ ਦੇਣ ਦੀ ਲੋੜ ਹੈ। ਇਹ ਦੋਵੇਂ ਚੀਜ਼ਾਂ ਔਰਤਾਂ ਤੇ ਬੱਚਿਆਂ ਦੀ ਸਿਹਤ ’ਤੇ ਵੱਡਾ ਅਸਰ ਪਾਉਣਗੀਆਂ ਤੇ ਉਨ੍ਹਾਂ ਨੂੰ ਸਿੱਖਿਅਤ ਕਰਨ ਅਤੇ ਵਿੱਤੀ ਤੌਰ ’ਤੇ ਖ਼ੁਦਮੁਖ਼ਤਾਰ ਬਣਾਉਣ ਵਿਚ ਯੋਗਦਾਨ ਦੇਣਗੀਆਂ। ਜਿਸ ਦਿਨ ਇਹ ਹੋਇਆ, ਭਾਰਤ ਵਧਣ-ਫੁੱਲਣ ਲੱਗ ਜਾਵੇਗਾ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

## ਗੁਰੂ ਰਵਿਦਾਸ

ਨਮਸਕਾਰ ਸੌ, ਸੌ ਵਾਰ ਤੈਨੂੰ, ਐ ਗੁਰੂ ਰਵਿਦਾਸ ਪਿਆਰੇ।
ਅੱਜ ਵੀ ਤੈਨੂੰ ਸ਼ਰਧਾ ਦੇ ਨਾਲ ਯਾਦ ਕਰਦੇ ਨੇ ਸਾਰੇ।
ਜਦੋਂ ਕਾਂਸ਼ੀ 'ਚ ਮਾਤਾ ਕਲਸਾਂ ਦੇ ਘਰ ਤੂੰ ਅਵਤਾਰ ਧਾਰਿਆ,
ਖੁਸ਼ੀ 'ਚ ਨੱਚਣ ਲੱਗ ਪਿਆ ਹਰ ਇਨਸਾਨ ਲਤਾੜਿਆ।
ਹੁਣ ਜ਼ੁਲਮ ਲੋਕਾਂ ਤੇ ਰੁਕ ਜਾਣੇ, ਮਿਲ ਰਹੇ ਸਨ ਇਹ ਇਸ਼ਾਰੇ।
ਨਮਸਕਾਰ ਸੌ, ਸੌ ਵਾਰ ਤੈਨੂੰ, ਐ ਗੁਰੂ ਰਵਿਦਾਸ ਪਿਆਰੇ।
ਪ੍ਰਭੂ ਦਾ ਨਾਮ ਜਪ ਕੇ , ਤੂੰ ਉਸ ਦਾ ਰੂਪ ਹੀ ਹੋਇਆ।
ਛੱਡ ਕੇ ਜਾਤ ਤੇ ਵਰਣ ਨੂੰ, ਉਹ ਤੇਰੇ ਨਾਲ ਖੜ੍ਹਾ ਹੋਇਆ।
ਪ੍ਰਭੂ ਦਾ ਰੂਪ ਹੋ ਕੇ, ਤੂੰ ਜੱਗ ਤੇ ਖੇਡੇ ਕਈ ਖੇਡ ਨਿਆਰੇ।
ਨਮਸਕਾਰ ਸੌ, ਸੌ ਵਾਰ ਤੈਨੂੰ, ਐ ਗੁਰੂ ਰਵਿਦਾਸ ਪਿਆਰੇ।
ਸੁਣ ਕੇ ਤੇਰੀ ਚਰਚਾ ਰਾਣੀ ਝਾਲਾਂ ਬਾਈ ਤੇਰੇ ਦੁਆਰੇ ਆਈ,
ਤੇਰੇ ਕਦਮੀਂ ਵਹਿ ਕੇ ਉਸ ਨੇ ਰਾਮ ਨਾਮ ਦੀ ਦੌਲਤ ਪਾਈ।
ਸਭ ਨੇ ਰਾਮ ਨਾਮ ਦੀ ਦੌਲਤ ਪਾਈ, ਜੋ ਵੀ ਆਏ ਤੇਰੇ ਦੁਆਰੇ।
ਨਮਸਕਾਰ ਸੌ , ਸੌ ਵਾਰ ਤੈਨੂੰ, ਐ ਗੁਰੂ ਰਵਿਦਾਸ ਪਿਆਰੇ।
ਆਪਣੀ ਸਾਰੀ ਜ਼ਿੰਦਗੀ ਤੂੰ ਮਨੂੰ ਸਿਮ੍ਰਤੀ ਤੋੜਨ ਤੇ ਲਾਈ,
ਨਾਮ ਜਪਣ ਤੇ ਆਮ ਫਿਰਨ ਦੀ ਸਭ ਨੂੰ ਆਜ਼ਾਦੀ ਦਿਵਾਈ।
ਇੰਨੇ ਕੰਮ ਕੀਤੇ ਤੂੰ, ਤੈਨੂੰ 'ਮਾਨ' ਕਿਵੇਂ ਦਿਲੋਂ ਵਿਸਾਰੇ ?
ਨਮਸਕਾਰ ਸੌ , ਸੌ ਵਾਰ ਤੈਨੂੰ, ਐ ਗੁਰੂ ਰਵਿਦਾਸ ਪਿਆਰੇ।
ਅੱਜ ਵੀ ਤੈਨੂੰ ਸ਼ਰਧਾ ਦੇ ਨਾਲ ਯਾਦ ਕਰਦੇ ਨੇ ਸਾਰੇ।

**ਮਹਿੰਦਰ ਸਿੰਘ ਮਾਨ**
9915803554

## ਭਗਤ ਰਵਿਦਾਸ ਜੀ

ਦਾਸਾਂ ਦੇ ਦਾਸ ਭਗਤ ਰਵਿਦਾਸ ਜੀ,
ਕਿਰਤੀ ਲੋਕਾਂ ਬਾਰੇ ਲਿਖੀ ਸੱਚੀ ਬਾਣੀ।
ਗੁਰੂ ਨਾਨਕ ਸਾਹਿਬ ਆਪਣੇ ਨਾਲ ਜੋੜਿਆ,
ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋ ਕੇ ਬਣੀ ਗੁਰਬਾਣੀ।

ਆਪਸ ਵਿਚ ਸਮਾਜ ਸਾਰਾ ਜੁੜ ਕੇ,
ਖੁਸ਼ੀ ਅਤੇ ਪਿਆਰ ਨਾਲ ਰਹੇ ਹਰ ਪ੍ਰਾਣੀ।
ਜਾਤਾਂ ਪਾਤਾਂ ਤੋਂ ਉੱਪਰ ਉੱਠ ਕੇ,
ਸੱਭਿਆਚਾਰਕ ਤੇ ਸਮਾਜਿਕ ਪੱਖੋਂ ਬਣੇ ਸਮਾਜ ਦਾ ਹਾਣੀ।

ਸਿੱਖਿਆ ਜੋ ਮਿਲੀ ਸਾਨੂੰ ਸੰਤਾਂ ਤੋਂ ,
ਮੱਧਯੁਗੀ ਸੋਚ ਸੀ ਭਗਤ ਰਵਿਦਾਸ ਦੀ।
ਚੰਗੇ ਪੱਖ ਵਲ ਦੀ ਸੋਚ ਰੱਖੇ ,
ਕੁਦਰਤ ਵੱਲੋਂ ਮਨਾਂ ਅੰਦਰ ਹੋਇਆ ਪ੍ਰਕਾਸ਼ ਜੀ ।

ਸਾਰੇ ਬੰਦੇ ਇੱਕੋ ਜਿੰਨੇ ਸਰਵਗੁਣ ਸੰਪੰਨ ਨ੍ਹੀਂ ਹੁੰਦੇ
ਮੁਆਫ ਕਰਨ ਦਾ ਜੇਰਾ ਜਰੂਰ ਹੋਣਾ ਚਾਹੀਦਾ।
ਸਿੱਖਿਆ ਤੋਂ ਬਾਅਦ ਤਜਰਬਾ ਵੀ,
ਸਮੇਂ ਦਾ ਫੇਰ ਜਰੂਰ ਹੋਣਾ ਚਾਹੀਦਾ ।

ਭਲਿਆਂ ਵੇਲੇ ਦੇ ਸੰਤ ਰਵਿਦਾਸ ਜੀ ਵਰਗੇ ,
ਸੱਚੋ ਸੱਚ ਇਨਸਾਨੀਅਤ ਦਾ ਉਪਦੇਸ਼ ਦਿੰਦੇ ।
ਅੱਜਕਲ੍ਹ ਦੇ ਡੇਰਿਆਂ ਵਾਲੇ ਬਾਬੇ,
ਰਾਜਨੀਤੀ ਨਾਲ ਜੁੜਗੇ, ਕਤਲ ਜਿਨ੍ਹਾਂ ਦੇ ਉਦੇਸ਼ ਹੁੰਦੇ।
ਮਨੁੱਖਤਾ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਾ ਹੋਵੇ,
ਢੌਂਗੀ ਲਿਬਾਸ ਵਹਿਮਾਂ ਚ ਪਾਉਣ,
ਬੁਰੇ ਕੰਮਾਂ ਵੱਲ ਉਨ੍ਹਾਂ ਦੇ ਸੰਕੇਤ ਹੁੰਦੇ।

**ਅਮਰਜੀਤ ਸਿੰਘ ਤੂਰ**
9878469639

## ਪੰਜਾਬ ਤੇ ਪੰਜਾਬੀ

ਤਿਹ ਤਾਂ ਬਥੇਰਾ ਅਉਂਦਾ ਹੈ, ਸਾਨੂੰ ਪੰਜਾਬ ਦਾ।
ਪੰਜਾਬੀਆਂ ਦੇ ਮੋਹ ਭਰੇ, ਅਦਬੋ ਅਦਾਬ ਦਾ।

ਹੇਣੀ ਵੰਗਾਰਣ ਵਾਲੜਾ, ਮੁੱਠੀਆਂ ਰਿਹਾ ਸੀ ਮੀਚਦਾ,
ਵਾਹਘੇ ਨੇ ਜਦ ਪੰਜਾਬ ਸੀ, ਵੰਡਿਆ ਜਨਾਬ ਦਾ।

ਢਾਈ ਗਜ਼ ਸਾਫਾ ਵਟਾ, ਬਣਦਾ ਰਿਹਾ ਪਗਵਟ ਭਰਾ,
ਪੰਜਾਬੀਅਤ ਨੂੰ ਕਾਸ਼ ਨਾ, ਪੱਛਮ ਸਲ੍ਹਾਬਦਾ।

ਜੋ ਕੁੜੀ ਪੋਠੋਹਾਰ ਦੀ, ਟੱਕਰੀ ਸੀ ਕਿਸੇ ਸ਼ਾਇਰ ਨੂੰ,
ਉਹ ਰੰਗ ਮਾਝੇ ਮਾਲਵੇ, ਕਿਥੇ ਹੈ ਦੁਆਬ ਦਾ।

ਉਹ ਮੱਝਾਂ ਚਾਰਨ ਵਾਲੜਾ, ਆਸ਼ਕ ਅਨੋਖਾ ਜੱਗ ਤੋਂ,
ਉਹਦਾ ਪ੍ਰੇਮ ਪੌਂਡਾਂ ਡਾਲਰਾਂ, ਯੂਰੋ ਦੇ ਹੋਇਆ ਸਾਬ੍ਹ ਦਾ।

ਪੰਜਾਬੀਅਤ ਦੇ ਹੁਸਨ 'ਤੇ, ਜੋ ਨਿਗ੍ਹਾ ਮੈਲੀ ਪੈ ਗਈ,
ਉਹਨੇ ਪਾਣੀ ਹਾੜਾ ਵੰਡ ਤਾ, ਜਿਹਲਮ ਚਨਾਬ ਦਾ।

ਬਾਬਾ ਨਾਨਕ ਤੇ ਫਰੀਦ ਜੀ, ਵਾਰਿਸ ਤੇ ਬੁੱਲੇ ਦੀ ਅਦਾ,
ਇਹਦਾ ਨਗਮਾ ਸਾਰੇ ਜੱਗ ਤੋਂ, ਰਿਹਾ ਲਾਜਵਾਬ ਦਾ।

ਮੰਡੀ ਦੇ ਫਸਲੀ ਗੇੜ ਨੇ, ਇਹਦੇ ਜੰਗਲ ਬੇਲੇ ਵਾਹ ਤੇ,
ਫੁੱਲਾਂ 'ਚੋਂ ਜਿਹੜਾ ਫੁੱਲ ਸੀ, ਖਿੜਿਆ ਗੁਲਾਬ ਦਾ।

ਹਿੰਦੀ ਉਰਦੂ ਦਾ ਇਹਦੀ, ਬੋਲੀ 'ਤੇ ਦਾਬਾ ਪੈ ਗਿਆ,
ਇਹ ਪੰਨਾ ਜਾਂਦਾ ਮੀਟਦਾ, ਪੰਜਾਬੀ ਦੀ ਕਿਤਾਬ ਦਾ।

'ਢੇਸੀ' ਦਾ ਹੋਇਆ ਬਿਸਤਰਾ ਹੁਣ ਗੋਲ ਹੀ ਪੰਜਾਬ ਤੋਂ,
ਕੁਝ ਐਸਾ ਲਹਿਜ਼ਾ ਹੋ ਗਿਆ ਮੋਦੀ ਜਨਾਬ ਦਾ।

**ਕੁਲਵੰਤ ਸਿੰਘ ਢੇਸੀ**

### ਅੰਤਰਰਾਸ਼ਟਰੀ ਮਾਂ ਬੋਲੀ ਦਿਹਾੜੇ 'ਤੇ
## ਕਦੇ ਨਾ ਭੁੱਲੋ ਪੰਜਾਬੀ

ਪੰਜਾਬੀ ਮਾਂ ਬੋਲੀ ਸਾਡੀ।
ਸ਼ਹਿਦ ਤੋਂ ਮਿੱਠੀ ਡਾਢੀ।
ਕਿਸੇ ਵੀ ਦੇਸ਼ 'ਚ ਰਹੀਏ।
ਪੰਜਾਬੀ ਵਿਚ ਸੁਣੀਏ ਕਹੀਏ।
ਗਾਈਏ ਪੰਜਾਬੀ ਦੇ ਸੋਹਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਕੈਨੇਡਾ ਹੈ ਮੁਲਖ਼ ਪਿਆਰਾ।
ਸੋਹਣਾ, ਸੁਥਰਾ ਤੇ ਨਿਆਰਾ।
ਏਕੇ ਦਾ ਸਬਕ ਸਿਖਾਉਂਦਾ।
ਹਰ ਇਕ ਦੇ ਮਨ ਨੂੰ ਭਾਉਂਦਾ।
ਘੁੰਡੀਆਂ ਦਿਲਾਂ ਦੀਆਂ ਖੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਬੋਲੀ ਪੰਜਾਬੀ ਸਿਖਣੀ।
ਗੁਰਮੁਖੀ ਲਿੱਪੀ ਲਿਖਣੀ।
ਡਿਗਰੀ ਹੈ ਵੱਡੀ ਲੈਣੀ।
ਵਿਦਿਆ ਦੀ ਘਾਟ ਨਾ ਰਹਿਣੀ।
ਗਿਆਨ ਵਲੋਂ ਨਾ ਹੋ ਜਾਈਏ ਪੋਲੇ।
ਰਹਿੰਦੇ ਕਨੇਡਾ ਵਿੱਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਨੀਤੀ ਵਿਚ ਅੱਗੇ ਆਉਣਾ।
ਨੀਅਤ ਦਾ ਝੇੜ ਨਾ ਪਾਉਣਾ।
ਵੱਡੀ ਚਾਹੇ ਪਦਵੀ ਲੈਣੀ।
ਓਥੇ ਵੀ ਸੱਚੀ ਕਹਿਣੀ।
ਹੋਣਾ ਕਦੇ ਨਾ ਕੰਨਾਂ ਤੋਂ ਬੋਲ਼ੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਗੁਣੀਆਂ ਨੇ ਉਮਰ ਲੰਘਾਤੀ।
ਲਿਖਣ ਦੀ ਹੱਦ ਮੁਕਾਤੀ।
ਸਾਡੇ ਬਿਨ ਪੜ੍ਹੇਗਾ ਕਿਹੜਾ।
ਕਰ ਲਓ ਹੁਣ ਤੁਸੀਂ ਨਿਬੇੜਾ।
ਪਿਓ ਦਾਦੇ ਨੇ ਖ਼ਜ਼ਾਨੇ ਖੋਲ੍ਹੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਬਾਣੀ ਸਤਿਗੁਰਾਂ ਉਚਾਰੀ।
ਗੁਰਦਾਸ ਜੀ ਲਿਖ ਗਏ ਸਾਰੀ।
ਵੀਰ ਸਿੰਘ ਲਿਖਗੇ ਗਿਆਨ।
'ਨਾਭਾ' ਦਾ ਕੋਸ਼ ਮਹਾਨ।
ਸਿੰਘ ਸਭੀਆਂ ਦੇ ਬਚਨ ਅਮੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਪਾਵਨ ਜੋ ਧੁਰ ਕੀ ਬਾਣੀ।
ਸਿੱਖ ਲੈਣੀ ਅਤੇ ਸਿਖਾਉਣੀ।
ਸਾਡਾ ਇਤਿਹਾਸ ਹੈ ਭਾਰਾ।
ਪੜ੍ਹੀਏ, ਅਪਨਾਈਏ ਸਾਰਾ।
ਬਿਨਾਂ ਕੁੰਜੀਓਂ ਜਿੰਦੇ ਕੌਣ ਖੋਲੇ।
ਰਹਿੰਦੇ ਕੈਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਮੂੰਹੋਂ ਜੇ ਭੁੱਲਿਆ ਊੜਾ।
ਸਿਰ ਉੱਤੇ ਰਿਹਾ ਨਾ ਜੂੜਾ।
ਜ਼ਿੱਲਤ ਸਹਿਣੀ ਹੀ ਪੈਣੀ।
ਕੌਮ ਦੀ ਹੋਂਦ ਨਾ ਰਹਿਣੀ।
ਤਾਹੀਓਂ ਕਿਸ਼ਤੀ ਖਾਂਵਦੀ ਡੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਸਕੂਲ ਪੰਜਾਬ 'ਚ ਖੋਹਲੇ।
ਪੰਜਾਬੀ ਤੋਂ ਰੱਖਣ ਓਹਲੇ।
ਪੰਜਾਬੀ ਤੋਂ ਸਾੜਾ ਰੱਖਦੇ।
ਬੋਲ ਨਾ ਇੰਗਲਿਸ਼ ਥੱਕਦੇ।
'ਮਾਸੀ ਮਾਨ ਦੀ' ਪੰਜਾਬੀ ਨੂੰ ਮਧੋਲੇ।
ਰਹਿੰਦੇ ਕਨੇਡਾ ਵਿੱਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

ਹਰਪਾਲ ਸਿੰਘ ਛੰਦ ਬਣਾਤਾ।
ਕਵੀਸ਼ਰਾਂ ਸੋਹਣਾ ਗਾਤਾ।
ਠੇਠ ਪੰਜਾਬੀ ਬੋਲੋ।
ਮਾਂ ਬੋਲੀ ਕਦੇ ਨਾ ਰੋਲੋ।
ਰੰਗ ਲਓ ਮਜੀਠੀ ਚੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।



**ਭਾਈ ਹਰਪਾਲ ਸਿੰਘ ਲੱਖਾ**

## ਲੋਟਸ ਦਾ ਕੰਮ ਲੋਟ !

ਉਹ 'ਆਮ' ਨਹੀਂ ਰਹਿੰਦਾ ਫਿਰ ਖਾਸ ਹੁੰਦਾ
ਗੱਦੀ ਬਹਿੰਦਿਆਂ ਮਿਲਣ ਜਦ ਨੋਟ ਯਾਰੋ।
ਕੰਮ ਕੋਈ ਵੀ ਅੜਿਆ ਨਹੀਂ ਰਹਿ ਸਕਦਾ
'ਸਾਮ-ਦਾਮ-ਦੰਡ-ਭੇਦ' ਦੀ 'ਓਟ' ਯਾਰੋ।
'ਲਾਠੀ' ਜਿਹਦੇ ਹੱਥ 'ਮੱਝ' ਵੀ ਉਸੇ ਦੀ ਹੀ
ਰਾਜਨੀਤੀ ਵਿਚ ਵੱਡਾ ਇਹ 'ਖੋਟ' ਯਾਰੋ।
'ਛੋਲ-ਚਮੱਕਾ' ਸੁਣ 'ਚੋਣ-ਪ੍ਰਚਾਰ' ਵਾਲਾ
ਬੱਝੀ ਇੱਕ ਥਾਂਹ ਰਹਿੰਦੀ ਨਹੀਂ ਵੋਟ ਯਾਰੋ।
ਹਉਮੈਂ-ਆਕੜ ਨਾਲ ਭਰੀ 'ਇਮਾਨਦਾਰੀ'
ਲਾ ਗਈ 'ਇੰਡੀਆ ਟੀਮ' ਨੂੰ ਚੋਟ ਯਾਰੋ।
ਤਿੰਨ ਧਿਰਾਂ ਵਿਚ ਵੋਟਾਂ ਜਦ ਵੰਡ ਹੋਈਆਂ
ਕੰਮ 'ਲੋਟਸ' ਦਾ ਆ ਗਿਆ 'ਲੋਟ' ਯਾਰੋ।



**-ਤਰਲੋਚਨ ਸਿੰਘ ਦੁਪਾਲ ਪੁਰ**
001-408-915-1268

## ਛੱਲਾ

(95% ਸਿਖਿਆਰਥੀਆਂ ਦੀ ਤਰਜਮਾਨੀ)

ਜੀ ਸਦਕੇ ਸਭ ਕਰੋ ਪੜ੍ਹਾਈਆਂ.......
ਪੜ੍ਹੋ ਧਿਆਨ ਨੂੰ ਧਰਕੇ
ਪਰ ਜਿਸ ਵਿਸ਼ੇ ਵਿੱਚ ਮਨ ਨਾ ਹੋਵੇ........
ਭਾਈ ਕੀ ਫਾਇਦਾ ਉਹਨੂੰ ਪੜ੍ਹਕੇ

ਉਏ ਛੱਲਾ ਕੰਪੀਟੀਸ਼ਨ
ਮਹਿੰਗੇ ਮੁੱਲ ਪੈਂਦੀ ਟਿਊਸ਼ਨ
ਤਾਂ ਵੀ ਨਾ ਮਿਲਦੀ ਐਡਮੀਸ਼ਨ
ਵੇ ਗੱਲ ਸੁਣ ਛੱਲਿਆ ਟਲਜਾ....
ਨਾ ਲੈ ਪੜ੍ਹਨੇ ਨੂੰ ਕਰਜ਼ਾ..........

ਛੱਲਾ ਕਰਕੇ ਰੀਸਾਂ
ਤੇ ਭਰਕੇ ਮੋਟੀਆਂ ਫੀਸਾਂ
ਮਾਪਿਆਂ ਦੀਆਂ ਨਿਕਲੀਆਂ ਚੀਕਾਂ
ਵੇ ਗੱਲ ਸੁਣ ਛੱਲਿਆ ਕਾਹਤੋਂ......
ਫਿਰੇਂ ਤੂੰ ਭਟਕਿਆ ਰਾਹ ਤੋਂ.......

ਉਏ ਛੱਲੇ ਆ ਗਈ ਸਪਲੀ
ਤੇ ਗੱਲ ਸਾਰੇ ਪਿੰਡ ਨੇ ਚੱਕਲੀ
ਬਈ ਹਾਲਤ ਹੋ ਗਈ ਪਤਲੀ
ਵੇ ਗੱਲ ਸੁਣ ਛੱਲਿਆ ਯਾ
ਵੇ ਲਾਉਣਾ ਪੈਣਾ ਜੁਗਾੜ......

ਛੱਲੇ ਲੈ ਲਈ ਡਿਗਰੀ
ਪਰ ਨਾ ਕੋਈ ਹਾਲਤ ਸੁਧਰੀ
ਪਹਿਲਾਂ ਨਾਲੋਂ ਵੀ ਵਿਗੜੀ
ਵੇ ਗੱਲ ਸੁਣ ਛੱਲਿਆ ਰੇਸਾਂ
ਫਿਰੇਂ ਹੁਣ ਲੱਭਦਾ ਪਲੇਸਾਂ........

ਉਏ ਛੱਲਾ ਰਿਸ਼ਵਤਖੋਰੀ
ਹੋਈ ਹਰ ਥਾਂ ਤੇ ਮੋਹਰੀ
ਕੋਈ ਨਾ ਸੁਣਦਾ ਬਹੁੜੀ
ਵੇ ਗੱਲ ਸੁਣ ਛੱਲਿਆ ਸ਼ੱਕ ਨਾ
ਪੱਲੇ ਤੇਰੇ ਬਚਿਆ ਕੱਖ ਨਾ.........

ਉਏ ਛੱਲਾ ਬੇਰੁਜ਼ਗਾਰੀ
ਮੁਸੀਬਤਾਂ ਵਾਰੋ ਵਾਰੀ
ਪੈਂਦੀਆਂ ਜ਼ਾਰੋ ਜ਼ਾਰੀ
ਵੇ ਗੱਲ ਸੁਣ ਛੱਲਿਆ ਢੋਈ
ਹੱਥੀਂ ਕੰਮ ਸਿੱਖ ਲੈ ਕੋਈ.............

ਛੱਲਾ ਮਾੜੀਆਂ ਸਰਕਾਰਾਂ
ਚਾਰੇ ਪਾਸੇ ਹੀ ਮਾਰਾਂ
ਬੈਠ ਕੇ ਕਰ ਲਉ ਵਿਚਾਰਾਂ
ਵੇ ਗੱਲ ਸੁਣ ਛੱਲਿਆ ਖੋਟਾਂ
ਸੋਚ ਕੇ ਪਾ ਲਊ ਵੋਟਾਂ................

ਉਏ ਛੱਲਾ ਪਿੰਡ ਘੜਾਮੇਂ
ਆ ਕੇ ਰੋਮੀ ਦੇ ਜਾਮੇ
ਦੇਵੇ ਸਿਸਟਮ ਨੂੰ ਉਲ੍ਹਾਮੇਂ
ਵੇ ਗੱਲ ਸੁਣ ਛੱਲਿਆ ਮਰਲੈ
ਮਿਹਨਤਾਂ ਪਹਿਲਾਂ ਈ ਕਰਲੈ.....।



**ਰੋਮੀ ਘੜਾਮੇਂ ਵਾਲਾ**
98552-81105

## ਬੰਦਾ

ਬੜਾ ਹਰਾਮੀ ਬੰਦਾ ਹੋਇਆ।
ਚੋਰ ਚਕਾਰੀ ਧੰਦਾ ਹੋਇਆ।

ਸ਼ੁਹਰਤ ਦੇ ਲਈ ਕਰਜ਼ ਉਠਾਵੇ,
ਤਾਹੀਓਂ ਗਲ਼ ਵਿੱਚ ਫੰਧਾ ਹੋਇਆ।

ਆਪਣਿਆਂ 'ਤੇ ਫੇਰੇ ਆਰੀ,
ਦੂਜਿਆਂ ਲਈ ਵੀ ਰੰਦਾ ਹੋਇਆ।

ਚੀਕਾਂ ਮਾਰੇ ਰੋਵੇ ਪਿੱਟੇ,
ਜਦੋਂ ਕਦੇ ਕੰਮ ਮੰਦਾ ਹੋਇਆ।

ਜੇ ਕਿਧਰੇ ਨਹੁੰ ਅੜ ਜਾਵੇ, ਬੱਸ-
ਫਿਰ ਕਹਿੰਦਾ ਕੰਮ ਚੰਗਾ ਹੋਇਆ।

ਧੀਰਜ ਇਸ ਦੇ ਅੰਦਰ ਹੈ ਨਹੀਂ,
ਬੰਦੇ ਤੋਂ ਕੁਬੰਦਾ ਹੋਇਆ।

ਵਿਭਚਾਰਾਂ ਤੋਂ ਬਾਜ ਨਾ ਆਵੇ,
ਮੂਤ-ਪਲੀਤੀ ਧੰਦਾ ਹੋਇਆ।

ਗਲ਼ ਵਿੱਚ ਪਾਵੇ ਮਾਲਾ ਮਣਕੇ ,
ਮਨ ਦਾ ਬਹੁਤ ਹੀ ਮੰਦਾ ਹੋਇਆ।

ਭੈੜੀ ਸੋਚ ਤੇ ਚਿੱਟੇ ਕੱਪੜੇ,
ਝੂਠਾਂ ਦਾ ਪਲੰਦਾ ਹੋਇਆ ।

**-ਓਮਕਾਰ ਸੂਦ ਬਹੋਨਾ**
9654036080

## ਕਵਿਤਾ ਤੇ ਗਜ਼ਲ

ਇੱਕ ਵਹਿੰਦਾ ਹੈ ਦਰਿਆ, ਦੂਜਾ ਭਾਖੜਾ ਡੈਮ ਜਾਪੇ,
ਕਲ ਕਲ ਕਰਦਾ ਝਰਨਾ, ਦੂਜੇ ਬੰਦਿਸ਼ ਦੇ ਸਿਆਪੇ।

ਵਗਦੀ ਹੈ ਵਿੱਚ ਲਹਿਰਾਂ, ਬਹਿਰ ਕਾਫੀਆ ਚਾਹਵੇ,
ਖੁੱਲ੍ਹੀ ਡੁੱਲ੍ਹੀ ਤੁਰਦੀ ਜਾਵੇ, ਰਦੀਫ਼ ਵਜ਼ਨ ਬੱਝੀ ਜਾਵੇ।

ਹੈ ਪੰਜਾਬੀ ਭੰਗੜੇ ਵਾਂਗੂੰ, ਉਹ ਕੱਥਕ ਦੀ ਲੈਅ ਜਾਪੇ,
ਉੱਛਲੇ ਟੱਪੇ ਗਿੱਧਾ ਪਾਵੇ, ਗਹਿਰ ਗੰਭੀਰ ਸ਼ੈਅ ਜਾਪੇ।

ਤੀਰ ਮੱਛੀ ਦੀ ਅੱਖ ਲੱਭੇ, ਡੂੰਘੀ ਜਿਹੀ ਸਮੁੰਦਰ ਹੈ,
ਅਕਾਸ਼ ਲਾਏ ਉਡਾਰ ਕਦੇ,ਹੀਰੇ ਮੋਤੀ ਦੀ ਕੁੰਦਰ ਹੈ।

**ਸੇਵਾ ਸਿੰਘ "ਨੂਰਪੁਰੀ"**

## ਪਿਆਰੀ ਮਾਂ ਬੋਲੀ

ਧੁਰ ਦਰਗਾਹੋਂ ਆਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਇਸ ਦੇ ਮੱਥੇ ਤਿਲਕ ਲਗਾ ਵਿਦਵਾਨਾਂ ਨੇ।
ਬਾਈਬਲ, ਰਮਾਇਣ, ਗ੍ਰੰਥ, ਪੁਰਾਣਾਂ ਨੇ।
ਯੁੱਗੋਂ ਯੁਗ ਵਡਿਆਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਬੱਚੇ ਦੇ ਬੋਲਾਂ ਤੋਂ ਲੈ ਕੇ ਅਰਥੀ ਤੱਕ।
ਸਤਿਅਮ, ਸੁੰਦਰ, ਵਿਦਿਆ, ਭਗਤੀ, ਸ਼ਕਤੀ ਤੱਕ।
ਜੀਵਨ ਦੀ ਸ਼ਹਿਨਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਸੂਰਜ ਵਾਂਗੂ ਨੇਰ੍ਹੇ ਵਿੱਚ ਪ੍ਰਕਾਸ਼ ਕਰੇ।
ਜੰਮਦੇ ਬੱਚੇ ਦੇ ਬੋਲਾਂ ਵਿੱਚ ਆਸ ਧਰੇ।
ਕਰਦੀ ਪਰਉਪਕਾਰ ਵਿਚਾਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਚੌਰਾਸੀ ਲੱਖ ਜੂਨ 'ਚ ਇਸ ਦਾ ਵਾਸਾ ਹੈ।
ਬੱਚੇ ਦੀ ਕਿਲਕਾਰੀ ਵਰਗਾ ਹਾਸਾ ਹੈ।
ਰੱਬ ਨੇ ਖੂਬ ਬਣਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਇਸ ਦੇ ਨਾਲ ਹੀ ਬੰਦੇ ਦੀ ਪਹਿਚਾਣ ਬਣੇ।
ਮਾਨ ਬਣੇ ਤੇ ਆਣ ਬਣੇ ਤੇ ਸ਼ਾਨ ਬਣੇ।
ਜਿਸ ਨੇ ਵੀ ਹੈ ਪਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਇਸ ਦੇ ਦੁੱਧ ਵਿਚ ਨੂਰ ਅਲੌਕਿਕ ਸ਼ਕਤੀ ਹੈ।
ਬੰਦੇ ਦੀ ਬੱਸ ਇਸੇ ਕਰਕੇ ਹਸਤੀ ਹੈ।
ਵਰ੍ਹਦੀ ਬੱਦਲੀ ਛਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਇਸ ਦੇ ਲੱਖਾਂ ਰਿਸ਼ਤੇ ਇੱਕ ਹੀ ਖੂਨ ਰਵੇ।
ਯੁੱਗ-ਯੁਗ ਜੀਵੇ ਸ਼ਾਲਾ ਜੱਗ ਤੇ ਖੂਬ ਪਲੇ।
ਮਾਮੀ, ਚਾਚੀ, ਤਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
'ਬਾਲਮ' ਇਸ ਦੀ ਪੂਜਾ ਜਿਸ ਨੇ ਕੀਤੀ ਹੈ।
ਸੁੱਖਾਂ ਦੇ ਵਿਚ ਉਸ ਦੀ ਜ਼ਿੰਦਗੀ ਬੀਤੀ ਹੈ।
ਬਰਕਤ, ਮਿਹਰ ਲਿਆਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।

**ਬਲਵਿੰਦਰ 'ਬਾਲਮ' ਗੁਰਦਾਸਪੁਰ**
98156-25409

# ਅਣਗਹਿਲੀ ਦਾ ਸ਼ਿਕਾਰ ਬਜ਼ੁਰਗ ਲੋਕ

ਹਾਲ ਹੀ ਵਿੱਚ, ਸੁਪਰੀਮ ਕੋਰਟ ਨੇ ਇੱਕ ਫੈਸਲੇ ਵਿੱਚ ਕਿਹਾ ਹੈ ਕਿ ਜੇਕਰ ਬੱਚੇ ਆਪਣੇ ਬਜ਼ੁਰਗ ਮਾਪਿਆਂ ਦੀ ਦੇਖਭਾਲ ਨਹੀਂ ਕਰਦੇ ਹਨ, ਤਾਂ ਉਨ੍ਹਾਂ ਦੇ ਨਾਮ 'ਤੇ ਤਬਦੀਲ ਕੀਤੀ ਗਈ ਜਾਇਦਾਦ ਉਨ੍ਹਾਂ ਤੋਂ ਵਾਪਸ ਲਈ ਜਾ ਸਕਦੀ ਹੈ। ਅਦਾਲਤ ਨੂੰ ਇਹ ਫੈਸਲਾ ਇਸ ਲਈ ਦੇਣਾ ਪਿਆ ਕਿਉਂਕਿ ਇੱਕ ਬਜ਼ੁਰਗ ਔਰਤ ਨੇ ਆਪਣੇ ਪੁੱਤਰ ਦੇ ਨਾਮ 'ਤੇ ਜਾਇਦਾਦ ਨੂੰ ਇਸ ਆਧਾਰ 'ਤੇ ਰੱਦ ਕਰਨ ਦੀ ਮੰਗ ਕੀਤੀ ਸੀ ਕਿ ਜਾਇਦਾਦ ਹਾਸਲ ਕਰਨ ਤੋਂ ਬਾਅਦ ਉਸਨੇ ਉਸਦੀ ਦੇਖਭਾਲ ਕਰਨਾ ਬੰਦ ਕਰ ਦਿੱਤਾ ਸੀ। ਉਸਦੀ ਪਟੀਸ਼ਨ 'ਤੇ ਮੱਧ ਪ੍ਰਦੇਸ਼ ਹਾਈ ਕੋਰਟ ਨੇ ਫੈਸਲਾ ਸੁਣਾਇਆ ਸੀ ਕਿ ਜੇਕਰ ਬੱਚੇ ਆਪਣੇ ਮਾਪਿਆਂ ਦੀ ਦੇਖਭਾਲ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਦਿੱਤੀ ਗਈ ਜਾਇਦਾਦ ਵਾਪਸ ਨਹੀਂ ਲਈ ਜਾ ਸਕਦੀ। ਹਾਲਾਂਕਿ, ਇਹ ਸਵਾਗਤਯੋਗ ਹੈ ਕਿ ਸੁਪਰੀਮ ਕੋਰਟ ਨੇ ਇਸ ਫੈਸਲੇ ਨੂੰ ਉਲਟਾ ਦਿੱਤਾ ਅਤੇ ਔਰਤ ਨੂੰ ਰਾਹਤ ਦਿੱਤੀ। ਦਿੱਤਾ। ਪਰ ਕੀ ਇਹ ਸਮਾਜ ਨੂੰ ਅਤੇ ਖਾਸ ਕਰਕੇ ਉਨ੍ਹਾਂ ਬੱਚਿਆਂ ਨੂੰ ਕੋਈ ਸਬਕ ਸਿਖਾਏਗਾ ਜੋ ਆਪਣੇ ਮਾਪਿਆਂ ਦੀ ਜਾਇਦਾਦ ਵਿਰਾਸਤ ਵਿੱਚ ਮਿਲਣ ਤੋਂ ਬਾਅਦ ਵੀ ਉਨ੍ਹਾਂ ਦੀ ਦੇਖਭਾਲ ਨਹੀਂ ਕਰਦੇ ਜਾਂ ਉਨ੍ਹਾਂ ਨੂੰ ਆਪਣੇ ਹਾਲ 'ਤੇ ਛੱਡ ਦਿੰਦੇ ਹਨ? ਇਸੇ ਕਾਰਨ, ਪੱਛਮੀ ਦੇਸ਼ਾਂ ਵਾਂਗ, ਸਾਡੇ ਦੇਸ਼ ਵਿੱਚ ਵੀ ਬਿਰਧ ਆਸ਼ਰਮ ਵੱਧ ਰਹੇ ਹਨ, ਪਰ ਇਹ। ਇਹ ਸਮਝਣਾ ਚਾਹੀਦਾ ਹੈ ਕਿ ਸਾਰੇ ਬਜ਼ੁਰਗ ਆਰਥਿਕ ਤੌਰ 'ਤੇ ਸਮਰੱਥ ਬਣ ਸਕਦੇ ਹਨ। ਇਹ ਕੋਈ ਭੇਤ ਨਹੀਂ ਹੈ ਕਿ ਬਜ਼ੁਰਗਾਂ ਨੂੰ ਉਨ੍ਹਾਂ ਦੇ ਬੱਚੇ ਅਣਗੌਲਿਆ ਕਰਦੇ ਹਨ ਅਤੇ ਉਹ ਸਰੀਰਕ ਤੌਰ 'ਤੇ ਅਪਾਹਜ ਹੋ ਜਾਂਦੇ ਹਨ ਅਤੇ ਘਰ-ਘਰ ਭਟਕਣ ਲਈ ਮਜਬੂਰ ਹੁੰਦੇ ਹਨ। ਨਿਊਕਲੀਅਰ ਪਰਿਵਾਰਾਂ ਦਾ ਰੁਝਾਨ ਵਧ ਰਿਹਾ ਹੈ, ਇਸ ਲਈ ਬਿਰਧ ਆਸ਼ਰਮਾਂ ਦੀ ਲੋੜ ਵਧ ਰਹੀ ਹੈ। ਇਹ ਵਧ ਰਹੀ ਹੈ। ਬਜ਼ੁਰਗਾਂ ਦੀ ਸਿਹਤ ਅਤੇ ਆਰਥਿਕ ਅਤੇ ਸਮਾਜਿਕ ਸਥਿਤੀ 'ਤੇ ਕੀਤੇ ਗਏ ਅਧਿਐਨ ਦੀ ਰਿਪੋਰਟ ਦੇ ਅਨੁਸਾਰ, ਦੇਸ਼ ਵਿੱਚ ਹਰ ਚਾਰ ਵਿੱਚੋਂ ਤਿੰਨ ਬਜ਼ੁਰਗ ਕਿਸੇ ਨਾ ਕਿਸੇ ਗੰਭੀਰ ਬਿਮਾਰੀ ਤੋਂ ਪੀੜਤ ਹਨ। ਹਰ ਚੌਥਾ ਬਜ਼ੁਰਗ ਵਿਅਕਤੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਪੀੜਤ ਹੈ ਅਤੇ ਹਰ ਪੰਜਵਾਂ ਵਿਅਕਤੀ ਕਿਸੇ ਨਾ ਕਿਸੇ ਮਾਨਸਿਕ ਬਿਮਾਰੀ ਤੋਂ ਪੀੜਤ ਹੈ। ਜੀਵਨ ਦੀ ਸੰਭਾਵਨਾ ਜੋ ਕੁਝ ਦਹਾਕੇ ਪਹਿਲਾਂ ਤੱਕ 45 ਸਾਲ ਸੀ, ਅੱਜ ਲਗਭਗ 70 ਸਾਲ ਹੈ। ਇਸਦਾ ਮਤਲਬ ਹੈ ਕਿ ਬਜ਼ੁਰਗਾਂ ਦੀ ਗਿਣਤੀ ਵੱਧ ਰਹੀ ਹੈ। ਰਿਪੋਰਟ ਦੇ ਅਨੁਸਾਰ, ਇਸ ਖਰਾਬ



ਸਿਹਤ ਕਾਰਨ ਜਿਨ੍ਹਾਂ ਘਰਾਂ ਵਿੱਚ ਬਜ਼ੁਰਗ ਲੋਕ ਹਨ, ਉੱਥੇ ਪ੍ਰਤੀ ਵਿਅਕਤੀ ਖਰਚ ਵੀ ਵੱਧ ਹੈ। ਇਸ ਵੇਲੇ ਦੇਸ਼ ਵਿੱਚ ਹਰ ਦਸਾਂ ਵਿੱਚੋਂ ਇੱਕ ਵਿਅਕਤੀ ਬਜ਼ੁਰਗ ਹੈ। ਹਰ ਚੌਥੇ ਬਜ਼ੁਰਗ ਵਿਅਕਤੀ ਨੂੰ ਆਪਣਾ ਰੋਜ਼ਾਨਾ ਕੰਮ ਕਰਨ ਵਿੱਚ ਮੁਸ਼ਕਲ ਆਉਂਦੀ ਹੈ। ਢੁਕਵੀਆਂ ਅਤੇ ਕਿਫਾਇਤੀ ਸਿਹਤ ਸਹੂਲਤਾਂ ਦੀ ਘਾਟ ਕਾਰਨ, ਦਸ ਵਿੱਚੋਂ ਨੌਂ ਬਜ਼ੁਰਗ ਘਰ ਵਿੱਚ ਹੀ ਇਲਾਜ ਕਰਵਾਉਂਦੇ ਹਨ, ਜਦੋਂ ਕਿ ਹਰ ਤੀਜਾ ਬਜ਼ੁਰਗ ਦਿਲ ਦਾ ਮਰੀਜ਼ ਹੁੰਦਾ ਹੈ। ਸਵਾਲ ਇਹ ਹੈ ਕਿ ਸਮਾਜ ਬਜ਼ੁਰਗਾਂ ਦੀ ਦੇਖਭਾਲ ਤੋਂ ਕਿਉਂ ਮੂੰਹ ਮੋੜ ਰਿਹਾ ਹੈ? ਅੱਜ ਮਨੁੱਖ ਦਾ ਸਮਾਜਿਕ ਜੀਵਨ ਖ਼ਤਰੇ ਵਿੱਚ ਹੈ। ਉਹ ਆਪਣੇ ਘਰ ਦੇ ਬਜ਼ੁਰਗਾਂ ਦੀ ਵੀ ਸਹੀ ਦੇਖਭਾਲ ਨਹੀਂ ਕਰ ਰਿਹਾ। ਬਿਰਧ ਆਸ਼ਰਮਾਂ ਵਿੱਚ ਵੀ ਕੋਈ ਖਾਸ ਪ੍ਰਬੰਧ ਨਹੀਂ ਹਨ। ਸਰਕਾਰ ਨੇ ਆਯੁਸ਼ਮਾਨ ਭਾਰਤ ਯੋਜਨਾ ਲਾਗੂ ਕੀਤੀ ਹੈ, ਪਰ ਇਸ ਵਿੱਚ ਸਿਰਫ਼ ਚਾਲੀ ਪ੍ਰਤੀਸ਼ਤ ਲੋਕ ਹੀ ਸ਼ਾਮਲ ਹਨ। ਹਰੇਕ ਵਿਕਾਸਸ਼ੀਲ ਅਰਥਵਿਵਸਥਾ ਵਿੱਚ ਸਰਕਾਰੀ ਨੀਤੀ 60 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਮੁਫ਼ਤ ਸਿਹਤ ਬੀਮਾ ਪ੍ਰਦਾਨ ਕਰਨਾ ਹੈ। ਅੱਜ, ਨਿਊਕਲੀਅਰ ਪਰਿਵਾਰਾਂ ਦੇ ਯੁੱਗ ਵਿੱਚ, ਸਰਕਾਰ ਨੂੰ ਬਜ਼ੁਰਗਾਂ ਦੇ ਸਨਮਾਨਜਨਕ ਜੀਵਨ ਲਈ ਨੀਤੀਆਂ, ਸੰਸਥਾਵਾਂ ਅਤੇ ਸਮਾਜਿਕ ਜਾਗਰੂਕਤਾ ਵਿਕਸਤ ਕਰਨੀ ਪਵੇਗੀ। ਬਿਰਧ ਆਸ਼ਰਮਾਂ ਵਿੱਚ ਪ੍ਰਬੰਧਾਂ ਵਿੱਚ ਕੁਝ ਕਮੀਆਂ ਨੂੰ ਦੂਰ ਕਰਨ ਦੀ ਲੋੜ ਹੈ। ਇੱਥੇ ਬਜ਼ੁਰਗਾਂ ਲਈ ਢੁਕਵੀਆਂ ਡਾਕਟਰੀ ਸਹੂਲਤਾਂ ਦੇ ਨਾਲ-ਨਾਲ ਮਨੋਰੰਜਨ ਸਹੂਲਤਾਂ ਦੀ ਘਾਟ ਹੈ। ਸਰਕਾਰ ਨੇ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਨਾਲ ਬਜ਼ੁਰਗ ਆਪਣੀ ਜ਼ਿੰਦਗੀ ਆਤਮ-ਸਨਮਾਨ ਨਾਲ ਜੀ ਸਕਣਗੇ। ਸਵਾਲ ਇਹ ਹੈ ਕਿ ਜਦੋਂ ਸੀਨੀਅਰ ਨਾਗਰਿਕਾਂ ਲਈ ਬਹੁਤ ਸਾਰੀਆਂ ਸਰਕਾਰੀ ਯੋਜਨਾਵਾਂ ਹਨ, ਤਾਂ ਉਨ੍ਹਾਂ ਦੀ ਹਾਲਤ ਇੰਨੀ ਚਿੰਤਾਜਨਕ ਕਿਉਂ ਹੈ? ਇਹ ਧਿਆਨ ਦੇਣ ਯੋਗ ਹੈ ਕਿ ਬਜ਼ੁਰਗਾਂ ਨੂੰ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ, ਉਨ੍ਹਾਂ ਨੂੰ ਨਫ਼ਰਤ ਨਾਲ ਦੇਖਿਆ ਜਾਂਦਾ ਹੈ। ਵਿੱਤੀ ਸਮੱਸਿਆਵਾਂ ਤੋਂ ਇਲਾਵਾ, ਉਨ੍ਹਾਂ ਨੂੰ ਮਾਨਸਿਕ ਅਤੇ ਸਰੀਰਕ ਪ੍ਰੇਸ਼ਾਨੀ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਅਕਸਰ ਸਮਾਜ ਉਨ੍ਹਾਂ ਨਾਲ ਵਿਤਕਰਾ ਕਰਦਾ ਹੈ। ਬਜ਼ੁਰਗਾਂ ਨਾਲ ਦੁਰਵਿਵਹਾਰ ਦੇ ਮਾਮਲੇ ਹਸਪਤਾਲਾਂ, ਬੱਸ ਅੱਡਿਆਂ, ਜਨਤਕ ਆਵਾਜਾਈ ਅਤੇ ਬਾਜ਼ਾਰਾਂ ਵਿੱਚ ਰਿਪੋਰਟ ਕੀਤੇ ਜਾਂਦੇ ਹਨ। ਰਿਪੋਰਟ ਦੇ ਅਨੁਸਾਰ, ਸਭ ਤੋਂ ਵੱਧ ਉਦਾਸ ਬਜ਼ੁਰਗ ਮੱਧ ਪ੍ਰਦੇਸ਼ (17%), ਉੱਤਰ ਪ੍ਰਦੇਸ਼ (14%), ਦਿੱਲੀ (11%) ਅਤੇ ਬਿਹਾਰ ਅਤੇ ਗੋਆ (10%) ਵਿੱਚ ਹਨ। ਕੋਈ ਵੀ ਸਮਾਜ ਉਦੋਂ ਤੱਕ ਸੱਭਿਅਕ, ਵਿਕਸਤ ਅਤੇ ਸੰਵੇਦਨਸ਼ੀਲ ਨਹੀਂ ਕਿਹਾ ਜਾ ਸਕਦਾ ਜਦੋਂ ਤੱਕ ਕਿ ਇਸਦੇ ਬੇਸਹਾਰਾ ਅਤੇ ਬਿਮਾਰ ਬਜ਼ੁਰਗਾਂ ਨੂੰ ਮੁਫ਼ਤ ਦੇਖਭਾਲ ਪ੍ਰਦਾਨ ਕਰਨ ਲਈ ਕੋਈ ਪ੍ਰਣਾਲੀ ਨਾ ਹੋਵੇ। ਦੁਨੀਆ ਦੇ ਬਿਹਤਰ ਅਰਥਚਾਰੇ ਵਾਲੇ ਜ਼ਿਆਦਾਤਰ ਦੇਸ਼ਾਂ ਵਿੱਚ ਬਜ਼ੁਰਗਾਂ ਦੀ ਸਿਹਤ ਲਈ ਸਰਕਾਰੀ ਭਲਾਈ ਨੀਤੀਆਂ ਹਨ। ਖੈਰ, ਭਾਰਤ ਵਿੱਚ ਸਿਹਤ 'ਤੇ ਜੀਡੀਪੀ ਦਾ ਸਿਰਫ਼ ਇੱਕ ਨਾਮਾਤਰ ਹਿੱਸਾ ਹੀ ਖਰਚ ਕੀਤਾ ਜਾ ਰਿਹਾ ਹੈ। ਇਸ ਵੇਲੇ ਇਹ ਦੁਨੀਆ ਦਾ ਸਭ ਤੋਂ ਨੌਜਵਾਨ ਦੇਸ਼ ਹੈ। ਅਮਰੀਕੀ ਆਬਾਦੀ ਸੰਦਰਭ ਬਿਊਰੋ ਦੇ ਇੱਕ ਅਧਿਐਨ ਦੇ ਅਨੁਸਾਰ, ਅੱਜ ਦਾ ਨੌਜਵਾਨ ਭਾਰਤ 2050 ਤੱਕ 'ਬੁੱਢਾ' ਹੋ ਜਾਵੇਗਾ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਇਸ ਵੇਲੇ ਭਾਰਤ ਵਿੱਚ ਛੇ ਪ੍ਰਤੀਸ਼ਤ ਆਬਾਦੀ ਸੱਠ ਸਾਲ ਜਾਂ ਇਸ ਤੋਂ ਵੱਧ ਉਮਰ ਦੀ ਹੈ, ਪਰ ਸਾਲ 2050 ਤੱਕ ਬਜ਼ੁਰਗਾਂ ਦੀ ਇਹ ਗਿਣਤੀ ਵੀਹ ਪ੍ਰਤੀਸ਼ਤ ਤੱਕ ਵਧਣ ਦੀ ਉਮੀਦ ਹੈ। ਉਸ ਸਮੇਂ, ਦੇਸ਼ ਵਿੱਚ ਪੈਂਹਠ ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਗਿਣਤੀ ਤਿੰਨ ਗੁਣਾ ਵੱਧ ਜਾਵੇਗੀ। , ਸੰਯੁਕਤ ਰਾਸ਼ਟਰ ਆਬਾਦੀ ਫੰਡ ਨਾਲ ਸਬੰਧਤ 'ਇੰਡੀਆ ਏਜਿੰਗ ਰਿਪੋਰਟ' 2023 ਦੇ ਅਨੁਸਾਰ, 2022 ਵਿੱਚ ਭਾਰਤ ਵਿੱਚ 60 ਸਾਲ ਤੋਂ ਵੱਧ ਉਮਰ ਦੀ ਆਬਾਦੀ 10.5 ਪ੍ਰਤੀਸ਼ਤ ਜਾਂ 14.9 ਕਰੋੜ ਸੀ। 2050 ਤੱਕ ਇਸਦੇ 20.8 ਪ੍ਰਤੀਸ਼ਤ ਜਾਂ 347 ਮਿਲੀਅਨ ਤੱਕ ਪਹੁੰਚਣ ਦਾ ਅਨੁਮਾਨ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ, ਹਰ ਪੰਜ ਵਿੱਚੋਂ ਇੱਕ ਵਿਅਕਤੀ ਬਜ਼ੁਰਗ ਹੈ। ਜਾਵੇਗਾ। ਇਸਦਾ ਪ੍ਰਭਾਵ ਸਿਹਤ, ਸਮਾਜ ਅਤੇ ਆਰਥਿਕਤਾ 'ਤੇ ਪਵੇਗਾ।



**ਵਿਜੈ ਗਰਗ ਸਾਬਕਾ**
**ਪੀ.ਈ..ਐਸ. - 1**
**ਸੇਵਾਮੁਕਤ ਪ੍ਰਿੰਸਪਲ**

# ਹਸਪਤਾਲ ਦੇ ਬਿੱਲ ਲੋਕਾਂ ਲਈ ਵੱਡਾ ਬੋਝ ਨਹੀਂ ਹੋਣੇ ਚਾਹੀਦੇ

ਭਾਰਤ ਦਾ ਸਿਹਤ ਸੰਭਾਲ ਖੇਤਰ ਇਕ ਚੌਰਾਹੇ 'ਤੇ ਹੈ, ਜਿਸ ਵਿਚ ਤੁਰੰਤ ਸੁਧਾਰਾਂ ਅਤੇ ਰਣਨੀਤਕ ਨਿਵੇਸ਼ਾਂ ਦੀ ਲੋੜ ਹੈ। ਜਦੋਂ ਕਿ ਬੁਨਿਆਦੀ ਢਾਂਚੇ ਅਤੇ ਬਿਮਾਰੀ ਨਿਯੰਤਰਣ ਵਿਚ ਬਹੁਤ ਤਰੱਕੀ ਹੋਈ ਹੈ, ਪਰ ਕਿਫਾਇਤੀ, ਪਹੁੰਚ ਯੋਗਤਾ ਅਤੇ ਰੈਗੂਲੇਟਰੀ ਅਸੰਗਤੀਆਂ ਵਰਗੀਆਂ ਨਿਰੰਤਰ ਚੁਣੌਤੀਆਂ ਜਨਤਕ ਵਿਸ਼ਵਾਸ ਨੂੰ ਘਟਾਉਂਦੀਆਂ ਰਹਿੰਦੀਆਂ ਹਨ ਹਸਪਤਾਲ ਦੇ ਬਿੱਲ ਵਿੱਤੀ ਮੌਤ ਦੀ ਸਜ਼ਾ ਨਹੀਂ ਹੋਣੇ ਚਾਹੀਦੇ, ਫਿਰ ਵੀ ਭਾਰਤ ਦੀ ਸਿਹਤ ਸੰਭਾਲ ਪ੍ਰਣਾਲੀ ਪ੍ਰਾਈਵੇਟ ਹਸਪਤਾਲਾਂ ਵਿਚ ਲਾਗਤ ਅਤੇ ਸੇਵਾ ਦੀ ਗੁਣਵੱਤਾ ਵਿਚ ਭਾਰੀ ਅਸਮਾਨਤਾਵਾਂ ਤੋਂ ਪੀੜਤ ਹੈ। ਇਕ ਏਕੀਕ੍ਰਿਤ ਰੈਗੂਲੇਟਰੀ ਢਾਂਚੇ ਦੀ ਅਣਹੋਂਦ ਕਾਰਨ ਕੀਮਤਾਂ ਅਣ-ਅਨੁਮਾਨਿਤ ਹੋ ਗਈਆਂ ਹਨ, ਜਿਸ ਕਾਰਨ ਮਰੀਜ਼ ਬੁਨਿਆਦੀ ਅਤੇ ਵਿਸ਼ੇਸ਼ ਇਲਾਜਾਂ ਲਈ ਬਹੁਤ ਜ਼ਿਆਦਾ ਖਰਚਿਆਂ ਦਾ ਸ਼ਿਕਾਰ ਹੋ ਰਹੇ ਹਨ। ਪਾਰਦਰਸ਼ੀ ਕੀਮਤਾਂ, ਬਰਾਬਰ ਸੇਵਾ ਪ੍ਰਦਾਨ ਕਰਨ ਅਤੇ ਲਾਗਤਾਂ ਦੇ ਮਿਆਰੀਕਰਨ ਨੂੰ ਯਕੀਨੀ ਬਣਾਉਣ ਲਈ ਰੈਗੂਲੇਟਰੀ ਵਿਧੀ ਨੂੰ ਮਜ਼ਬੂਤ ਕਰਨਾ ਮਹੱਤਵਪੂਰਨ ਹੈ। ਬਜਟ ਵਿਚ ਵਿਸ਼ਵ ਵਿਆਪੀ ਸਭ ਤੋਂ ਵਧੀਆ ਅਭਿਆਸਾਂ, ਜਿਵੇਂ ਕਿ ਜਰਮਨੀ ਦੀ ਮਿਆਰੀ ਕੀਮਤ ਪ੍ਰਣਾਲੀ ਅਤੇ ਜਾਪਾਨ ਦੀਆਂ ਬੀਮਾ-ਸਮਰਥਿਤ ਡਾਕਟਰੀ ਸੇਵਾਵਾਂ ਦੇ ਆਧਾਰ 'ਤੇ ਸੁਤੰਤਰ ਨਿਗਰਾਨੀ ਸੰਸਥਾਵਾਂ ਨੂੰ ਚਲਾਉਣ ਲਈ ਫੰਡ ਅਲਾਟ ਕਰਨੇ ਚਾਹੀਦੇ ਸਨ, ਜੋ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਂਦੀਆਂ ਹਨ।

ਕਿਸੇ ਵੀ ਦੇਸ਼ ਦੀ ਸਿਹਤ ਉਸ ਦੀ ਅਸਲ ਦੌਲਤ ਹੈ, ਫਿਰ ਵੀ ਭਾਰਤ ਦੇ ਆਰਥਿਕ ਵਿਕਾਸ ਦੇ ਬਾਵਜੂਦ, ਜਨਤਕ ਸਿਹਤ ਸੰਭਾਲ ਖਰਚਾ ਜੀਡੀਪੀ ਦੇ 1.9 ਫ਼ੀਸਦੀ 'ਤੇ ਸਥਿਰ ਰਹਿੰਦਾ ਹੈ, ਜੋ ਕਿ ਵਿਸ਼ਵ-ਵਿਆਪੀ ਔਸਤ 10.38 ਫ਼ੀਸਦੀ ਤੋਂ ਬਹੁਤ ਘੱਟ ਹੈ। ਰਾਸ਼ਟਰੀ ਸਿਹਤ ਨੀਤੀ 2017 ਨੇ 2025 ਤੱਕ ਸਿਹਤ ਸੰਭਾਲ ਖਰਚ ਨੂੰ ਜੀ.ਡੀ.ਪੀ. ਦੇ 2.5 ਫ਼ੀਸਦੀ ਤੱਕ ਵਧਾਉਣ ਦਾ ਟੀਚਾ ਰੱਖਿਆ ਸੀ, ਜਿਸ ਦੀ ਪਾਲਣਾ ਨਹੀਂ ਕੀਤੀ ਗਈ ਪਰ ਸਮੇਂ ਦੀ ਲੋੜ ਹੈ ਕਿ ਮਜ਼ਬੂਤ ਸਿਹਤ ਸੰਭਾਲ ਬੁਨਿਆਦੀ ਢਾਂਚੇ ਅਤੇ ਪਹੁੰਚ ਨੂੰ ਯਕੀਨੀ ਬਣਾਉਣ ਲਈ ਸਿਹਤ ਸੰਭਾਲ ਖਰਚ ਨੂੰ ਜੀ.ਡੀ.ਪੀ. ਦੇ ਘੱਟੋ-ਘੱਟ 2.5 ਫ਼ੀਸਦੀ ਤੱਕ ਵਧਾਇਆ ਜਾਵੇ। ਘੱਟੋ-ਘੱਟ 5 ਫ਼ੀਸਦੀ 'ਤੇ ਜ਼ੋਰ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਐਸ.ਬੀ.ਆਈ. ਦੀ ਇਕ ਤਾਜ਼ਾ ਰਿਪੋਰਟ ਵਿਚ ਵਧਦੀਆਂ ਸਿਹਤ ਸੰਭਾਲ ਮੰਗਾਂ ਨੂੰ ਪੂਰਾ ਕਰਨ ਲਈ ਜੀ.ਡੀ.ਪੀ. ਦੇ 10 ਫ਼ੀਸਦੀ ਤੱਕ ਅਲਾਟਮੈਂਟ ਦੀ ਸਿਫ਼ਾਰਸ਼ ਕੀਤੀ ਗਈ ਹੈ। ਜੇਕਰ ਭਾਰਤ ਸੱਚਮੁੱਚ ਇਕ ਵਿਸ਼ਵ ਵਿਆਪੀ ਮਹਾਂਸ਼ਕਤੀ ਬਣਨ ਦੀ ਇੱਛਾ ਰੱਖਦਾ ਹੈ, ਤਾਂ ਸਿਹਤ ਸੰਭਾਲ ਵਿਚ ਨਿਵੇਸ਼ ਕਰਨਾ ਕੋਈ ਸਮਝੌਤਾ ਨਹੀਂ ਹੈ। ਆਉਣ ਵਾਲੇ ਸਮੇਂ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ, ਟੈਲੀਮੈਡੀਸਨ ਅਤੇ ਏਆਈ-ਸੰਚਾਲਿਤ ਡਾਇਗਨੌਸਟਿਕਸ ਵਰਗੀਆਂ ਡਿਜੀਟਲ ਸਿਹਤ ਤਕਨਾਲੋਜੀਆਂ, ਅਤੇ ਰੋਕਥਾਮ ਵਾਲੀਆਂ ਸਿਹਤ ਸੰਭਾਲ ਪਹਿਲਕਦਮੀਆਂ ਨੂੰ ਤਰਜੀਹ ਦਿੰਦੇ ਹੋਏ ਇਸ ਵੰਡ ਨੂੰ ਜੀ.ਡੀ.ਪੀ. ਦੇ ਘੱਟੋ-ਘੱਟ 5 ਫ਼ੀਸਦੀ ਤੱਕ ਵਧਾਉਣਾ ਚਾਹੀਦਾ ਹੈ। ਬ੍ਰਿਟੇਨ ਵਰਗੇ ਦੇਸ਼ ਆਪਣੇ ਐਨ.ਐਚ.ਐਸ. ਮਾਡਲ ਅਤੇ ਸਿੰਗਾਪੁਰ ਦੇ ਮੈਡੀਸ਼ੀਲਡ ਲਾਈਫ ਰਾਹੀਂ ਕੁਸ਼ਲ ਜਨਤਕ ਸਿਹਤ ਨਿਵੇਸ਼ਾਂ ਅਤੇ ਜੋਖਮ ਪੂਲਿੰਗ ਵਿਧੀਆਂ ਬਾਰੇ ਕੀਮਤੀ ਸਮਝ ਪ੍ਰਦਾਨ ਕਰਦੇ ਹਨ, ਜਿਸ ਨੂੰ ਭਾਰਤ ਅਪਣਾ ਸਕਦਾ ਹੈ। ਸਾਡੇ ਦੇਸ਼ ਨੂੰ ਖੋਜ ਅਤੇ ਵਿਕਾਸ 'ਤੇ ਵਧੇਰੇ ਖਰਚ ਕਰਨ ਦੀ ਲੋੜ ਹੈ। ਇਸ ਨਾਲ ਅਸੀਂ ਸਵਦੇਸ਼ੀ ਤੌਰ 'ਤੇ ਦਵਾਈਆਂ ਤਿਆਰ ਕਰ ਸਕਾਂਗੇ, ਜੋ ਘੱਟ ਕੀਮਤ 'ਤੇ ਉਪਲਬਧ ਹੋਣੀਆਂ ਚਾਹੀਦੀਆਂ ਹਨ, ਖਾਸ ਕਰਕੇ ਕੈਂਸਰ ਅਤੇ ਹੋਰ ਦੁਰਲੱਭ ਬਿਮਾਰੀਆਂ ਲਈ। ਬੀਮਾ ਇਕ ਢਾਲ ਹੋਣਾ ਚਾਹੀਦਾ ਹੈ, ਬੋਝ ਨਹੀਂ, ਫਿਰ ਵੀ ਲੱਖਾਂ ਲੋਕ ਬੀਮੇ ਤੱਕ ਘੱਟ ਪਹੁੰਚ ਕਾਰਨ ਵਿੱਤੀ ਤੌਰ 'ਤੇ



ਕਮਜ਼ੋਰ ਰਹਿੰਦੇ ਹਨ। ਕਰਮਚਾਰੀ ਰਾਜ ਬੀਮਾ ਨਿਗਮ (ਈ.ਐਸ.ਆਈ.ਸੀ.) ਦੀ ਆਮਦਨ ਸੀਮਾ 21,000 ਹੈ, ਜੋ ਕਿ 2016 ਤੋਂ ਬਦਲੀ ਨਹੀਂ ਗਈ ਹੈ, ਜਿਸ ਨਾਲ ਬਹੁਤ ਸਾਰੇ ਘੱਟ ਆਮਦਨ ਵਾਲੇ ਕਾਮੇ ਕਿਫਾਇਤੀ ਸਿਹਤ ਸੰਭਾਲ ਕਵਰੇਜ ਤੋਂ ਵਾਂਝੇ ਰਹਿ ਗਏ ਹਨ। ਇਸ ਤੋਂ ਇਲਾਵਾ ਸਰਜਰੀ, ਇੰਪਲਾਂਟ ਅਤੇ ਜ਼ਰੂਰੀ ਉਪਕਰਨਾਂ ਵਰਗੀਆਂ ਹਸਪਤਾਲ ਦੀਆਂ ਖਪਤਕਾਰੀ ਵਸਤਾਂ ਦੀ ਅਨਿਯਮਿਤ ਕੀਮਤ ਬੀਮਾਯੁਕਤ ਵਿਅਕਤੀਆਂ ਲਈ ਜੇਬ ਤੋਂ ਹੋਣ ਵਾਲੇ ਖਰਚਿਆਂ ਨੂੰ ਹੋਰ ਵੀ ਵਧਾਉਂਦੀ ਹੈ। ਫਰਾਂਸ ਅਤੇ ਕੈਨੇਡਾ ਤੋਂ ਸਿੱਖਦੇ ਹੋਏ ਜੋ ਮਜ਼ਬੂਤ ਜਨਤਕ-ਨਿੱਜੀ ਬੀਮਾ ਮਾਡਲਾਂ ਰਾਹੀਂ ਇਨ੍ਹਾਂ ਲਾਗਤਾਂ ਨੂੰ ਸਫਲਤਾਪੂਰਵਕ ਘਟਾਉਂਦੇ ਹਨ, ਭਾਰਤ ਨੂੰ ਅਜਿਹੇ ਰੈਗੂਲੇਟਰੀ ਸੁਧਾਰਾਂ ਲਈ ਜ਼ੋਰ ਦੇਣਾ ਚਾਹੀਦਾ ਹੈ, ਜੋ ਮਨਮਾਨੇ ਮੁੱਲ ਨੂੰ ਰੋਕਦੇ ਹਨ ਅਤੇ ਬੀਮਾ ਕਵਰੇਜ ਦਾ ਵਿਸਤਾਰ ਕਰਦੇ ਹਨ।

ਸਿਹਤ ਸੰਭਾਲ ਦੀ ਵਧਦੀ ਲਾਗਤ ਦੇ ਨਾਲ ਟੈਕਸ ਪ੍ਰੋਤਸਾਹਨ ਵਿਆਪਕ ਬੀਮਾ ਅਪਣਾਉਣ ਨੂੰ ਉਤਸ਼ਾਹਿਤ ਕਰਨ ਲਈ ਇਕ ਸ਼ਕਤੀਸ਼ਾਲੀ ਸਾਧਨ ਵਜੋਂ ਕੰਮ ਕਰ ਸਕਦੇ ਹਨ। ਸਰਕਾਰ ਨੂੰ ਧਾਰਾ 80ਡੀ ਦੇ ਤਹਿਤ ਕਟੌਤੀ ਦੀ ਸੀਮਾ ਵਧਾਉਣੀ ਚਾਹੀਦੀ ਹੈ। ਲੰਬੇ ਸਮੇਂ ਦੀ ਦੇਖਭਾਲ ਲਈ ਵਾਧੂ ਕਟੌਤੀਆਂ ਸ਼ੁਰੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜੋ ਲੰਬੇ ਸਮੇਂ ਦੀਆਂ ਬਿਮਾਰੀਆਂ ਦਾ ਪ੍ਰਬੰਧਨ ਕਰਨ ਵਾਲੇ ਪਰਿਵਾਰਾਂ ਨੂੰ ਰਾਹਤ ਪ੍ਰਦਾਨ ਕਰਨਗੀਆਂ, ਜਦੋਂ ਕਿ ਜੀਵਨ ਬੀਮਾ ਪ੍ਰੀਮੀਅਮਾਂ ਲਈ ਇਕ ਵੱਖਰੀ ਕਟੌਤੀ ਵਿੱਤੀ ਸੁਰੱਖਿਆ ਨੂੰ ਵਧਾ ਸਕਦੀ ਹੈ। ਬੀਮਾ ਪ੍ਰੀਮੀਅਮਾਂ 'ਤੇ ਮੌਜੂਦਾ 18 ਫ਼ੀਸਦੀ ਜੀ.ਐਸ.ਟੀ. ਘਟਾਉਣ ਨਾਲ ਪਾਲਿਸੀਆਂ ਵਧੇਰੇ ਕਿਫਾਇਤੀ ਬਣ ਸਕਦੀਆਂ, ਜਿਸ ਨਾਲ ਵਿਆਪਕ ਭਾਗੀਦਾਰੀ ਯਕੀਨੀ ਹੋਵੇਗੀ।

ਸਿਹਤ ਸੰਭਾਲ ਇਕ ਵਿਸ਼ੇਸ਼ ਅਧਿਕਾਰ ਨਹੀਂ ਹੋਣਾ ਚਾਹੀਦਾ, ਸਗੋਂ ਰਾਜ ਵਲੋਂ ਪੂਰਾ ਕੀਤਾ ਗਿਆ ਵਾਅਦਾ ਹੋਣਾ ਚਾਹੀਦਾ ਹੈ। ਜਨਤਕ ਸਿਹਤ ਖਰਚ ਵਧਾ ਕੇ, ਰੈਗੂਲੇਟਰੀ ਨਿਗਰਾਨੀ ਨੂੰ ਮਜ਼ਬੂਤ ਕਰਕੇ, ਅਤੇ ਬੀਮਾ ਪ੍ਰੋਤਸਾਹਨਾਂ ਦਾ ਵਿਸਤਾਰ ਕਰਕੇ, ਭਾਰਤ ਸਰਬ ਵਿਆਪਕ ਅਤੇ ਕਿਫਾਇਤੀ ਸਿਹਤ ਸੰਭਾਲ ਵੱਲ ਇਕ ਫ਼ੈਸਲਾਕੁੰਨ ਕਦਮ ਚੁੱਕ ਸਕਦਾ ਹੈ। ਨੋਰਡਿਕ ਦੇਸ਼ ਇਸ ਗੱਲ ਦੀ ਇਕ ਮਜ਼ਬੂਤ ਉਦਾਹਰਣ ਪੇਸ਼ ਕਰਦੇ ਹਨ ਕਿ ਕਿਵੇਂ ਸਰਕਾਰੀ ਦਖ਼ਲ-ਅੰਦਾਜ਼ੀ ਲਾਗਤ ਨਿਯਮ ਅਤੇ ਵਿਆਪਕ ਕਵਰੇਜ ਨੂੰ ਯਕੀਨੀ ਬਣਾ ਸਕਦੀ ਹੈ। ਹੁਣ ਸਮਾਂ ਆ ਗਿਆ ਹੈ ਕਿ ਭਾਰਤ ਇਕ ਦਲੇਰਾਨਾ ਕਦਮ ਚੁੱਕੇ, ਅਰਥਪੂਰਨ ਸੁਧਾਰਾਂ ਨੂੰ ਲਾਗੂ ਕਰਕੇ ਇਹ ਯਕੀਨੀ ਬਣਾਇਆ ਜਾਵੇ ਕਿ ਗੁਣਵੱਤਾ ਵਾਲੀ ਸਿਹਤ ਸੰਭਾਲ ਸਾਰਿਆਂ ਲਈ ਪਹੁੰਚ ਵਿਚ ਹੋਵੇ, ਤਾਂ ਜੋ ਬਰਾਬਰੀ ਵਾਲੀ ਸਿਹਤ ਸੰਭਾਲ ਦੇ ਸੁਪਨੇ ਨੂੰ ਹਕੀਕਤ ਵਿਚ ਬਦਲਿਆ ਜਾ ਸਕੇ।

**ਸੰਜੀਵ ਅਰੋੜਾ**

Dosanjh Family
AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD